PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

9th - 16th April 2026 • Issue No. 3125

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com



IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



S.S.Rai

Immigration Advice Bureau

Tel: 020 8571 6680

www.iabl.co.uk


## ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੀਆਂ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ

## ਖਾਲਸਾ ਸਾਜਨਾ ਤੇ ਵਿਸਾਖੀ 1978 ਦੇ ਸ਼ਹੀਦਾਂ ਦੀ ਯਾਦ 'ਚ ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮਾਂ ਵਿੱਚ ਦੇਸ਼ ਵਿਦੇਸ਼ ਤੋਂ ਹਜ਼ਾਰਾਂ ਸੰਗਤਾਂ ਪਹੁੰਚੀਆਂ

* ਭਾਰਤ ਵਿੱਚ ਨਵੰਬਰ 1984 ਨੂੰ ਸਿੱਖ ਨਸਲਕੁਸ਼ੀ ਸਬੰਧੀ ਡਰਬੀ ਕੌਂਸਲ ਦੁਆਰਾ ਪਾਸ ਕੀਤੇ ਮਤੇ ਨੂੰ ਬਰਤਾਨੀਆ ਦੇ ਪ੍ਰਧਾਨ ਮੰਤਰੀ ਦੇ ਹੇਠਾਂ ਜੈਨੋਸਾਈਡ ਕਮੇਟੀ ਕੋਲੋਂ ਮਾਨਤਾ ਦਿਵਾਉਣ ਲਈ ਯਤਨ ਕਰਨਗੇ - ਕੌਂਸਲਰ ਬਲਬੀਰ ਸਿੰਘ ਸੰਧੂ
* ਸਿੰਘ ਸਭਾ ਵਿਖੇ ਨਵੇਂ ਬਣਨ ਜਾ ਰਹੇ ਸਿੱਖ ਹੈਰੀਟੇਜ ਤੇ ਲਰਨਿੰਗ ਹੱਬ ਦਾ ਪੰਜ ਸਿੰਘਾਂ ਦੀ ਹਾਜ਼ਰੀ ਵਿੱਚ ਕੀਤਾ ਉਦਘਾਟਨ
* ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਜੀ ਵੱਲੋਂ ਗੁਰਮਤਿ ਸਬੰਧੀ ਕਿਤਾਬਾਂ ਕੀਤੀਆਂ ਸੰਗਤ ਅਰਪਨ
* ਕਥਾ, ਕੀਰਤਨ ਤੋਂ ਇਲਾਵਾ, ਬੁਲਾਰਿਆਂ ਨੇ ਵੱਧ ਰਹੇ ਗੁਰੂ ਡੰਮ੍ਹ, ਗਰੂਮਿੰਗ ਅਤੇ ਖਾਲਸਾ ਹਲੇਮੀ ਰਾਜ ਦੇ ਵਿਸ਼ਿਆਂ 'ਤੇ ਵੀ ਚਾਨਣਾ ਪਾਇਆ














ਖ਼ਬਰ ਤੇ ਹੋਰ ਤਸਵੀਰਾਂ ਅੰਦਰ ਦੇਖੋ:





# ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ ਦੀਆਂ ਤਸਵੀਰਾਂ














ਉੱਪਰ ਅਖੰਡ ਕੀਰਤਨੀ ਜਥੇ ਕੀਰਤਨ ਕਰਦੇ ਹੋਏ ਅਤੇ ਸੰਗਤਾਂ ਅਤੇ ਸੱਜੇ ਪਾਸੇ ਸਿੰਘ ਸਭਾ ਡਰਬੀ ਦੀ ਸਕਿਉਰਟੀ ਟੀਮ ਦੇ ਸੇਵਾਦਾਰ ਸ਼ਹੀਦੀ ਯਾਦਗਾਰ ਦੇ ਸਾਹਮਣੇ

ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੀ ਸਮੂਹ ਜਗਤ ਨੂੰ ਲੱਖ ਲੱਖ ਵਧਾਈ

ਪੰਜਾਬੀ ਹੱਟ Panjabi Hut



ਖਾਸ ਖਾਸ ਮੌਕਿਆਂ ਤੇ ਸਾਡੀਆਂ ਵਿਸ਼ੇਸ਼ ਆਫਰਾਂ ਬਾਰੇ ਜਾਨਣ ਲਈ ਸੰਪਰਕ ਕਰੋ ਜੀ

ਸ਼ੁੱਧ ਸ਼ਾਕਾਹਾਰੀ ਭੋਜਨ, ਭਾਰਤੀ ਮਠਿਆਈਆਂ ਅਤੇ ਸ਼ਾਕਾਹਾਰੀ ਲਜ਼ੀਜ਼ ਖਾਣਿਆਂ ਲਈ ਅੱਜ ਹੀ ਸੰਪਰਕ ਕਰੋ

Pure Vegetarian Food & Indian Sweets
PROPRIETOR : GUVINDERJIT SINGH

SPECIALISE IN
* Veggie Pizza
* Motichoor Ladoos
* Alsi Di Pini

ਅਸੀਂ ਮਾਹਿਰ ਹਾਂ
* ਵੈਜੀਟੇਰੀਅਨ ਪੀਜ਼ਾ
* ਮੋਤੀ ਚੂਰ ਦੇ ਲੱਡੂ
* ਅਲਸੀ ਦੀਆਂ ਪਿੰਨੀਆਂ






ਮੱਝਾਂ ਦੇ ਦੁੱਧ ਦੀ
ਸਪੈਸ਼ਲ ਬਰਫ਼ੀ
ਬਣਾਉਂਦੇ ਹਾਂ,




We can deliver your Catering

ਪੰਜਾਬੀ ਹੱਟ ਕਵੈਂਟਰੀ Panjabi Hut (PURE VEGETARIAN)

176 - 178 CLAY LANE, STOKE, COVENTRY CV2 4LX TEL:024 7663 6323 MOB:07737 039908

# ਇਰਾਨ ਨਾਲ ਜੰਗ ਦੌਰਾਨ ਟਰੰਪ ਦੇ 'ਯੂ-ਟਰਨ' ਨੇ ਦੁਨੀਆ ਨੂੰ ਕੀਤਾ ਹੈਰਾਨ

ਨਿਊਜ਼ ਵਿਸ਼ਲੇਸ਼ਣ

## ✪ ਟਰੰਪ ਦੀ ਜੰਗਬੰਦੀ: ਰਾਹਤ ਜਾਂ ਰਣਨੀਤਕ ਹਾਰ? ✪ ਵਾਸ਼ਿੰਗਟਨ ਵਿਚ ਵਿਰੋਧੀ ਪਾਰਟੀਆਂ ਤੇ ਜਨਤਾ ਵਲੋਂ ਟਰੰਪ ਦਾ ਸਖ਼ਤ ਵਿਰੋਧ ✪ ਮਾਸੂਮਾਂ ਦਾ ਖ਼ੂਨ ਅਤੇ ਗੈਰ-ਕਾਨੂੰਨੀ ਜੰਗ : ਡੈਮੋਕ੍ਰੇਟਸ ਨੇ ਟਰੰਪ 'ਤੇ 'ਵਾਰ ਕ੍ਰਾਈਮ' ਦੇ ਇਲਜ਼ਾਮ ਲਾਏ

ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਈਰਾਨ ਨਾਲ ਕੀਤੇ ਗਏ ਅਚਾਨਕ ਦੋ ਹਫ਼ਤਿਆਂ ਦੇ ਜੰਗਬੰਦੀ ਦੇ ਐਲਾਨ ਨੇ ਅਮਰੀਕੀ ਰਾਜਨੀਤੀ ਅਤੇ ਵਿਸ਼ਵ ਭਰ ਦੇ ਬਾਜ਼ਾਰਾਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਜਿੱਥੇ ਇੱਕ ਪਾਸੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਅਤੇ ਸ਼ੇਅਰ ਬਾਜ਼ਾਰ ਵਿੱਚ ਉਛਾਲ ਦੇਖਿਆ ਗਿਆ ਹੈ, ਉੱਥੇ ਹੀ ਵਾਸ਼ਿੰਗਟਨ ਦੇ ਰਾਜਨੀਤਿਕ ਗਲਿਆਰਿਆਂ ਵਿੱਚ ਇਸ ਫੈਸਲੇ ਨੂੰ ਲੈ ਕੇ ਤਿੱਖੀ ਬਹਿਸ ਸ਼ੁਰੂ ਹੋ ਗਈ ਹੈ। ਰਿਪਬਲਿਕਨ ਪਾਰਟੀ ਦੇ ਕੱਟੜਪੰਥੀ ਆਗੂ ਇਸ ਸਮਝੌਤੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖ ਰਹੇ ਹਨ, ਜਦਕਿ ਡੈਮੋਕ੍ਰੇਟਿਕ ਪਾਰਟੀ ਨੇ ਇਸ ਜੰਗ ਨੂੰ ਸੰਵਿਧਾਨਕ ਉਲੰਘਣਾ ਦੱਸਦਿਆਂ ਰਾਸ਼ਟਰਪਤੀ ਟਰੰਪ ਵਿਰੁੱਧ ਕਾਰਵਾਈ ਦੀ ਮੰਗ ਤੇਜ਼ ਕਰ ਦਿੱਤੀ ਹੈ। ਇਸ ਸਮਝੌਤੇ ਵਿੱਚ ਸਭ ਤੋਂ ਹੈਰਾਨੀਜਨਕ ਪਹਿਲੂ ਪਾਕਿਸਤਾਨ ਦੀ ਭੂਮਿਕਾ ਰਿਹਾ। ਰਾਸ਼ਟਰਪਤੀ ਟਰੰਪ ਨੇ ਖੁਦ ਸ਼ਾਹਬਾਜ਼ ਸ਼ਰੀਫ਼ ਅਤੇ ਫੀਲਡ ਮਾਰਸ਼ਲ ਆਸਿਮ ਮੁਨੀਰ ਦਾ ਧੰਨਵਾਦ ਕਰਕੇ ਇਹ ਸਪੱਸ਼ਟ ਕਰ ਦਿੱਤਾ ਕਿ ਇਸਲਾਮਾਬਾਦ ਨੇ ਵਾਸ਼ਿੰਗਟਨ ਅਤੇ ਤੇਹਰਾਨ ਵਿਚਕਾਰ ਇੱਕ ਮਹੱਤਵਪੂਰਨ ਪੁਲ ਦਾ ਕੰਮ ਕੀਤਾ ਹੈ। ਹਾਲਾਂਕਿ ਪਾਕਿਸਤਾਨ ਮੂਹਰੇ ਰਿਹਾ, ਪਰ ਪਰਦੇ ਦੇ ਪਿੱਛੇ ਚੀਨ ਨੇ ਅਹਿਮ ਦਬਾਅ ਬਣਾਇਆ ਸੀ। ਚੀਨ ਲਈ ਈਰਾਨ ਦਾ ਊਰਜਾ ਬੁਨਿਆਦੀ ਢਾਂਚਾ ਬਹੁਤ ਮਹੱਤਵਪੂਰਨ ਹੈ। ਅਮਰੀਕੀ ਹਮਲਿਆਂ ਨਾਲ ਤੇਲ ਦੀ ਸਪਲਾਈ ਪ੍ਰਭਾਵਿਤ ਹੋਣ ਦਾ ਡਰ ਸੀ, ਇਸ ਲਈ ਬੀਜਿੰਗ ਨੇ ਈਰਾਨ ਨੂੰ 'ਲਚਕੀਲਾਪਨ' ਦਿਖਾਉਣ ਦੀ ਸਲਾਹ ਦਿੱਤੀ ਸੀ ਤਾਂ ਜੋ ਆਰਥਿਕ ਨੁਕਸਾਨ ਤੋਂ ਬਚਿਆ ਜਾ ਸਕੇ।

ਚੀਨ ਦੇ ਸਰਕਾਰੀ ਅਖ਼ਬਾਰ ਗਲੋਬਲ ਟਾਈਮਜ਼ ਦੇ ਜੰਗਬੰਦੀ ਤੋਂ ਇਕ ਦਿਨ ਪਹਿਲਾਂ ਸੰਪਾਦਕੀ ਵਿੱਚ ਲਿਖਿਆ ਸੀ ਕਿ ਜੇਕਰ ਅਮਰੀਕਾ ਅਤੇ ਇਜ਼ਰਾਈਲ ਫੌਜੀ ਸਾਧਨਾਂ ਦੀ ਵਰਤੋਂ ਕਰਕੇ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਇਹ "ਤੇਲ ਜੀਵਨ ਰੇਖਾ" ਇੱਕ "ਯੁੱਧ ਦੇ ਮੈਦਾਨ" ਵਿੱਚ ਬਦਲ ਜਾਵੇਗੀ, ਜਿਸ ਨਾਲ ਪੂਰੀ ਦੁਨੀਆ ਨੂੰ ਨੁਕਸਾਨ ਹੋਵੇਗਾ। ਚੀਨ ਨੇ ਚੇਤਾਵਨੀ ਦਿੱਤੀ ਸੀ ਕਿ ਫੌਜੀ ਦਖਲਅੰਦਾਜ਼ੀ ਖੇਤਰ ਨੂੰ "ਅਸਲ ਯੁੱਧ ਖੇਤਰ" ਵਿੱਚ ਬਦਲ ਦੇਵੇਗੀ, ਵਿਸ਼ਵ ਆਰਥਿਕ ਸਥਿਰਤਾ ਨੂੰ ਤਬਾਹ ਕਰ ਦੇਵੇਗੀ ਅਤੇ ਖੇਤਰੀ ਦੇਸ਼ਾਂ ਨੂੰ ਨੁਕਸਾਨ ਪਹੁੰਚਾਏਗੀ। ਚੀਨ ਦਾ ਕਹਿਣਾ ਸੀ ਕਿ ਸ਼ਾਂਤੀ ਤੋਂ ਬਿਨਾਂ, ਕੋਈ ਵੀ ਸਮੁੰਦਰੀ ਰਸਤਾ ਕਦੇ ਵੀ ਸੁਰੱਖਿਅਤ ਨਹੀਂ ਹੋ ਸਕਦਾ।

ਰੂਸੀ ਸਰਕਾਰੀ ਮੀਡੀਆ ਆਰਟੀ ਇੰਟਰਨੈਸ਼ਨਲ ਦਾ ਮੰਨਣਾ ਹਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਰਾਨ ਵਿਰੁੱਧ ਐਲਾਨੀ ਗਈ 'ਦੋ ਹਫ਼ਤਿਆਂ ਦੀ ਜੰਗਬੰਦੀ' ਕੋਈ ਮਹਿਜ਼ ਕੂਟਨੀਤਕ ਚਾਲ ਨਹੀਂ, ਸਗੋਂ ਈਸਫਾਹਨ ਦੇ ਪਹਾੜਾਂ ਵਿਚ ਅਮਰੀਕੀ ਫੌਜੀ ਸ਼ਕਤੀ ਨੂੰ ਲੱਗੇ ਉਸ ਜ਼ਬਰਦਸਤ ਝਟਕੇ ਦਾ ਨਤੀਜਾ ਹੈ, ਜਿਸ ਨੇ ਵਾਸ਼ਿੰਗਟਨ ਨੂੰ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਸੀ।ਆਰਟੀ ਇੰਟਰਨੈਸ਼ਨਲ ਲਿਖਦਾ ਹੈ ਕਿ ਇਸ ਪੂਰੇ ਘਟਨਾਕ੍ਰਮ ਦੀ ਸ਼ੁਰੂਆਤ 3 ਅਪ੍ਰੈਲ ਨੂੰ ਹੋਈ ਸੀ ਜਦੋਂ ਇਰਾਨੀ ਮਿਜ਼ਾਈਲ ਪ੍ਰਣਾਲੀ ਨੇ ਅਮਰੀਕਾ ਦੇ ਅਤਿ-ਆਧੁਨਿਕ ਐਫ-15ਈ ਸਟ੍ਰਾਈਕ ਈਗਲ ਨੂੰ ਡੇਗ ਦਿੱਤਾ। ਹਾਲਾਂਕਿ ਅਮਰੀਕਾ ਨੇ ਇੱਕ ਗੁੰਝਲਦਾਰ 'ਸਪੈਸ਼ਲ ਫੋਰਸਿਜ਼' ਆਪ੍ਰੇਸ਼ਨ ਰਾਹੀਂ ਆਪਣੇ ਲਾਪਤਾ ਹਥਿਆਰ ਅਧਿਕਾਰੀ (ਡਬਲਯੂਐਸਓ) ਨੂੰ ਬਚਾਉਣ ਦਾ ਦਾਅਵਾ ਕੀਤਾ ਸੀ, ਪਰ ਇਸ ਦੀ ਕੀਮਤ ਨੇ ਅਮਰੀਕੀ ਹਵਾਈ ਫੌਜ ਦੇ ਮਾਣ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਦੋ ਐਮ ਸੀ-130ਜੇ ਟ੍ਰਾਂਸਪੋਰਟ ਜਹਾਜ਼ ਅਤੇ ਚਾਰ ਲਿਟਰ ਬਰਲਡ ਹੈਲੀਕਾਪਟਰਾਂ ਦਾ ਚਿੱਕੜ ਵਿੱਚ ਫਸਣਾ ਅਤੇ ਫਿਰ ਅਮਰੀਕਾ ਵੱਲੋਂ ਉਨ੍ਹਾਂ ਨੂੰ ਖੁਦ ਨਸ਼ਟ ਕਰਨਾ, ਸੋਮਾਲੀਆ ਦੇ 'ਬਲੈਕ ਹਾਕ ਡਾਊਨ' (1993) ਦੀ ਯਾਦ ਦਿਵਾਉਂਦਾ ਹੈ। ਇਹ ਸਪੱਸ਼ਟ ਕਰਦਾ ਹੈ ਕਿ ਇਰਾਨ ਵਰਗੇ ਦੇਸ਼ ਵਿੱਚ ਜ਼ਮੀਨੀ ਜਾਂ ਵਿਸ਼ੇਸ਼ ਆਪ੍ਰੇਸ਼ਨ ਕਰਨਾ ਹੁਣ ਅਮਰੀਕਾ ਲਈ ਬੱਚਿਆਂ ਦੀ ਖੇਡ ਨਹੀਂ ਰਿਹਾ। ਆਰਟੀ ਇੰਟਰਨੈਸ਼ਨਲ ਨੇ ਇਹ ਵੀ ਲਿਖਿਆ ਹੈ ਕਿ ਇਸ ਜੰਗ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਦੁਨੀਆ ਹੁਣ ਇੱਕ-ਧਰੁਵੀ ਨਹੀਂ ਰਹੀ।

ਕੌਣ ਜਿੱਤਿਆ ਅਤੇ ਕੌਣ ਹਾਰਿਆ ?- ਇਹ ਜੰਗ ਅਜਿਹੀ ਹੈ ਜਿੱਥੇ ਦੋਵੇਂ ਧਿਰਾਂ ਜਿੱਤ ਦਾ ਜਸ਼ਨ ਮਨਾ ਰਹੀਆਂ ਹਨ, ਪਰ ਹਕੀਕਤ ਕੁਝ ਹੋਰ ਹੈ।

ਮੋਜਤਬਾ ਖ਼ਾਮੇਨੇਈ ਅਤੇ ਈਰਾਨੀ ਮੀਡੀਆ ਇਸ ਨੂੰ 'ਇਤਿਹਾਸਕ ਜਿੱਤ' ਕਹਿ ਰਹੇ ਹਨ ਕਿਉਂਕਿ ਉਨ੍ਹਾਂ ਨੇ ਅਮਰੀਕਾ ਨੂੰ 10-ਨੁਕਾਤੀ ਸ਼ਰਤਾਂ (ਪਾਬੰਦੀਆਂ ਹਟਾਉਣਾ, ਯੂਰੇਨੀਅਮ ਅਧਿਕਾਰ ਦੀ ਪ੍ਰਵਾਨਗੀ) 'ਤੇ ਗੱਲ ਕਰਨ ਲਈ ਮਜ਼ਬੂਰ ਕੀਤਾ। ਇਰਾਨ ਦੀ ਸੁਪਰੀਮ ਨੈਸ਼ਨਲ ਸਕਿਓਰਿਟੀ ਕੌਂਸਲ ਨੇ ਜਿਸ '10-ਨੁਕਾਤੀ ਪਲਾਨ' ਨੂੰ ਗੱਲਬਾਤ ਦਾ ਆਧਾਰ ਬਣਾਇਆ ਹੈ, ਉਹ ਅਸਲ ਵਿੱਚ ਅਮਰੀਕਾ ਲਈ ਇੱਕ 'ਸਮਰਪਣ ਪੱਤਰ' ਵਾਂਗ ਹੈ। ਇਸ ਦੇ ਪ੍ਰਮੁੱਖ ਨੁਕਤੇ ਹੇਠ ਲਿਖੇ ਹਨ:

ਗੈਰ-ਹਮਲਾਵਰ ਵਚਨ ਬੱਧਤਾ: ਅਮਰੀਕਾ ਲਿਖਤੀ ਰੂਪ ਵਿੱਚ ਦੇਵੇ ਕਿ ਉਹ ਇਰਾਨ 'ਤੇ ਹਮਲਾ ਨਹੀਂ ਕਰੇਗਾ।

ਸਟ੍ਰੇਟ ਆਫ ਹਰਮੁਜ਼: ਇਸ ਅਹਿਮ ਸਮੁੰਦਰੀ ਰਸਤੇ 'ਤੇ ਇਰਾਨ ਦਾ ਮੁਕੰਮਲ ਕੰਟਰੋਲ ਹੋਵੇਗਾ।

ਪਰਮਾਣੂ ਅਧਿਕਾਰ: ਯੂਰੇਨੀਅਮ ਸੰਵਰਧਨ ਦੇ ਇਰਾਨੀ ਅਧਿਕਾਰ ਨੂੰ ਅੰਤਰਰਾਸ਼ਟਰੀ ਮਾਨਤਾ।

ਪਾਬੰਦੀਆਂ ਦਾ ਖਾਤਮਾ: ਸਾਰੀਆਂ ਆਰਥਿਕ ਅਤੇ ਰਾਜਨੀਤਿਕ ਪਾਬੰਦੀਆਂ ਨੂੰ ਤੁਰੰਤ ਹਟਾਉਣਾ।

ਅੰਤਰਰਾਸ਼ਟਰੀ ਮਤੇ: UN ਅਤੇ IAEA ਦੇ ਇਰਾਨ ਵਿਰੋਧੀ ਸਾਰੇ ਮਤਿਆਂ ਨੂੰ ਰੱਦ ਕਰਨਾ।

ਜੰਗ ਦਾ ਹਰਜਾਨਾ: ਅਮਰੀਕੀ ਹਮਲਿਆਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਭਾਰੀ ਜੁਰਮਾਨਾ।

ਫੌਜੀ ਵਾਪਸੀ: ਮੱਧ-ਪੂਰਬ ਖੇਤਰ ਵਿੱਚੋਂ ਸਾਰੀਆਂ ਅਮਰੀਕੀ ਲੜਾਕੂ ਫੌਜਾਂ ਦਾ ਬਾਹਰ ਨਿਕਲਣਾ।

ਲੇਬਨਾਨ ਮੋਰਚਾ: ਹਿਜ਼ਬੁੱਲਾ ਅਤੇ ਹੋਰ ਇਸਲਾਮਿਕ ਪ੍ਰਤੀਰੋਧਾਂ ਵਿਰੁੱਧ ਜੰਗ ਦਾ ਖਾਤਮਾ।

ਖੇਤਰੀ ਸੁਰੱਖਿਆ: ਅਮਰੀਕੀ ਦਖਲ ਤੋਂ ਮੁਕਤ ਨਵਾਂ ਖੇਤਰੀ ਸੁਰੱਖਿਆ ਢਾਂਚਾ।

ਵਿਗਿਆਨਕ ਖੁਦਮੁਖਤਿਆਰੀ: ਇਰਾਨ ਦੇ ਤਕਨੀਕੀ ਵਿਕਾਸ 'ਤੇ ਬਾਹਰੀ ਨਿਗਰਾਨੀ ਦੀ ਸਮਾਪਤੀ।

ਅਮਰੀਕਾ ਦਾ ਪੱਖ: ਟਰੰਪ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਆਪਣੇ ਫੌਜੀ ਉਦੇਸ਼ ਪੂਰੇ ਕਰ ਲਏ ਹਨ ਅਤੇ ਉਹ ਹੁਣ 'Peace through Strength' (ਤਾਕਤ ਰਾਹੀਂ ਸ਼ਾਂਤੀ) ਦੀ ਨੀਤੀ 'ਤੇ ਚੱਲ ਰਹੇ ਹਨ।

ਅਸਲ ਵਿੱਚ ਕੋਈ ਨਹੀਂ ਜਿੱਤਿਆ। ਈਰਾਨ ਨੇ ਆਪਣਾ ਸਰਵਉੱਚ ਨੇਤਾ ਗੁਆਇਆ ਹੈ ਅਤੇ ਅਮਰੀਕਾ ਨੂੰ ਆਪਣੀ 'ਸੱਭਿਅਤਾ ਖ਼ਤਮ ਕਰਨ' ਦੀ ਧਮਕੀ ਤੋਂ ਪਿੱਛੇ ਹਟਣਾ ਪਿਆ ਤੇ ਆਪਣਾ ਵੀ ਨੁਕਸਾਨ ਕਰਵਾਉਣਾ ਪਿਆ।


ਮੋਜਤਬਾ ਖ਼ਾਮੇਨੇਈ ਨੇ ਟਰੰਪ ਨੂੰ ਸਾਫ਼ ਕਿਹਾ ਹੈ ਕਿ "ਹੱਥ ਅਜੇ ਵੀ ਟ੍ਰਿਗਰ 'ਤੇ ਹਨ।" ਈਰਾਨ ਨੇ ਇਹ ਸੀਜ਼ਫਾਇਰ ਕਿਸੇ ਡਰ ਕਰਕੇ ਨਹੀਂ, ਸਗੋਂ ਇੱਕ ਮੌਕੇ ਵਜੋਂ ਲਿਆ ਹੈ।

ਟਰੰਪ ਦੀ ਰਣਨੀਤੀ: ਧਮਕੀ ਤੋਂ ਡਿਪਲੋਮੇਸੀ ਤੱਕ ਦਾ ਸਫ਼ਰ-ਬੀਤੇ ਮੰਗਲਵਾਰ ਸਵੇਰੇ ਰਾਸ਼ਟਰਪਤੀ ਟਰੰਪ ਨੇ ਬੇਹੱਦ ਹਮਲਾਵਰ ਰੁਖ ਅਖਤਿਆਰ ਕਰਦਿਆਂ ਕਿਹਾ ਸੀ ਕਿ "ਅੱਜ ਰਾਤ ਇੱਕ ਪੂਰੀ ਸਭਿਅਤਾ ਖਤਮ ਹੋ ਜਾਵੇਗੀ।" ਪਰ ਇਸ ਦੇ ਮਹਿਜ਼ 10 ਘੰਟਿਆਂ ਬਾਅਦ ਜੰਗਬੰਦੀ ਦਾ ਐਲਾਨ ਕਰਨਾ ਸਭ ਨੂੰ ਹੈਰਾਨ ਕਰ ਗਿਆ। ਹੁਣ ਦੋਵਾਂ ਦੇਸ਼ਾਂ ਦੇ ਪ੍ਰਤੀਨਿਧੀ ਸ਼ੁੱਕਰਵਾਰ ਨੂੰ ਪਾਕਿਸਤਾਨ ਦੀ ਰਾਜਧਾਨੀ ਵਿੱਚ ਮਿਲਣਗੇ।

ਈਰਾਨੀ ਮੀਡੀਆ ਮੁਤਾਬਕ, ਤੇਹਰਾਨ ਨੇ ਸ਼ਰਤ ਰੱਖੀ ਹੈ ਕਿ ਉਹ ਹੋਰਮੁਜ਼ ਦੇ ਜਲਡਮਰੂ 'ਤੇ ਆਪਣਾ ਕੰਟਰੋਲ ਬਰਕਰਾਰ ਰੱਖੇਗਾ ਅਤੇ ਅਮਰੀਕਾ ਨੂੰ ਈਰਾਨ ਦੇ ਘਰੇਲੂ ਯੂਰੇਨੀਅਮ ਸੰਵਰਧਨ ਪ੍ਰੋਗਰਾਮ ਨੂੰ ਮਾਨਤਾ ਦੇਣੀ ਪਵੇਗੀ।

ਅਗਲੇ ਦੋ ਹਫ਼ਤੇ ਵਿਸ਼ਵ ਸ਼ਾਂਤੀ ਲਈ ਬਹੁਤ ਮਹੱਤਵਪੂਰਨ-ਅਗਲੇ ਦੋ ਹਫ਼ਤੇ ਵਿਸ਼ਵ ਸ਼ਾਂਤੀ ਲਈ ਬਹੁਤ ਮਹੱਤਵਪੂਰਨ ਹਨ। ਜੇਕਰ ਇਸਲਾਮਾਬਾਦ ਵਿੱਚ ਹੋਣ ਵਾਲੀ ਗੱਲਬਾਤ ਨਾਕਾਮ ਰਹਿੰਦੀ ਹੈ, ਤਾਂ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਜੰਗ ਪਹਿਲਾਂ ਨਾਲੋਂ ਵੀ ਵੱਧ ਭਿਆਨਕ ਰੂਪ ਵਿੱਚ ਦੁਬਾਰਾ ਸ਼ੁਰੂ ਹੋ ਸਕਦੀ ਹੈ। ਫਿਲਹਾਲ, ਅਮਰੀਕੀ ਕਾਂਗਰਸ ਵਿੱਚ ਟਰੰਪ ਵਿਰੁੱਧ ਬਗਾਵਤ ਦੇ ਸੁਰ ਬਹੁਤ ਉੱਚੇ ਹਨ। ਜੰਗਬੰਦੀ ਡਿਪਲੋਮੇਸੀ ਦੀ ਜਿੱਤ ਨਹੀਂ, ਸਗੋਂ ਦੋਵਾਂ ਦੇਸ਼ਾਂ ਦੀ ਮੌਜੂਦਾ ਮਜ਼ਬੂਰੀ ਦਾ ਨਤੀਜਾ ਹੈ।

## ਅਮਰੀਕਾ ਵਿਚ ਟਰੰਪ ਦਾ ਵਿਰੋਧ



ਟਰੰਪ ਦੇ ਆਪਣੇ ਹੀ ਖੇਮੇ ਦੇ ਕੁਝ ਆਗੂ ਇਸ ਨਰਮਾਈ ਤੋਂ ਖੁਸ਼ ਨਹੀਂ ਹਨ। ਸੈਨੇਟਰ ਲਿੰਡਸੇ ਗ੍ਰਾਹਮ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ ਕਿ ਈਰਾਨ ਨੇ ਪਹਿਲਾਂ ਵੀ ਅੰਤਰਰਾਸ਼ਟਰੀ ਜਲ ਮਾਰਗਾਂ 'ਤੇ ਹਮਲੇ ਕਰਕੇ ਸਮੁੰਦਰੀ ਆਜ਼ਾਦੀ ਨੂੰ ਖਤਮ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਕਿਸੇ ਵੀ ਅਜਿਹੇ ਸਮਝੌਤੇ ਦੀ ਸਖ਼ਤ ਸਮੀਖਿਆ ਕਰੇਗੀ ਜੋ ਈਰਾਨ ਨੂੰ ਦੁਬਾਰਾ ਪਰਮਾਣੂ ਕਾਰੋਬਾਰ ਵਿੱਚ ਆਉਣ ਦੀ ਇਜਾਜ਼ਤ ਦਿੰਦਾ ਹੋਵੇ। ਇਸੇ ਦੌਰਾਨ, ਫਾਰ-ਰਾਈਟ ਕਾਰਕੁਨ ਲੌਰਾ ਲੂਮਰ ਨੇ ਇਸ ਨੂੰ ਅਮਰੀਕਾ ਦੀ ਹਾਰ ਕਰਾਰ ਦਿੰਦਿਆਂ ਕਿਹਾ, "ਅਸੀਂ ਇਸ ਗੱਲਬਾਤ ਤੋਂ ਕੁਝ ਵੀ ਹਾਸਲ ਨਹੀਂ ਕੀਤਾ, ਉਲਟਾ ਅੱਤਵਾਦੀ ਜਸ਼ਨ ਮਨਾ ਰਹੇ ਹਨ।" ਮਾਰਕ ਲੇਵਿਨ ਵਰਗੇ ਟਿੱਪਣੀਕਾਰਾਂ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਦੁਸ਼ਮਣ ਅਜੇ ਵੀ ਖਤਮ ਨਹੀਂ ਹੋਇਆ ਹੈ। ਡੈਮੋਕ੍ਰੇਟਿਕ ਆਗੂਆਂ ਨੇ ਜੰਗਬੰਦੀ ਦਾ ਸਵਾਗਤ ਤਾਂ ਕੀਤਾ ਹੈ, ਪਰ ਉਨ੍ਹਾਂ ਦਾ ਮੁੱਖ ਨਿਸ਼ਾਨਾ ਜੰਗ ਦੀ "ਗੈਰ-ਕਾਨੂੰਨੀ" ਸ਼ੁਰੂਆਤ ਹੈ। ਸੈਨੇਟਰ ਰੂਬੇਨ ਗੈਲੇਗੋ ਨੇ ਕਿਹਾ ਕਿ ਫੌਜੀਆਂ ਦੀ ਜਾਨ ਬਚਾਉਣਾ ਚੰਗੀ ਗੱਲ ਹੈ, ਪਰ ਟਰੰਪ ਪ੍ਰਸ਼ਾਸਨ ਨੂੰ ਇਹ ਜਵਾਬ ਦੇਣਾ ਪਵੇਗਾ ਕਿ ਬਿਨਾਂ ਕਾਂਗਰਸੀ ਮਨਜ਼ੂਰੀ ਦੇ ਇਹ ਜੰਗ ਕਿਉਂ ਸ਼ੁਰੂ ਕੀਤੀ ਗਈ। ਅਲੈਗਜ਼ੈਂਡਰੀਆ ਓਕਾਸੀਓ-ਕੋਰਟੇਜ਼ ਨੇ ਸਖ਼ਤ ਸਟੈਂਡ ਲੈਂਦਿਆਂ ਕਿਹਾ ਕਿ ਜੰਗਬੰਦੀ ਨਾਲ ਟਰੰਪ ਦੇ ਅਪਰਾਧ ਘੱਟ ਨਹੀਂ ਹੁੰਦੇ। ਉਨ੍ਹਾਂ ਨੇ ਰਾਸ਼ਟਰਪਤੀ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਦੁਹਰਾਈ ਹੈ। ਸੈਨੇਟਰ ਐਡ ਮਾਰਕੀ ਨੇ ਕਿਹਾ ਕਿ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਦੀਆਂ ਧਮਕੀਆਂ "ਜੰਗੀ ਅਪਰਾਧ" ਦੇ ਬਰਾਬਰ ਹਨ। ਮਾਨਵ ਅਧਿਕਾਰ ਸੰਗਠਨ ਡਾਨ ਦੇ ਐਡਵੋਕੇਸੀ ਡਾਇਰੈਕਟਰ ਰਾਏਦ ਜਰਾਰ ਮੁਤਾਬਕ, "ਇਹ ਜੰਗਬੰਦੀ ਕੋਈ ਸਾਫ਼ ਸਲੇਟ ਨਹੀਂ ਹੈ। ਇਹ ਤਾਂ ਸਗੋਂ ਜਵਾਬਦੇਹੀ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ।" ਉਨ੍ਹਾਂ ਮੰਗ ਕੀਤੀ ਕਿ ਇਸ ਗੱਲ ਦੀ ਜਾਂਚ ਹੋਵੇ ਕਿ ਜੰਗ ਤੋਂ ਕਿਸ ਨੇ ਮੁਨਾਫਾ ਕਮਾਇਆ ਅਤੇ ਬੇਕਸੂਰ ਨਾਗਰਿਕਾਂ ਦੀ ਮੌਤ ਦਾ ਜ਼ਿੰਮੇਵਾਰ ਕੌਣ ਹੈ।

# ਪੰਜਾਬ ’ਚ ਭ੍ਰਿਸ਼ਟਾਚਾਰ ਖ਼ਿਲਾਫ਼ ਵਿਜੀਲੈਂਸ ਤੇ ਈ.ਡੀ. ਦਾ ਵੱਡਾ ਐਕਸ਼ਨ

## ✪ 4 ਸਾਲਾਂ ’ਚ 1100 ਤੋਂ ਵੱਧ ਗ੍ਰਿਫ਼ਤਾਰੀਆਂ, ਸਾਬਕਾ ਮੰਤਰੀ ਤੇ ਵੱਡੇ ਅਫ਼ਸਰ ਵੀ ਸ਼ਾਮਿਲ

ਰਾਮਪੁਰਾ ਫੂਲ-ਪੰਜਾਬ ਵਿੱਚ ਪਿਛਲੇ ਚਾਰ ਸਾਲਾਂ ਦੌਰਾਨ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਨੇ ਸੂਬੇ ਦੇ ਸਿਆਸੀ ਅਤੇ ਪ੍ਰਸ਼ਾਸਕੀ ਗਲਿਆਰਿਆਂ ਵਿੱਚ ਭੂਚਾਲ ਲਿਆ ਦਿੱਤਾ ਹੈ। ਪੰਜਾਬ ਵਿਜੀਲੈਂਸ ਬਿਊਰੋ ਅਤੇ ਕੇਂਦਰੀ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ ਦੀਆਂ ਸਾਂਝੀਆਂ ਕਾਰਵਾਈਆਂ ਸਦਕਾ ਛੋਟੇ ਮੁਲਾਜ਼ਮਾਂ ਤੋਂ ਲੈ ਕੇ ਸਾਬਕਾ ਮੰਤਰੀਆਂ ਤੱਕ ਕੋਈ ਵੀ ਕਾਨੂੰਨ ਦੇ ਸ਼ਿਕੰਜੇ ਤੋਂ ਬਚ ਨਹੀਂ ਸਕਿਆ। ਪਿਛਲੇ ਚਾਰ ਸਾਲਾਂ ਦੇ ਅੰਕੜੇ ਦੱਸਦੇ ਹਨ ਕਿ ਵਿਜੀਲੈਂਸ ਬਿਊਰੋ ਨੇ ਹੁਣ ਤੱਕ 1115 ਤੋਂ ਵੱਧ ਗ੍ਰਿਫ਼ਤਾਰੀਆਂ ਕੀਤੀਆਂ ਹਨ। ਇਨ੍ਹਾਂ ਵਿੱਚੋਂ ਲਗਭਗ 550 ਸਰਕਾਰੀ ਮੁਲਾਜ਼ਮ ਹਨ, ਜਿਨ੍ਹਾਂ ਵਿੱਚ ਆਈ.ਏ.ਐਸ., ਪੀ.ਸੀ.ਐਸ. ਅਤੇ ਪੁਲਿਸ ਵਿਭਾਗ ਦੇ ਗਜ਼ਟਿਡ ਅਧਿਕਾਰੀ ਸ਼ਾਮਿਲ ਹਨ। ਇਸ ਤੋਂ ਇਲਾਵਾ ਰਿਸ਼ਵਤਖੋਰੀ ਦੇ ਨੈੱਟਵਰਕ ਵਿੱਚ ਸ਼ਾਮਿਲ 350 ਦੇ ਕਰੀਬ ਪ੍ਰਾਈਵੇਟ ਵਿਚੋਲੇ ਵੀ ਜੇਲ੍ਹ ਭੇਜੇ ਗਏ ਹਨ।

ਸਾਲ 2022: 35 ਗਜ਼ਟਿਡ ਅਤੇ 163 ਗੈਰ-ਗਜ਼ਟਿਡ ਮੁਲਾਜ਼ਮ ਕਾਬੂ।

ਸਾਲ 2023-24: ਸਾਬਕਾ ਮੰਤਰੀਆਂ-ਸਾਧੂ ਸਿੰਘ ਧਰਮਸੋਤ, ਸ਼ਾਮ ਸੁੰਦਰ ਅਰੋੜਾ ਅਤੇ ਭਾਰਤ ਭੂਸ਼ਣ ਆਸ਼ੂ ਵਿਰੁੱਧ ਵੱਡੀ ਕਾਰਵਾਈ। ਇਸ ਦੌਰਾਨ 1.5 ਕਰੋੜ ਰੁਪਏ ਤੋਂ ਵੱਧ ਦਾ ਕੈਸ਼ ਟਰੈਪ ਲਗਾ ਕੇ ਬਰਾਮਦ ਕੀਤਾ ਗਿਆ।

ਸਾਲ 2025: 18 ਗਜ਼ਟਿਡ, 126 ਗੈਰ-ਗਜ਼ਟਿਡ ਅਤੇ 43 ਪ੍ਰਾਈਵੇਟ ਵਿਅਕਤੀ ਗ੍ਰਿਫ਼ਤਾਰ।

ਈ.ਡੀ. ਅਤੇ ਸੀ.ਬੀ.ਆਈ. ਦਾ ਸ਼ਿਕੰਜਾ-ਜਿੱਥੇ ਵਿਜੀਲੈਂਸ ਰਿਸ਼ਵਤਖੋਰੀ ’ਤੇ ਨੱਥ ਪਾ ਰਹੀ ਹੈ, ਉੱਥੇ ਹੀ ਈ.ਡੀ. ਨੇ ਮਨੀ ਲਾਂਡਰਿੰਗ ਅਤੇ ਨਸ਼ਾ ਤਸਕਰਾਂ ਵਿਰੁੱਧ ਮੋਰਚਾ ਖੋਲ੍ਹਿਆ ਹੋਇਆ ਹੈ।

ਈ.ਡੀ. ਨੇ ਡਰੱਗ ਕੇਸਾਂ ਅਤੇ ਮਾਈਨਿੰਗ ਮਾਫ਼ੀਆ ਨਾਲ ਜੁੜੇ 500 ਕਰੋੜ ਰੁਪਏ ਦੀਆਂ ਜਾਇਦਾਦਾਂ (ਕੋਠੀਆਂ, ਲਗਜ਼ਰੀ ਗੱਡੀਆਂ) ਕੁਰਕ ਕੀਤੀਆਂ ਹਨ।





ਛਾਪੇਮਾਰੀ ਦੌਰਾਨ 25 ਕਰੋੜ ਰੁਪਏ ਦੀ ਨਕਦੀ ਬਰਾਮਦ ਕੀਤੀ ਗਈ ਹੈ। ਸੀ.ਬੀ.ਆਈ. ਵੱਲੋਂ ਪੰਜਾਬ ਪੁਲਿਸ ਦੇ ਇੱਕ ਡੀ.ਆਈ.ਜੀ. ਰੈਂਕ ਦੇ ਅਧਿਕਾਰੀ ਕੋਲੋਂ 7 ਕਰੋੜ ਰੁਪਏ ਦੀ ਨਕਦੀ ਬਰਾਮਦ ਕਰਨ ਦਾ ਮਾਮਲਾ ਵੀ ਸੁਰਖੀਆਂ ਵਿੱਚ ਹੈ।

ਵਿਭਾਗ ਅਤੇ ਸਜ਼ਾਵਾਂ ਦੀ ਦਰ-ਸਭ ਤੋਂ ਵੱਧ ਭ੍ਰਿਸ਼ਟਾਚਾਰ ਦੇ ਮਾਮਲੇ ਪੁਲਿਸ, ਮਾਲ ਵਿਭਾਗ, ਬਿਜਲੀ ਬੋਰਡ ਅਤੇ ਸਥਾਨਕ ਸਰਕਾਰਾਂ ਦੇ ਵਿਭਾਗਾਂ ਵਿੱਚ ਦੇਖਣ ਨੂੰ ਮਿਲੇ ਹਨ। ਪੰਜਾਬ ਵਿੱਚ ਵਿਜੀਲੈਂਸ ਕੇਸਾਂ ਵਿੱਚ ਸਜ਼ਾ ਦੀ ਦਰ 35% ਤੋਂ 45% ਦੇ ਵਿਚਕਾਰ ਹੈ। ਸਾਲ 2025 ਵਿੱਚ 34 ਕੇਸਾਂ ਦਾ ਫੈਸਲਾ ਸੁਣਾਉਂਦਿਆਂ ਅਦਾਲਤਾਂ ਨੇ 63 ਮੁਲਾਜ਼ਮਾਂ ਨੂੰ ਸਜ਼ਾ ਦਿੱਤੀ ਹੈ, ਜਿਨ੍ਹਾਂ ਨੂੰ 1 ਤੋਂ 5 ਸਾਲ ਦੀ ਕੈਦ ਅਤੇ ਜੁਰਮਾਨੇ ਕੀਤੇ ਗਏ ਹਨ।

ਸੂਤਰਾਂ ਅਨੁਸਾਰ, ਹੁਣ ਕਈ ਹੋਰ ਉੱਚ ਅਧਿਕਾਰੀ ਵੀ ਸੀ.ਬੀ.ਆਈ. ਦੀ ਰਡਾਰ ’ਤੇ ਹਨ। ਪੰਜਾਬ ਸਰਕਾਰ ਭ੍ਰਿਸ਼ਟਾਚਾਰ ਦੇ ਕੇਸਾਂ ਨੂੰ ਜਲਦੀ ਨਿਪਟਾਉਣ ਲਈ ‘ਫਾਸਟ ਟਰੈਕ’ ਅਦਾਲਤਾਂ ਰਾਹੀਂ ਕਾਰਵਾਈ ਤੇਜ਼ ਕਰਨ ਦੀ ਯੋਜਨਾ ਬਣਾ ਰਹੀ ਹੈ।

# ਮੋਹਾਲੀ ਵਿਚ 1 ਕਰੋੜ ਦੀ ਫ਼ਿਰੌਤੀ ਨਾ ਦੇਣ ’ਤੇ ਅਕਾਲੀ ਆਗੂ ਦੇ ਘਰ ਚੱਲੀਆਂ ਗੋਲੀਆਂ

ਮੋਹਾਲੀ (ਨਿਊ ਚੰਡੀਗੜ੍ਹ)-ਪੰਜਾਬ ਵਿੱਚ ਗੈਂਗਸਟਰਾਂ ਦੇ ਹੌਸਲੇ ਇਸ ਕਦਰ ਬੁਲੰਦ ਹਨ ਕਿ ਹੁਣ ਸਿਆਸੀ ਆਗੂ ਵੀ ਸੁਰੱਖਿਅਤ ਨਹੀਂ ਹਨ। ਤਾਜ਼ਾ ਮਾਮਲਾ ਨਿਊ ਚੰਡੀਗੜ੍ਹ ਦੇ ਪਿੰਡ ਮਾਜਰੀਆਂ ਤੋਂ ਸਾਹਮਣੇ ਆਇਆ ਹੈ, ਜਿੱਥੇ ਸ਼੍ਰੋਮਣੀ ਅਕਾਲੀ ਦਲ (ਬੀ. ਸੀ. ਵਿੰਗ) ਮੋਹਾਲੀ ਦੇ ਜ਼ਿਲ੍ਹਾ ਪ੍ਰਧਾਨ ਚੌਧਰੀ ਸ਼ਾਮਲਾਲ ਦੇ ਘਰ ’ਤੇ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਫਾਇਰਿੰਗ ਕਰ ਦਿੱਤੀ। ਇਹ ਹਮਲਾ 1 ਕਰੋੜ ਰੁਪਏ ਦੀ ਫ਼ਿਰੌਤੀ ਨਾ ਦੇਣ ਕਾਰਨ ਕੀਤਾ ਗਿਆ ਦੱਸਿਆ ਜਾ ਰਿਹਾ ਹੈ। ਵਾਰਦਾਤ ਤੋਂ ਬਾਅਦ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਪੁਲਸ ਨੂੰ ਘਟਨਾ ਸਥਾਨ ਤੋਂ 3 ਖਾਲੀ ਖੋਲ ਬਰਾਮਦ ਹੋਏ ਹਨ।

## ✪ ਲੱਕੀ ਪਟਿਆਲ ਦੇ ਨਾਂ ’ਤੇ ਮਿਲੀ ਸੀ ਧਮਕੀ




ਚੌਧਰੀ ਸ਼ਾਮਲਾਲ ਨੇ ਦੱਸਿਆ ਕਿ ਉਨ੍ਹਾਂ ਨੂੰ 25 ਮਾਰਚ ਨੂੰ ਇੱਕ ਵਟਸਐਪ ਕਾਲ ਆਈ ਸੀ। ਫੋਨ ਕਰਨ ਵਾਲੇ ਨੇ ਖ਼ੁਦ ਨੂੰ ਕੀਨੀਆ ਤੋਂ ਬੋਲ ਰਿਹਾ ਗੈਂਗਸਟਰ ਲੱਕੀ ਪਟਿਆਲ ਦੱਸਿਆ ਅਤੇ 1 ਕਰੋੜ ਰੁਪਏ ਦੀ ਮੰਗ ਕੀਤੀ। ਧਮਕੀ ਦਿੱਤੀ ਗਈ ਸੀ ਕਿ ਜੇਕਰ ਪੈਸੇ ਨਾ ਦਿੱਤੇ ਤਾਂ ਉਨ੍ਹਾਂ ਦਾ ਹਾਲ ਵੀ ‘ਚੀਨੀ ਕੁੱਬਾਹੇੜੀ’ ਵਰਗਾ ਕੀਤਾ ਜਾਵੇਗਾ।

ਅਕਾਲੀ ਆਗੂ ਨੇ ਪੁਲਸ ਪ੍ਰਸ਼ਾਸਨ ’ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਨੇ 26 ਮਾਰਚ ਨੂੰ ਹੀ ਡੀ. ਜੀ. ਪੀ. ਪੰਜਾਬ, ਐੱਸ. ਐੱਸ. ਪੀ. ਮੋਹਾਲੀ ਅਤੇ ਮੁੱਲਾਂਪੁਰ ਪੁਲਸ ਨੂੰ ਲਿਖਤੀ ਸ਼ਿਕਾਇਤ ਦਿੱਤੀ ਸੀ। ਪੁਲਸ ਨੇ ਸ਼ਿਕਾਇਤ ਨੂੰ ਗੰਭੀਰਤਾ ਨਾਲ ਨਹੀਂ ਲਿਆ, ਜਿਸ ਕਾਰਨ ਹਮਲਾਵਰਾਂ ਦੇ ਹੌਸਲੇ ਵਧ ਗਏ। ਜੇਕਰ ਸਮਾਂ ਰਹਿੰਦਿਆਂ ਕਾਰਵਾਈ ਹੁੰਦੀ ਤਾਂ ਇਹ ਗੋਲੀਬਾਰੀ ਟਲ ਸਕਦੀ ਸੀ।

ਇਲਾਕੇ ’ਚ ਫ਼ਿਰੌਤੀਆਂ ਦਾ ਸਿਲਸਿਲਾ

ਇਹ ਕੋਈ ਪਹਿਲਾ ਮਾਮਲਾ ਨਹੀਂ ਹੈ; ਪਿਛਲੇ ਕੁਝ ਦਿਨਾਂ ਵਿੱਚ ਮੋਹਾਲੀ ਇਲਾਕੇ ਦੇ ਕਈ ਹੋਰ ਆਗੂਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ:

ਪਰਮਿੰਦਰ ਸਿੰਘ ਸੋਹਾਣਾ (ਜ਼ਿਲ੍ਹਾ ਪ੍ਰਧਾਨ, ਅਕਾਲੀ ਦਲ): ਇਨ੍ਹਾਂ ਨੂੰ ਵੀ ਫ਼ਿਰੌਤੀ ਲਈ ਧਮਕੀਆਂ ਮਿਲ ਚੁੱਕੀਆਂ ਹਨ।

ਰੂਪਾ ਸੋਹਾਣਾ (ਭਾਜਪਾ ਆਗੂ): ਇਨ੍ਹਾਂ ਤੋਂ ਵੀ ਪੈਸਿਆਂ ਦੀ ਮੰਗ ਕੀਤੀ ਗਈ ਅਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ।

ਪਿੰਡ ਹੁਸ਼ਿਆਰਪੁਰ ਦਾ ਪ੍ਰਾਪਰਟੀ ਡੀਲਰ: 2 ਕਰੋੜ ਦੀ ਫ਼ਿਰੌਤੀ ਨਾ ਦੇਣ ’ਤੇ ਇਨ੍ਹਾਂ ਦੇ ਘਰ ’ਤੇ ਵੀ ਫਾਇਰਿੰਗ ਹੋਈ ਸੀ।

ਪੁਲਸ ਹੁਣ ਇਲਾਕੇ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲ ਰਹੀ ਹੈ ਤਾਂ ਜੋ ਹਮਲਾਵਰਾਂ ਦੀ ਪਛਾਣ ਕੀਤੀ ਜਾ ਸਕੇ।

# ਹਾਈ ਕੋਰਟ ਨੂੰ ਚੌਥੀ ਵਾਰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

ਚੰਡੀਗੜ੍ਹ-ਸਿਟੀ ਬਿਊਟੀਫੁਲ ਚੰਡੀਗੜ੍ਹ ਦੇ ਸੈਕਟਰ-1 ਸਥਿਤ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਇੱਕ ਵਾਰ ਫਿਰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਨਾਲ ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਵਿੱਚ ਹੜਕੰਪ ਮਚ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਹਾਈ ਕੋਰਟ ਨੂੰ ਮਿਲੀ ਇਹ ਚੌਥੀ ਧਮਕੀ ਹੈ, ਜਿਸ ਨੇ ਸ਼ਹਿਰ ਦੀ ਸੁਰੱਖਿਆ ਪ੍ਰਬੰਧਾਂ ’ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਧਮਕੀ ਮਿਲਦੇ ਹੀ ਹਾਈ ਕੋਰਟ ਕੰਪਲੈਕਸ ਵਿੱਚ ਚੌਕਸੀ ਵਧਾ ਦਿੱਤੀ ਗਈ। ਹਰ ਐਂਟਰੀ ਪੁਆਇੰਟ ’ਤੇ ਸਖ਼ਤ ਨਾਕਾਬੰਦੀ ਕੀਤੀ ਗਈ ਅਤੇ ਆਉਣ-ਜਾਣ ਵਾਲਿਆਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ। ਬੰਬ ਨਿਰੋਧਕ ਦਸਤੇ ਅਤੇ ਡੌਗ ਸਕੁਐਡ ਨੇ ਪੂਰੇ ਇਲਾਕੇ ਨੂੰ ਖੰਗਾਲਿਆ। ਕਈ ਘੰਟਿਆਂ ਦੀ ਸਖ਼ਤ ਮਿਹਨਤ ਅਤੇ ਜਾਂਚ ਤੋਂ ਬਾਅਦ, ਰਾਹਤ ਦੀ ਗੱਲ ਇਹ ਰਹੀ ਕਿ ਕੋਈ ਵੀ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਅਤੇ ਇਸ ਨੂੰ ਮਹਿਜ਼ ਇੱਕ ਅਫ਼ਵਾਹ ਜਾਂ ਸ਼ਰਾਰਤ ਮੰਨਿਆ ਜਾ ਰਿਹਾ ਹੈ। ਇਹ ਘਟਨਾ ਇਸ ਲਈ ਵੀ ਜ਼ਿਆਦਾ ਗੰਭੀਰ ਮੰਨੀ ਜਾ ਰਹੀ ਹੈ ਕਿਉਂਕਿ ਹਾਲ ਹੀ ਵਿੱਚ ਚੰਡੀਗੜ੍ਹ ਸਥਿਤ ਪੰਜਾਬ ਭਾਜਪਾ ਦੇ ਮੁੱਖ ਦਫਤਰ ’ਤੇ ਗ੍ਰਨੇਡ ਹਮਲਾ ਹੋਇਆ ਸੀ। ਅਜਿਹੇ ਮਾਹੌਲ ਵਿੱਚ ਹਾਈ ਕੋਰਟ ਵਰਗੀ ਸੰਵੇਦਨਸ਼ੀਲ ਥਾਂ ਨੂੰ ਵਾਰ-ਵਾਰ ਨਿਸ਼ਾਨਾ ਬਣਾਉਣਾ ਸੁਰੱਖਿਆ ਏਜੰਸੀਆਂ ਲਈ ਵੱਡੀ ਚੁਣੌਤੀ ਬਣ ਗਿਆ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਧਾਰੀ ਬੱਚਿਆਂ ਨੂੰ 2 ਕਰੋੜ 28 ਲੱਖ ਰੁਪਏ ਦੇ ਵਜੀਫੇ ਜਾਰੀ

ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਲ 2025-26 ਲਈ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਵਜੀਫਾ ਰਾਸ਼ੀ ਦਿੱਤੀ ਗਈ ਹੈ। ਅੱਜ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਵਜ਼ੀਫ਼ਾ ਰਾਸ਼ੀ ਦੇ ਚੈੱਕ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਦਿਅਕ ਅਦਾਰਿਆਂ ਦੇ ਨੁਮਾਇੰਦਿਆਂ ਨੂੰ ਸੌਂਪੇ।

## ਗਿ: ਹਰਪਾਲ ਸਿੰਘ ਜੀ ਦੀ ਮੁਲਾਕਾਤ ਅਗਲੇ ਅੰਕ ’ਚ



ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਜੀ ਫਤਹਿਗੜ੍ਹ ਸਾਹਿਬ ਵਾਲਿਆਂ ਨਾਲ ਹਰਜਿੰਦਰ ਸਿੰਘ ਮੰਡੇਰ ਵੱਲੋਂ ਕੀਤੀ ਵਿਸ਼ੇਸ਼ ਮੁਲਾਕਾਤ ਅਗਲੇ ਅੰਕ ਵਿੱਚ ਪ੍ਰਕਾਸ਼ਿਤ ਕੀਤੀ ਜਾਵੇਗੀ। ਉਪਰ ਤਸਵੀਰ ਵਿੱਚ ਖੱਬੇ ਹਰਜਿੰਦਰ ਸਿੰਘ ਮੰਡੇਰ, ਗਿਆਨੀ ਹਰਪਾਲ ਸਿੰਘ ਜੀ ਨਾਲ ਗੱਲਬਾਤ ਕਰਦੇ ਹੋਏ।

ਤੀਜੀ ਵਾਰ ਬੇਅਦਬੀ ਬਿੱਲ ਦਾ ਸ਼ੋਸ਼ਾ

# ਸਿਆਸੀ ਮੰਡੀ ਵਿੱਚ ਗੁਰੂ ਸਾਹਿਬ ਦੇ ਅਦਬ ਨਾਲ ਖਿਲਵਾੜ ਕਿਉਂ ?

## ✪ ਇਨਸਾਫ਼ ਦੇਣ ਵਿੱਚ ਫੇਲ੍ਹ ਸਰਕਾਰ ਹੁਣ 'ਕਾਨੂੰਨ-ਕਾਨੂੰਨ' ਕਿਉਂ ਖੇਡ ਰਹੀ ਹੈ ? ✪ ਸੌਦਾ ਸਾਧ 'ਤੇ ਮਿਹਰਬਾਨੀ, ਸਿੱਖ ਪੰਥ ਨਾਲ ਬੇਈਮਾਨੀ ਕਿਉਂ ?



### ਨਿਆਂ ਵਿੱਚ ਦੇਰੀ ਕਿਉਂ: ਬਹਿਬਲ ਕਲਾਂ ਅਤੇ ਬੇਅਦਬੀ ਕਾਂਡ

ਵੱਡਾ ਸਵਾਲ ਇਹ ਹੈ ਕਿ ਸਰਕਾਰ ਹੁਣ ਤੱਕ ਬਹਿਬਲ ਗੋਲੀ ਕਾਂਡ ਅਤੇ ਬੇਅਦਬੀ ਕਾਂਡ ਦਾ ਨਿਆਂ ਕਿਉਂ ਨਹੀਂ ਦੇ ਸਕੀ ? 2015 ਵਿਚ ਬਰਗਾੜੀ ਗੁਰਦੁਆਰਾ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ। ਇਸ ਤੋਂ ਬਾਅਦ ਬਹਿਬਲ ਕਲਾਂ ਵਿਚ ਪੁਲਿਸ ਵੱਲੋਂ ਧਰਨਾ ਦੇ ਰਹੇ ਸਿੱਖਾਂ 'ਤੇ ਗੋਲੀਬਾਰੀ ਹੋਈ, ਜਿਸ ਵਿਚ ਦੋ ਸਿੱਖਾਂ ਦੀ ਮੌਤ ਹੋ ਗਈ ਸੀ। ਇਸ ਕਾਂਡ ਵਿਚ ਅਜੇ ਤੱਕ ਕਿਸੇ ਵੱਡੇ ਅਧਿਕਾਰੀ ਜਾਂ ਰਾਜਨੀਤਿਕ ਆਗੂ ਨੂੰ ਸਜ਼ਾ ਨਹੀਂ ਹੋਈ। ਸੈਂਕੜੇ ਬੇਅਦਬੀਆਂ ਦੇ ਕੇਸਾਂ ਵਿਚ ਵੀ ਨਿਆਂ ਨਹੀਂ ਮਿਲਿਆ। ਕਾਂਗਰਸ ਅਤੇ ਆਪ ਵਾਲੀਆਂ ਸਰਕਾਰਾਂ ਵਿਚ ਵੀ 600 ਤੋਂ ਵੱਧ ਬੇਅਦਬੀਆਂ ਹੋਈਆਂ, ਪਰ ਕਾਰਵਾਈ ਨਾ ਹੋਣ ਕਾਰਨ ਲੋਕਾਂ ਵਿਚ ਗੁੱਸਾ ਹੈ। ਇਸੇ ਤਰ੍ਹਾਂ ਹੁਣ ਤੱਕ ਸੌਦਾ ਸਾਧ ਰਾਮ ਰਹੀਮ ਉਪਰ ਬੇਅਦਬੀ ਨਾਲ ਜੁੜੀਆਂ ਘਟਨਾਵਾਂ ਵਿਚ ਕਾਰਵਾਈ ਕਿਉਂ ਨਹੀਂ ਹੋਈ ? 2007 ਵਿਚ ਸਿਰਸਾ ਵਿਚ ਵੀ ਬੇਅਦਬੀ ਨਾਲ ਜੁੜੀ ਘਟਨਾ ਵਾਪਰੀ ਸੀ ਅਤੇ ਸਿੱਖ ਉਸ ਨੂੰ ਇਸ ਨਾਲ ਜੋੜਦੇ ਹਨ। ਉਸ 'ਤੇ ਰੇਪ ਅਤੇ ਹੋਰ ਕੇਸਾਂ ਵਿਚ ਸਜ਼ਾ ਹੋਈ, ਪਰ ਬੇਅਦਬੀ ਨਾਲ ਸਬੰਧਤ ਘਟਨਾਵਾਂ ਵਿਚ ਅਜੇ ਵੀ ਪੂਰੀ ਕਾਰਵਾਈ ਲਟਕੀ ਹੋਈ ਹੈ। ਇਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਅਕਸਰ ਆਪ ਸਰਕਾਰ ਉਪਰ ਦੋਸ਼ ਲੱਗਦਾ ਹੈ ਕਿ ਡੇਰੇ ਦੇ ਵੱਡੇ ਵੋਟ ਬੈਂਕ ਕਾਰਨ ਸਿਆਸੀ ਪਾਰਟੀਆਂ ਸਖ਼ਤ ਕਾਰਵਾਈ ਕਰਨ ਤੋਂ ਕਤਰਾਉਂਦੀਆਂ ਹਨ। ਹਾਲਾਂਕਿ ਕਈ ਮਾਮਲਿਆਂ ਵਿੱਚ ਚਾਰਜਸ਼ੀਟ ਦਾਖਲ ਹੋਈ ਹੈ, ਪਰ ਹਰਿਆਣਾ ਸਰਕਾਰ ਵੱਲੋਂ ਵਾਰ-ਵਾਰ ਦਿੱਤੀ ਜਾਂਦੀ ਪੈਰੋਲ ਅਤੇ ਕੇਂਦਰੀ ਏਜੰਸੀਆਂ ਦੀ ਜਾਂਚ ਦੀ ਮੱਠੀ ਚਾਲ ਨੇ ਸਿੱਖਾਂ ਵਿੱਚ ਬੇਵਿਸ਼ਵਾਸੀ ਪੈਦਾ ਕੀਤੀ ਹੈ।

### ਨਿਊਜ਼ ਵਿਸ਼ਲੇਸ਼ਣ

ਪੰਜਾਬ ਦੀ ਸਿਆਸਤ ਵਿੱਚ 'ਬੇਅਦਬੀ' ਇੱਕ ਅਜਿਹਾ ਜ਼ਖ਼ਮ ਬਣ ਚੁੱਕਾ ਹੈ, ਜਿਸ ਨੂੰ ਹਰ ਸਿਆਸੀ ਪਾਰਟੀ ਨੇ ਸੱਤਾ ਤੱਕ ਪਹੁੰਚਣ ਲਈ ਪੌੜੀ ਵਜੋਂ ਵਰਤਿਆ, ਪਰ ਜਦੋਂ ਵਾਰੀ ਨਿਆਂ ਦੇਣ ਦੀ ਆਈ ਤਾਂ ਸਭ ਸਰਕਾਰਾਂ ਦੇ ਹੱਥ ਥਿੜਕਦੇ ਨਜ਼ਰ ਆਏ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 13 ਅਪ੍ਰੈਲ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਤੀਜੀ ਵਾਰ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪਹਿਲੀ ਨਜ਼ਰੇ ਇਹ ਕਦਮ ਸ਼ਲਾਘਾਯੋਗ ਲੱਗ ਸਕਦਾ ਹੈ, ਪਰ ਡੂੰਘਾਈ ਨਾਲ ਵੇਖੀਏ ਤਾਂ ਇਹ ਨਿਆਂ ਦੇਣ ਦੀ ਨੀਅਤ ਘੱਟ ਅਤੇ ਸਿਆਸੀ 'ਸ਼ੋਸ਼ੇਬਾਜ਼ੀ' ਜ਼ਿਆਦਾ ਪ੍ਰਤੀਤ ਹੁੰਦੀ ਹੈ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜੇਕਰ ਸਰਕਾਰ ਸੱਚਮੁੱਚ ਗੁਰੂ ਸਾਹਿਬ ਦੇ ਸਤਿਕਾਰ ਪ੍ਰਤੀ ਸੰਜੀਦਾ ਹੈ, ਤਾਂ ਉਸ ਨੇ ਇਸ ਬਿੱਲ ਦਾ ਖਰੜਾ ਪੰਥਕ ਸੰਸਥਾਵਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਾਂਝਾ ਕਿਉਂ ਨਹੀਂ ਕੀਤਾ ? ਸਿੱਖ ਪੰਥ ਦੀ ਸਰਵਉੱਚ ਸੰਸਥਾ ਅਕਾਲ ਤਖ਼ਤ ਸਾਹਿਬ ਅਤੇ ਮੌਜੂਦਾ ਪੰਥਕ ਜਥੇਬੰਦੀਆਂ ਨੂੰ ਭਰੋਸੇ ਵਿੱਚ ਲਏ ਬਿਨਾਂ ਬਣਾਇਆ ਗਿਆ ਕੋਈ ਵੀ ਕਾਨੂੰਨ ਨਾ ਤਾਂ ਪੰਥਕ ਭਾਵਨਾਵਾਂ ਦੀ ਤਰਜਮਾਨੀ ਕਰ ਸਕਦਾ ਹੈ ਅਤੇ ਨਾ ਹੀ ਸਿੱਖ ਪੰਥ ਨੂੰ ਪ੍ਰਵਾਨ ਹੋਵੇਗਾ। ਪੰਥਕ ਮਾਮਲਿਆਂ ਦੇ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਮੰਨਣਾ ਹੈ ਕਿ ਬੇਅਦਬੀ ਦਾ ਮੁੱਦਾ ਹੁਣ ਸਿਆਸਤਦਾਨਾਂ ਲਈ ਕੇਵਲ ਵੋਟਾਂ ਬਟੋਰਨ ਦਾ ਜ਼ਰੀਆ ਬਣ ਕੇ ਰਹਿ ਗਿਆ ਹੈ। ਪੰਥਕ ਪੱਖ ਨੂੰ ਅਣਗੌਲਿਆ ਕਰਕੇ ਅਤੇ ਸ਼੍ਰੋਮਣੀ ਕਮੇਟੀ ਵਰਗੀਆਂ ਸੰਸਥਾਵਾਂ ਨੂੰ ਨੀਵਾਂ ਦਿਖਾ ਕੇ ਸਰਕਾਰ ਪੰਥਕ ਭਾਵਨਾਵਾਂ ਨਾਲ ਖੇਡ ਰਹੀ ਹੈ। ਜੇਕਰ ਸਰਕਾਰ ਸੱਚਮੁੱਚ ਨਿਆਂ ਦੇਣਾ ਚਾਹੁੰਦੀ ਹੈ, ਤਾਂ ਉਹ ਸਿਆਸਤ ਛੱਡ ਕੇ ਪੰਥਕ ਭਾਵਨਾਵਾਂ ਦਾ ਸਤਿਕਾਰ ਕਰੇ ਅਤੇ ਦੋਸ਼ੀਆਂ ਨੂੰ ਕਨੂੰਨੀ ਸ਼ਿਕੰਜੇ ਤਕ ਪਹੁੰਚਾਉਣ ਲਈ ਠੋਸ ਕਦਮ ਚੁੱਕੇ। ਗੁਰੂ ਸਾਹਿਬ ਦੀ ਬੇਅਦਬੀ 'ਤੇ ਸਿਆਸੀ ਲਾਹਾ ਲੈਣਾ ਸਿੱਖ ਪੰਥ ਨਾਲ ਸਭ ਤੋਂ ਵੱਡਾ ਧ੍ਰੋਹ ਹੈ।

ਪੰਥਕ ਜਥੇਬੰਦੀਆਂ ਵਲੋਂ ਸਰਕਾਰ ਉਪਰ ਇਤਰਾਜ਼ ਕਿਉਂ ?-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪ੍ਰਮੁੱਖ ਪੰਥਕ ਜਥੇਬੰਦੀਆਂ ਨੇ ਸਰਕਾਰ ਦੀ ਨੀਅਤ 'ਤੇ ਸਵਾਲ ਚੁੱਕੇ ਹਨ। ਅੰਮ੍ਰਿਤਸਰ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ 'ਪੰਥਕ ਇਕੱਤਰਤਾ' ਵਿੱਚ ਬੁਲਾਰਿਆਂ ਨੇ ਪੁੱਛਿਆ ਕਿ ਬਿੱਲ ਦਾ ਖਰੜਾ ਪੰਥਕ ਸੰਸਥਾਵਾਂ ਵੱਲ ਕਿਉਂ ਨਹੀਂ ਭੇਜਿਆ ਗਿਆ ? ਪੰਥਕ ਆਗੂਆਂ ਦਾ ਕਹਿਣਾ ਸੀ ਕਿ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਲਈ ਕੇਵਲ ਇੱਕ ਕਿਤਾਬ ਨਹੀਂ, ਸਗੋਂ 'ਜਾਗਤ ਜੋਤ' ਗੁਰੂ ਹਨ। ਇਸ ਲਈ ਉਨ੍ਹਾਂ ਦੇ ਸਤਿਕਾਰ ਅਤੇ ਬੇਅਦਬੀ ਨਾਲ ਜੁੜੇ ਕਿਸੇ ਵੀ ਕਾਨੂੰਨ ਵਿੱਚ ਪੰਥਕ ਭਾਵਨਾਵਾਂ ਅਤੇ ਸਿੱਖ ਰਹਿਤ ਮਰਯਾਦਾ ਦਾ ਸ਼ਾਮਲ ਹੋਣਾ ਲਾਜ਼ਮੀ ਹੈ। ਬੀਬੀ ਕਿਰਨਜੋਤ ਕੌਰ ਵਰਗੇ ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰ ਇਸ ਸੰਵੇਦਨਸ਼ੀਲ ਮੁੱਦੇ ਨੂੰ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਸਿਆਸੀ ਤੌਰ 'ਤੇ ਨੀਵਾਂ ਦਿਖਾਉਣ ਲਈ ਇੱਕ 'ਸਿਆਸੀ ਹਥਿਆਰ' ਵਜੋਂ ਵਰਤ ਰਹੀ ਹੈ।

ਬੀਬੀ ਕਿਰਨਜੋਤ ਕੌਰ ਸੁਆਲ ਉਠਾਉਂਦੇ ਹਨ ਕਿ ਕੀ ਸਰਕਾਰ ਇਹ ਭੁੱਲ ਗਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਲਈ ਕੋਈ ਮਹਿਜ਼ 'ਕਿਤਾਬ' ਨਹੀਂ, ਸਗੋਂ ਜਾਗਤ-ਜੋਤ ਗੁਰੂ ਹਨ ? ਗੁਰੂ ਸਾਹਿਬ ਦੀ ਵਿਲੱਖਣਤਾ ਅਤੇ ਮਰਯਾਦਾ ਨੂੰ ਕਾਨੂੰਨੀ ਚੌਖਟੇ ਵਿੱਚ ਫਿੱਟ ਕਰਨ ਤੋਂ ਪਹਿਲਾਂ ਪੰਥਕ ਵਿਦਵਾਨਾਂ ਦੀ ਰਾਏ ਲੈਣੀ ਲਾਜ਼ਮੀ ਸੀ। ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਸਰਕਾਰ ਦੀ ਇਸ ਚੁੱਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਨਿਆਂ ਦੇਣ ਦੀ ਬਜਾਏ ਕੇਵਲ ਆਪਣੀ ਸਿਆਸੀ ਸਾਖ ਬਚਾਉਣ ਲਈ 'ਈਵੈਂਟ ਮੈਨੇਜਮੈਂਟ' ਕਰ ਰਹੀ ਹੈ। ਪੰਥਕ ਸੰਸਥਾਵਾਂ ਦਾ 'ਆਪ' ਸਰਕਾਰ ਉੱਪਰੋਂ ਭਰੋਸਾ ਉੱਠਣਾ ਸੁਭਾਵਿਕ ਹੈ। ਚੋਣਾਂ ਤੋਂ ਪਹਿਲਾਂ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ ਕਿ 24 ਘੰਟਿਆਂ ਵਿੱਚ ਬੇਅਦਬੀ ਦੇ ਦੋਸ਼ੀਆਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਜਾਵੇਗਾ, ਪਰ ਅੱਜ ਸਾਲਾਂ ਬਾਅਦ ਵੀ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਪੀੜਤ ਇਨਸਾਫ਼ ਲਈ ਸੜਕਾਂ 'ਤੇ ਬੈਠਣ ਲਈ ਮਜਬੂਰ ਹਨ।

ਦਲ ਖਾਲਸਾ ਦਾ ਮੰਨਣਾ ਹੈ ਕਿ ਸੌਦਾ ਸਾਧ ਵਰਗੇ ਮੁੱਖ ਸਾਜ਼ਿਸ਼ਕਰਤਾਵਾਂ 'ਤੇ ਸ਼ਿਕੰਜਾ ਕੱਸਣ ਦੀ ਬਜਾਏ, ਸਰਕਾਰਾਂ ਕਾਨੂੰਨੀ ਉਲਝਣਾਂ ਦਾ ਬਹਾਨਾ ਬਣਾ ਕੇ ਸਮਾਂ ਲੰਘਾ ਰਹੀਆਂ ਹਨ। ਜੇਕਰ ਮੌਜੂਦਾ ਸਰਕਾਰ ਦੀ ਨੀਅਤ ਸਾਫ਼ ਹੁੰਦੀ, ਤਾਂ ਉਹ ਨਵੇਂ ਬਿੱਲ ਲਿਆਉਣ ਦੀ ਬਜਾਏ ਪਹਿਲਾਂ ਤੋਂ ਚੱਲ ਰਹੇ ਕੇਸਾਂ ਵਿੱਚ ਤੇਜ਼ੀ ਲਿਆ ਕੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਂਦੀ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਤੀਜੀ ਵਾਰ ਬਿੱਲ ਪੇਸ਼ ਕਰਨਾ ਇਸ ਗੱਲ ਦਾ ਸਬੂਤ ਹੈ ਕਿ ਪਹਿਲੇ ਬਿੱਲਾਂ ਵਿੱਚ ਕਾਨੂੰਨੀ ਖਾਮੀਆਂ ਸਨ ਜਾਂ ਫਿਰ ਉਹ ਕੇਵਲ ਰਾਸ਼ਟਰਪਤੀ ਭਵਨ ਦੀਆਂ ਫਾਈਲਾਂ ਵਿੱਚ ਦਫ਼ਨ ਹੋਣ ਲਈ ਹੀ ਭੇਜੇ ਗਏ ਸਨ। ਜੇਕਰ ਇਹ ਬਿੱਲ ਕੇਂਦਰੀ ਕਾਨੂੰਨਾਂ ਨਾਲ ਟਕਰਾਉਂਦਾ ਹੈ, ਤਾਂ ਇਸ ਦਾ ਹਸ਼ਰ ਵੀ ਪਹਿਲਾਂ ਵਰਗਾ ਹੀ ਹੋਵੇਗਾ। ਸਰਕਾਰ ਨੂੰ ਚਾਹੀਦਾ ਸੀ ਕਿ ਉਹ ਸਿਆਸੀ ਰੋਟੀਆਂ ਸੇਕਣ ਦੀ ਬਜਾਏ ਪੰਥਕ ਧਿਰਾਂ ਨਾਲ ਮਿਲ ਕੇ ਇੱਕ ਅਜਿਹਾ ਮਜ਼ਬੂਤ ਕਾਨੂੰਨੀ ਖਰੜਾ ਤਿਆਰ ਕਰਦੀ ਜੋ ਸੰਵਿਧਾਨਕ ਤੌਰ 'ਤੇ ਵੀ ਅਟੁੱਟ ਹੁੰਦਾ ਤੇ ਗੁਰੂ ਗ੍ਰੰਥ ਸਾਹਿਬ ਦੀ ਸ਼ਬਦ ਗੁਰੂ ਵਜੋਂ ਸੁਪਰਮੇਸੀ ਬਹਾਲ ਰਹਿੰਦੀ।

ਸ਼੍ਰੋਮਣੀ ਕਮੇਟੀ ਦੇ ਕੀ ਇਤਰਾਜ਼ ਹਨ-ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਪਾਸ ਕੀਤੇ ਗੁਰਮਤੇ ਵਿੱਚ ਹੇਠ ਲਿਖੇ ਇਤਰਾਜ਼ ਉਭਰੇ ਹਨ।

* ਸਰਕਾਰ ਬਿਨਾਂ ਕਿਸੇ ਸਲਾਹ-ਮਸ਼ਵਰੇ ਦੇ ਮਨਮਰਜ਼ੀ ਨਾਲ ਕਾਨੂੰਨ ਬਣਾ ਰਹੀ ਹੈ, ਜੋ ਸਿੱਖ ਵਿਚਾਰਧਾਰਾ ਦੇ ਉਲਟ ਹੋ ਸਕਦਾ ਹੈ।

* ਬੇਅਦਬੀ ਦੀ ਪਰਿਭਾਸ਼ਾ ਅਤੇ ਕਾਨੂੰਨ ਦੀ ਦੁਰਵਰਤੋਂ ਨੂੰ ਰੋਕਣ ਲਈ ਕੋਈ ਸਪੱਸ਼ਟ ਰੂਪ-ਰੇਖਾ ਨਹੀਂ ਦਿੱਤੀ ਗਈ।

* ਸਿੱਖ ਪੰਥ ਦੀ ਮੰਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ (ਜਾਗਤ ਜੋਤ) ਨੂੰ ਮੁੱਖ ਰੱਖਦਿਆਂ ਵੱਖਰਾ ਕਾਨੂੰਨ ਹੋਵੇ, ਜਦਕਿ ਪਹਿਲਾਂ ਰਾਸ਼ਟਰਪਤੀ ਨੇ ਸਾਰੇ ਧਰਮਾਂ ਲਈ ਇੱਕੋ ਜਿਹੀ ਸਜ਼ਾ ਦੀ ਗੱਲ ਕਹਿ ਕੇ ਬਿੱਲ ਮੋੜ ਦਿੱਤੇ ਸਨ।

ਕੀ ਗੁਰੂ ਗ੍ਰੰਥ ਸਾਹਿਬ ਨੂੰ ਕਾਨੂੰਨੀ ਘੇਰੇ ਵਿੱਚ ਲਿਆਉਣਾ ਸਹੀ ਹੈ ?-2008 ਦਾ ਮੌਜੂਦਾ ਐਕਟ ਇੱਕ ਰੈਗੂਲੇਟਰੀ ਕਾਨੂੰਨ ਹੈ, ਜੋ ਕੇਵਲ ਪ੍ਰਕਾਸ਼ਨ ਅਤੇ ਛਪਾਈ ਦੇ ਅਧਿਕਾਰ (ਸਿਰਫ਼ ਸ਼੍ਰੋਮਣੀ ਕੋਲ) ਦੀ ਗੱਲ ਕਰਦਾ ਹੈ। ਇਸ ਨੇ ਸਿਰਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਪ੍ਰਕਾਸ਼ਨ ਦਾ ਹੱਕ ਦਿੱਤਾ ਤਾਂ ਜੋ ਨਿੱਜੀ ਪ੍ਰਕਾਸ਼ਕਾਂ ਵੱਲੋਂ ਹੁੰਦੀਆਂ ਮਰਯਾਦਾ ਦੀਆਂ ਉਲੰਘਣਾਵਾਂ ਨੂੰ ਰੋਕਿਆ ਜਾ ਸਕੇ। ਇਸ ਵਿੱਚ ਸਜ਼ਾ ਬਹੁਤ ਘੱਟ (ਲਗਭਗ 2 ਸਾਲ) ਹੈ, ਕਿਉਂਕਿ ਇਹ '"ਨਿਯਮ ਤੋੜਨ" ਦੀ ਸਜ਼ਾ ਹੈ, ਨਾ ਕਿ "ਧਾਰਮਿਕ ਅਪਰਾਧ" ਦੀ।

ਜੇਕਰ ਇਸ ਨੂੰ ਬੇਅਦਬੀ ਲਈ ਸਖ਼ਤ ਸਜ਼ਾ (ਉਮਰ ਕੈਦ) ਨਾਲ ਜੋੜਿਆ ਜਾਂਦਾ ਹੈ, ਤਾਂ ਇਹ ਭਾਰਤੀ ਨਿਆਂ ਸਹਿਤਾ ਵਰਗੇ ਕੇਂਦਰੀ ਕਾਨੂੰਨਾਂ ਨਾਲ ਟਕਰਾ ਸਕਦਾ ਹੈ। ਜਦੋਂ ਪੰਜਾਬ ਸਰਕਾਰ ਇਸੇ ਰੈਗੂਲੇਟਰੀ ਐਕਟ ਵਿੱਚ ਸੋਧ ਕਰਕੇ 'ਬੇਅਦਬੀ' ਲਈ ਉਮਰ ਕੈਦ ਦੀ ਸਜ਼ਾ ਜੋੜਨ ਦੀ ਕੋਸ਼ਿਸ਼ ਕਰਦੀ ਹੈ, ਤਾਂ ਇਹ ਇੱਕ "ਫੌਜਦਾਰੀ ਅਪਰਾਧ" ਬਣ ਜਾਂਦਾ ਹੈ। ਇੱਥੇ ਹੀ ਟਕਰਾਅ ਸ਼ੁਰੂ ਹੁੰਦਾ ਹੈ। ਭਾਰਤ ਵਿੱਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਜਾਂ ਧਾਰਮਿਕ ਸਥਾਨਾਂ/ਗ੍ਰੰਥਾਂ ਦੀ ਬੇਅਦਬੀ ਨਾਲ ਜੁੜੇ ਕਾਨੂੰਨ ਕੇਂਦਰੀ ਹਨ (ਪਹਿਲਾਂ ਆਈਪੀਸੀ 295, ਹੁਣ ਬੀਐਸਐਸ ਦੇ ਤਹਿਤ)। ਜੇਕਰ ਕੋਈ ਰਾਜ ਸਰਕਾਰ ਅਜਿਹਾ ਕਾਨੂੰਨ ਬਣਾਉਂਦੀ ਹੈ ਜੋ ਪਹਿਲਾਂ ਤੋਂ ਮੌਜੂਦ ਕੇਂਦਰੀ ਕਾਨੂੰਨ ਨਾਲ ਟਕਰਾਉਂਦਾ ਹੋਵੇ ਜਾਂ ਉਸ ਤੋਂ ਕਿਤੇ ਵੱਧ ਸਜ਼ਾ (ਜਿਵੇਂ ਉਮਰ ਕੈਦ) ਨਿਰਧਾਰਤ ਕਰਦਾ ਹੋਵੇ, ਤਾਂ ਉਸ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲੈਣੀ ਲਾਜ਼ਮੀ ਹੁੰਦੀ ਹੈ। ਭਾਰਤੀ ਸੰਵਿਧਾਨ ਅਨੁਸਾਰ ਸਾਰੇ ਧਰਮਾਂ ਲਈ ਕਾਨੂੰਨ ਇੱਕੋ ਜਿਹਾ ਹੋਣਾ ਚਾਹੀਦਾ ਹੈ। ਜੇਕਰ ਪੰਜਾਬ ਸਰਕਾਰ ਸਿਰਫ਼ ਇੱਕ ਧਰਮ ਦੇ ਗ੍ਰੰਥ ਲਈ ਵੱਖਰੀ ਸਜ਼ਾ ਰੱਖਦੀ ਹੈ, ਤਾਂ ਕੇਂਦਰ ਸਰਕਾਰ ਜਾਂ ਰਾਸ਼ਟਰਪਤੀ ਇਸ ਨੂੰ "ਭੇਦਭਾਵ" ਮੰਨ ਕੇ ਰੱਦ ਕਰ ਸਕਦੇ ਹਨ (ਜਿਵੇਂ 2016 ਵਿੱਚ ਹੋਇਆ ਸੀ)। ਜੇਕਰ ਇਹ ਕਾਨੂੰਨ ਪੰਜਾਬ ਵਿੱਚ ਲਾਗੂ ਹੋ ਵੀ ਜਾਵੇ, ਤਾਂ ਇਹ ਸਿਰਫ਼ ਪੰਜਾਬ ਦੀਆਂ ਹੱਦਾਂ ਤੱਕ ਰਹੇਗਾ।

ਸਿੱਖ ਵਿਦਵਾਨਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਦੇ ਅਦਬ-ਸਤਿਕਾਰ ਲਈ ਕਾਨੂੰਨੀ ਸੁਰੱਖਿਆ ਜ਼ਰੂਰੀ ਹੈ, ਪਰ ਇਹ ਕਾਨੂੰਨ ਅਜਿਹਾ ਹੋਣਾ ਚਾਹੀਦਾ ਹੈ ਜੋ ਗੁਰੂ ਸਾਹਿਬ ਦੀ ਰੂਹਾਨੀ ਸਰਵਉੱਚਤਾ ਨੂੰ ਘਟਾਉਣ ਦੀ ਬਜਾਏ, ਅਪਰਾਧੀਆਂ ਲਈ ਇੱਕ ਡਰ ਪੈਦਾ ਕਰੇ। ਸਿਖ ਵਿਦਵਾਨਾਂ ਦਾ ਮੰਨਣਾ ਹੈ ਕਿ ਬੇਅਦਬੀਆਂ ਦੇ ਨੈਰੇਟਿਵ ਪਿੱਛੇ ਅਕਸਰ ਸਿੱਖ ਕੌਮ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰਨ ਦੀ ਸਾਜ਼ਿਸ਼ ਹੁੰਦੀ ਹੈ। ਇਸ ਲਈ ਨੌਜਵਾਨ ਪੀੜ੍ਹੀ ਨੂੰ ਗੁਰਮਤਿ ਸਿਧਾਂਤਾਂ ਨਾਲ ਜੋੜਿਆ ਜਾਵੇ ਤਾਂ ਜੋ ਉਹ ਅਜਿਹੀਆਂ ਘਟਨਾਵਾਂ ਵੇਲੇ ਭਾਵੁਕ ਹੋ ਕੇ ਗਲਤ ਕਦਮ ਚੁੱਕਣ ਦੀ ਬਜਾਏ ਸੂਝਬੂਝ ਨਾਲ ਸਾਜ਼ਿਸ਼ਕਾਰਾਂ ਨੂੰ ਫੜਨ। ਸਿੱਖ ਪੰਥ ਦਾ ਆਪਣਾ ਇੱਕ ਮਜ਼ਬੂਤ ਸੋਸ਼ਲ ਮੀਡੀਆ ਵਿੰਗ ਹੋਣਾ ਚਾਹੀਦਾ ਹੈ ਜੋ ਗਲਤ ਅਫ਼ਵਾਹਾਂ ਅਤੇ ਨੈਰੇਟਿਵ ਨੂੰ ਤੁਰੰਤ ਕੱਟ ਸਕੇ। ਕਾਨੂੰਨੀ ਸਜ਼ਾ ਦੇ ਨਾਲ-ਨਾਲ, ਬੇਅਦਬੀ ਦੇ ਦੋਸ਼ੀਆਂ ਅਤੇ ਉਨ੍ਹਾਂ ਦੇ ਮਾਸਟਰਮਾਈਂਡਾਂ (ਜਿਵੇਂ ਡੇਰਾ ਮੁਖੀ ਆਦਿ) ਦਾ ਮੁਕੰਮਲ ਸਮਾਜਿਕ ਬਾਈਕਾਟ ਕਰਨ ਦੀ ਨੀਤੀ ਅਪਣਾਈ ਜਾਵੇ। ਇਸ ਨਾਲ ਸਾਜ਼ਿਸ਼ਕਰਤਾਵਾਂ ਵਿੱਚ ਡਰ ਪੈਦਾ ਹੋਵੇਗਾ।

# ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ ਸੰਪੰਨ

ਡਰਬੀ (ਹਰਜਿੰਦਰ ਸਿੰਘ ਮੰਡੇਰ) – ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਦੇ ਹਫ਼ਤਾਵਾਰ ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ ਸੋਮਵਾਰ 30 ਮਾਰਚ ਨੂੰ ਸ਼ੁਰੂ ਹੋ ਕੇ ਅਗਲੇ ਸੋਮਵਾਰ 6 ਅਪਰੈਲ ਨੂੰ ਸਮਾਪਤ ਹੋਏ । ਇਸ ਮੋਕੇ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਸ੍ਰੀ ਫਤਹਿਗੜ੍ਹ ਸਾਹਿਬ ਵਾਲਿਆਂ ਨੇ ਵਿਸ਼ੇਸ਼ ਤੋਰ ਤੇ ਹਾਜ਼ਰੀ ਭਰੀ ਤੇ ਕਥਾ ਰਾਹੀਂ ਸੰਗਤਾਂ ਨੂੰ ਗੁਰਮਤਿ ਗੁਰ ਇਤਿਹਾਸ ਤੋਂ ਜਾਣੂ ਕਰਵਾਇਆ। ਸਿੰਘ ਸਭਾ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਰਘਬੀਰ ਸਿੰਘ ਅਤੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਪੁਰੇਵਾਲ ਨੇ ਇਹਨਾਂ ਸਮਾਗਮਾਂ ਵਿੱਚ ਦੇਸ਼ ਵਿਦੇਸ਼ ਤੋਂ ਆ ਕੇ ਸ਼ਾਮਿਲ ਹੋਈਆਂ ਸੰਗਤਾਂ ਅਤੇ ਕੀਰਤਨੀ ਜਥਿਆਂ ਦਾ ਹਾਰਦਿਕ ਧੰਨਵਾਦ ਕੀਤਾ।

ਅਖੰਡ ਕੀਰਤਨੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਜਿਹਨਾਂ ਵਿੱਚ ਭਾਈ ਰਵਿੰਦਰ ਸਿੰਘ ਦਿੱਲੀ ਵਾਲੇ, ਭਾਈ ਬਲਜੀਵਨ ਸਿੰਘ ਨੋਰਥ ਕੈਰੋਲੀਨਾ ਅਮਰੀਕਾ, ਹਰਸ਼ਰਨ ਕੋਰ ਟੋਰੋਂਟੋ, ਭਾਈ ਗਗਨਦੀਪ ਸਿੰਘ ਕੈਲਗਰੀ, ਭਾਈ ਅਮੋਲਕ ਸਿੰਘ ਕੈਲੇਫੋਰਨੀਆ, ਜਤਨ ਕੋਰ ਕੈਲੇਫੋਰਨੀਆ ਦੇ ਨਾਂ ਵਰਣਨਯੋਗ ਹਨ ਅਤੇ ਡਰਬੀ ਦੇ ਨੋਜਵਾਨਾਂ ਨੇ ਵੀ ਕੀਰਤਨ ਦੌਰਾਨ ਹਾਜ਼ਰੀ ਭਰੀ ਤੇ ਬਹੁਤ ਸਾਰੀਆਂ ਸੇਵਾਵਾਂ ਨਿਭਾਈਆਂ ।

ਵੀਰਵਾਰ ਸ਼ਾਮ ਦੇ ਦੀਵਾਨ ਵਿੱਚ ਬੀਬੀ ਨਵਜੋਤ ਕੌਰ ਵਿਰਕ ਨੇ ਨਕਲੀ ਗੁਰੂ ਡੰਮ੍ਹ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਸ਼ੁੱਕਰਵਾਰ ਸ਼ਾਮ ਨੂੰ ਗੁਰਮਿੰਗ ਸਬੰਧੀ ਭਾਈ ਮਨਵੀਰ ਸਿੰਘ ਜੀ ਨੇ ਸੰਗਤਾਂ ਨੂੰ ਜਾਗਰਿਤ ਕੀਤਾ । ਸ਼ਨੀਵਾਰ ਨੂੰ ਸਵੇਰੇ 9 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਅਤੇ ਅੰਮ੍ਰਿਤ ਸੰਚਾਰ ਦੋਰਾਨ ਅਨੇਕਾਂ ਸੰਗਤਾਂ ਗੁਰੂ ਦੇ ਲੜ ਲੱਗੀਆਂ । ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹਾਦਤ ਦਿਵਸ ਨੂੰ ਸਮਰਪਿਤ "ਸਿੱਖ ਵਿਰਾਸਤ ਅਤੇ ਸਿੱਖਿਆ ਕੇਂਦਰ" ਦਾ ਅਖੰਡ ਕੀਰਤਨੀ ਜਥੇ ਦੇ ਜਥੇਦਾਰ ਭਾਈ ਤਰਲੋਚਨ ਸਿੰਘ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਹਾਜ਼ਰੀ ਵਿੱਚ ਉਦਘਾਟਨ ਕੀਤਾ ਗਿਆ । ਇਸ ਮੋਕੇ ਪ੍ਰਧਾਨ ਭਾਈ ਰਘਬੀਰ ਸਿੰਘ ਅਤੇ ਜਨਰਲ ਸਕੱਤਰ ਸ: ਰਾਜਿੰਦਰ ਸਿੰਘ ਪੁਰੇਵਾਲ, ਪ੍ਰੋ: ਦਲਜੀਤ ਸਿੰਘ ਵਿਰਕ ਅਤੇ ਬਹੁਤ ਸਾਰੀਆਂ ਸੰਗਤਾਂ ਹਾਜ਼ਰ ਸਨ।

ਸ਼ਾਮ ਦੇ ਦੀਵਾਨ 'ਚ ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦੇ ਸ: ਮਨਪ੍ਰੀਤ ਸਿੰਘ ਨੇ ਖਾਲਸਾ ਹਲੇਮੀ ਰਾਜ ਦੇ ਸੰਕਲਪ ਸਬੰਧੀ ਸੰਗਤਾਂ ਨੂੰ ਚਾਨਣਾ ਪਾਇਆ ਕਿ ਖਾਲਸਾ ਰਾਜ ਦੀ ਲੋੜ ਕਿਉਂ ਹੈ, ਪਹਿਲੇ ਖਾਲਸਾ ਰਾਜ ਵਿੱਚ ਸਿੱਖ ਧਰਮ ਕਿਵੇਂ ਪ੍ਰਫੁਲਤ ਹੋਇਆ ਤੇ ਹੁਣ ਖਾਲਸਾ ਰਾਜ ਦੀ ਪ੍ਰਾਪਤੀ ਲਈ ਅਸੀਂ ਕਿੱਥੇ ਕੁ ਪਹੁੰਚੇ ਹਾਂ ਤੇ ਕੀ ਕਰਨਾ ਬਾਕੀ ਹੈ ।

ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਨੇ ਪ੍ਰੋ: ਦਲਜੀਤ ਸਿੰਘ ਵਿਰਕ ਦੀ ਨਵੀਂ (ਅੰਗਰੇਜ਼ੀ) ਕਿਤਾਬ "ਦਾ ਡੀਵਾਈਨ ਬਲੂਪ੍ਰਿੰਟ ਆਫ਼ ਲਾਈਫ" ਅਤੇ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਦੁਆਰਾ ਪ੍ਰਕਾਸ਼ਿਤ ਕਿਤਾਬ "ਭਾਈ ਹੀਰਾ ਸਿੰਘ – ਦਾ ਡਾਇਮੰਡ ਆਫ਼ ਦਾਊਦਪੁਰ" ਕਿਤਾਬਾਂ ਜਾਰੀ ਕੀਤੀਆਂ। ਇਸ ਮੋਕੇ ਗਿਆਨੀ ਹਰਪਾਲ ਸਿੰਘ ਫਤਹਿਗੜ੍ਹ ਸਾਹਿਬ ਦੇ ਨਾਲ ਸ਼ਾਮਿਲ ਸਨ ਰਾਜਿੰਦਰ ਸਿੰਘ ਪੁਰੇ-ਵਾਲ, ਜੋਗਾ ਸਿੰਘ, ਜੁਝਾਰ ਸਿੰਘ, ਗੁਰਮੇਲ ਸਿੰਘ ਕੰਦੋਲਾ, ਹਰਭਜਨ ਸਿੰਘ ਦਈਆ, ਕਰਨੈਲ ਸਿੰਘ, ਪ੍ਰਿਥੀਪਾਲ ਸਿੰਘ, ਹਰਦਿ-ਆਲ ਸਿੰਘ ਧਮੜੈਤ, ਸੁੱਚਾ ਸਿੰਘ ਅਟਵਾਲ ਤੇ ਹੋਰ ਪਤਵੰਤੇ ਸੱਜਣ। ਇਸ ਮੋਕੇ ਗਿਆਨੀ ਹਰਪਾਲ ਸਿੰਘ ਜੀ ਦਾ ਸਿੰਘ ਸਭਾ ਡਰਬੀ ਅਤੇ ਖਾਲਸਾ ਦਰਬਾਰ ਡਰਬੀ ਦੇ ਸੇਵਾਦਾਰਾਂ ਵੱਲੋਂ ਸਿਰੋਪਾਓ ਦੇ ਕੇ ਮਾਣ ਸਨਮਾਨ ਕੀਤਾ ਗਿਆ।

ਬੀਤੇ ਸਾਲ ਡਰਬੀ ਸਿਟੀ ਕੌਂਸਲ ਵਿੱਚ ਡਿਪਟੀ ਮੇਅਰ ਅਜੀਤ ਸਿੰਘ ਅਟਵਾਲ ਅਤੇ ਡਰਬੀ ਦੇ ਮੇਅਰ ਵੱਲੋਂ ਸਾਰੀਆਂ ਪਾਰਟੀਆਂ ਦੇ ਸਹਿਯੋਗ ਨਾਲ ਸਰਬਸੰਮਤੀ ਨਾਲ ਭਾਰਤ ਵਿੱਚ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਸਬੰਧੀ ਜੋ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਸੀ ਉਹਨਾਂ ਸੇਵਾਵਾਂ ਲਈ ਡਰਬੀ ਦੇ ਸਾਰੀਆਂ ਪਾਰਟੀਆਂ ਦੇ ਕੌਂਸਲਰਾਂ ਦਾ ਸਿੰਘ ਸਭਾ ਵੱਲੋਂ ਧੰਨਵਾਦ ਕੀਤਾ ਗਿਆ।

ਇਸ ਮੋਕੇ ਕੌਂਸਲਰ ਬਲਬੀਰ ਸਿੰਘ ਸੰਧੂ ਨੇ ਸ: ਪੁਰੇਵਾਲ ਹੁਣਾ ਨਾਲ ਗੱਲਬਾਤ ਦੋਰਾਨ ਕਿਹਾ ਕਿ ਉਹ ਲੇਬਰ ਸਰਕਾਰ ਦੇ ਉਚ ਅਧਿਕਾਰੀਆਂ ਨੂੰ ਮਿਲ ਕੇ ਡਰਬੀ ਕੌਂਸਲ ਦੁਆਰਾ ਪਾਸ ਕੀਤੇ ਸਿੱਖ ਨਸਲਕੁਸ਼ੀ ਦੇ ਮਤੇ ਨੂੰ ਬਰਤਾਨਵੀ ਪ੍ਰਧਾਨ ਮੰਤਰੀ ਦੇ ਅੰਡਰ ਜੈਨੋਸਾਈਡ ਕਮੇਟੀ ਕੋਲੋਂ ਮਾਨਤਾ ਦਿਵਾਉਣ ਲਈ ਪੂਰੇ ਯਤਨ ਕਰਨਗੇ। ਇਸ ਮੋਕੇ ਸ: ਪੁਰੇਵਾਲ ਨੇ ਜ਼ਿਕਰ ਕੀਤਾ ਕਿ ਸ: ਅਟਵਾਲ ਦੇ ਘਰ ਅਤੇ ਵਿਸ਼ੇਸ਼ ਤੋਰ ਤੇ ਪਹੁੰਚੇ ਕੌਂਸਲਰ ਬਲਬੀਰ ਸਿੰਘ ਸੰਧੂ ਦੇ ਘਰ ਵਿੱਚ ਸਾਰੇ ਪਰਿਵਾਰ ਵੱਲੋਂ ਪੰਜਾਬੀ ਬੋਲੀ ਜਾਂਦੀ ਹੈ । ਉਹਨਾਂ ਕਿਹਾ ਸਾਨੂੰ ਵੀ ਸਾਰਿਆਂ ਨੂੰ ਇਸ ਤੋਂ ਸੇਧ ਲੈ ਕੇ ਆਪਣੇ ਘਰਾਂ ਪਰਿਵਾਰਾਂ ਵਿੱਚ ਪੰਜਾਬੀ ਬੋਲਣੀ ਚਾਹੀਦੀ ਹੈ । ਆਪਣੀ ਬੋਲੀ ਨੂੰ ਬਚਾਉਣ ਲਈ ਇਹ ਇੱਕ ਵਡਮੁੱਲੀ ਸੇਵਾ ਹੈ ਤੇ ਸਾਡੀ ਜ਼ਿੰਮੇਵਾਰੀ ਵੀ ਹੈ ।

ਸਾਰੇ ਸਮਾਗਮਾਂ ਦੋਰਾਨ ਵੱਖ ਵੱਖ ਜ਼ਿੰਮੇਵਾਰੀਆਂ ਸੰਭਾਲਣ ਵਾਲੀਆਂ ਸਾਰੀਆਂ ਟੀਮਾਂ ਨੇ ਆਪੋ ਆਪਣੀ ਡਿਊਟੀ ਬਾਖੂਬੀ ਨਿਭਾਈ । ਖਾਸ ਕਰਕੇ ਸੁਰੱਖਿਆ ਜਥੇ ਨੇ ਆਵਾਜਾਈ ਨੂੰ ਬਹੁਤ ਵਧੀਆ ਢੰਗ ਨਾਲ ਕੰਟਰੋਲ ਕਰਕੇ ਸੰਗਤਾਂ ਦੀ ਮਦਦ ਕੀਤੀ। ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਸਾਰੇ ਸੇਵਾਦਾਰਾਂ ਦਾ ਹਾਰਦਿਕ ਧੰਨਵਾਦ ਕੀਤਾ।

ਨੋਟ:- ਤਸਵੀਰਾਂ ਰੰਗਦਾਰ ਪੰਨਿਆਂ 'ਤੇ

# ਮਿਸ਼ਨ 2027: ਪ੍ਰਵਾਸੀ ਪੰਜਾਬੀਆਂ ਨੂੰ ਲਾਮਬੰਦ ਕਰਨ ਲਈ ਅਕਾਲੀ ਦਲ ਦੀ ਵੱਡੀ ਰਣਨੀਤੀ ਘੜੀ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਹੁਣੇ ਤੋਂ ਕਮਰ ਕੱਸ ਲਈ ਹੈ। ਪਾਰਟੀ ਨੇ ਐਨ. ਆਰ. ਆਈ. ਭਾਈਚਾਰੇ ਦਾ ਸਮਰਥਨ ਹਾਸਲ ਕਰਨ ਲਈ ਆਪਣੇ ਨੌਜਵਾਨ ਆਗੂਆਂ ਦੇ ਵਫ਼ਦ ਵਿਦੇਸ਼ ਭੇਜਣ ਦਾ ਫੈਸਲਾ ਕੀਤਾ। ਅਪ੍ਰੈਲ ਦੇ ਆਖਰੀ ਹਫ਼ਤੇ ਤੋਂ ਪਾਰਟੀ ਦੇ ਨੌਜਵਾਨ ਆਗੂ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਯੂਰਪ ਦਾ ਦੌਰਾ ਕਰਨਗੇ। ਕੈਨੇਡਾ ਦੌਰੇ ਦੀ ਅਗਵਾਈ ਪਰਮਬੰਸ ਸਿੰਘ ਰੋਮਾਣਾ ਕਰਨਗੇ।



ਆਸਟ੍ਰੇਲੀਆ ਵਿੱਚ ਗੁਰਪ੍ਰੀਤ ਸਿੰਘ ਰਾਜੂ ਖੰਨਾ ਟੀਮ ਦੀ ਅਗਵਾਈ ਕਰਨਗੇ। ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਅਤੇ ਸੋਸ਼ਲ ਮੀਡੀਆ ਹੈਡ ਨਛੱਤਰ ਗਿੱਲ ਵੀ ਇਸ ਮੁਹਿੰਮ ਦਾ ਹਿੱਸਾ ਹੋਣਗੇ। ਪਾਰਟੀ ਨੇ ਜਾਣਬੁੱਝ ਕੇ ਨੌਜਵਾਨ ਚਿਹਰਿਆਂ ਨੂੰ ਚੁਣਿਆ ਹੈ ਤਾਂ ਜੋ ਪਿਛਲੇ ਸਮੇਂ ਦੀਆਂ ਕਮੀਆਂ ਬਾਰੇ ਪੁੱਛੇ ਜਾਣ ਵਾਲੇ ਸਵਾਲਾਂ ਦਾ ਨਵੇਂ ਨਜ਼ਰੀਏ ਨਾਲ ਜਵਾਬ ਦਿੱਤਾ ਜਾ ਸਕੇ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਵੀਡੀਓ ਕਾਨਫਰੰਸਿੰਗ ਰਾਹੀਂ ਇਨ੍ਹਾਂ ਵਿਦੇਸ਼ੀ ਮੀਟਿੰਗਾਂ ਨੂੰ ਸੰਬੋਧਨ ਕਰਨਗੇ। ਪਾਰਟੀ ਦਾ ਉਦੇਸ਼ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨਾਲ ਸਿੱਧਾ ਰਾਬਤਾ ਕਾਇਮ ਕਰਨਾ, ਉਨ੍ਹਾਂ ਦੇ ਖ਼ਦਸ਼ਿਆਂ ਨੂੰ ਦੂਰ ਕਰਨਾ ਅਤੇ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਕੀਤੇ ਵਿਕਾਸ ਕਾਰਜਾਂ ਦਾ ਪ੍ਰਚਾਰ ਕਰਨਾ ਹੈ।

# ਅਮਰੀਕਾ ਵੱਲੋਂ ਈਰਾਨੀ ਜਨਰਲ ਸੋਲੀਮਨੀ ਦੇ ਪਰਿਵਾਰਕ ਮੈਂਬਰਾਂ ਦੇ ਗਰੀਨ ਕਾਰਡ ਰੱਦ, ਕੀਤੇ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) – ਅਮਰੀਕਾ ਨੇ 2020 ਵਿਚ ਰਾਸ਼ਟਰਪਤੀ ਡੋਨਲਡ ਟਰੰਪ ਦੇ ਆਦੇਸ਼ 'ਤੇ ਡਰੋਨ ਹਮਲੇ ਵਿੱਚ ਬਗਦਾਦ, ਇਰਾਕ ਵਿੱਚ ਮਾਰੇ ਗਏ ਈਰਾਨ ਦੇ ਜਨਰਲ ਕਾਸਮ ਸੋਲੀਮਨੀ ਦੀ ਧੀ ਤੇ ਦੋਹਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਸੋਲੀਮਨੀ ਦੀ ਧੀ ਹਾਮੀਦੇਹ ਸੋਲੀਮਨੀ ਅਸ਼ਰਫ ਤੇ ਉਸ ਦੀ ਧੀ ਦਾ ਕਾਨੂੰਨੀ ਰੁਤਬਾ ਪੀ ਆਰ (ਗਰੀਨ ਕਾਰਡ ਧਾਰਕ) ਰੱਦ ਕਰ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਦੋਨੋਂ ਔਰਤਾਂ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਦੀ ਹਿਰਾਸਤ ਵਿੱਚ ਹਨ ਤੇ ਉਨਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਲਾਸ ਏਂਜਲਸ ਵਸਨੀਕ ਸੋਲੀਮਨੀ ਅਸ਼ਰਫ ਈਰਾਨ ਦਾ ਪ੍ਰਚਾਰ ਕਰਦੀ ਸੀ ਤੇ ਉਹ ਅਮਰੀਕੀ ਫੌਜ 'ਤੇ ਹੁੰਦੇ ਹਮਲਿਆਂ ਦੇ ਜਸ਼ਨ ਮਨਾਉਂਦੀ ਸੀ। ਦੂਸਰੇ ਪਾਸੇ ਸੋਲੀਮਨੀ ਦੀ ਧੀ ਨੇ ਵਿਦੇਸ਼ ਵਿਭਾਗ ਦੇ ਦਾਅਵੇ ਨੂੰ ਝੂਠਾ ਕਰਾਰ ਦਿੰਦਿਆਂ ਕਿਹਾ ਹੈ ਕਿ ਉਨਾਂ ਨੂੰ ਨਿੱਜੀ ਕਿੜ ਕੱਢਣ ਲਈ ਗ੍ਰਿਫਤਾਰ ਕੀਤਾ ਗਿਆ ਹੈ । ਸੋਲੀਮਨੀ ਅਸ਼ਰਫ 2015 ਵਿੱਚ ਸੈਲਾਨੀ ਵੀਜੇ ਉਪਰ ਅਮਰੀਕਾ ਆਈ ਸੀ ਤੇ ਉਸ ਨੂੰ 2019 ਵਿੱਚ ਸ਼ਰਨ ਦਿੱਤੀ ਗਈ ਸੀ ਤੇ 2021 ਵਿੱਚ ਉਹ ਗਰੀਨ ਕਾਰਡ ਧਾਰਕ ਬਣ ਗਈ ਸੀ।

# ਕਿੰਗ ਚਾਰਲਜ਼ ਦਾ ਅਮਰੀਕਾ ਦੌਰਾ ਤੈਅ, ਇਰਾਨ ਯੁੱਧ ਦੇ ਬਾਵਜੂਦ ਯਾਤਰਾ ਕਰਨਗੇ

ਲੰਡਨ : ਬਰਤਾਨੀਆ ਦੇ ਰਾਜਾ ਚਾਰਲਸ ਆਪਣਾ ਪਹਿਲਾ ਰਸਮੀ ਅਮਰੀਕਾ ਦੌਰਾ ਅਗਲੇ ਮਹੀਨੇ ਕਰਨਗੇ। ਬਕਿੰਘਮ ਪੈਲੇਸ ਨੇ ਦੱਸਿਆ ਕਿ ਇਹ ਦੌਰਾ ਸਰਕਾਰ ਦੀ ਸਲਾਹ ਅਤੇ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਸੱਦੇ ਤੇ ਹੋ ਰਿਹਾ ਹੈ। ਇਹ ਦੌਰਾ ਅਮਰੀਕਾ ਦੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਨੂੰ ਸਮਰਪਿਤ ਹੋਵੇਗਾ ਅਤੇ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਕੀਤਾ ਜਾ ਰਿਹਾ ਹੈ। ਹਾਲਾਂਕਿ, ਇਰਾਨ ਨਾਲ ਚੱਲ ਰਹੇ ਯੁੱਧ ਕਾਰਨ ਕੁਝ ਬ੍ਰਿਟਿਸ਼ ਸੰਸਦ ਮੈਂਬਰਾਂ ਨੇ ਇਸ ਦੌਰੇ ਨੂੰ ਟਾਲਣ ਦੀ ਮੰਗ ਕੀਤੀ ਸੀ। ਉੱਧਰ, ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੇਅਰ ਸਟਾਮਰ ਨੇ ਕਿਹਾ ਕਿ ਇਹ ਯੁੱਧ ਉਨ੍ਹਾਂ ਦਾ ਨਹੀਂ ਹੈ, ਪਰ ਉਹ ਆਪਣੇ ਦੇਸ਼ ਦੇ ਹਿਤਾਂ ਦੀ ਰੱਖਿਆ ਕਰ ਰਹੇ ਹਨ।



# ਭਾਰਤ ਵਿੱਚ ਚੁਪ ਚੁਪੀਤੇ ਡਿਜੀਟਲ ਐਮਰਜੈਂਸੀ ਲਾਗੂ ?

**ਖਾਸ ਖਬਰ**

## ✪ ਸਰਕਾਰ ਆਜ਼ਾਦ ਆਵਾਜ਼ਾਂ ਦੇ ਗਲੇ ਘੁੱਟਣ ਦੇ ਦੋਸ਼ਾਂ ਵਿਚ ਫਸੀ ✪ ਪੀਟੀਆਈ ਨੇ ਇਸ ਨੂੰ "ਸੰਵਿਧਾਨ ਦੀ ਉਲੰਘਣਾ" ਤੇ "ਗੈਰ-ਕਾਨੂੰਨੀ ਸੈਂਸਰਸ਼ਿਪ" ਦਿੱਤਾ ਕਰਾਰ



ਭਾਰਤ ਦੇ ਲੋਕਤੰਤਰ ਦਾ ਚੌਥਾ ਥੰਮ੍ਹ ਮੰਨੀ ਜਾਣ ਵਾਲੀ ਪੱਤਰਕਾਰੀ ਅੱਜ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ, ਜਿੱਥੇ ਕਲਮ ਅਤੇ ਕੈਮਰੇ ਦੀ ਤਾਕਤ ਨੂੰ 'ਡਿਜੀਟਲ ਤਾਲਿਆਂ' ਨਾਲ ਬੰਦ ਕੀਤਾ ਜਾ ਰਿਹਾ ਹੈ। ਪਿਛਲੇ ਕੁਝ ਦਿਨਾਂ ਵਿੱਚ ਦੇਸ਼ ਦੇ ਪ੍ਰਮੁੱਖ ਸੁਤੰਤਰ ਨਿਊਜ਼ ਪਲੇਟਫਾਰਮਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਦੇ ਸੋਸ਼ਲ ਮੀਡੀਆ ਅਕਾਊਂਟਸ 'ਤੇ ਹੋਈ ਵੱਡੀ ਸਰਕਾਰੀ ਕਾਰਵਾਈ ਨੇ ਦੇਸ਼ ਭਰ ਵਿੱਚ ਹਲਚਲ ਮਚਾ ਦਿੱਤੀ ਹੈ। ਪ੍ਰੈਸ ਕਲੱਬ ਆਫ ਇੰਡੀਆ ਨੇ ਇਸ ਨੂੰ ਸਿੱਧੇ ਤੌਰ 'ਤੇ "ਸੰਵਿਧਾਨ ਦੀ ਉਲੰਘਣਾ" ਤੇ "ਗੈਰ-ਕਾਨੂੰਨੀ ਸੈਂਸਰਸ਼ਿਪ" ਕਰਾਰ ਦਿੱਤਾ ਹੈ।

ਸਿਆਸੀ ਵਿਸ਼ਲੇਸ਼ਕ ਯੋਗਿੰਦਰ ਯਾਦਵ ਵੱਲੋਂ ਜਾਰੀ ਕੀਤੇ ਗਏ ਤੱਥਾਂ ਨੇ ਸੋਸ਼ਲ ਮੀਡੀਆ 'ਤੇ ਤਰਥੱਲੀ ਮਚਾ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਹ ਕਾਰਵਾਈ ਕਿਸੇ ਇੱਕ ਪਲੇਟਫਾਰਮ ਤੱਕ ਸੀਮਤ ਨਹੀਂ ਹੈ, ਸਗੋਂ ਇਹ ਇੱਕ ਸੋਚੀ-ਸਮਝੀ ਰਣਨੀਤੀ ਜਾਪਦੀ ਹੈ।

'ਮੌਲੀਟਿਕਸ' ਅਤੇ 'ਨੈਸ਼ਨਲ ਦਸਤਕ' ਵਰਗੇ ਉਹ ਚੈਨਲ, ਜਿਨ੍ਹਾਂ ਦੇ ਫਾਲੋਅਰਜ਼ ਦੀ ਗਿਣਤੀ ਲੱਖਾਂ ਵਿੱਚ ਹੈ, ਨੂੰ ਫੇਸਬੁੱਕ ਅਤੇ ਐਕਸ (ਪਹਿਲਾਂ ਟਵਿੱਟਰ) 'ਤੇ ਬੈਨ ਕਰ ਦਿੱਤਾ ਗਿਆ ਹੈ। '4ਪੀਐਮ' ਵਰਗੇ ਪ੍ਰਸਿੱਧ ਨਿਊਜ਼ ਚੈਨਲ ਦਾ ਯੂਟਿਊਬ ਅਕਾਊਂਟ ਬੰਦ ਕਰਨਾ ਡਿਜੀਟਲ ਮੀਡੀਆ ਲਈ ਵੱਡਾ ਝਟਕਾ ਹੈ। ਕਸ਼ਮੀਰ ਘਾਟੀ ਦੀ ਆਵਾਜ਼ ਮੰਨੇ ਜਾਣ ਵਾਲੇ 'ਗ੍ਰੇਟਰ ਕਸ਼ਮੀਰ' ਅਤੇ 'ਰਾਈਜ਼ਿੰਗ ਕਸ਼ਮੀਰ' ਦੇ ਮੈਟਾ ਅਕਾਊਂਟਸ 'ਤੇ ਪਾਬੰਦੀ ਲਗਾ ਕੇ ਖੇਤਰੀ ਪੱਤਰਕਾਰੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਹਾਸਰਸ ਕਲਾਕਾਰ ਰਾਜੀਵ ਨਿਗਮ, ਡਾਕਟਰ ਨਿਮੋ ਯਾਦਵ ਅਤੇ ਪੱਤਰਕਾਰ ਸੰਦੀਪ ਸਿੰਘ ਵਰਗੇ ਲੋਕਾਂ ਨੂੰ ਵੀ ਨਹੀਂ ਬਖਸ਼ਿਆ ਗਿਆ।

ਯੋਗਿੰਦਰ ਯਾਦਵ ਨੇ ਸਰਕਾਰ ਦੀ ਕਾਰਵਾਈ ਨੂੰ ਇੱਕ ਦਿਲਚਸਪ ਮਿਸਾਲ ਰਾਹੀਂ ਸਮਝਾਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਜਨਤਾ ਤੱਕ ਪਹੁੰਚਣ ਵਾਲੀ ਖ਼ਬਰ ਤੋਂ ਡਰਦੀ ਹੈ, ਤਾਂ ਉਹ ਖ਼ਬਰ ਦੇਣ ਵਾਲੇ ਨੂੰ ਹੀ ਰੋਕ ਦਿੰਦੀ ਹੈ। ਵਿਰੋਧੀ ਧਿਰ ਦੇ ਆਗੂਆਂ ਨੇ ਦੋਸ਼ ਲਾਇਆ ਹੈ ਕਿ ਸੋਸ਼ਲ ਮੀਡੀਆ ਹੁਣ ਸਰਕਾਰ ਦੇ ਕੰਟਰੋਲ ਤੋਂ ਬਾਹਰ ਹੋ ਰਿਹਾ ਸੀ। ਕਿਉਂਕਿ ਮੁੱਖ ਧਾਰਾ ਦੇ ਟੀਵੀ ਚੈਨਲ ਪਹਿਲਾਂ ਹੀ ਸਰਕਾਰੀ ਪ੍ਰਚਾਰ ਦਾ ਹਿੱਸਾ ਬਣ ਚੁੱਕੇ ਹਨ, ਇਸ ਲਈ ਲੋਕਾਂ ਨੇ ਡਿਜੀਟਲ ਮੀਡੀਆ ਵੱਲ ਰੁਖ਼ ਕੀਤਾ। ਹੁਣ ਸਰਕਾਰ ਇਸ ਆਖਰੀ ਕਿਲ੍ਹੇ ਨੂੰ ਵੀ ਢਾਹੁਣ ਦੀ ਕੋਸ਼ਿਸ਼ ਕਰ ਰਹੀ ਹੈ।

ਇਸ ਪੂਰੇ ਮਾਮਲੇ ਵਿੱਚ ਸਭ ਤੋਂ ਵੱਧ ਵਿਵਾਦਤ ਪਹਿਲੂ ਸੂਚਨਾ ਤਕਨਾਲੋਜੀ ਕਾਨੂੰਨ 2000 (ਆਈ ਟੀ ਐਕਟ) ਦੀ ਵਰਤੋਂ ਹੈ।

ਸੰਦੀਪ ਸਿੰਘ ਇੱਕ ਸੁਤੰਤਰ ਪੱਤਰਕਾਰ ਅਤੇ ਸੋਸ਼ਲ ਮੀਡੀਆ ਐਕਟਿਵਿਸਟ ਹਨ, ਜੋ ਖਾਸ ਕਰਕੇ ਜ਼ਮੀਨੀ ਪੱਧਰ ਦੇ ਮੁੱਦਿਆਂ ਅਤੇ ਲੋਕ ਅੰਦੋਲਨਾਂ (ਜਿਵੇਂ ਕਿ ਕਿਸਾਨ ਅੰਦੋਲਨ) ਦੀ ਰਿਪੋਰਟਿੰਗ ਲਈ ਜਾਣੇ ਜਾਂਦੇ ਹਨ। ਹਾਲ ਹੀ ਵਿੱਚ ਹੋਈ ਡਿਜੀਟਲ ਸੈਂਸਰਸ਼ਿਪ ਦੀ ਕਾਰਵਾਈ ਵਿੱਚ ਉਹ ਚਰਚਾ ਦਾ ਵਿਸ਼ਾ ਬਣੇ ਹੋਏ ਹਨ ਕਿਉਂਕਿ ਭਾਰਤ ਸਰਕਾਰ ਦੇ ਨਿਰਦੇਸ਼ਾਂ 'ਤੇ ਉਨ੍ਹਾਂ ਦਾ 'ਐਕਸ' (ਪਹਿਲਾਂ ਟਵਿੱਟਰ) ਅਕਾਊਂਟ ਭਾਰਤ ਵਿੱਚ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਆਪਣੇ ਅਕਾਊਂਟ 'ਤੇ ਲੱਗੀ ਪਾਬੰਦੀ ਦੇ ਵਿਰੋਧ ਵਿੱਚ ਦਿੱਲੀ ਦੇ 'ਪ੍ਰੈਸ ਕਲੱਬ ਆਫ ਇੰਡੀਆ' ਵਿੱਚ ਹੋਈ ਪ੍ਰੈਸ ਕਾਨਫਰੰਸ ਦੌਰਾਨ ਆਪਣੇ ਹੱਥਾਂ 'ਤੇ ਲੋਹੇ ਦੀਆਂ ਜੰਜ਼ੀਰਾਂ ਬੰਨ੍ਹ ਕੇ ਸ਼ਮੂਲੀਅਤ ਕੀਤੀ। ਉਨ੍ਹਾਂ ਦਾ ਇਹ ਪ੍ਰਦਰਸ਼ਨ ਇਸ ਗੱਲ ਦਾ ਪ੍ਰਤੀਕ ਸੀ ਕਿ ਸਰਕਾਰ ਪੱਤਰਕਾਰਾਂ ਦੀ ਆਵਾਜ਼ ਨੂੰ ਜੰਜ਼ੀਰਾਂ ਵਿੱਚ ਜਕੜਨ ਦੀ ਕੋਸ਼ਿਸ਼ ਕਰ ਰਹੀ ਹੈ। ਸੰਦੀਪ ਸਿੰਘ ਅਕਸਰ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਖਬਰਾਂ ਨੂੰ ਸਾਹਮਣੇ ਲਿਆਉਂਦੇ ਹਨ ਜਿਨ੍ਹਾਂ ਨੂੰ ਮੁੱਖ ਧਾਰਾ ਦਾ ਮੀਡੀਆ ਦੀ ਭੂਮਿਕਾ ਨਜ਼ਰਅੰਦਾਜ਼ ਕਰ ਦਿੰਦਾ ਹੈ। ਉਹ 'ਮੌਲੀਟਿਕਸ' ਵਰਗੇ ਪਲੇਟਫਾਰਮਾਂ ਨਾਲ ਵੀ ਜੁੜੇ ਰਹੇ ਹਨ।

'ਮੌਲੀਟਿਕਸ' ਦੀ ਡਿਪਟੀ ਐਡੀਟਰ ਨਿਵੇਦਿਤਾ ਸ਼ਾਂਡਿਲਿਆ ਮੁਤਾਬਕ, ਉਨ੍ਹਾਂ ਦੇ ਪੇਜ ਨੂੰ ਸੈਕਸ਼ਨ 79(3)(ਬ) ਦੇ ਤਹਿਤ ਬੰਦ ਕੀਤਾ ਗਿਆ ਹੈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਧਾਰਾ ਸਰਕਾਰ ਨੂੰ "ਕਾਨੂੰਨ ਵਿਵਸਥਾ" ਦੇ ਨਾਂ 'ਤੇ ਕੰਟੈਂਟ ਹਟਾਉਣ ਦੀ ਸ਼ਕਤੀ ਦਿੰਦੀ ਹੈ, ਪਰ ਇਸ ਦੀ ਵਰਤੋਂ ਅਕਸਰ ਬਿਨਾਂ ਕਿਸੇ ਪਾਰਦਰਸ਼ਤਾ ਦੇ ਕੀਤੀ ਜਾਂਦੀ ਹੈ। ਨਿਵੇਦਿਤਾ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ ਕੋਈ 'ਕਾਰਨ ਦੱਸੋ ਨੋਟਿਸ' ਨਹੀਂ ਦਿੱਤਾ ਗਿਆ, ਸਿੱਧਾ ਅਕਾਊਂਟ ਬੰਦ ਕਰ ਦਿੱਤਾ ਗਿਆ।

ਰਾਜ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਅਤੇ ਆਰ.ਜੇ.ਡੀ. ਦੇ ਮਨੋਜ ਕੁਮਾਰ ਝਾਅ ਮੈਂਬਰ ਰਾਜ ਸਭਾ ਨੇ ਇਸ ਮੁੱਦੇ 'ਤੇ ਸਰਕਾਰ ਨੂੰ ਘੇਰਿਆ।

ਸੰਜੇ ਸਿੰਘ ਨੇ ਚੇਤਾਵਨੀ ਦਿੱਤੀ ਕਿ ਜੇਕਰ ਨਿਗਰਾਨੀ ਇਸੇ ਤਰ੍ਹਾਂ ਜਾਰੀ ਰਹੀ, ਤਾਂ ਭਵਿੱਖ ਵਿੱਚ ਕੋਈ ਵੀ ਸੱਚੀ ਖ਼ਬਰ ਨਹੀਂ ਦਿਖਾ ਸਕੇਗਾ। ਉਨ੍ਹਾਂ ਨੇ ਇਸ ਨੂੰ "ਪੂੰਜੀਪਤੀਆਂ ਦੇ ਹਿੱਤ ਵਿੱਚ ਕੀਤੀ ਗਈ ਕਾਰਵਾਈ" ਦੱਸਿਆ। ਮਨੋਜ ਕੁਮਾਰ ਝਾਅ ਨੇ ਇੱਕ ਇਤਿਹਾਸਕ ਟਿੱਪਣੀ ਕਰਦਿਆਂ ਕਿਹਾ, "ਮੇਰੇ ਦੇਸ਼ ਅਤੇ ਮੇਰੀ ਸਰਕਾਰ ਵਿੱਚ ਫਰਕ ਹੈ। ਸਰਕਾਰ ਦੀ ਆਲੋਚਨਾ ਨੂੰ ਦੇਸ਼ ਦਾ ਵਿਰੋਧ ਕਹਿ ਕੇ ਚੁੱਪ ਕਰਵਾਉਣਾ ਤਾਨਾਸ਼ਾਹੀ ਦੀ ਨਿਸ਼ਾਨੀ ਹੈ।"

ਨੈਸ਼ਨਲ ਦਸਤਕ' ਦੇ ਸ਼ੰਭੂ ਕੁਮਾਰ ਸਿੰਘ ਨੇ ਇਸ ਕਾਰਵਾਈ ਦੇ ਸਮਾਜਿਕ ਪ੍ਰਭਾਵਾਂ 'ਤੇ ਚਾਨਣਾ ਪਾਇਆ। ਉਨ੍ਹਾਂ ਦਾ ਪੇਜ 12 ਸਾਲ ਪੁਰਾਣਾ ਸੀ ਅਤੇ 14 ਲੱਖ ਲੋਕਾਂ ਨਾਲ ਜੁੜਿਆ ਹੋਇਆ ਸੀ। ਇਹ ਪਲੇਟਫਾਰਮ ਐਸ.ਸੀ., ਐਸ.ਟੀ., ਓ.ਬੀ.ਸੀ. ਅਤੇ ਕਿਸਾਨਾਂ ਦੇ ਮੁੱਦਿਆਂ ਨੂੰ ਪ੍ਰਮੁੱਖਤਾ ਦਿੰਦਾ ਸੀ। ਅਜਿਹੇ ਪਲੇਟਫਾਰਮਾਂ ਨੂੰ ਬੰਦ ਕਰਨ ਦਾ ਮਤਲਬ ਹੈ ਸਮਾਜ ਦੇ ਉਸ ਹਿੱਸੇ ਦੀ ਆਵਾਜ਼ ਨੂੰ ਖਤਮ ਕਰਨਾ, ਜਿਸ ਨੂੰ ਮੁੱਖ ਧਾਰਾ ਦਾ ਮੀਡੀਆ ਅਕਸਰ ਨਜ਼ਰਅੰਦਾਜ਼ ਕਰਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਇੰਨੇ ਵੱਡੇ ਵਿਵਾਦ ਦੇ ਬਾਵਜੂਦ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਅਜੇ ਤੱਕ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ। ਇਹ ਚੁੱਪ ਕਈ ਸ਼ੰਕਿਆਂ ਨੂੰ ਜਨਮ ਦੇ ਰਹੀ ਹੈ।

ਦੂਜੇ ਪਾਸੇ, ਪ੍ਰਭਾਵਿਤ ਪਲੇਟਫਾਰਮਾਂ ਨੇ ਹਾਰ ਨਹੀਂ ਮੰਨੀ ਹੈ। 'ਮੌਲੀਟਿਕਸ' ਦੀ ਟੀਮ ਹੁਣ ਦਿੱਲੀ ਹਾਈ ਕੋਰਟ ਜਾਣ ਦੀ ਤਿਆਰੀ ਕਰ ਰਹੀ ਹੈ, ਜਦਕਿ ਕਈ ਹੋਰ ਕ੍ਰਿਏਟਰ ਸੋਸ਼ਲ ਮੀਡੀਆ ਕੰਪਨੀਆਂ (ਮੈਟਾ ਅਤੇ ਐਕਸ) ਦੀਆਂ ਸ਼ਰਤਾਂ ਰਾਹੀਂ ਆਪਣੇ ਪੇਜ ਬਹਾਲ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਸਾਲ 2026 ਵਿੱਚ, ਜਿੱਥੇ ਦੁਨੀਆ ਡਿਜੀਟਲ ਕ੍ਰਾਂਤੀ ਅਤੇ ਜਾਣਕਾਰੀ ਦੇ ਖੁੱਲ੍ਹੇ ਪ੍ਰਵਾਹ ਦੀ ਗੱਲ ਕਰ ਰਹੀ ਹੈ, ਭਾਰਤ ਵਿੱਚ "ਟੇਕਡਾਊਨ" ਆਰਡਰਾਂ ਰਾਹੀਂ ਮੀਡੀਆ ਨੂੰ ਕੰਟਰੋਲ ਕਰਨਾ ਇੱਕ ਚਿੰਤਾਜਨਕ ਰੁਝਾਨ ਹੈ। ਇਹ ਲੜਾਈ ਸਿਰਫ਼ ਕੁਝ ਅਕਾਊਂਟਾਂ ਦੀ ਨਹੀਂ, ਸਗੋਂ ਭਾਰਤ ਦੇ ਹਰ ਨਾਗਰਿਕ ਦੇ 'ਸੂਚਨਾ ਦੇ ਅਧਿਕਾਰ' ਅਤੇ 'ਬੋਲਣ ਦੀ ਆਜ਼ਾਦੀ' ਦੀ ਲੜਾਈ ਹੈ।


# ਅੰਤਰਰਾਸ਼ਟਰੀ ਨਸ਼ਾ ਨੈੱਟਵਰਕ ਦਾ ਪਰਦਾਫਾਸ਼

## ✪ 31 ਕਰੋੜ ਦੀ ਹੈਰੋਇਨ ਸਣੇ ਦੋ ਗ੍ਰਿਫ਼ਤਾਰ



ਅੰਮ੍ਰਿਤਸਰ-ਅੰਮ੍ਰਿਤਸਰ ਪੁਲਿਸ ਨੇ ਯੂਰਪ ਤੋਂ ਚਲਾਏ ਜਾ ਰਹੇ ਇੱਕ ਅੰਤਰਰਾਸ਼ਟਰੀ ਨਸ਼ਾ ਤਸਕਰੀ ਗਿਰੋਹ ਦਾ ਪਰਦਾਫਾਸ਼ ਕਰਦਿਆਂ ਦੋ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਕੋਲੋਂ ਸਾਢੇ ਚਾਰ ਕਿਲੋ ਹੈਰੋਇਨ ਬਰਾਮਦ ਹੋਈ ਹੈ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਲਗਭਗ 31 ਕਰੋੜ ਰੁਪਏ ਦੱਸੀ ਜਾ ਰਹੀ ਹੈ। ਡੀਜੀਪੀ ਗੌਰਵ ਯਾਦਵ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ, ਇਸ ਨੈੱਟਵਰਕ ਦੇ ਸੰਚਾਲਕ ਯੂਰਪ ਵਿੱਚ ਬੈਠੇ ਹਨ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਯੂਰਪੀ ਸੰਚਾਲਕਾਂ ਅਤੇ ਜੇਲ੍ਹ ਵਿੱਚ ਬੰਦ ਅਪਰਾਧੀਆਂ ਨਾਲ ਲਗਾਤਾਰ ਰਾਬਤੇ ਵਿੱਚ ਸਨ। ਨਸ਼ੇ ਦੀ ਖੇਪ ਸਰਹੱਦ ਪਾਰੋਂ ਮੰਗਵਾਈ ਜਾਂਦੀ ਸੀ ਅਤੇ ਫਿਰ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਵੰਡੀ ਜਾਂਦੀ ਸੀ। ਫੜੇ ਗਏ ਮੁਲਜ਼ਮਾਂ ਵਿਰੁੱਧ ਪਹਿਲਾਂ ਵੀ ਨਸ਼ੀਲੇ ਪਦਾਰਥਾਂ ਅਤੇ ਗ਼ੈਰ-ਕਾਨੂੰਨੀ ਹਥਿਆਰਾਂ ਦੇ ਕਈ ਮਾਮਲੇ ਦਰਜ ਹਨ।

ਪੁਲਿਸ ਅਨੁਸਾਰ ਇਹ ਗਿਰੋਹ ਖ਼ਾਸ ਤੌਰ 'ਤੇ ਪੰਜਾਬ ਦੇ ਮਾਝਾ ਅਤੇ ਦੋਆਬਾ ਇਲਾਕਿਆਂ ਵਿੱਚ ਸਰਗਰਮ ਸੀ। ਇਹ ਤਸਕਰ ਜੇਲ੍ਹ ਵਿੱਚ ਬੰਦ ਗੈਂਗਸਟਰਾਂ ਦੀ ਮਦਦ ਨਾਲ ਬਾਹਰ ਆਪਣਾ ਨੈੱਟਵਰਕ ਚਲਾ ਰਹੇ ਸਨ। ਪੁਲਿਸ ਹੁਣ ਉਨ੍ਹਾਂ ਸਾਰੇ ਲਿੰਕਾਂ ਦੀ ਜਾਂਚ ਕਰ ਰਹੀ ਹੈ ਜਿਨ੍ਹਾਂ ਰਾਹੀਂ ਪੈਸੇ ਅਤੇ ਨਸ਼ੇ ਦਾ ਲੈਣ-ਦੇਣ ਹੁੰਦਾ ਸੀ। ਅੰਮ੍ਰਿਤਸਰ ਦੇ ਥਾਣਾ ਸੁਲਤਾਨਵਿੰਡ ਵਿੱਚ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੁੱਛਗਿੱਛ ਦੌਰਾਨ ਕਈ ਹੋਰ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਇਸ ਗਿਰੋਹ ਦੇ ਹੋਰ ਮੈਂਬਰਾਂ ਤੱਕ ਪਹੁੰਚ ਕੀਤੀ ਜਾ ਸਕੇਗੀ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਜੋ ਰਾਤੋ ਰਾਤ ਅਮੀਰ ਬਣਨ ਦਾ ਸੁਪਨਾ ਦੇਖਦਾ ਹੈ ਉਸ ਦਾ ਸੁਪਨਾ ਕਦੇ ਵੀ ਪੂਰਾ ਨਹੀਂ ਹੁੰਦਾ।

# ਵਿਦੇਸ਼ੀ ਦਖ਼ਲਅੰਦਾਜ਼ੀ ਅਤੇ ਸਿੱਖ ਭਾਈਚਾਰੇ ਦੀ ਸੁਰੱਖਿਆ ਦਾ ਸਵਾਲ

ਕੈਨੇਡਾ ਦੀ ਸੰਘਣੀ ਸਿਆਸਤ ਅਤੇ ਕੌਮਾਂਤਰੀ ਕੂਟਨੀਤੀ ਵਿੱਚ ਇਸ ਵੇਲੇ ਸਭ ਤੋਂ ਵੱਡਾ ਮੁੱਦਾ 'ਵਿਦੇਸ਼ੀ ਦਖ਼ਲਅੰਦਾਜ਼ੀ' ਬਣਿਆ ਹੋਇਆ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਦੇ ਕਮਿਸ਼ਨਰ ਮਾਈਕ ਡੂਹੇਮ ਵੱਲੋਂ ਹਾਲ ਹੀ ਵਿੱਚ ਦਿੱਤਾ ਗਿਆ ਬਿਆਨ ਕਿ ਵਿਦੇਸ਼ੀ ਤਾਕਤਾਂ ਕੈਨੇਡਾ ਦੀ ਧਰਤੀ 'ਤੇ ਲੋਕਾਂ ਨੂੰ ਡਰਾਉਣ ਅਤੇ ਦਬਾਉਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ, ਬੇਹੱਦ ਚਿੰਤਾਜਨਕ ਹੈ। ਇਹ ਮਾਮਲਾ ਸਿਰਫ਼ ਕਾਨੂੰਨ ਵਿਵਸਥਾ ਦਾ ਨਹੀਂ, ਸਗੋਂ ਮਨੁੱਖੀ ਅਧਿਕਾਰਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਹੈ।

ਸੁਰੱਖਿਆ ਏਜੰਸੀਆਂ ਦੀਆਂ ਰਿਪੋਰਟਾਂ ਸਪੱਸ਼ਟ ਕਰਦੀਆਂ ਹਨ ਕਿ ਇਹ 'ਟਰਾਂਸਨੈਸ਼ਨਲ ਰਿਪ੍ਰੈਸ਼ਨ' (ਅੰਤਰਰਾਸ਼ਟਰੀ ਦਮਨ) ਖਾਸ ਤੌਰ 'ਤੇ ਉਨ੍ਹਾਂ ਭਾਈਚਾਰਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ ਜੋ ਆਪਣੇ ਹੱਕਾਂ ਅਤੇ ਸਿਧਾਂਤਾਂ ਲਈ ਆਵਾਜ਼ ਬੁਲੰਦ ਕਰਦੇ ਹਨ। ਇਸ ਵਿੱਚ ਸਿੱਖ ਭਾਈਚਾਰੇ ਦਾ ਨਾਮ ਪ੍ਰਮੁੱਖਤਾ ਨਾਲ ਸਾਹਮਣੇ ਆ ਰਿਹਾ ਹੈ। ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਪੈਦਾ ਹੋਏ ਹਾਲਾਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖ ਆਗੂਆਂ ਅਤੇ ਸਰਗਰਮ ਮੈਂਬਰਾਂ ਨੂੰ ਵਿਦੇਸ਼ਾਂ ਵਿੱਚ ਵੀ ਆਪਣੀ ਸੁਰੱਖਿਆ ਦੀ ਚਿੰਤਾ ਸਤਾ ਰਹੀ ਹੈ।

ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਕਮਿਸ਼ਨਰ ਨੇ ਇੱਕ ਕੌੜੀ ਸੱਚਾਈ ਕਬੂਲੀ ਹੈ ਕਿ ਹਾਲਾਂਕਿ ਖੁਫ਼ੀਆ ਜਾਣਕਾਰੀ ਵਿਦੇਸ਼ੀ ਦਮਨ ਵੱਲ ਇਸ਼ਾਰਾ ਕਰਦੀ ਹੈ, ਪਰ ਇਸ ਨੂੰ ਅਦਾਲਤ ਵਿੱਚ 'ਪੱਕੇ ਸਬੂਤ' ਵਜੋਂ ਪੇਸ਼ ਕਰਨਾ ਇੱਕ ਵੱਡੀ ਕਾਨੂੰਨੀ ਚੁਣੌਤੀ ਹੈ। ਇਸੇ ਕਮਜ਼ੋਰੀ ਦਾ ਫਾਇਦਾ ਉਠਾ ਕੇ ਵਿਦੇਸ਼ੀ ਏਜੰਸੀਆਂ ਕੈਨੇਡਾ ਦੇ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਜਦੋਂ ਕਿਸੇ ਦੇਸ਼ ਦੇ ਨਾਗਰਿਕ ਆਪਣੇ ਘਰਾਂ ਵਿੱਚ ਅਸੁਰੱਖਿਅਤ ਮਹਿਸੂਸ ਕਰਨ ਲੱਗ ਪੈਣ, ਤਾਂ ਉਹ ਦੇਸ਼ ਦੀ ਪ੍ਰਭੂਸੱਤਾ 'ਤੇ ਸਵਾਲ ਉੱਠਦੇ ਹਨ। ਸਿੱਖ ਭਾਈਚਾਰੇ ਵੱਲੋਂ ਆਪਣੀ ਵਿਚਾਰਧਾਰਾ ਜਾਂ ਰਾਜਨੀਤਿਕ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਉਨ੍ਹਾਂ ਦਾ ਜਮਹੂਰੀ ਹੱਕ ਹੈ, ਜਿਸ ਨੂੰ ਦਬਾਉਣ ਲਈ ਵਿਦੇਸ਼ੀ ਤਾਕਤਾਂ ਵੱਲੋਂ ਧਮਕੀਆਂ ਅਤੇ ਨਿਗਰਾਨੀ ਦਾ ਸਹਾਰਾ ਲਿਆ ਜਾ ਰਿਹਾ ਹੈ। ਕੈਨੇਡਾ ਸਰਕਾਰ ਨੂੰ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ। ਜੇਕਰ ਸਿੱਖ ਭਾਈਚਾਰੇ ਜਾਂ ਕਿਸੇ ਵੀ ਹੋਰ ਘੱਟ-ਗਿਣਤੀ ਸਮੂਹ ਨੂੰ ਵਿਦੇਸ਼ੀ ਤਾਕਤਾਂ ਦੇ ਇਸ਼ਾਰੇ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਤਾਂ ਇਹ ਕੈਨੇਡੀਅਨ ਚਾਰਟਰ ਆਫ਼ ਰਾਈਟਸ ਦੀ ਉਲੰਘਣਾ ਹੈ। ਸਮੇਂ ਦੀ ਮੰਗ ਹੈ ਕਿ ਵਿਦੇਸ਼ੀ ਦਖ਼ਲਅੰਦਾਜ਼ੀ ਵਿਰੁੱਧ ਕਾਨੂੰਨਾਂ ਨੂੰ ਹੋਰ ਸਖ਼ਤ ਕੀਤਾ ਜਾਵੇ। ਖੁਫ਼ੀਆ ਜਾਣਕਾਰੀ ਨੂੰ ਕਾਨੂੰਨੀ ਸਬੂਤ ਵਿੱਚ ਬਦਲਣ ਲਈ ਨਵੀਂ ਪ੍ਰਣਾਲੀ ਵਿਕਸਿਤ ਕੀਤੀ ਜਾਵੇ। ਸਿੱਖ ਆਗੂਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕੇ ਜਾਣ ਤਾਂ ਜੋ ਕੋਈ ਵੀ ਬਾਹਰੀ ਦੇਸ਼ ਕੈਨੇਡਾ ਦੀ ਲੋਕਤੰਤਰੀ ਫਿਜ਼ਾ ਨੂੰ ਗੰਧਲਾ ਨਾ ਕਰ ਸਕੇ।

ਅੰਤ ਵਿੱਚ, ਕਿਸੇ ਵੀ ਦੇਸ਼ ਦੀ ਸ਼ਕਤੀ ਉਸ ਦੇ ਨਾਗਰਿਕਾਂ ਦੀ ਸੁਰੱਖਿਆ ਵਿੱਚ ਹੁੰਦੀ ਹੈ। ਸਿੱਖਾਂ ਨੇ ਕੈਨੇਡਾ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾਇਆ ਹੈ, ਅਤੇ ਹੁਣ ਇਹ ਕੈਨੇਡਾ ਦਾ ਫ਼ਰਜ਼ ਹੈ ਕਿ ਉਹ ਉਨ੍ਹਾਂ ਦੀ ਆਵਾਜ਼ ਅਤੇ ਜਾਨ ਦੀ ਰਾਖੀ ਕਰੇ।

# ਸੋਸ਼ਲ ਮੀਡੀਆ 'ਤੇ ਭਾਜਪਾ ਵਲੋਂ ਕੰਟਰੋਲ ਦੀ ਜੰਗ ਅਤੇ ਬਦਲਦੇ ਸਿਆਸੀ ਨੈਰੇਟਿਵ

ਭਾਰਤ ਦੀ ਮੌਜੂਦਾ ਸਿਆਸਤ ਵਿੱਚ ਸੋਸ਼ਲ ਮੀਡੀਆ ਹੁਣ ਸਿਰਫ਼ ਇੱਕ ਸੰਚਾਰ ਦਾ ਸਾਧਨ ਨਹੀਂ ਰਿਹਾ, ਸਗੋਂ ਇਹ 'ਨੈਰੇਟਿਵ' (ਬਿਰਤਾਂਤ) ਬਣਾਉਣ ਅਤੇ ਵਿਗਾੜਨ ਦਾ ਸਭ ਤੋਂ ਵੱਡਾ ਹਥਿਆਰ ਬਣ ਚੁੱਕਾ ਹੈ। ਕੇਂਦਰ ਸਰਕਾਰ ਵੱਲੋਂ ਆਈ.ਟੀ. ਨਿਯਮਾਂ ਵਿੱਚ ਕੀਤੇ ਜਾ ਰਹੇ ਤਾਜ਼ਾ ਬਦਲਾਅ ਇਸ ਗੱਲ ਦਾ ਸਪੱਸ਼ਟ ਸੰਕੇਤ ਹਨ ਕਿ ਹੁਣ ਸੋਸ਼ਲ ਮੀਡੀਆ ਦੀ ਆਜ਼ਾਦੀ 'ਤੇ ਸਰਕਾਰੀ ਸ਼ਿਕੰਜਾ ਹੋਰ ਕੱਸਿਆ ਜਾਣ ਵਾਲਾ ਹੈ। ਪਰ ਇਸ ਵਾਰ ਇਹ ਕਾਰਵਾਈ ਸਿਰਫ਼ ਵਿਰੋਧੀ ਧਿਰਾਂ ਨੂੰ ਚੁੱਪ ਕਰਵਾਉਣ ਲਈ ਨਹੀਂ, ਸਗੋਂ ਆਪਣੇ ਹੀ ਨਾਰਾਜ਼ ਸਮਰਥਕਾਂ ਦੇ ਵਿਰੋਧ ਨੂੰ ਦਬਾਉਣ ਲਈ ਵੀ ਦਿਖਾਈ ਦੇ ਰਹੀ ਹੈ। ਪਿਛਲੇ ਇੱਕ ਦਹਾਕੇ ਤੋਂ ਭਾਰਤੀ ਜਨਤਾ ਪਾਰਟੀ ਦੀ ਸੋਸ਼ਲ ਮੀਡੀਆ 'ਤੇ ਮਜ਼ਬੂਤ ਪਕੜ ਰਹੀ ਹੈ। ਪਰ ਯੂ.ਜੀ.ਸੀ. ਦੀ ਨਵੀਂ ਨਿਯਮਾਵਲੀ ਨੇ ਪਾਰਟੀ ਦੇ ਰਵਾਇਤੀ 'ਸਵਰਨ' ਸਮਰਥਕਾਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਹਾਲਾਤ ਇਹ ਬਣ ਗਏ ਹਨ ਕਿ ਜਿਸ ਆਈ.ਟੀ. ਸੈੱਲ ਨੂੰ ਅਜਿੱਤ ਮੰਨਿਆ ਜਾਂਦਾ ਸੀ, ਅੱਜ ਉਸ ਦੇ ਆਪਣੇ ਹੀ ਪੁਰਾਣੇ 'ਸਾਈਬਰ ਯੋਧੇ' ਸਰਕਾਰ ਅਤੇ ਸੰਘ ਦੀਆਂ ਨੀਤੀਆਂ 'ਤੇ ਸਵਾਲ ਚੁੱਕ ਰਹੇ ਹਨ। ਪ੍ਰਧਾਨ ਮੰਤਰੀ ਅਤੇ ਸੰਘ ਮੁਖੀ ਦੇ ਪੁਰਾਣੇ ਵੀਡੀਓਜ਼ ਸਾਂਝੇ ਕਰਕੇ ਸਰਕਾਰ ਦੀ 'ਕਥਨੀ ਅਤੇ ਕਰਨੀ' ਦੇ ਫ਼ਰਕ ਨੂੰ ਉਜਾਗਰ ਕੀਤਾ ਜਾ ਰਿਹਾ ਹੈ। ਇਹ ਭਾਜਪਾ ਲਈ ਇੱਕ ਵੱਡਾ ਸਿਆਸੀ ਸੰਕਟ ਹੈ ਕਿਉਂਕਿ ਉਸ ਦਾ 'ਕੋਰ ਵੋਟ ਬੈਂਕ' ਹੁਣ ਸੋਸ਼ਲ ਮੀਡੀਆ 'ਤੇ ਉਸ ਦੇ ਵਿਰੁੱਧ ਖੜ੍ਹਾ ਦਿਖਾਈ ਦੇ ਰਿਹਾ ਹੈ। ਜਦੋਂ ਨੈਰੇਟਿਵ ਦੀ ਜੰਗ ਹੱਥੋਂ ਨਿਕਲਦੀ ਦਿਖਾਈ ਦਿੱਤੀ, ਤਾਂ ਸਰਕਾਰ ਨੇ ਕਾਨੂੰਨ ਦੀ ਸਖ਼ਤੀ ਦਾ ਰਾਹ ਅਖਤਿਆਰ ਕਰ ਲਿਆ ਹੈ। ਆਈ.ਟੀ. ਨਿਯਮਾਂ ਵਿੱਚ ਪ੍ਰਸਤਾਵਿਤ ਬਦਲਾਅ ਬੇਹੱਦ ਸਖ਼ਤ ਅਤੇ ਚਿੰਤਾਜਨਕ ਹਨ:ਸਰਕਾਰ ਦੇ ਹੁਕਮ ਤੋਂ ਬਾਅਦ ਸਿਰਫ਼ ਇੱਕ ਘੰਟੇ ਦੇ ਅੰਦਰ ਕੰਟੈਂਟ ਹਟਾਉਣਾ ਲਾਜ਼ਮੀ ਹੋਵੇਗਾ। ਹੁਣ ਸਿਰਫ਼ ਆਈ.ਟੀ. ਮੰਤਰਾਲਾ ਹੀ ਨਹੀਂ, ਸਗੋਂ ਗ੍ਰਹਿ ਅਤੇ ਸੂਚਨਾ-ਪ੍ਰਸਾਰਣ ਮੰਤਰਾਲੇ ਵੀ ਸਿੱਧੇ ਤੌਰ 'ਤੇ ਕੰਟੈਂਟ ਹਟਾਉਣ ਦੇ ਨਿਰਦੇਸ਼ ਦੇ ਸਕਣਗੇ। ਸਭ ਤੋਂ ਖ਼ਤਰਨਾਕ ਪਹਿਲੂ ਇਹ ਹੈ ਕਿ ਸਰਕਾਰ ਦੇ ਲਿਖਤੀ ਹੁਕਮ ਨੂੰ ਲਾਗੂ ਹੋਣ ਤੋਂ ਪਹਿਲਾਂ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਜਾ ਸਕੇਗੀ। *(ਬਾਕੀ ਹਿਸਾ ਸਫਾ 9 ਤੇ ਪੜ੍ਹੋ)*

# ਮੱਖਣ ਬਰਾੜ ਦੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਵਾਪਸੀ

## ✪ ਸੁਖਬੀਰ ਬਾਦਲ ਨੇ ਸੌਂਪੀ ਧਰਮਕੋਟ ਦੀ ਵਾਗਡੋਰ



ਮੁਕਤਸਰ-ਪੰਜਾਬ ਦੀ ਸਿਆਸਤ ਵਿੱਚ ਇੱਕ ਵੱਡਾ ਫੇਰਬਦਲ ਦੇਖਣ ਨੂੰ ਮਿਲਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਦਿੱਗਜ ਆਗੂ ਰਹੇ ਮਰਹੂਮ ਜਥੇਦਾਰ ਤੋਤਾ ਸਿੰਘ ਦੇ ਸਪੁੱਤਰ ਬਰਜਿੰਦਰ ਸਿੰਘ ਮੱਖਣ ਬਰਾੜ ਅੱਜ ਰਸਮੀ ਤੌਰ 'ਤੇ ਆਪਣੀ ਪੁਰਾਣੀ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਸ਼ਾਮਲ ਹੋ ਗਏ ਹਨ। ਮੱਖਣ ਬਰਾੜ ਨੇ ਤਿੰਨ ਦਿਨ ਪਹਿਲਾਂ 'ਅਕਾਲੀ ਦਲ (ਪੁਨਰ ਸੁਰਜੀਤ)' ਨੂੰ ਅਲਵਿਦਾ ਆਖ ਦਿੱਤਾ ਸੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਦਿਆਂ ਹਲਕਾ ਧਰਮਕੋਟ ਦੀ ਕਮਾਨ ਸੌਂਪੀ ਹੈ। ਜਥੇਦਾਰ ਤੋਤਾ ਸਿੰਘ ਦੇ ਪਰਿਵਾਰ ਦੀ ਵਾਪਸੀ ਨਾਲ ਮੋਗਾ ਅਤੇ ਧਰਮਕੋਟ ਇਲਾਕੇ ਵਿੱਚ ਅਕਾਲੀ ਦਲ ਨੂੰ ਵੱਡੀ ਮਜ਼ਬੂਤੀ ਮਿਲਣ ਦੀ ਉਮੀਦ ਹੈ। ਮੱਖਣ ਬਰਾੜ ਦੀ ਵਾਪਸੀ ਨਾਲ ਧਰਮਕੋਟ ਹਲਕੇ ਦੇ ਅਕਾਲੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਜਥੇਦਾਰ ਤੋਤਾ ਸਿੰਘ ਦਾ ਇਸ ਇਲਾਕੇ ਵਿੱਚ ਅੱਜ ਵੀ ਵੱਡਾ ਪ੍ਰਭਾਵ ਮੰਨਿਆ ਜਾਂਦਾ ਹੈ, ਜਿਸ ਦਾ ਫਾਇਦਾ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਵਿੱਚ ਅਕਾਲੀ ਦਲ ਨੂੰ ਮਿਲ ਸਕਦਾ ਹੈ। ਪੁਨਰ ਸੁਰਜੀਤ ਦਲ 'ਤੇ ਲਗਾਏ ਸਨ ਗੰਭੀਰ ਦੋਸ਼-ਜ਼ਿਕਰਯੋਗ ਹੈ ਕਿ ਮੱਖਣ ਬਰਾੜ ਕੁਝ ਸਮਾਂ ਪਹਿਲਾਂ ਬਣੇ 'ਅਕਾਲੀ ਦਲ ਪੁਨਰ ਸੁਰਜੀਤ' ਦਾ ਹਿੱਸਾ ਬਣ ਗਏ ਸਨ। ਹਾਲਾਂਕਿ, ਕੁਝ ਦਿਨ ਪਹਿਲਾਂ ਉਨ੍ਹਾਂ ਨੇ ਉਸ ਪਾਰਟੀ ਦੇ ਆਗੂਆਂ 'ਤੇ ਕਈ ਗੰਭੀਰ ਦੋਸ਼ ਲਗਾਉਂਦਿਆਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਦੇ ਪਾਰਟੀ ਛੱਡਣ ਤੋਂ ਬਾਅਦ ਹੀ ਇਹ ਅਟਕਲਾਂ ਲਗਾਈਆਂ ਜਾ ਰਹੀਆਂ ਸਨ ਕਿ ਉਹ ਜਲਦ ਹੀ ਬਾਦਲ ਦਲ ਵਿੱਚ ਵਾਪਸੀ ਕਰਨਗੇ। ਮੱਖਣ ਬਰਾੜ ਦੀ ਇਸ ਵਾਪਸੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਹੁਣ ਆਪਣੇ ਪੁਰਾਣੇ ਅਤੇ ਟਕਸਾਲੀ ਪਰਿਵਾਰਾਂ ਨੂੰ ਮੁੜ ਇਕਜੁੱਟ ਕਰਨ ਦੀ ਮੁਹਿੰਮ 'ਤੇ ਤੇਜ਼ੀ ਨਾਲ ਕੰਮ ਕਰ ਰਿਹਾ ਹੈ।

# ਇਜ਼ਰਾਈਲੀ ਰੱਖਿਆ ਬਲਾਂ ਨੇ ਈਰਾਨ ਦੇ ਤਿੰਨ ਪ੍ਰਮੁੱਖ ਹਵਾਈ ਅੱਡਿਆਂ ਨੂੰ ਬਣਾਇਆ ਨਿਸ਼ਾਨਾ, ਦੋ ਚੋਟੀ ਦੇ ਕਮਾਂਡਰ ਹਲਾਕ

ਬਗਦਾਦ-ਮੱਧ ਪੂਰਬ ਵਿੱਚ ਵਧਦੇ ਤਣਾਅ ਦੇ ਵਿਚਕਾਰ, ਇਜ਼ਰਾਈਲ ਨੇ ਈਰਾਨ ਦੇ ਖ਼ਿਲਾਫ਼ ਇੱਕ ਵੱਡਾ ਹਮਲਾ ਕੀਤਾ ਹੈ। ਇਸ ਕਾਰਵਾਈ ਨਾਲ ਦੋਵਾਂ ਦੇਸ਼ਾਂ ਵਿਚਾਲੇ ਟਕਰਾਅ ਆਪਣੇ ਸਿਖਰ 'ਤੇ ਪਹੁੰਚ ਗਿਆ ਹੈ। ਇਜ਼ਰਾਈਲੀ ਰੱਖਿਆ ਬਲਾਂ ਨੇ ਈਰਾਨ ਦੇ ਤਿੰਨ ਪ੍ਰਮੁੱਖ ਹਵਾਈ ਅੱਡਿਆਂ-ਬਹਿਰਾਮ, ਮਹਿਰਾਬਾਦ ਅਤੇ ਅਜ਼ਮਯੇਸ਼ ਨੂੰ ਨਿਸ਼ਾਨਾ ਬਣਾਇਆ। ਇਸ ਹਮਲੇ ਵਿੱਚ ਈਰਾਨ ਦੇ ਦਰਜਨਾਂ ਜਹਾਜ਼ਾਂ, ਹੈਲੀਕਾਪਟਰਾਂ ਅਤੇ ਫ਼ੌਜੀ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਣ ਦਾ ਦਾਅਵਾ ਕੀਤਾ ਗਿਆ ਹੈ। ਇਜ਼ਰਾਈਲੀ ਹਮਲੇ ਵਿੱਚ ਆਈਆਰਜੀਸੀ ਦੇ ਖੁਫੀਆ ਮੁਖੀ ਮੇਜਰ ਜਨਰਲ ਮਾਜਿਦ ਖਾਦੇਮੀ ਅਤੇ ਕੁਦਸ ਫੋਰਸ ਦੇ ਸੀਨੀਅਰ ਕਮਾਂਡਰ ਅਸਗਰ ਬਘੇਰੀ ਮਾਰੇ ਗਏ ਹਨ। ਇਜ਼ਰਾਈਲ ਦੇ ਦਾਅਵੇ ਅਨੁਸਾਰ ਮਾਜਿਦ ਖੇਦੇਮੀ ਦੁਨੀਆ ਭਰ ਵਿੱਚ ਅੱਤਵਾਦੀ ਹਮਲਿਆਂ ਦੀ ਯੋਜਨਾ ਬਣਾਉਣ ਅਤੇ ਈਰਾਨ ਦੇ ਅੰਦਰੂਨੀ ਵਿਰੋਧ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਜ਼ਿੰਮੇਵਾਰ ਸੀ। ਅਸਗਰ ਬਾਘੇਰੀ 'ਤੇ ਸੀਰੀਆ-ਇਜ਼ਰਾਈਲ ਸਰਹੱਦ 'ਤੇ ਇਜ਼ਰਾਈਲੀ ਸੈਨਿਕਾਂ ਵਿਰੁੱਧ ਕਾਰਵਾਈਆਂ ਦੀ ਨਿੱਜੀ ਤੌਰ 'ਤੇ ਕਮਾਂਡ ਕਰਨ ਅਤੇ ਵਿਸ਼ਵ ਪੱਧਰ 'ਤੇ ਇਜ਼ਰਾਈਲੀ ਟੀਚਿਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ ਸਨ। ਇਨ੍ਹਾਂ ਦੋ ਪ੍ਰਮੁੱਖ ਹਸਤੀਆਂ ਦੀ ਮੌਤ ਈਰਾਨੀ ਫ਼ੌਜੀ ਢਾਂਚੇ ਲਈ ਇੱਕ ਬਹੁਤ ਵੱਡਾ ਝਟਕਾ ਮੰਨੀ ਜਾ ਰਹੀ ਹੈ, ਜਿਸ ਨਾਲ ਮੱਧ ਪੂਰਬ ਵਿੱਚ ਤਣਾਅ ਹੋਰ ਵਧਣ ਦੀ ਸੰਭਾਵਨਾ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਫ਼ੌਜ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਜ਼ਰਾਈਲ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਕੀ ਫੂਲਕਾ ਰਾਹੀਂ ਸਿੱਖ ਹਲਕਿਆਂ ਵਿਚ ਸੰਨ੍ਹ ਲਗਾਏਗੀ ਭਾਜਪਾ ?

**ਪੰਥਕ ਹਲਚਲ**

## ✪ 'ਆਪ' ਵਿੱਚ ਜਾਣਾ ਸੀ "ਗ਼ਲਤੀ", ਹੁਣ ਭਾਜਪਾ ਹੀ ਬਚਾਏਗੀ ਪੰਜਾਬ ? ਫੂਲਕਾ ਦੇ ਬਿਆਨਾਂ ਨੇ ਮਚਾਇਆ ਘਮਸਾਣ

## ✪ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲਿਆਂ ਨੂੰ ਛਡਕੇ ਫੂਲਕਾ ਮੁੜ ਪੰਥਕ ਪਿੜ ਵਿਚ ਆਉਣ-ਗਿਆਨੀ ਕੇਵਲ ਸਿੰਘ

ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਅਤੇ 1984 ਸਿੱਖ ਕਤਲੇਆਮ ਦੇ ਪੀੜਤਾਂ ਲਈ ਚਾਰ ਦਹਾਕਿਆਂ ਤੋਂ ਲਗਾਤਾਰ ਲੜਾਈ ਲੜਨ ਵਾਲੇ ਐੱਚਐੱਸ ਫੂਲਕਾ ਨੇ 1 ਅਪ੍ਰੈਲ 2026 ਨੂੰ ਭਾਜਪਾ ਵਿੱਚ ਸ਼ਾਮਲ ਹੋ ਕੇ ਸਿਆਸੀ ਗਲਿਆਰਿਆਂ ਵਿੱਚ ਤਹਿਲਕਾ ਮਚਾ ਦਿੱਤਾ ਹੈ। ਇਹ ਸ਼ਮੂਲੀਅਤ ਪੰਜਾਬ ਵਿਧਾਨ ਸਭਾ ਚੋਣਾਂ (2027) ਤੋਂ ਠੀਕ ਇੱਕ ਸਾਲ ਪਹਿਲਾਂ ਹੋਈ ਹੈ ਅਤੇ ਭਾਜਪਾ ਵੱਲੋਂ ਸਿੱਖ ਚਿਹਰਿਆਂ ਅਤੇ ਪੰਥਕ ਆਗੂਆਂ ਨੂੰ ਆਪਣੇ ਨਾਲ ਜੋੜਨ ਦੀ ਨਵੀਂ ਰਣਨੀਤੀ ਘੜਨ ਰਹੀ ਹੈ। ਫੂਲਕਾ ਨੇ ਇਸ ਮੌਕੇ ਭਾਜਪਾ ਦੀਆਂ ਨੀਤੀਆਂ ਦੀ ਰੱਜ ਕੇ ਤਾਰੀਫ਼ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ "2 ਨਵੰਬਰ 1984 ਨੂੰ ਜਦੋਂ ਮੇਰੇ ਘਰ ਉੱਤੇ ਹਮਲਾ ਹੋਇਆ ਸੀ ਤਾਂ ਮੇਰੀ ਪਤਨੀ ਗਰਭਵਤੀ ਸੀ। ਫਿਰਕੂ ਭੀੜ ਨੇ ਘਰ ਨੂੰ ਘੇਰ ਲਿਆ ਸੀ। ਸਾਨੂੰ ਬਚਾਉਣ ਵਾਲਾ ਪਰਿਵਾਰ ਭਾਜਪਾ ਸਮਰਥਕ ਸੀ। ਉਹ ਨਾ ਹੁੰਦੇ ਤਾਂ ਅੱਜ ਮੈਂ ਤੁਹਾਡੇ ਸਾਹਮਣੇ ਨਾ ਹੁੰਦਾ। ਮੇਰਾ ਕਸੂਰ ਸਿਰਫ਼ ਇਹੀ ਸੀ ਕਿ ਮੈਂ ਇੱਕ ਸਿੱਖ ਸੀ। ਇਹ ਪੂਰਾ ਕਤਲੇਆਮ ਕਾਂਗਰਸੀ ਨੇਤਾਵਾਂ ਨੇ ਪਲਾਨ ਕੀਤਾ ਸੀ।"

ਉਨ੍ਹਾਂ ਨੇ ਭਾਜਪਾ ਨੂੰ 42 ਸਾਲਾਂ ਤੋਂ ਆਪਣੀ ਲੜਾਈ ਵਿਚ ਸਹਿਯੋਗੀ ਦੱਸਿਆ ਅਤੇ ਕਿਹਾ, "ਮੈਂ 1984 ਦੀ ਲੜਾਈ ਲੜੀ ਹੈ ਅਤੇ ਮੋਦੀ ਜੀ ਨਿੱਜੀ ਤੌਰ ਉੱਤੇ ਮੈਨੂੰ ਬਹੁਤ ਪਸੰਦ ਕਰਦੇ ਹਨ।" ਪੰਜਾਬ ਦੀ ਮੌਜੂਦਾ ਸਥਿਤੀ ਉੱਤੇ ਚਿੰਤਾ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ, "ਅੱਜ ਪੰਜਾਬ ਦਾ ਪਾਣੀ ਅਤੇ ਜ਼ਮੀਨ ਬੰਜ਼ਰ ਹੋਣ ਵਾਲੀ ਹੈ, ਪਰ ਸਰਕਾਰ ਨੂੰ ਫਿਕਰ ਨਹੀਂ। ਇਨ੍ਹਾਂ ਹਾਲਾਤ ਵਿਚੋਂ ਪੰਜਾਬ ਨੂੰ ਬਾਹਰ ਕੱਢਣ ਵਾਲੀ ਇੱਕੋ ਇੱਕ ਪਾਰਟੀ ਭਾਜਪਾ ਹੈ।" ਉਨ੍ਹਾਂ ਨੇ ਆਪ ਵਿੱਚ 2014 ਵਾਲੀ ਸ਼ਮੂਲੀਅਤ ਨੂੰ ਆਪਣੀ "ਗ਼ਲਤੀ" ਕਿਹਾ ਅਤੇ ਭਾਜਪਾ ਆਗੂਆਂ ਦੀ ਤਾਰੀਫ਼ ਵਿਚ ਕਿਹਾ ਕਿ ਇਹ ਪਾਰਟੀ ਮਨੁੱਖੀ ਅਧਿਕਾਰਾਂ ਅਤੇ ਇਨਸਾਫ਼ ਲਈ ਲੜਦੀ ਹੈ। ਭਾਜਪਾ ਆਗੂ ਤਰੁਣ ਚੁੱਘ ਨੇ ਉਨ੍ਹਾਂ ਨੂੰ "ਮਨੁੱਖੀ ਅਧਿਕਾਰਾਂ ਦਾ ਯੋਧਾ" ਦੱਸਿਆ।

ਫੂਲਕਾ ਦਾ ਸਫ਼ਰ: ਵਕੀਲ ਤੋਂ ਨੇਤਾ ਤੱਕ- ਹਰਵਿੰਦਰ ਸਿੰਘ ਫੂਲਕਾ ਦਾ ਜਨਮ ਪੰਜਾਬ ਦੇ ਬਰਨਾਲਾ ਜ਼ਿਲ੍ਹੇ ਦੇ ਭਦੌੜ ਪਿੰਡ ਵਿਚ ਹੋਇਆ ਸੀ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐੱਲਐੱਲਬੀ ਕੀਤੀ। ਦਿੱਲੀ ਵਿਚ ਵਕਾਲਤ ਸ਼ੁਰੂ ਕੀਤੀ ਅਤੇ ਕੇਂਦਰ ਸਰਕਾਰ ਦੇ ਸਟੈਂਡਿੰਗ ਕੌਂਸਲ ਵਜੋਂ ਵੀ ਕੰਮ ਕੀਤਾ ਸੀ। 1984 ਕਤਲੇਆਮ ਤੋਂ ਬਾਅਦ ਉਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਇਸ ਨਿਆਂ ਲਈ ਸਮਰਪਿਤ ਕਰ ਦਿੱਤਾ ਸੀ। ਉਨ੍ਹਾਂ ਨੇ ਸਿਟੀਜ਼ਨਜ਼ ਜਸਟਿਸ ਕਮੇਟੀ (ਸੀਜੇਸੀ) ਦੀ ਸਥਾਪਨਾ ਵਿਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਹਜ਼ਾਰਾਂ ਪੀੜਤਾਂ ਲਈ ਮੁਫ਼ਤ ਵਕਾਲਤ ਕੀਤੀ ਸੀ। ਉਨ੍ਹਾਂ ਨੇ ਪੱਤਰਕਾਰ ਮਨੋਜ ਮਿੱਟਾ ਨਾਲ ਮਿਲ ਕੇ ਕਿਤਾਬ "ਵੈੱਨ ਆ ਟ੍ਰੀ ਸ਼ੁਕ ਦਿੱਲੀ" ਲਿਖੀ ਸੀ, ਜਿਸ ਵਿਚ 1984 ਦੀਆਂ ਘਟਨਾਵਾਂ ਦਾ ਵਿਸਥਾਰ ਨਾਲ ਜ਼ਿਕਰ ਹੈ।

ਫੂਲਕਾ ਨੇ ਸੱਜਣ ਕੁਮਾਰ ਵਰਗੇ ਕਾਂਗਰਸੀ ਆਗੂਆਂ ਖਿਲਾਫ਼ ਕੇਸ ਲੜੇ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿਵਾਉਣ ਵਿਚ ਯੋਗਦਾਨ ਦਿੱਤਾ



ਸੀ। 2019 ਵਿਚ ਉਨ੍ਹਾਂ ਨੂੰ ਮੋਦੀ ਸਰਕਾਰ ਨੇ ਪਦਮਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਰਾਜਨੀਤੀ ਵਿਚ ਐਂਟਰੀ 2014 ਵਿਚ ਆਪ ਪਾਰਟੀ ਰਾਹੀਂ ਲੁਧਿਆਣਾ ਲੋਕ ਸਭਾ ਚੋਣ ਲੜ ਕੇ ਹੋਈ ਪਰ ਹਾਰ ਗਏ ਸਨ। 2017 ਵਿਚ ਦਾਖਾ ਹਲਕੇ ਤੋਂ ਵਿਧਾਇਕ ਬਣੇ, ਵਿਰੋਧੀ ਧਿਰ ਦੇ ਆਗੂ ਬਣੇ ਪਰ ਡੇਢ ਸਾਲ ਬਾਅਦ ਅਸਤੀਫ਼ਾ ਦੇ ਦਿੱਤਾ ਸੀ। ਅਸਤੀਫ਼ੇ ਤੋਂ ਬਾਅਦ ਉਨ੍ਹਾਂ ਨੇ ਕਿਹਾ ਸੀ ਕਿ ਆਪ ਵਿਚ ਉਨ੍ਹਾਂ ਦੀ ਉਮੀਦ ਅਨੁਸਾਰ ਕੰਮ ਨਹੀਂ ਹੋ ਰਿਹਾ ਅਤੇ ਉਹ ਸਿਵਲ ਸੁਸਾਇਟੀ ਲਈ ਮੂਵਮੈਂਟ ਚਲਾਉਣਾ ਚਾਹੁੰਦੇ ਹਨ। 2024 ਵਿਚ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਵਲੋਂ ਬਣਾਏ ਜਾ ਰਹੇ ਨਵੇਂ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ ਪਰ ਰਸਮੀ ਤੌਰ ਉੱਤੇ ਨਹੀਂ ਹੋਏ। ਹੁਣ ਭਾਜਪਾ ਵਿਚ ਆ ਕੇ ਉਨ੍ਹਾਂ ਨੇ ਸਿਆਸੀ ਵਾਪਸੀ ਕੀਤੀ ਹੈ।

ਕੀ ਭਾਜਪਾ ਫੂਲਕਾ ਰਾਹੀਂ ਸਿੱਖ ਹਲਕਿਆਂ ਵਿਚ ਅਧਾਰ ਜਮ੍ਹਾਂ ਲਵੇਗੀ?-ਭਾਜਪਾ ਇਸ ਸ਼ਮੂਲੀਅਤ ਨੂੰ ਪੰਥਕ ਤੇ ਸਿਆਸੀ ਹਲਕਿਆਂ ਵਿਚ ਆਪਣੀ "ਸਭ ਤੋਂ ਵੱਡੀ ਪ੍ਰਾਪਤੀ" ਮੰਨ ਰਹੀ ਹੈ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਫੂਲਕਾ ਵਰਗੇ ਸਿੱਖ ਚਿਹਰੇ ਨਾਲ ਝੂਠੀਆਂ ਆਲੋਚਨਾਵਾਂ ਟੁੱਟ ਰਹੀਆਂ ਹਨ। ਇਸ ਨਾਲ ਭਾਜਪਾ ਦੀ ਸਿੱਖ ਪਖੀ ਰਣਨੀਤੀ ਨੂੰ ਬੂਸਟ ਮਿਲਿਆ ਹੈ, ਖਾਸ ਕਰਕੇ 2027 ਚੋਣਾਂ ਲਈ। ਪਾਰਟੀ ਅਕਾਲੀ ਦਲ ਤੋਂ ਬਿਨਾਂ ਇਕੱਲਿਆਂ ਲੜਨ ਜਾਂ ਗੱਠਜੋੜ ਲਈ ਤਿਆਰੀ ਕਰ ਰਹੀ ਹੈ ਅਤੇ ਸਿੱਖ ਹਲਕਿਆਂ ਵਿਚ ਆਪਣਾ ਆਧਾਰ ਬਣਾਉਣਾ ਚਾਹੁੰਦੀ ਹੈ।

ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਫੂਲਕਾ ਵਰਗਾ ਚਿਹਰਾ ਭਾਜਪਾ ਲਈ ਪੰਥਕ ਚਿਹਰਾ ਬਣ ਸਕਦਾ ਹੈ, ਪਰ ਚੁਣੌਤੀਆਂ ਵੀ ਹਨ। ਸਿੱਖ ਸਮਾਜ ਵਿਚ ਭਾਜਪਾ ਬਾਰੇ ਇਤਿਹਾਸਕ ਤੌਰ ਉੱਤੇ ਤੌਖਲੇ ਹਨ (ਸਿੱਖ ਘਲੂਘਾਰਾ ਜੂਨ 84 ਤੋਂ ਲੈ ਕੇ ਕਿਸਾਨ ਸੰਘਰਸ਼ ਤੱਕ)। ਕਿਸਾਨੀ ਸੰਘਰਸ਼ ਕਾਰਣ 2024 ਲੋਕ ਸਭਾ ਚੋਣਾਂ ਵਿਚ ਵੀ ਸਿੱਖ ਵੋਟਰਾਂ ਨੇ ਭਾਜਪਾ ਤੋਂ ਦੂਰੀ ਬਣਾਈ ਸੀ। ਫੂਲਕਾ ਦਾ ਪ੍ਰਭਾਵ ਦਾਖਾ ਵਰਗੇ ਖਾਸ ਹਲਕਿਆਂ ਤੱਕ ਸੀਮਤ ਰਹਿ ਸਕਦਾ ਹੈ ਅਤੇ ਵੱਡੇ ਪੱਧਰ ਉੱਤੇ ਵੋਟ ਬੈਂਕ ਬਦਲਣ ਵਿਚ ਸਮਾਂ ਲੱਗ ਸਕਦਾ ਹੈ। ਫਿਰ ਵੀ, ਇਹ ਭਾਜਪਾ ਲਈ ਇੱਕ ਰਣਨੀਤਕ ਕਦਮ ਹੈ ਜੋ ਪੰਜਾਬ ਵਿਚ ਸਿੱਖ ਸਪੇਸ ਵਿਚ ਥਾਂ ਬਣਾਉਣ ਦੀ ਕੋਸ਼ਿਸ਼ ਹੈ।

ਦੂਜੇ ਪਾਸੇ ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ 'ਹਿੰਦੂ ਰਾਸ਼ਟਰ' ਦੇ ਏਜੰਡੇ ਤਹਿਤ ਸਿੱਖਾਂ ਨੂੰ ਜਜ਼ਬ ਕਰਨ ਦੀ ਇੱਕ ਡੂੰਘੀ ਚਾਲ ਹੈ। ਅਕਾਲੀ ਦਲ ਦੀ ਕਮਜ਼ੋਰੀ ਕਾਰਨ ਪੈਦਾ ਹੋਏ ਖਲਾਅ ਨੂੰ ਭਾਜਪਾ ਭਰਨਾ ਚਾਹੁੰਦੀ ਹੈ। ਜੇਕਰ ਸਿੱਖਾਂ ਨੇ ਭਾਜਪਾ ਦੀ ਇਹ ਨੀਤੀ ਨੂੰ ਹਜ਼ਮ ਕਰ ਲਿਆ, ਤਾਂ ਪੰਜਾਬ ਦੇ ਭਵਿੱਖੀ ਸੰਘਰਸ਼ ਅਤੇ ਵੱਖਰੀ ਪਛਾਣ ਦਾ ਮੁੱਦਾ ਕਮਜ਼ੋਰ ਪੈ ਜਾਵੇਗਾ।

ਸਿੱਖ ਲੇਖਕ ਸਤਵੰਤ ਸਿੰਘ ਅਨੁਸਾਰ, ਜੇਕਰ ਸਿੱਖ ਸਮਾਜ ਵਿੱਚ ਭਾਜਪਾ (ਜਿਸ ਨੂੰ ਆਰ.ਐੱਸ.ਐੱਸ. ਦੀ ਰਾਜਸੀ ਇਕਾਈ ਮੰਨਿਆ ਜਾਂਦਾ ਹੈ) ਪ੍ਰਤੀ ਇਤਰਾਜ਼ ਖ਼ਤਮ ਹੋ ਗਿਆ, ਤਾਂ ਇਹ ਸਿੱਖ ਕੌਮ ਦੀ ਵੱਖਰੀ ਹੋਂਦ ਅਤੇ ਲੜਾਈ ਦੇ ਖ਼ਤਮ ਹੋਣ ਦਾ ਸੰਕੇਤ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਜਦੋਂ ਸਿੱਖਾਂ ਵਿੱਚ ਭਾਜਪਾ ਵਰਗੀ ਪਾਰਟੀ ਵਿੱਚ ਸ਼ਾਮਲ ਹੋਣ ਨੂੰ ਸਹੀ ਠਹਿਰਾਇਆ ਜਾਂਦਾ ਹੈ, ਤਾਂ ਇਹ ਸਿੱਖ ਪੰਥ ਦੀ ਵਿਚਾਰਧਾਰਕ ਹਾਰ ਹੈ। ਕਿਸੇ ਵਿਅਕਤੀ (ਜਿਵੇਂ ਫੂਲਕਾ) ਦੀ ਪਿਛਲੀ ਕੁਰਬਾਨੀ ਜਾਂ ਸੇਵਾ ਦਾ ਹਵਾਲਾ ਦੇ ਕੇ ਉਸ ਦੇ ਭਾਜਪਾ ਵਿੱਚ ਜਾਣ ਨੂੰ ਸਹੀ ਮੰਨਣਾ, ਆਉਣ ਵਾਲੇ ਸਮੇਂ ਵਿੱਚ ਹੋਰ ਕਮਜ਼ੋਰ ਬੰਦਿਆਂ ਲਈ ਰਾਹ ਖੋਲ੍ਹਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਨੂੰ ਪੰਜਾਬ ਦੇ ਪਿੰਡਾਂ ਵਿੱਚੋਂ ਹਮਾਇਤ ਮਿਲਣੀ ਸ਼ੁਰੂ ਹੋ ਗਈ, ਤਾਂ ਇਹ ਪੰਥਕ ਸਿਆਸਤ ਦੇ ਤਾਬੂਤ ਵਿੱਚ 'ਆਖਰੀ ਕਿੱਲ' ਸਾਬਤ ਹੋਵੇਗੀ।

ਪੰਥਕ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਪੰਥਕ ਹਲਕਿਆਂ ਵਿੱਚ ਇਹ ਰਾਏ ਮਜ਼ਬੂਤ ਹੋ ਰਹੀ ਹੈ ਕਿ ਕੌਮੀ ਹਿੱਤਾਂ ਲਈ ਕਿਸੇ ਵੀ ਵਿਅਕਤੀ ਦੀ ਨਿੱਜੀ ਹੈਸੀਅਤ ਕੌਮ ਤੋਂ ਵੱਡੀ ਨਹੀਂ ਹੋ ਸਕਦੀ। ਚਾਹੇ ਕੋਈ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਜੇਕਰ ਉਹ ਕੌਮੀ ਸਿਧਾਂਤਾਂ ਦੇ ਵਿਰੁੱਧ ਜਾ ਕੇ ਅਜਿਹੀਆਂ ਪਾਰਟੀਆਂ ਦੀ ਸ਼ਰਨ ਲੈਂਦਾ ਹੈ, ਤਾਂ ਉਸ ਬਾਰੇ ਸਮੂਹ ਪੰਥ ਨੂੰ ਸੁਚੇਤ ਰਹਿਣ ਦੀ ਲੋੜ ਹੈ।"

ਇਕ ਹੋਰ ਸਿੱਖ ਲੇਖਕ ਸੁਰਿੰਦਰ ਪਾਲ ਸਿੰਘ ਗੋਲਡੀ ਦਾ ਮੰਨਣਾ ਹੈ ਕਿ ਸਿੱਖ ਪੰਥ ਇਸ ਸਮੇਂ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਇਮਾਨਦਾਰ ਅਤੇ ਸੁਹਿਰਦ ਲੀਡਰਸ਼ਿਪ ਦੀ ਘਾਟ ਰੜਕ ਰਹੀ ਹੈ। ਪੰਥਕ ਹਿੱਤਾਂ ਦੀ ਰਾਖੀ ਦੇ ਦਾਅਵੇ ਕਰਨ ਵਾਲੇ ਆਗੂਆਂ ਦੇ ਕਿਰਦਾਰ ਅਤੇ ਪਾਰਦਰਸ਼ਤਾ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਤਾਜ਼ਾ ਵਿਵਾਦ ਐਡਵੋਕੇਟ ਐਚ. ਐਸ. ਫੂਲਕਾ ਵੱਲੋਂ ਕੀਤੇ ਗਏ ਖੁਲਾਸਿਆਂ ਅਤੇ ਉਨ੍ਹਾਂ ਦੀ ਪਿਛਲੇ ਸਮੇਂ ਦੀ ਕਾਰਜਸ਼ੈਲੀ ਨੂੰ ਲੈ ਕੇ ਪੈਦਾ ਹੋਇਆ ਹੈ, ਜਿਸ ਨੇ ਸਿੱਖ ਜਗਤ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਗੋਲਡੀ ਦਾ ਕਹਿਣਾ ਹੈ ਕਿ ਐਡਵੋਕੇਟ ਐਚ.ਐਸ. ਫੂਲਕਾ ਲੰਬੇ ਸਮੇਂ ਤੋਂ 1984 ਸਿੱਖ ਕਤਲੇਆਮ ਦੇ ਪੀੜਤਾਂ ਦੀ ਕਾਨੂੰਨੀ ਲੜਾਈ ਲੜਨ ਵਾਲੇ ਮੁੱਖ ਚਿਹਰੇ ਵਜੋਂ ਜਾਣੇ ਜਾਂਦੇ ਰਹੇ ਹਨ। ਪਰ ਹੁਣ ਸੰਗਤ ਵਿੱਚ ਇਹ ਸਵਾਲ ਉੱਠਣ ਲੱਗੇ ਹਨ ਕਿ ਇਸ ਸੰਘਰਸ਼ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵੱਖ-ਵੱਖ ਸੰਸਥਾਵਾਂ ਅਤੇ ਐੱਨ. ਆਰ. ਆਈ. ਭਾਈਚਾਰੇ ਵੱਲੋਂ ਜੋ ਲੱਖਾਂ-ਕਰੋੜਾਂ ਰੁਪਏ ਫੀਸਾਂ ਅਤੇ ਮਦਦ ਦੇ ਰੂਪ ਵਿੱਚ ਦਿੱਤੇ ਗਏ, ਉਨ੍ਹਾਂ ਦੀ ਆਊਟਪੁੱਟ ਜਾਂ ਪ੍ਰਾਪਤੀ ਕੀ ਰਹੀ? ਬਹੁਤ ਸਾਰੇ ਪੰਥਕ ਦਰਦੀਆਂ ਦਾ ਮੰਨਣਾ ਹੈ ਕਿ ਜਿੰਨੀਆਂ ਉਮੀਦਾਂ ਫੂਲਕਾ ਸਾਹਿਬ ਨਾਲ ਜੁੜੀਆਂ ਸਨ, ਉਸ ਮੁਕਾਬਲੇ ਨਤੀਜੇ ਉਨੇ ਪ੍ਰਭਾਵਸ਼ਾਲੀ ਨਹੀਂ ਰਹੇ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਦੇ ਮੌਜੂਦਾ ਸਿਆਸੀ ਰਾਹ 'ਤੇ ਗਹਿਰੀ ਚਿੰਤਾ ਅਤੇ ਅਫਸੋਸ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਮੁੜ ਪੰਥਕ ਪਿੜ ਵਿੱਚ ਵਾਪਸ ਆਉਣ ਦਾ ਸੱਦਾ ਦਿੱਤਾ ਹੈ। ਜਥੇਦਾਰ ਕੇਵਲ ਸਿੰਘ ਨੇ ਕਿਹਾ ਕਿ 1984 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਫੂਲਕਾ ਨੇ ਜੋ ਲੜਾਈ ਲੜੀ, ਉਸ ਕਾਰਨ ਕੌਮ ਨੇ ਉਨ੍ਹਾਂ ਨੂੰ ਸਿਰ-ਅੱਖਾਂ 'ਤੇ ਬਿਠਾਇਆ। ਪਰ ਅੱਜ ਅਫਸੋਸ ਹੈ ਕਿ ਉਨ੍ਹਾਂ ਨੇ ਉਸ ਸਿਆਸੀ ਵਿਚਾਰਧਾਰਾ (ਆਰ. ਐਸ. ਐਸ./ਭਾਜਪਾ) ਦਾ ਸਾਥ ਚੁਣਿਆ ਹੈ, ਜੋ 1947 ਤੋਂ ਹੀ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਅਤੇ ਘੱਟ ਗਿਣਤੀਆਂ ਨੂੰ ਦਬਾਉਣ ਦੇ ਰਾਹ ਪਈ ਹੋਈ ਹੈ। ਉਨ੍ਹਾਂ ਯਾਦ ਕਰਵਾਇਆ ਕਿ ਕਿਵੇਂ 2011 ਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਅਤੇ 2014 ਵਿੱਚ 'ਆਮ ਆਦਮੀ ਪਾਰਟੀ' ਰਾਹੀਂ ਪੰਜਾਬ ਦੀ ਤਕਦੀਰ ਬਦਲਣ ਲਈ ਦਿਨ-ਰਾਤ ਇੱਕ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਫੂਲਕਾ ਜੀ ਦਾ ਬਿਨਾਂ ਦੱਸੇ ਵਿਰੋਧੀ ਧਿਰ ਦੇ ਨੇਤਾ ਦਾ ਅਹੁਦਾ ਛੱਡਣਾ ਅਤੇ ਹੁਣ ਕਿਸਾਨ-ਮਜ਼ਦੂਰ ਵਿਰੋਧੀ ਧਿਰ ਨਾਲ ਖੜ੍ਹਨਾ ਪੰਥਕ ਹਿਤੈਸ਼ੀਆਂ ਲਈ ਅਤਿ ਦੁਖਦਾਈ ਹੈ। ਜਥੇਦਾਰ ਜੀ ਨੇ ਕਿਹਾ ਕਿ ਪੰਜਾਬ ਅੱਜ ਇੱਕ ਇਮਾਨਦਾਰ ਅਤੇ ਪੰਜਾਬ-ਪੱਖੀ ਸਿਆਸੀ ਧਿਰ ਦੀ ਤਲਾਸ਼ ਵਿੱਚ ਹੈ। ਫੂਲਕਾ ਵਰਗੀਆਂ ਸ਼ਖ਼ਸੀਅਤਾਂ ਨੂੰ ਚਾਹੀਦਾ ਸੀ ਕਿ ਉਹ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਨਵਾਂ ਰਾਹ ਤਿਆਰ ਕਰਦੇ, ਨਾ ਕਿ ਉਨ੍ਹਾਂ ਤਾਕਤਾਂ ਦੇ ਹੱਥ ਮਜ਼ਬੂਤ ਕਰਦੇ ਜੋ ਪੰਜਾਬ ਦੀ ਹੋਂਦ ਨੂੰ ਖੋਰਾ ਲਾ ਰਹੀਆਂ ਹਨ। ਭਗਵੰਤ ਮਾਨ ਨੇ ਕਿਹਾ, "ਉਹ ਮੇਰੇ ਪੁਰਾਣੇ ਸਾਥੀ ਰਹੇ ਹਨ... ਲੋਕਾਂ ਦਾ ਚੁਣਿਆ ਬੰਦਾ ਛੱਡ ਜਾਵੇ ਤਾਂ ਲੋਕਤੰਤਰ ਲਈ ਚੰਗਾ ਨਹੀਂ।"

## ਸੋਸ਼ਲ ਮੀਡੀਆ 8 ਸਫ਼ੇ ਦੀ ਬਾਕੀ

ਸਰਕਾਰ ਦਾ ਇਹ ਤਰਕ ਹੋ ਸਕਦਾ ਹੈ ਕਿ ਇਹ ਕਦਮ ਗਲਤ ਜਾਣਕਾਰੀ ਰੋਕਣ ਲਈ ਹਨ, ਪਰ ਹਕੀਕਤ ਵਿੱਚ ਇਹ ਸੋਸ਼ਲ ਮੀਡੀਆ ਇਨਫਲੂਐਂਸਰਾਂ ਅਤੇ ਨਿਊਜ਼ ਕੰਟੈਂਟ 'ਤੇ ਪੂਰੀ ਤਰ੍ਹਾਂ ਨਿਯੰਤਰਣ ਕਰਨ ਦੀ ਕੋਸ਼ਿਸ਼ ਜਾਪਦੀ ਹੈ। ਜਦੋਂ ਸਰਕਾਰ ਖੁਦ ਹੀ ਇਹ ਤੈਅ ਕਰੇਗੀ ਕਿ ਕਿਹੜਾ ਕੰਟੈਂਟ 'ਸਹੀ' ਹੈ ਅਤੇ ਕਿਹੜਾ 'ਗਲਤ', ਤਾਂ ਨਿਰਪੱਖ ਆਲੋਚਨਾ ਲਈ ਥਾਂ ਖ਼ਤਮ ਹੋ ਜਾਵੇਗੀ। ਆਉਣ ਵਾਲੇ ਦਿਨਾਂ ਵਿੱਚ ਸੋਸ਼ਲ ਮੀਡੀਆ ਦੇ ਮੈਦਾਨ ਵਿੱਚ ਘਮਾਸਾਨ ਹੋਰ ਵਧਣ ਵਾਲਾ ਹੈ। ਭਾਜਪਾ ਲਈ ਚੁਣੌਤੀ ਦੋਹਰੀ ਹੈ-ਇੱਕ ਪਾਸੇ ਵਿਰੋਧੀ ਧਿਰ ਦਾ ਵਧਦਾ ਪ੍ਰਭਾਵ ਅਤੇ ਦੂਜੇ ਪਾਸੇ ਆਪਣੇ ਹੀ ਨਾਰਾਜ਼ ਸਮਰਥਕਾਂ ਦੀ ਟ੍ਰੋਲਿੰਗ। ਸਰਕਾਰ ਕਾਨੂੰਨ ਦੇ ਜ਼ੋਰ 'ਤੇ ਪੋਸਟਾਂ ਤਾਂ ਹਟਵਾ ਸਕਦੀ ਹੈ, ਪਰ ਲੋਕਾਂ ਦੇ ਮਨਾਂ ਵਿੱਚ ਪੈਦਾ ਹੋਏ ਅਸੰਤੋਖ ਨੂੰ ਦਬਾਉਣਾ ਇੰਨਾ ਸੌਖਾ ਨਹੀਂ ਹੋਵੇਗਾ। ਕੀ 'ਡੰਡੇ ਦੇ ਜ਼ੋਰ' 'ਤੇ ਬਣਾਇਆ ਗਿਆ ਨੈਰੇਟਿਵ ਲੋਕਤੰਤਰ ਵਿੱਚ ਲੰਬੇ ਸਮੇਂ ਤੱਕ ਟਿਕ ਸਕੇਗਾ? ਇਹ ਇੱਕ ਵੱਡਾ ਸਵਾਲ ਹੈ। -ਰਜਿੰਦਰ ਸਿੰਘ ਪੁਰੇਵਾਲ

# ਆਕਸਫੋਰਡ ਯੂਨੀਵਰਸਿਟੀ ਲਾਇਬ੍ਰੇਰੀ ਵੱਲੋਂ ਹਿੰਦੂ ਗ੍ਰੰਥ "ਸ਼ਿਕਸ਼ਾਪੱਤਰੀ" ਦੀ 200ਵੀਂ ਵਰ੍ਹੇਗੰਢ ਨੂੰ ਸਮਰਪਿਤ ਯਾਤਰਾ ਸ਼ੂਰੂ



ਸਹਜਾਨੰਦ ਸਵਾਮੀ ਵੱਲੋਂ ਲਿਖੀ "ਸ਼ਿਕਸ਼ਾ ਪੱਤਰੀ" ਜੋ ਸਰ ਜੌਨ ਮੈਲਕਮ ਨੂੰ ਭੇਟ ਕੀਤੀ ਗਈ ਸੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਆਕਸਫੋਰਡ ਯੂਨੀਵਰਸਿਟੀ ਦੀ ਬੋਡਲੀਅਨ ਲਾਇਬ੍ਰੇਰੀ ਨੇ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਅਤੇ ਦੁਰਲੱਭ ਹਿੰਦੂ ਗ੍ਰੰਥਾਂ ਵਿੱਚੋਂ ਇੱਕ "ਸ਼ਿਕਸ਼ਾਪੱਤਰੀ" (ਸਿੱਖਿਆ ਪੱਤਰ) ਦੀ 200ਵੀਂ ਵਰ੍ਹੇਗੰਢ ਮਨਾਉਣ ਲਈ ਪੂਰੇ ਬਰਤਾਨੀਆਂ ਵਿੱਚ ਇੱਕ ਇਤਿਹਾਸਕ ਯਾਤਰਾ ਸ਼ੁਰੂ ਕੀਤੀ ਹੈ।***

ਇਸ ਖਰੜੇ ਦੀ ਯਾਤਰਾ ਇਸ ਸਾਲ ਦੇ ਸ਼ੁਰੂ ਵਿੱਚ ਇਸਦੀ ਰਚਨਾ ਦੀ 200ਵੀਂ ਵਰ੍ਹੇਗੰਢ ਮਨਾਉਣ ਲਈ ਸ਼ੁਰੂ ਹੋਈ ਸੀ। ਸਵਾਮੀਨਾਰਾਇਣ ਸੰਪਰਦਾ ਦੇ ਆਗੂਆਂ ਦੇ ਸਮਰਥਨ ਨਾਲ, ਖਰੜੇ ਨੂੰ ਦੇਸ਼ ਭਰ ਦੇ ਪ੍ਰਮੁੱਖ ਮੰਦਰਾਂ ਵਿੱਚ ਲਿਜਾਇਆ ਜਾਵੇਗਾ, ਜਿਸ ਨਾਲ ਅੰਦਾਜ਼ਨ 20,000-30,000 ਲੋਕ ਇਸ ਪਵਿੱਤਰ ਗ੍ਰੰਥ ਦੇ ਦਰਸ਼ਨ ਕਰ ਸਕਣਗੇ।

1826 ਵਿੱਚ ਗੁਜਰਾਤ ਦੇ ਵਡਤਾਲ ਵਿੱਚ ਸਹਜਾਨੰਦ ਸਵਾਮੀ-ਭਗਵਾਨ ਸਵਾਮੀਨਾਰਾਇਣ ਦੁਆਰਾ ਰਚਿਤ, "ਸ਼ਿਕਸ਼ਾਪੱਤਰੀ" ਨੈਤਿਕ ਅਤੇ ਅਧਿਆਤਮਿਕ ਜੀਵਨ ਜਿਉਣ ਲਈ ਇੱਕ ਮਾਰਗਦਰਸ਼ਕ ਵਜੋਂ ਬਿਆਨ ਕਰਦਾ ਹੈ। ਬੋਡਲੀਅਨ ਵਿਖੇ ਏਸ਼ੀਅਨ ਅਤੇ ਮੱਧ ਪੂਰਬੀ ਸੰਗ੍ਰਹਿ ਦੇ ਕਿਊਰੇਟਰ ਡਾ. ਗਿਲੀਅਨ ਐਵੀਸਨ ਨੇ ਕਿਹਾ ਕਿ ਇਸ ਇਤਿਹਾਸਕ ਹੱਥ-ਲਿਖਤ ਨੂੰ ਪੂਰੇ ਬਰਤਾਨੀਆਂ ਦੇ ਮੰਦਰਾਂ ਅਤੇ ਭਾਈਚਾਰਿਆਂ ਨਾਲ ਸਾਂਝਾ ਕਰਕੇ, ਬੋਡਲੀਅਨ ਲਾਇਬ੍ਰੇਰੀਆਂ ਨੂੰ ਉਮੀਦ ਹੈ ਕਿ ਉਹ ਇਸਦੀ ਸੱਭਿਆਚਾਰਕ ਮਹੱਤਤਾ ਅਤੇ ਇਸਦੇ ਸਥਾਈ ਸੰਦੇਸ਼ ਦੋਵਾਂ ਦਾ ਸਨਮਾਨ ਕਰਨਗੇ। ਉਹਨਾਂ ਦੱਸਿਆ ਕਿ ਇਸਦੀ ਰਚਨਾ ਤੋਂ ਦੋ ਸਦੀਆਂ ਬਾਅਦ ਵੀ ਸ਼ਿਕਸ਼ਾਪੱਤਰੀ ਦਾ ਦਇਆ, ਨੈਤਿਕ ਜੀਵਨ ਅਤੇ ਸਮਾਜਿਕ ਸਦਭਾਵਨਾ ਲਈ ਸੱਦਾ ਇੱਕ ਵਧਦੀ ਗੁੰਝਲਦਾਰ ਦੁਨੀਆ ਵਿੱਚ ਪ੍ਰਸੰਗਿਕ ਹੈ।

ਬਸੰਤ ਪੰਚਮੀ ਦੇ ਦਿਨ ਲਿਖੀ ਗਈ ਇਸ ਹੱਥ-ਲਿਖਤ ਵਿੱਚ 212 ਸੰਸਕ੍ਰਿਤ ਸਲੋਕ ਹਨ ਜੋ ਹਿੰਦੂ ਧਰਮ ਗ੍ਰੰਥਾਂ ਦੇ ਮੁੱਖ ਸਿਧਾਂਤਾਂ ਦਾ ਸਾਰ ਹਨ। ਸਵਾਮੀਨਾਰਾਇਣ ਦੇ ਅਨੁਯਾਈਆਂ ਦੁਆਰਾ ਰੋਜ਼ਾਨਾ ਪੜ੍ਹੇ ਜਾਣ ਵਾਲੇ ਇਸ ਪਾਠ ਦੀਆਂ ਲੱਖਾਂ ਕਾਪੀਆਂ ਦੁਨੀਆ ਭਰ ਵਿੱਚ ਛਾਪੀਆਂ ਗਈਆਂ ਹਨ। ਬੋਡਲੀਅਨ ਅਜਾਇਬ ਘਰ ਦਾ ਦਾਅਵਾ ਹੈ ਕਿ ਇਹ ਲੇਖਕ ਦੁਆਰਾ ਖੁਦ ਪ੍ਰਦਾਨ ਕੀਤੀ ਗਈ ਹੱਥ ਲਿਖਤ ਸਭ ਤੋਂ ਪੁਰਾਣੀ ਹੈ।

ਇਸ ਦਾ ਡੂੰਘਾ ਇਤਿਹਾਸਕ ਮਹੱਤਵ ਹੈ। 26 ਫਰਵਰੀ, 1830 ਨੂੰ ਸਹਜਾਨੰਦ ਸਵਾਮੀ ਨੇ ਖੁਦ ਇਹ ਕਾਪੀ ਬੰਬਈ ਦੇ ਤਤਕਾਲੀ ਗਵਰਨਰ ਸਰ ਜੌਨ ਮੈਲਕਮ ਨੂੰ ਭੇਟ ਕੀਤੀ। ਬਸਤੀਵਾਦੀ ਉਥਲ-ਪੁਥਲ ਦੇ ਸਮੇਂ ਦੌਰਾਨ, ਇਸ ਲਿਖਤ ਨੇ ਨੈਤਿਕ ਆਚਰਣ ਅਤੇ ਜੀਵਨ ਸ਼ੈਲੀ ਲਈ ਮਾਰਗਦਰਸ਼ਨ ਪ੍ਰਦਾਨ ਕੀਤਾ। ਅੱਜ ਵੀ 'ਸਿੱਖਿਆ ਪੱਤਰੀ' ਲੱਖਾਂ ਸ਼ਰਧਾਲੂਆਂ ਦੇ ਰੋਜ਼ਾਨਾ ਜੀਵਨ ਨੂੰ ਆਕਾਰ ਦਿੰਦੀ ਰਹਿੰਦੀ ਹੈ, ਅਹਿੰਸਾ, ਸ਼ਾਕਾਹਾਰੀ, ਇਮਾਨਦਾਰੀ ਅਤੇ ਪਾਪੀ ਵਿਵਹਾਰ ਤੋਂ ਬਚਣ ਵਰਗੇ ਸਿਧਾਂਤਾਂ ਨੂੰ ਉਤਸ਼ਾਹਿਤ ਕਰਦੀ ਹੈ। ਇਸ ਹੱਥ-ਲਿਖਤ ਦੀ ਯਾਤਰਾ ਅਗਸਤ ਤੱਕ ਜਾਰੀ ਰਹੇਗੀ, ਜਿਸ ਦੌਰਾਨ ਇਸਨੂੰ ਲੰਡਨ ਅਤੇ ਵੇਲਜ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਵਾਮੀਨਾਰਾਇਣ ਮੰਦਰਾਂ ਵਿੱਚ ਸ਼ਰਧਾਲੂਆਂ ਦੇ ਦੇਖਣ ਲਈ ਪ੍ਰਦਰਸ਼ਿਤ ਕੀਤਾ ਜਾਵੇਗਾ।

# ਟੈਕਸ ਧੋਖਾਧੜੀ 'ਚ ਪਾਬੰਦੀਆਂ ਦੀ ਉਲੰਘਣਾਂ ਕਰਨ ਵਾਲੇ ਭਾਰਤੀ ਮੂਲ ਦੇ ਜੋੜੇ ਨੂੰ ਯੂ ਕੇ ਵਿੱਚ ਸਜ਼ਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਟੈਕਸ ਧੋਖਾਧੜੀ ਦੇ ਦਾਅਵਿਆਂ ਤੋਂ ਬਾਅਦ ਪਾਬੰਦੀ ਦੇ ਬਾਵਜੂਦ, ਇੱਕ ਭਾਰਤੀ ਮੂਲ ਦੇ ਜੋੜੇ ਨੂੰ ਯੂ ਕੇ ਵਿੱਚ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਕੰਪਨੀਆਂ ਚਲਾਉਣ ਲਈ ਅਯੋਗਤਾ ਦੇ ਹੁਕਮ ਦੀ ਉਲੰਘਣਾ ਕਰਨ ਲਈ ਸਜ਼ਾ ਸੁਣਾਈ ਹੈ।**

ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਦੇ 71 ਸਾਲਾ ਭਰਤ ਜੋਗੀਆ ਨੂੰ 2014 ਵਿੱਚ 13 ਸਾਲਾਂ ਲਈ ਕੰਪਨੀ ਡਾਇਰੈਕਟਰ ਵਜੋਂ ਅਯੋਗ ਕਰਾਰ ਦਿੱਤਾ ਗਿਆ ਸੀ। ਉਹਨਾਂ ਦੀ ਕੰਪਨੀ ਜੋਗੀਆ ਜਵੈਲਰਜ਼ (ਯੂ ਕੇ) ਲਿਮਟਿਡ ਨੂੰ ਐਚ ਐਮ ਰੈਵੇਨਿਊ ਐਂਡ ਕਸਟਮਜ਼ (ਐਚ ਐਮ ਆਰ ਸੀ) ਤੋਂ ਗਲਤ ਤਰੀਕੇ ਨਾਲ 20 ਲੱਖ ਪੌਂਡ ਤੋਂ ਵੱਧ ਦਾ ਦਾਅਵਾ ਕਰਨ ਲਈ ਮਜਬੂਰ ਕੀਤਾ ਸੀ।

ਯੂ ਕੇ ਦੀ ਇਨਸੋਲਵੈਂਸੀ ਸਰਵਿਸ ਨੇ ਪਾਇਆ ਕਿ ਉਸਨੇ ਫਾਰਮਾਸਿਊਟੀਕਲ ਕੰਪਨੀਆਂ ਡਾਇਮੰਡ ਫਾਰਮਾ ਲਿਮਟਿਡ ਅਤੇ ਬੀ ਐਚ ਜੇ ਕੰਸਲਟਿੰਗ ਲਿਮਟਿਡ ਨੂੰ ਕੰਟਰੋਲ ਕਰਨਾ ਜਾਰੀ ਰੱਖਣ ਲਈ ਉਸ ਪਾਬੰਦੀ ਨੂੰ ਨਜ਼ਰਅੰਦਾਜ਼ ਕੀਤਾ ਸੀ।

ਉਸਦੀ ਪਤਨੀ 57 ਸਾਲਾ ਲੁਈਸ ਜੋਗੀਆ ਨੂੰ ਅਯੋਗਤਾ ਦੀ ਉਲੰਘਣਾ ਕਰਨ ਵਿੱਚ ਉਸਨੂੰ "ਸਹਾਇਤਾ ਅਤੇ ਉਕਸਾਉਣ" ਲਈ ਸਜ਼ਾ ਸੁਣਾਈ ਗਈ ਸੀ ਅਤੇ ਬੀ ਐਚ ਜੇ ਕੰਸਲਟਿੰਗ ਦੇ ਅਧਿਕਾਰਤ ਡਾਇਰੈਕਟਰ ਵਜੋਂ ਕੰਮ ਕੀਤਾ ਸੀ।

ਬ੍ਰਮਿੰਘਮ ਅਦਾਲਤ ਨੇ ਜੋਗੀਆ ਨੂੰ ਪਾਬੰਦੀ ਦੀ ਉਲੰਘਣਾ ਕਰਨ ਤੇ ਨੌਂ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ, ਜੋ 18 ਮਹੀਨਿਆਂ ਲਈ ਮੁਅੱਤਲ ਹੋਵੇਗੀ। ਇਸ ਦੇ ਨਾਲ ਹੀ 100 ਘੰਟੇ ਬਿਨਾਂ ਤਨਖਾਹ ਵਾਲੇ ਸਮਾਜ ਸੇਵਾ ਕਰਨ ਅਤੇ ਕੰਪਨੀ ਡਾਇਰੈਕਟਰ ਵਜੋਂ ਹੋਰ 10 ਸਾਲਾਂ ਲਈ ਅਯੋਗ ਕਰਾਰ ਦੇਣ ਦਾ ਵੀ ਹੁਕਮ ਦਿੱਤਾ ਹੈ। ਉਸਦੀ ਪਤਨੀ ਨੂੰ ਉਸੇ ਸੁਣਵਾਈ 'ਤੇ ਸੱਤ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ, ਜੋ 18 ਮਹੀਨਿਆਂ ਲਈ ਮੁਅੱਤਲ ਹੋਵੇਗੀ ਅਤੇ ਕੰਪਨੀ ਡਾਇਰੈਕਟਰ ਵਜੋਂ 10 ਸਾਲ ਲਈ ਅਯੋਗ ਕਰਾਰ ਦਿੱਤਾ ਗਿਆ।

# ਲੰਡਨ ਵਿੱਚ ਸਿਹਤ ਅਤੇ ਸੁਰੱਖਿਆ ਨਿਰਮਾਣ ਪ੍ਰੀਖਿਆ ਵਿੱਚ ਨਕਲ ਮਰਵਾਉਣ ਵਾਲੇ ਤਿੰਨ ਭਾਰਤੀਆਂ ਨੂੰ ਜੇਲ੍ਹ



ਸੁਸ਼ੀਲ ਕੁਮਾਰ, ਪ੍ਰਦੀਪ ਸ਼ੇਰਾਗਰ ਅਤੇ ਜਸਪਾਲ ਸੈਨੀ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਇਮਾਰਤਸਾਜ਼ੀ ਟੈਸਟ ਧੋਖਾਧੜੀ ਮਾਮਲੇ 'ਚ ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਨੂੰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮੈਟਰੋਪੋਲੀਟਨ ਪੁਲਿਸ ਵੱਲੋਂ ਕੀਤੀ ਇੱਕ ਜਾਂਚ ਵਿੱਚ ਪਾਇਆ ਕਿ ਤਿੰਨ ਵਿਅਕਤੀਆਂ ਨੇ ਕੰਨਾਂ ਵਿੱਚ ਲਾਉਣ ਵਾਲੇ ਬਲੂਟੁੱਥ ਯੰਤਰ ਦੀ ਵਰਤੋਂ ਕਰਕੇ ਸਿਹਤ ਅਤੇ ਸੁਰੱਖਿਆ ਨਿਰਮਾਣ ਪ੍ਰੀਖਿਆ ਵਿੱਚ 70 ਤੋਂ ਵੱਧ ਲੋਕਾਂ ਨੂੰ ਨਕਲ ਮਰਵਾਉਣ ਵਿੱਚ ਮਦਦ ਕੀਤੀ।*

ਉਸਾਰੀ ਉਦਯੋਗ ਸਿਖਲਾਈ ਬੋਰਡ ਦੀ ਸ਼ਿਕਾਇਤ ਤੋਂ ਬਾਅਦ ਛੇ ਮਹੀਨਿਆਂ ਦੇ ਅੰਦਰ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ। ਸਨੇਅਰਸਬਰੂਕ ਕਰਾਊਨ ਕੋਰਟ ਵਿੱਚ ਲੰਡਨ ਦੇ ਇਲਾਕੇ ਰੈੱਡਬ੍ਰਿਜ ਦੇ ਬੇਲਮੌਂਟ ਰੋਡ ਦੇ ਰਹਿਣ ਵਾਲੇ 37 ਸਾਲਾ ਸੁਸ਼ੀਲ ਕੁਮਾਰ ਨੂੰ ਦੋ ਸਾਲ ਅੱਠ ਮਹੀਨੇ ਕੈਦ ਸੁਣਾਈ ਗਈ। ਜਦ ਕਿ ਆਰਕੈਸਟਰਾ ਹਾਊਸ ਦੇ ਰਹਿਣ ਵਾਲੇ 35 ਸਾਲਾ ਪ੍ਰਦੀਪ ਸ਼ੇਰਾਗਰ ਨੂੰ ਦੋ ਸਾਲ ਕੈਦ, ਨਊਹੈਮ ਦੇ ਲੋਂਸਡੇਲ ਐਵੇਨਿਊ ਦੇ ਰਹਿਣ ਵਾਲੇ 43 ਸਾਲਾ ਜਸਪਾਲ ਸੈਨੀ ਨੂੰ ਇੱਕ ਸਾਲ ਅਤੇ ਤਿੰਨ ਮਹੀਨੇ ਦੀ ਸਜ਼ਾ ਸੁਣਾਈ ਗਈ ਦੋਵਾਂ ਦੀ ਸਜ਼ਾ ਦੋ ਸਾਲਾਂ ਲਈ ਮੁਅੱਤਲ ਕਰ ਦਿੱਤੀ ਗਈ।

ਜਾਂਚ ਦੀ ਅਗਵਾਈ ਕਰਨ ਵਾਲੇ ਸਾਰਜੈਂਟ ਨੀਲ ਸਟੈਨਲੀ ਨੇ ਕਿਹਾ ਕਿ ਉਸਾਰੀ ਵਾਲੀਆਂ ਥਾਵਾਂ ਤੇ ਰੁਜ਼ਗਾਰ ਪ੍ਰਾਪਤ ਕਰਨ ਵਾਲੇ ਘੱਟ ਪੜ੍ਹੇ ਲਿਖੇ ਪੀੜਤਾਂ ਨੇ ਸੈਂਕੜੇ ਪੌਂਡ ਦੇ ਕੇ ਪਰੀਖਿਆ ਪਾਸ ਕੀਤੀ। ਉਨ੍ਹਾਂ ਨੂੰ ਸਿਹਤ ਅਤੇ ਸੁਰੱਖਿਆ ਦੇ ਮਿਆਰਾਂ ਦਾ ਬਹੁਤ ਘੱਟ ਗਿਆਨ ਸੀ। ਲੋਕਾਂ ਨੇ ਪ੍ਰੀਖਿਆ ਪਾਸ ਕਰਨ ਲਈ ਪ੍ਰਤੀ ਵਿਅਕਤੀ 850 ਪੌਂਡ ਤੱਕ ਦਾ ਭੁਗਤਾਨ ਕੀਤਾ। ਮੰਨਿਆ ਜਾਂਦਾ ਹੈ ਕਿ ਸਮੂਹ ਨੇ ਕਈ ਮਹੀਨਿਆਂ ਵਿੱਚ 60,000 ਪੌਂਡ ਤੋਂ ਵੱਧ ਕਮਾਏ ਹਨ।

# ਏਅਰ ਇੰਡੀਆ ਨੇ ਇਜ਼ਰਾਈਲ ਲਈ 31 ਮਈ ਤੱਕ ਆਪਣੀਆਂ ਉਡਾਣਾਂ ਕੀਤੀਆਂ ਰੱਦ

ਯਰੂਸ਼ਲਮ: ਪੱਛਮੀ ਏਸ਼ੀਆ ਵਿੱਚ ਚੱਲ ਰਹੀ ਜੰਗ ਦੇ ਵਿਚਕਾਰ, ਏਅਰ ਇੰਡੀਆ ਨੇ ਇਜ਼ਰਾਈਲ ਲਈ ਆਪਣੀਆਂ ਉਡਾਣਾਂ 31 ਮਈ ਤੱਕ ਮੁਅੱਤਲ ਕਰ ਦਿੱਤੀਆਂ ਹਨ। ਏਅਰ ਇੰਡੀਆ ਦੇ ਇੱਕ ਅਧਿਕਾਰੀ ਨੇ ਪੀਟੀਆਈ ਨੂੰ ਪੁਸ਼ਟੀ ਕੀਤੀ ਕਿ ਏਅਰਲਾਈਨ ਨੇ ਨਵੀਂ ਦਿੱਲੀ-ਤੇਲ ਅਵੀਵ ਰੂਟ 'ਤੇ ਆਪਣੀਆਂ ਉਡਾਣਾਂ 31 ਮਈ ਤੱਕ ਮੁਅੱਤਲ ਕਰ ਦਿੱਤੀਆਂ ਹਨ। ਜ਼ਿਆਦਾਤਰ ਵੱਡੀਆਂ ਏਅਰਲਾਈਨਾਂ ਨੇ ਤੇਲ ਅਵੀਵ ਰੂਟ 'ਤੇ ਆਪਣੀਆਂ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਹਨ, ਅਤੇ ਸਿਰਫ਼ ਇਜ਼ਰਾਈਲੀ ਕੈਰੀਅਰ ਜਿਵੇਂ ਕਿ ਐਲ ਅਲ, ਇਸਰਾਈਰ, ਅਰਕੀਆ ਅਤੇ ਏਅਰ ਹਾਈਫਾ ਸਖ਼ਤ ਪਾਬੰਦੀਆਂ ਅਧੀਨ ਕੰਮ ਕਰ ਰਹੇ ਹਨ। ਉਡਾਣਾਂ ਦੀ ਮੁਅੱਤਲੀ ਇਜ਼ਰਾਈਲ ਵਿੱਚ ਰਹਿ ਰਹੇ 40,000 ਤੋਂ ਵੱਧ ਭਾਰਤੀਆਂ ਲਈ ਚਿੰਤਾ ਦਾ ਕਾਰਨ ਹੈ ਜੋ ਨਿੱਜੀ ਜਾਂ ਪੇਸ਼ੇਵਰ ਕਾਰਨਾਂ ਕਰਕੇ, ਜਾਂ ਖੇਤਰ ਵਿੱਚ ਵਧ ਰਹੇ ਤਣਾਅ ਕਾਰਨ ਈਰਾਨ ਛੱਡਣਾ ਚਾਹੁੰਦੇ ਹਨ। ਇਜ਼ਰਾਈਲ ਛੱਡਣ ਦੇ ਚਾਹਵਾਨ ਭਾਰਤੀਆਂ ਨੂੰ ਜਾਰਡਨ ਜਾਂ ਮਿਸਰ ਰਾਹੀਂ ਜ਼ਮੀਨੀ ਸਰਹੱਦ ਰਾਹੀਂ ਯਾਤਰਾ ਕਰਨੀ ਪੈ ਰਹੀ ਹੈ। ਤੇਲ ਅਵੀਵ ਵਿੱਚ ਭਾਰਤੀ ਮਿਸ਼ਨ ਵੱਖ-ਵੱਖ ਤਰੀਕਿਆਂ ਨਾਲ ਯਾਤਰਾ ਕਰਨ ਦੇ ਚਾਹਵਾਨਾਂ ਦੀ ਸਹਾਇਤਾ ਕਰ ਰਿਹਾ ਹੈ। ਦੂਤਾਵਾਸ ਨੇ ਇਸ ਸਮੇਂ ਦੌਰਾਨ ਭਾਈਚਾਰੇ ਨਾਲ ਨਿਯਮਤ ਸੰਪਰਕ ਬਣਾਈ ਰੱਖਿਆ ਹੈ, 24 ਘੰਟੇ ਦੀ ਐਮਰਜੈਂਸੀ ਹੈਲਪਲਾਈਨ ਸ਼ੁਰੂ ਕੀਤੀ ਹੈ, ਅਤੇ ਵੱਡੇ ਪੱਧਰ 'ਤੇ ਰਜਿਸਟ੍ਰੇਸ਼ਨ ਮੁਹਿੰਮ ਚਲਾਈ ਹੈ। ਮਿਸ਼ਨ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਰਾਹੀਂ ਦੱਸਿਆ ਕਿ ਰਾਜਦੂਤ ਜੇ.ਪੀ. ਸਿੰਘ ਅਤੇ ਦੂਤਾਵਾਸ ਦੀ ਇੱਕ ਟੀਮ ਨੇ ਸ਼ਨੀਵਾਰ ਨੂੰ ਇਜ਼ਰਾਈਲ ਭਰ ਵਿੱਚ ਭਾਰਤੀ ਕਾਮਿਆਂ ਅਤੇ ਵਿਦਿਆਰਥੀਆਂ ਨਾਲ ਵਰਚੁਅਲ ਚਰਚਾ ਕੀਤੀ, ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ, ਅਤੇ ਉਨ੍ਹਾਂ ਨੂੰ "ਮੌਜੂਦਾ ਸੰਕਟ ਦੌਰਾਨ ਅਤੇ ਉਸ ਤੋਂ ਬਾਅਦ ਵੀ ਨਿਰੰਤਰ ਸਹਾਇਤਾ" ਦਾ ਭਰੋਸਾ ਦਿੱਤਾ। ਨਵੀਂ ਦਿੱਲੀ ਅਤੇ ਤੇਲ ਅਵੀਵ ਵਿਚਕਾਰ ਸਿੱਧੀਆਂ ਉਡਾਣਾਂ 1 ਜਨਵਰੀ ਨੂੰ ਹਫ਼ਤੇ ਵਿੱਚ ਚਾਰ ਉਡਾਣਾਂ ਨਾਲ ਉੱਨਤ ਬੋਇੰਗ 787 ਡ੍ਰੀਮਲਾਈਨਰ ਜਹਾਜ਼ਾਂ ਦੀ ਵਰਤੋਂ ਨਾਲ ਮੁੜ ਸ਼ੁਰੂ ਹੋਈਆਂ।

# ਭਾਰਤੀ ਮੂਲ ਦੇ ਅਨੁਵਾਦਕ ਪਦਮਾ ਵਿਸ਼ਵਨਾਥਨ ਨੂੰ ਅੰਤਰਰਾਸ਼ਟਰੀ ਬੁੱਕਰ ਪੁਰਸਕਾਰ 2026 ਲਈ ਛੋਟੀ ਸੂਚੀ ਵਿੱਚ ਸ਼ਾਮਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦੇ ਕੈਨੇਡੀਅਨ-ਅਮਰੀਕੀ ਲੇਖਕ ਪਦਮਾ ਵਿਸ਼ਵਨਾਥਨ ਨੇ ਪੁਰਤਗਾਲੀ ਭਾਸ਼ਾ ਦੇ ਨਾਵਲ ਦੇ ਅੰਗਰੇਜ਼ੀ ਅਨੁਵਾਦਕ ਵਜੋਂ 2026 ਦੇ ਅੰਤਰਰਾਸ਼ਟਰੀ ਬੁੱਕਰ ਪੁਰਸਕਾਰ ਦੀ ਛੋਟੀ ਸੂਚੀ ਵਿੱਚ ਜਗ੍ਹਾ ਬਣਾਈ ਹੈ।ਬ੍ਰਾਜ਼ੀਲੀਅਨ ਲੇਖਕ ਅਨਾ ਪੌਲਾ ਮਾਈਆ ਦੁਆਰਾ "ਔਨ ਅਰਥ ਐਜ਼ ਇਟ ਇਜ਼ ਬਿਨੀਥ", ਜਿਸਨੂੰ ਜੱਜਾਂ ਦੁਆਰਾ "ਇੱਕ ਦੂਰ-ਦੁਰਾਡੇ ਬ੍ਰਾਜ਼ੀਲੀ ਦੰਡ ਕਾਲੋਨੀ ਵਿੱਚ ਸਥਾਪਤ ਇੱਕ ਬੇਰਹਿਮ, ਭੂਤਨਾਸ਼ਕ ਅਤੇ ਹਿਪਨੋਟਿਕ ਨਾਵਲ" ਵਜੋਂ ਦਰਸਾਇਆ ਗਿਆ ਹੈ, ਜਿੱਥੇ ਨਿਆਂ ਅਤੇ ਬੇਰਹਿਮੀ ਵਿਚਕਾਰ ਸੀਮਾਵਾਂ ਢਹਿ ਜਾਂਦੀਆਂ ਹਨ"। ਇਸ ਪ੍ਰਸਿੱਧ ਸਾਹਿਤਕ ਸਨਮਾਨ ਲਈ ਛੇ ਵਿਸ਼ਵਵਿਆਪੀ ਦਾਅਵੇਦਾਰਾਂ ਵਿੱਚੋਂ ਇੱਕ ਪਦਮਾ ਵਿਸ਼ਵਨਾਥਨ ਹੈ।

50,000 ਪੌਂਡ ਦਾ ਸਾਲਾਨਾ ਇਨਾਮ, ਜੋ ਲੇਖਕ ਅਤੇ ਅਨੁਵਾਦਕ ਵਿਚਕਾਰ ਬਰਾਬਰ ਵੰਡਿਆ ਜਾਂਦਾ ਹੈ, ਪਿਛਲੇ ਸਾਲ ਕੰਨੜ ਲੇਖਕ-ਕਾਰਕੁਨ ਬਾਨੂ ਮੁਸ਼ਤਾਕ ਅਤੇ ਅਨੁਵਾਦਕ ਦੀਪਾ ਭਾਸਤੀ ਨੇ ਛੋਟੀ ਕਹਾਣੀ ਸੰਗ੍ਰਹਿ "ਹਾਰਟ ਲੈਂਪ" ਲਈ ਜਿੱਤਿਆ ਸੀ। ਜਿਕਰਯੋਗ ਹੈ ਕਿ ਇਸ ਛੋਟੀ ਸੂਚੀ ਵਿੱਚ ਆਉਣ ਵਾਲੇ ਹਰੇਕ ਕਿਤਾਬ ਨੂੰ 5,000 ਪੌਂਡ ਦਾ ਇਨਾਮ ਦਿੱਤਾ ਜਾਂਦਾ ਹੈ ਜੋ ਕਿਤਾਬ ਦੇ ਲੇਖਕ ਅਤੇ ਅੰਗਰੇਜ਼ੀ ਅਨੁਵਾਦਕ ਵਿਚਕਾਰ ਬਰਾਬਰ ਵੰਡਿਆ ਜਾਂਦਾ ਹੈ।



ਭਾਰਤੀ ਮੂਲ ਦੇ ਅਨੁਵਾਦਕ ਪਦਮਾ ਵਿਸ਼ਵਨਾਥਨ

ਅਰਕਾਨਸਾਸ-ਫੇਏਟਵਿਲੇ ਯੂਨੀਵਰਸਿਟੀ ਵਿੱਚ ਪ੍ਰੋਫੈਸਰ 58 ਸਾਲਾ ਪ੍ਰੋਫੈਸਰ ਪਦਮਾ ਵਿਸ਼ਵਨਾਥਨ ਇੱਕ ਨਿਪੁੰਨ ਨਾਟਕਕਾਰ ਅਤੇ ਲੇਖਕ ਹੈ, ਜਿਸਦੇ ਨਾਵਲ ਅੱਠ ਦੇਸ਼ਾਂ ਵਿੱਚ ਪ੍ਰਕਾਸ਼ਿਤ ਹੋਏ ਹਨ।ਮੰਗਲਵਾਰ ਨੂੰ ਐਲਾਨੀ ਗਈ ਸੂਚੀ ਵਿੱਚ ਛੇ ਲੇਖਕਾਂ ਵਿੱਚੋਂ ਪੰਜ ਲੇਖਕ ਮਹਿਲਾਵਾਂ ਹਨ ਅਤੇ ਛੇ ਅਨੁਵਾਦਕਾਂ ਵਿੱਚੋਂ ਚਾਰ ਔਰਤਾਂ ਹਨ। ਲੇਖਕ ਅਤੇ ਅਨੁਵਾਦਕ ਅੱਠ ਦੇਸ਼ਾਂ ਬ੍ਰਾਜ਼ੀਲ, ਬੁਲਗਾਰੀਆ, ਕੈਨੇਡਾ, ਫਰਾਂਸ, ਜਰਮਨੀ, ਤਾਈਵਾਨ, ਯੂ ਕੇ ਅਤੇ ਅਮਰੀਕਾ ਦੀ ਨੁਮਾਇੰਦਗੀ ਕਰਦੇ ਹਨ ।

ਜੇਤੂ ਕਿਤਾਬ ਦਾ ਐਲਾਨ 19 ਮਈ ਨੂੰ ਲੰਡਨ ਦੇ ਟੇਟ ਮਾਡਰਨ ਵਿਖੇ ਇੱਕ ਸਮਾਰੋਹ ਵਿੱਚ ਕੀਤਾ ਜਾਵੇਗਾ।

# ਬਰਤਾਨਵੀ ਭਾਰਤੀ ਮੰਤਰੀ ਲੀਜ਼ਾ ਨੰਦੀ ਨੇ ਯੂ ਕੇ ਦੇ ਨੌਜਵਾਨਾਂ ਦੀ ਸਹਾਇਤਾ ਲਈ ਨਵੇਂ ਕੇਂਦਰ ਕੀਤੇ ਸਥਾਪਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੀ ਸੱਭਿਆਚਾਰ, ਮੀਡੀਆ ਅਤੇ ਖੇਡ ਮੰਤਰੀ ਲੀਜ਼ਾ ਨੰਦੀ ਨੇ ਸੋਮਵਾਰ ਨੂੰ ਇੰਗਲੈਂਡ ਦੇ ਉਨ੍ਹਾਂ ਖੇਤਰਾਂ ਵਿੱਚ ਅੱਠ "ਯੰਗ ਫਿਊਚਰਜ਼ ਹੱਬ" ਦਾ ਪਹਿਲਾ ਸੈੱਟ ਲਾਂਚ ਕੀਤਾ ਜਿੱਥੇ ਸਮਾਜ ਵਿਰੋਧੀ ਵਿਵਹਾਰ ਅਤੇ ਚਾਕੂ ਅਪਰਾਧ ਉੱਚ ਪੱਧਰ 'ਤੇ ਹੁੰਦੇ ਹਨ।



ਲੀਜ਼ਾ ਨੰਦੀ

ਬ੍ਰਿਟਿਸ਼ ਭਾਰਤੀ ਮੰਤਰੀ ਨੇ ਕਿਹਾ ਕਿ 50 ਅਜਿਹੇ ਹੱਬਾਂ ਦੇ ਯੋਜਨਾਬੱਧ ਨੈੱਟਵਰਕ ਵਿੱਚੋਂ ਪਹਿਲਾ ਮਾਨਸਿਕ ਸਿਹਤ ਅਤੇ ਤੰਦਰੁਸਤੀ, ਰੁਜ਼ਗਾਰ ਅਤੇ ਅਪਰਾਧ ਰੋਕਥਾਮ ਲਈ ਸੇਵਾਵਾਂ ਪ੍ਰਦਾਨ ਕਰੇਗਾ।

ਪੂਰਬੀ ਲੰਡਨ ਵਿੱਚ ਟਾਵਰ ਹੈਮਲੇਟਸ, ਬਰਮਿੰਘਮ, ਬ੍ਰਾਈਟਨ, ਬ੍ਰਿਸਟਲ, ਡਰਹਮ, ਲੀਡਜ਼, ਮਾਨਚੈਸਟਰ ਅਤੇ ਨੌਟਿੰਘਮ ਬ੍ਰਿਟਿਸ਼ ਸਰਕਾਰ ਦੀ ਰਾਸ਼ਟਰੀ ਨੌਜਵਾਨ ਰਣਨੀਤੀ ਦੇ ਹਿੱਸੇ ਵਜੋਂ ਪਹਿਲੇ ਹੱਬ ਪ੍ਰਾਪਤ ਕਰਨ ਵਾਲੇ ਖੇਤਰਾਂ ਵਿੱਚੋਂ ਇੱਕ ਹਨ।

ਨੰਦੀ ਨੇ ਕਿਹਾ ਕਿ 2010 ਤੋਂ ਬਾਅਦ 1,000 ਤੋਂ ਵੱਧ ਯੁਵਾ ਕੇਂਦਰਾਂ ਦੇ ਬੰਦ ਹੋਣ ਨਾਲ ਸਿਰਫ਼ ਸਹੂਲਤਾਂ ਹੀ ਨਹੀਂ ਗਈਆਂ, ਸਗੋਂ ਇਸ ਨੇ ਇੱਕ ਪੀੜ੍ਹੀ ਲਈ ਸਮਾਜ, ਸੰਪਰਕ ਅਤੇ ਮੌਕੇ ਵੀ ਖੋਹ ਲਏ। ਅਸੀਂ ਇਸਨੂੰ ਦੁਬ-ਾਰਾ ਬਣਾਉਣ ਲਈ ਦ੍ਰਿੜ ਹਾਂ।

ਨੰਦੀ ਨੇ ਕਿਹਾ ਕਿ ਅਸੀਂ ਚੀਜ਼ਾਂ ਨੂੰ ਜੋੜ ਰਹੇ ਹਾਂ ਤਾਂ ਜੋ ਤੰਦਰੁਸਤੀ ਸਹਾਇਤਾ, ਅਪਰਾਧ ਰੋਕਥਾਮ, ਕੰਮ ਦੇ ਕੋਚ, ਯੁਵਾ ਸੇਵਾਵਾਂ, ਸਭ ਇੱਕ ਥਾਂ 'ਤੇ ਹੀ ਉਪਲਬਧ ਹੋ ਸਕਣ। ਦੇਸ਼ ਭਰ ਵਿੱਚ ਕੁੱਲ 50 ਕੇਂਦਰ ਖੋਲ੍ਹੇ ਜਾਣਗੇ, ਪਹਿਲੀ ਲੜੀ ਵਿੱਚ ਇਹ

ਬ੍ਰਮਿੰਘਮ, ਬ੍ਰਾਈਟਨ ਅਤੇ ਹੋਵ, ਕਾਉਂਟੀ ਡਰਹਮ, ਮਾਨਚੇਸਟਰ ਅਤੇ ਟਾਵਰ ਹੈਮਲੇਟਸ ਹੋਣਗੇ। 10 ਤੋਂ 18 ਸਾਲ ਦੀ ਉਮਰ ਦੇ ਨੌਜਵਾਨ, ਅਤੇ ਨਾਲ ਹੀ 25 ਸਾਲ ਦੀ ਉਮਰ ਤੱਕ ਲਈ ਵਿਸ਼ੇਸ਼ ਵਿਦਿਅਕ ਜ਼ਰੂਰਤਾਂ ਅਤੇ ਅਪਾਹਜਤਾਵਾਂ ਵਾਲੇ ਵੀ ਯੁਵਾ ਕੇਂਦਰਾਂ ਵਿੱਚ ਸੇਵਾਵਾਂ ਪ੍ਰਾਪਤ ਕਰ ਸਕਣਗੇ।

# ਸਮਾਜ ਸੇਵੀ ਭੁਪਿੰਦਰ ਸਿੰਘ ਸੰਧੂ ਨੇ ਬਿਨਾ ਬੋਲੇ ਲੰਡਨ ਤੋਂ ਕੈਂਬਰਿਜ ਤੱਕ ਕੀਤੀ ਪੈਦਲ ਯਾਤਰਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਾਨਸਿਕ ਤਣਾਅ ਨੂੰ ਘਟਾਉਣ ਲਈ ਲੋਕਾਂ ਨੂੰ ਜਾਗਰੂਕ ਕਰਨ ਵਾਲੇ ਸਮਾਜ ਸੇਵੀ ਭੁਪਿੰਦਰ ਸਿੰਘ ਸੰਧੂ ਨੇ ਬੀਤੇ ਐਤਵਾਰ ਲੰਡਨ ਤੋਂ ਲੰਡਨ ਤੋਂ ਕੈਂਬਰਿਜ ਤੱਕ ਪੂਰੀ ਤਰ੍ਹਾਂ ਚੁੱਪ-ਚਾਪ ਤੁਰ ਕੇ ਨਵਾਂ ਇਤਿਹਾਸ ਰਚਿਆ ਹੈ। ਸ਼ਃ ਸੰਧੂ ਨੇ ਕਿਹਾ ਕਿ ਲੋਕਾਂ ਲਈ "ਆਪਣੇ ਅੰਦਰਲੇ ਸ਼ੋਰ ਨਾਲ ਬੈਠਣਾ" ਵੀ ਮਹੱਤਵਪੂਰਨ ਹੈ।




ਭੁਪਿੰਦਰ ਸਿੰਘ ਸੰਧੂ

ਮਾਈਂਡਫੁੱਲਨੈੱਸ ਕੋਚ ਭੁਪਿੰਦਰ ਸੰਧੂ ਲੰਘੇ ਸ਼ਨਿੱਚਰਵਾਰ ਰਾਤੀਂ 20:00 ਲੰਡਨ ਦੇ ਪਾਰਲੀਮੈਂਟ ਸਕੁਏਅਰ ਤੋਂ ਪੈਦਲ ਯਾਤਰਾ ਸ਼ੁਰੂ ਕੀਤੀ ਅਤੇ ਮਾਨਸਿਕ ਸਿਹਤ 'ਤੇ ਮਾਨਸਿਕਤਾ ਦੇ ਸਕਾਰਾਤਮਕ ਪ੍ਰਭਾਵ ਬਾਰੇ ਜਾਗਰੂਕਤਾ ਪੈਦਾ ਕਰਨ ਲਈ "ਕਿਸੇ ਵੀ ਕਿਸਮ ਦੇ ਸੰਗੀਤ ਜਾਂ ਈਅਰਫੋਨ ਜਾਂ ਕਿਸੇ ਵੀ ਚੀਜ਼" ਤੋਂ ਬਿਨਾਂ 15 ਘੰਟੇ ਤੁਰੇ।

ਉਹਨਾਂ ਕਿਹਾ ਕਿ ਬਾਹਰੀ ਤੰਦਰੁਸਤੀ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਵਿੱਚ ਆਪਣੇ ਅੰਦਰ ਅਤੇ ਬਾਹਰ ਕੀ ਹੋ ਰਿਹਾ ਹੈ, ਪਲ-ਪਲ ਧਿਆਨ ਦੇਣ ਦੀ ਲੋੜ ਹੈ। ਸੰਧੂ ਨੇ ਦੱਸਿਆ ਕਿ ਹੈੱਡਫੋਨ ਤੋਂ ਬਿਨਾਂ ਤੁਰਨ ਨਾਲ ਉਸਨੂੰ "ਆਪਣੇ ਨਾਲ" ਰਹਿਣ ਦੀ ਇਜਾਜ਼ਤ ਮਿਲੀ। ਉਹਨਾਂ ਕਿਹਾ ਕਿ

ਤੁਸੀਂ ਇੱਕ ਅਜਿਹੇ ਜ਼ੋਨ ਵਿੱਚ ਆਉਂਦੇ ਹੋ ਜਿੱਥੇ ਕੁਝ ਵੀ ਨਹੀਂ ਹੁੰਦਾ।

ਸਿਰਫ਼ ਤੁਸੀਂ, ਕੁਦਰਤ ਅਤੇ ਸੜਕ ਹੈ। ਉਹ ਚੀਜ਼ ਜੋ ਤੁਹਾਨੂੰ ਜਾਰੀ ਰੱਖਦੀ ਹੈ ਉਹ ਹੈ ਤੁਹਾ-ਡੇ ਵਿੱਚ ਸ਼ਾਂਤੀ।

ਸੰਧੂ ਨੇ ਕਿਹਾ ਕਿ 21ਵੀਂ ਸਦੀ ਵਿੱਚ ਅਸੀਂ ਇੰਨੀ ਤੇਜ਼ੀ ਨਾਲ ਦੌੜ ਰਹੇ ਹਾਂ ਕਿ ਸਾਡੇ ਕੋਲ ਰੁਕਣ ਦਾ ਸਮਾਂ ਨਹੀਂ ਹੈ। ਜਦ ਕਿ ਅਸੀਂ ਲੋਕ ਡੂੰਘੇ ਸਾਹ ਲੈ ਸਕਦੇ ਹਾਂ, ਸੈਰ ਲਈ ਜਾ ਸਕਦੇ ਹਨ ਜਾਂ ਦਫਤਰ ਵਿੱਚ ਕੰਮ ਕਰਦੇ ਸਮੇਂ ਖਿੜਕੀ ਵੱਲ ਤੁਰਨ ਲਈ 10 ਸਕਿੰਟ ਲੈ ਸਕਦੇ ਹਨ ਅਤੇ ਅਸਮਾਨ ਵੱਲ ਦੇਖ ਸਕਦੇ ਹਾਂ।

ਸੰਧੂ ਨੇ ਇਹ ਵੀ ਕਿਹਾ ਕਿ ਬੁੱਧ ਧਰਮ, ਹਿੰਦੂ ਧਰਮ, ਜੈਨ ਧਰਮ ਅਤੇ ਸਿੱਖ ਧਰਮ ਸਮੇਤ ਕੁਝ ਧਰਮ, ਧਿਆਨ ਨੂੰ ਇੱਕ ਅਧਿਆਤਮਿਕ ਅਭਿਆਸ ਵਜੋਂ ਸਿਖਾਉਂਦੇ ਹਨ, ਜਿਸਦਾ ਉਦੇਸ਼ ਵਿਅਕਤੀ ਨੂੰ ਇੱਕ ਉੱਚ ਸ਼ਕਤੀ ਦੇ ਨੇੜੇ ਲਿਆਉਣਾ ਹੈ। ਈਸਾਈ ਧਰਮ, ਯਹੂਦੀ ਧਰਮ ਅਤੇ ਇਸਲਾਮ ਵਿੱਚ ਵੀ ਇਸੇ ਤਰ੍ਹਾਂ ਦੀਆਂ ਤਕਨੀਕਾਂ ਸਿਖਾਈਆਂ ਜਾਂਦੀਆਂ ਹਨ। ਦੂਜਿਆਂ ਲਈ, ਇਹ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਦਾ ਇੱਕ ਤਰੀਕਾ ਹੈ।

ਦੱਸਣਯੋਗ ਹੈ ਕਿ ਗ੍ਰੇਵਜ਼ੈਂਡ ਵਾਸੀ ਸੰਧੂ ਪਹਿਲਾਂ ਲੰਡਨ ਤੋਂ ਈਡਨਬਰਗ, ਕਾਰਡਿਫ ਅਤੇ ਬ੍ਰਾਈਟਨ ਤੱਕ ਪੈਦਲ ਚੱਲ ਚੁੱਕੇ ਹਨ ਅਤੇ ਉਹ ਮਈ ਵਿੱਚ ਇੱਕ ਮਿਲੀਅਨ ਕਦਮ ਤੁਰਨ ਦੀ ਕੋਸ਼ਿਸ਼ ਕਰਨਗੇ।

# ਮੈਕਸੀਕੋ ਵਿੱਚ ਅਗਵਾ ਕੀਤੇ ਗਏ 9 ਖਾਣ ਮਜ਼ਦੂਰਾਂ ਦੀ ਮੌਤ ਦੀ ਪੁਸ਼ਟੀ

ਵੈਨਕੂਵਰ- (ਮਲਕੀਤ ਸਿੰਘ) – ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੀ ਇੱਕ ਕੰਪਨੀ ਨਾਲ ਸੰਬੰਧਿਤ ਮੈਕਸੀਕੋ ਵਿੱਚ ਪਿਛਲੇ ਮਹੀਨੇ ਅਗਵਾ ਕੀਤੇ ਗਏ 9 ਖਾਣ ਮਜ਼ਦੂਰਾਂ ਦੇ ਮੌਤ ਦੀ ਹੁਣ ਪੁਸ਼ਟੀ ਹੋ ਚੁੱਕੀ ਹੈ ਜਾਣਕਾਰੀ ਮੁਤਾਬਕ ਮੈਕਸੀਕੋ ਵਿੱਚ ਇਹ ਮਜ਼ਦੂਰ ਪਿਛਲੇ ਮਹੀਨੇ ਅਣਪਛਾਤੇ ਹਥਿਆਰਬੰਦ ਲੋਕਾਂ ਵੱਲੋਂ ਅਗਵਾ ਕਰ ਲਏ ਗਏ ਸਨ ਜਿੰਨਾ ਵਿੱਚੋਂ ਕੁਝ ਮਜ਼ਦੂਰਾਂ ਨੂੰ ਕਤਲ ਕੀਤੇ ਜਾਣ ਦਾ ਖਦਸ਼ਾ ਪ੍ਰਗਟਾਇਆ ਗਿਆ ਸੀ। ਅਤੇ ਕੁਝ ਮਜ਼ਦੂਰਾਂ ਦੇ ਜਿੰਦਾ ਬਚਣ ਦੀ ਆਸ ਕੀਤੀ ਜਾ ਰਹੀ ਸੀ ਪਰੰਤੂ ਹੁਣ ਤਕਰੀਬਨ ਇੱਕ ਮਹੀਨੇ ਉਪਰੰਤ ਮਿਲੀ ਸਾਰੀ ਜਾਣਕਾਰੀ ਅਨੁਸਾਰ ਮਜ਼ਦੂਰਾਂ ਦਾ ਕਤਲ ਕਰ ਦਿੱਤੇ ਜਾਣ ਦੀ ਪੁਸ਼ਟੀ ਹੋਈ ਹੈ

ਕੰਪਨੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਹ ਇਸ ਦੁੱਖਦਾਈ ਘਟਨਾ ਨਾਲ ਗਹਿਰਾ ਦੁੱਖ ਮਹਿਸੂਸ ਕਰ ਰਹੀ ਹੈ ਅਤੇ ਪੀੜਤ ਪਰਿਵਾਰਾਂ ਨਾਲ ਸੰਵੇਦਨਾ ਪ੍ਰਗਟ ਕਰਦੀ ਹੈ। ਨਾਲ ਹੀ, ਸਥਾਨਕ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਤਾਂ ਜੋ ਇਸ ਹਮਲੇ ਦੇ ਪਿੱਛੇ ਜ਼ਿੰਮੇਵਾਰ ਲੋਕਾਂ ਦੀ ਪਹਿਚਾਣ ਕੀਤੀ ਜਾ ਸਕੇ।ਦੱਸਿਆ ਜਾ ਰਿਹਾ ਹੈ ਕਿ ਮੈਕਸੀਕੋ ਦੇ ਕੁਝ ਖੇਤਰਾਂ ਵਿੱਚ ਅਪਰਾਧਿਕ ਗਿਰੋਹਾਂ ਦੀ ਸਰਗਰਮੀ ਕਾਰਨ ਖਾਣ ਉਦਯੋਗ ਨਾਲ ਜੁੜੇ ਲੋਕਾਂ ਲਈ ਸੁਰੱਖਿਆ ਚੁਣੌਤੀਆਂ ਵੱਧ ਰਹੀਆਂ ਹਨ।

# ਅਕਾਲੀ ਦਲ ਦੀ ਦੁਚਿੱਤੀ: ਗੱਠਜੋੜ ਦੀ ਉਮੀਦ ਜਾਂ ਇਕੱਲਿਆਂ ਲੜਨ ਦੀ ਮਜਬੂਰੀ?

## ✪ ਕੀ ਭਾਈ ਰਾਜੋਆਣਾ ਦੀ ਸਜ਼ਾ ਮੁਆਫ਼ ਕਰਵਾ ਕੇ ਸਿੱਖ ਵੋਟ ਬੈਂਕ 'ਤੇ ਕਬਜ਼ਾ ਕਰੇਗੀ ਭਾਜਪਾ?

ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਵੱਡੀ ਹਲਚਲ ਦੇਖਣ ਨੂੰ ਮਿਲ ਰਹੀ ਹੈ। ਇੱਕ ਪਾਸੇ ਜਿੱਥੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਆਪਣੀ ਹੋਂਦ ਬਚਾਉਣ ਲਈ ਇਕੱਲੇ ਚੋਣਾਂ ਲੜਨ ਦਾ ਪ੍ਰਭਾਵ ਦੇ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਬਾਦਲ ਦਲ ਅੰਦਰੂਨੀ ਤੌਰ 'ਤੇ ਗੰਭੀਰ ਦੁਚਿੱਤੀ ਵਿੱਚ ਫਸਿਆ ਨਜ਼ਰ ਆ ਰਿਹਾ ਹੈ। ਅਕਾਲੀ ਦਲ ਦੇ ਕਈ ਸੀਨੀਅਰ ਆਗੂ ਅਜੇ ਵੀ ਭਾਜਪਾ ਨਾਲ ਗੱਠਜੋੜ ਨੂੰ ਲੈ ਕੇ ਦੁਚਿੱਤੀ ਵਿੱਚ ਹਨ। ਪਰ ਇਸ ਵੇਲੇ ਸਭ ਤੋਂ ਵੱਡਾ ਮੁੱਦਾ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਲਿਖੀ ਚਿੱਠੀ ਬਣਿਆ ਹੋਇਆ ਹੈ। ਅਕਾਲੀ ਦਲ ਦੇ ਬਹੁਤੇ ਆਗੂ ਇਸ ਹੱਕ ਵਿੱਚ ਨਹੀਂ ਹਨ ਕਿ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਵਿਰੁੱਧ ਪਾਈ ਗਈ ਰਹਿਮ ਦੀ ਅਪੀਲ ਵਾਪਸ ਲਈ ਜਾਵੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ 'ਤੇ ਹੋਰ ਸਿੰਘ ਸਾਹਿਬਾਨਾਂ ਨਾਲ ਗੰਭੀਰ ਵਿਚਾਰ-ਵਟਾਂਦਰਾ ਕਰਨ ਦੀ ਗੱਲ ਕਹੀ ਹੈ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਅਪੀਲ ਵਾਪਸ ਲੈਣ ਦੀ ਬਜਾਏ ਇਸ ਨੂੰ ਲਾਗੂ ਕਰਵਾਉਣ ਲਈ ਕੋਈ ਨਵਾਂ ਰਾਹ ਲੱਭਿਆ ਜਾਵੇਗਾ।



ਸਿਆਸੀ ਗਲਿਆਰਿਆਂ ਵਿੱਚ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਜਿਸ ਤੇਜ਼ੀ ਨਾਲ ਭਾਜਪਾ ਸਿੱਖ ਚਿਹਰਿਆਂ ਨੂੰ ਪਾਰਟੀ ਵਿੱਚ ਸ਼ਾਮਲ ਕਰ ਰਹੀ ਹੈ, ਉਹ ਭਾਈ ਰਾਜੋਆਣਾ ਦੀ ਫਾਂਸੀ ਨੂੰ ਉਮਰ ਕੈਦ ਵਿੱਚ ਬਦਲਣ ਦਾ ਵੱਡਾ ਐਲਾਨ ਕਰਕੇ ਇਸ ਦਾ ਸਿਆਸੀ ਲਾਹਾ (ਕ੍ਰੈਡਿਟ) ਲੈ ਸਕਦੀ ਹੈ। 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕੇਂਦਰ ਦੀ ਮੋਦੀ ਸਰਕਾਰ ਨੇ 8 ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਰਾਜੋਆਣਾ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦਾ ਫੈਸਲਾ ਲਿਆ ਸੀ, ਜੋ ਅਜੇ ਤੱਕ ਲਾਗੂ ਨਹੀਂ ਹੋ ਸਕਿਆ। ਜਿੱਥੇ ਭਾਈ ਰਾਜੋਆਣਾ ਦੇ ਮਾਮਲੇ ਵਿੱਚ ਭਾਜਪਾ ਕੋਈ ਸਪਸ਼ਟ ਫੈਸਲਾ ਲੈ ਕੇ ਸਿੱਖ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਸਕਦੀ ਹੈ, ਉੱਥੇ ਹੀ ਬਾਕੀ 'ਬੰਦੀ ਸਿੰਘਾਂ' ਦੀ ਰਿਹਾਈ ਨੂੰ ਲੈ ਕੇ ਕੇਂਦਰ ਸਰਕਾਰ ਅਜੇ ਵੀ ਦੁਚਿੱਤੀ ਵਿੱਚ ਦਿਖਾਈ ਦੇ ਰਹੀ ਹੈ। ਭਾਜਪਾ ਹੁਣ ਅਕਾਲੀ ਦਲ 'ਤੇ ਨਿਰਭਰ ਰਹਿਣ ਦੀ ਬਜਾਏ ਆਪਣੇ ਖੁਦ ਦੇ ਸਿੱਖ ਆਗੂ (ਜਿਵੇਂ ਕੈਪਟਨ ਅਮਰਿੰਦਰ ਸਿੰਘ, ਮਨਪ੍ਰੀਤ ਬਾਦਲ, ਰਵਨੀਤ ਬਿੱਟੂ, ਅਤੇ ਐਚ.ਐਸ. ਫੂਲਕਾ) ਪੈਦਾ ਕਰ ਰਹੀ ਹੈ। ਪਾਰਟੀ ਨੂੰ ਲੱਗਦਾ ਹੈ ਕਿ ਉਹ ਇਨ੍ਹਾਂ ਆਗੂਆਂ ਰਾਹੀਂ ਸਿੱਖ ਵੋਟ ਸਿੱਧੇ ਤੌਰ 'ਤੇ ਹਾਸਲ ਕਰ ਸਕਦੀ ਹੈ।ਬੰਦੀ ਸਿੰਘਾਂ ਦੀ ਰਿਹਾਈ ਵਰਗੇ ਮੁੱਦਿਆਂ 'ਤੇ ਕੇਂਦਰ ਸਰਕਾਰ (ਭਾਜਪਾ) ਦੀ ਪਹੁੰਚ ਸਖ਼ਤ ਰਹੀ ਹੈ। ਜੇਕਰ ਉਹ ਅਕਾਲੀ ਦਲ ਨਾਲ ਸਮਝੌਤਾ ਕਰਦੀ ਹੈ, ਤਾਂ ਉਸ ਨੂੰ ਇਨ੍ਹਾਂ ਪੰਥਕ ਮੰਗਾਂ 'ਤੇ ਝੁਕਣਾ ਪਵੇਗਾ, ਜੋ ਉਸ ਦੀ ਦੇਸ਼ ਵਿਆਪੀ 'ਰਾਸ਼ਟਰਵਾਦੀ' ਸਿਆਸਤ ਦੇ ਅਕਸ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਭਾਜਪਾ ਪੰਜਾਬ ਨੂੰ 'ਪ੍ਰਯੋਗਸ਼ਾਲਾ' ਵਜੋਂ ਦੇਖ ਰਹੀ ਹੈ ਜਿੱਥੇ ਉਹ ਇਕੱਲੇ ਚੋਣ ਲੜ ਕੇ ਇਹ ਦੇਖਣਾ ਚਾਹੁੰਦੀ ਹੈ ਕਿ ਉਹ ਕਿੰਨੀਆਂ ਸੀਟਾਂ 'ਤੇ ਮਜ਼ਬੂਤ ਹੋ ਸਕਦੀ ਹੈ। ਹਾਲ ਹੀ ਵਿੱਚ ਹੋਈਆਂ ਜ਼ਿਮਨੀ ਚੋਣਾਂ ਅਤੇ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਵੋਟ ਫੀਸਦੀ ਵਿੱਚ ਸੁਧਾਰ ਨੇ ਉਸ ਦੇ ਹੌਂਸਲੇ ਵਧਾਏ ਹਨ। ਭਾਜਪਾ ਹੁਣ ਪੰਜਾਬ ਵਿੱਚ ਕਿਸੇ ਦੀ 'ਪਿਛਲੱਗ' ਬਣ ਕੇ ਨਹੀਂ, ਬਲਕਿ ਇੱਕ 'ਮੁੱਖ ਧਿਰ' ਬਣ ਕੇ ਉੱਭਰਨਾ ਚਾਹੁੰਦੀ ਹੈ। ਉਸ ਨੂੰ ਲੱਗਦਾ ਹੈ ਕਿ ਅਕਾਲੀ ਦਲ ਨਾਲ ਗੱਠਜੋੜ ਉਸ ਦੇ ਪਸਾਰ ਦੇ ਰਾਹ ਵਿੱਚ ਰੋੜਾ ਬਣ ਸਕਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਕੋਲ ਅਜੇ ਵੀ ਮਾਝੇ (ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ) ਵਰਗੇ ਪੰਥਕ ਗੜ੍ਹਾਂ ਵਿੱਚ ਕੋਈ ਮਜ਼ਬੂਤ ਸਥਾਨਕ ਸਿੱਖ ਚਿਹਰਾ ਨਹੀਂ ਹੈ, ਨਾ ਹੀ ਵਿਸ਼ਾਲ ਕੇਡਰ ਹੈ। ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿੱਚੋਂ ਲਗਭਗ 70 ਤੋਂ 75 ਸੀਟਾਂ 'ਤੇ ਸਿੱਖ ਵੋਟਰਾਂ ਦਾ ਦਬਦਬਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਦਿੱਲੀ ਨਾਲ ਜੁੜੇ ਇਹ ਸਿੱਖ ਆਗੂ ਪੰਜਾਬ ਦੇ ਪੇਂਡੂ ਹਿਰਦਿਆਂ ਵਿੱਚ ਭਾਜਪਾ ਲਈ ਥਾਂ ਬਣਾ ਸਕਦੇ ਹਨ ਜਾਂ ਨਹੀਂ।

ਮਾਮਲਾ 328 ਪਵਿੱਤਰ ਸਰੂਪਾਂ ਦੀ ਕਥਿਤ ਬੇਅਦਬੀ ਦਾ

# ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਨੂੰ ਹਾਈਕੋਰਟ ਵੱਲੋਂ ਰਾਹਤ, ਮਿਲੀ ਅਗਾਊਂ ਜ਼ਮਾਨਤ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਵਿੱਤਰ ਸਰੂਪਾਂ ਨਾਲ ਸਬੰਧਿਤ ਬੇਹੱਦ ਸੰਵੇਦਨਸ਼ੀਲ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਸਾਬਕਾ ਸਕੱਤਰ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਮਾਮਲੇ ਦੀ ਸੁਣਵਾਈ ਦੌਰਾਨ ਕਈ ਅਹਿਮ ਟਿੱਪਣੀਆਂ ਕੀਤੀਆਂ ਹਨ।


ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਦੱਸਿਆ ਕਿ ਮੌਜੂਦਾ ਰਿਕਾਰਡ ਦੇ ਆਧਾਰ 'ਤੇ ਪਹਿਲੀ ਨਜ਼ਰੇ ਇਹ ਸਾਬਤ ਨਹੀਂ ਹੁੰਦਾ ਕਿ ਦੋਸ਼ੀ ਨੇ ਪਵਿੱਤਰ ਸਰੂਪਾਂ ਦੇ ਮਾਮਲੇ ਵਿੱਚ ਕੋਈ ਗਬਨ ਜਾਂ ਦੁਰਵਰਤੋਂ ਕੀਤੀ ਹੈ। ਅਦਾਲਤ ਨੇ ਜ਼ਿਕਰ ਕੀਤਾ ਕਿ ਇਸ ਮਾਮਲੇ ਵਿੱਚ ਐਫ.ਆਈ.ਆਰ. ਦਰਜ ਕਰਨ ਵਿੱਚ ਹੋਈ ਦੇਰੀ ਮਾਮਲੇ ਦੀ ਗੰਭੀਰਤਾ ਅਤੇ ਨੀਅਤ 'ਤੇ ਸਵਾਲ ਖੜ੍ਹੇ ਕਰਦੀ ਹੈ। ਪਟੀਸ਼ਨਕਰਤਾ ਨੇ ਦਲੀਲ ਦਿੱਤੀ ਕਿ ਉਹ ਸਿਰਫ਼ ਆਪਣੇ ਪ੍ਰਸ਼ਾਸਕੀ ਫਰਜ਼ ਨਿਭਾਅ ਰਿਹਾ ਸੀ ਅਤੇ ਸਰੂਪਾਂ ਦੀ ਸਿੱਧੀ ਸੰਭਾਲ ਜਾਂ ਦੇਖਭਾਲ ਦੀ ਜ਼ਿੰਮੇਵਾਰੀ ਉਸ ਕੋਲ ਨਹੀਂ ਸੀ। ਮਾਮਲੇ ਦੀ ਸੁਣਵਾਈ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਹੁਣ ਤੱਕ ਦੀ ਜਾਂਚ ਵਿੱਚ ਕੋਈ ਵੀ ਅਜਿਹਾ ਠੋਸ ਸਬੂਤ ਨਹੀਂ ਮਿਲਿਆ ਜੋ ਸਾਬਕਾ ਸਕੱਤਰ ਦੀ ਸਿੱਧੀ ਸ਼ਮੂਲੀਅਤ ਨੂੰ ਸਾਬਤ ਕਰ ਸਕੇ। ਇਸ ਦੇ ਆਧਾਰ 'ਤੇ ਅਦਾਲਤ ਨੇ ਮੰਨਿਆ ਕਿ ਮੁਲਜ਼ਮ ਦੀ ਹਿਰਾਸਤੀ ਪੁੱਛਗਿੱਛ ਜਾਂ ਗ੍ਰਿਫ਼ਤਾਰੀ ਦੀ ਫਿਲਹਾਲ ਕੋਈ ਲੋੜ ਨਹੀਂ ਹੈ।

ਯਾਦ ਰਹੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਵਿੱਤਰ ਸਰੂਪਾਂ ਦੇ ਘਟਣ ਦਾ ਮਾਮਲਾ ਸਿੱਖ ਜਗਤ ਵਿੱਚ ਕਾਫ਼ੀ ਚਰਚਾ ਅਤੇ ਵਿਵਾਦ ਦਾ ਵਿਸ਼ਾ ਰਿਹਾ ਹੈ। ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਕਈ ਅਧਿਕਾਰੀਆਂ 'ਤੇ ਸਵਾਲ ਉੱਠੇ ਸਨ, ਜਿਸ ਤੋਂ ਬਾਅਦ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਸੀ।

# ਮੋਦੀ ਸਰਕਾਰ ਵਲੋਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਤੋਂ 'ਦਾਖ਼ਲਾ ਫੀਸ' ਵਸੂਲਣ ਦਾ ਫੈਸਲਾ ਮੰਦਭਾਗਾ

## ✪ ਐਡਵੋਕੇਟ ਧਾਮੀ ਨੇ ਕੀਤੀ ਫੈਸਲਾ ਵਾਪਸ ਲੈਣ ਦੀ ਮੰਗ

ਅੰਮ੍ਰਿਤਸਰ-ਭਾਰਤ ਸਰਕਾਰ ਵੱਲੋਂ ਪਾਕਿਸਤਾਨ ਜਾਣ ਵਾਲੇ ਯਾਤਰੂਆਂ 'ਤੇ ਲਗਾਈ ਗਈ ਨਵੀਂ ਦਾਖ਼ਲਾ ਫੀਸ ਨੇ ਸਿੱਖ ਜਗਤ ਵਿੱਚ ਰੋਸ ਪੈਦਾ ਕਰ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਫੈਸਲੇ ਦੀ ਸਖ਼ਤ ਨਿਖੇਧੀ ਕਰਦਿਆਂ ਸਿੱਖ ਸ਼ਰਧਾਲੂਆਂ ਨੂੰ ਇਸ ਤੋਂ ਛੋਟ ਦੇਣ ਦੀ ਮੰਗ ਕੀਤੀ ਹੈ। ਜਾਣਕਾਰੀ ਅਨੁਸਾਰ, ਭਾਰਤ ਸਰਕਾਰ ਨੇ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਲਈ ਨਵੀਂ ਫੀਸ ਨਿਰਧਾਰਤ ਕੀਤੀ ਹੈ। ਜਾਣ ਸਮੇਂ ਫੀਸ 200 ਰੁਪਏ, ਵਾਪਸੀ ਸਮੇਂ ਫੀਸ 200 ਰੁਪਏ ਮਤਲਬ ਹਰ ਯਾਤਰੂ ਨੂੰ ਆਉਣ-ਜਾਣ ਲਈ ਕੁੱਲ 400 ਰੁਪਏ ਦਾਖ਼ਲਾ ਫੀਸ ਵਜੋਂ ਦੇਣੇ ਪੈਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਦੇਸ਼ ਦੀ ਵੰਡ ਸਮੇਂ ਵਿਛੜੇ



ਗੁਰਧਾਮਾਂ ਦੇ ਦਰਸ਼ਨ ਕਰਨਾ ਹਰ ਸਿੱਖ ਦੀ ਦਿਲੀ ਤਮੰਨਾ ਅਤੇ ਆਸਥਾ ਦਾ ਵਿਸ਼ਾ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਜਾਣ ਵਾਲੇ ਜਥਿਆਂ 'ਤੇ ਇਹ ਫੀਸ ਲਗਾਉਣਾ ਜਾਇਜ਼ ਨਹੀਂ ਹੈ। ਸ਼੍ਰੋਮਣੀ ਕਮੇਟੀ ਪਹਿਲਾਂ ਹੀ ਪਾਕਿਸਤਾਨ ਸਰਕਾਰ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਈ ਜਾਂਦੀ 20 ਡਾਲਰ ਫੀਸ ਨੂੰ ਖ਼ਤਮ ਕਰਨ ਦੀ ਮੰਗ ਕਰ ਰਹੀ ਹੈ, ਅਜਿਹੇ ਵਿੱਚ ਭਾਰਤ ਸਰਕਾਰ ਦਾ ਇਹ ਫੈਸਲਾ ਸ਼ਰਧਾਲੂਆਂ 'ਤੇ ਵਾਧੂ ਵਿੱਤੀ ਬੋਝ ਪਾਵੇਗਾ।

ਸੰਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਗੁਰਪੁਰਬਾਂ ਅਤੇ ਇਤਿਹਾਸਕ ਦਿਹਾੜਿਆਂ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਵੱਡੀ ਗਿਣਤੀ ਵਿੱਚ ਜਥੇ ਪਾਕਿਸਤਾਨ ਭੇਜੇ ਜਾਂਦੇ ਹਨ। ਧਾਮੀ ਨੇ ਚੇਤਾਵਨੀ ਦਿੱਤੀ ਕਿ ਅਜਿਹੇ ਫੈਸਲੇ ਸ਼ਰਧਾਲੂਆਂ ਦੀ ਆਸਥਾ ਨੂੰ ਸੱਟ ਮਾਰਦੇ ਹਨ। ਉਨ੍ਹਾਂ ਭਾਰਤ ਸਰਕਾਰ ਨੂੰ ਇਸ ਫੈਸਲੇ ਨੂੰ ਤੁਰੰਤ ਵਾਪਸ ਲੈਣ ਜਾਂ ਸਿੱਖ ਸ਼ਰਧਾਲੂਆਂ ਨੂੰ ਇਸ ਦੇ ਦਾਇਰੇ ਤੋਂ ਬਾਹਰ ਰੱਖਣ ਦੀ ਅਪੀਲ ਕੀਤੀ ਹੈ।

# ਭਾਈ ਸਾਹਿਬ ਪ੍ਰੋਫੈਸਰ ਮਹਿੰਦਰ ਸਿੰਘ ਨੂੰ "ਫ੍ਰੀਡਮ ਆਫ ਦਾ ਸਿਟੀ ਆਫ ਦਾ ਲੰਡਨ" ਸਨਮਾਨ ਨਾਲ ਸਨਮਾਨਿਤ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਨਿਸ਼ਕਾਮ ਸੇਵਕ ਜੱਥਾ ਦੇ ਮੁਖੀ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਦਾ ਅੱਜ ਲੰਡਨ ਦੇ ਗਿਲਡਹਾਲ ਵਿਖੇ "ਫ੍ਰੀਡਮ ਆਫ ਦਾ ਸਿਟੀ ਆਫ ਦਾ ਲੰਡਨ" ਦੇ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਭਾਈ ਸਾਹਿਬ ਦੀਆਂ ਅੰਤਰ ਧਰਮੀ ਸੇਵਾਵਾਂ ਲਈ ਪ੍ਰਦਾਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਹਨਾਂ ਨੂੰ ਮਹਾਰਾਣੀ ਐਲਿਜ਼ਾਬੈਥ ਵੱਲੋਂ ਸ਼ਾਹੀ ਖ਼ਿਤਾਬ ਓ ਬੀ ਈ ਨਾਲ ਸਨਮਾਨਿਤ ਕੀਤਾ ਗਿਆ ਸੀ।*

ਭਾਈ ਸਾਹਿਬ ਭਾਈ ਮਹਿੰਦਰ ਸਿੰਘ ਨੂੰ ਯੂ ਕੇ ਵਿੱਚ ਅੰਤਰ-ਧਰਮੀ ਭਾਈਚਾਰੇ ਵਿੱਚ ਇੱਕ ਬਹੁਤ ਹੀ ਸਤਿਕਾਰਤ ਸਿੱਖ ਆਗੂ ਵਜੋਂ ਜਾਣਿਆ ਜਾਂਦਾ ਹੈ, ਭਾਈ ਸਾਹਿਬ ਨੂੰ ਦਹਾਕਿਆਂ ਤੋਂ ਅੰਤਰ-ਧਰਮ ਸੰਵਾਦ ਅਤੇ ਵਿਸ਼ਵ ਸ਼ਾਂਤੀ ਦੇ ਮੋਹਰੀ ਰਹਿਣ ਵਾਲੇ, ਅਤੇ ਨੈਤਿਕ ਅਗਵਾਈ ਅਤੇ ਸਿੱਖਿਆ ਦੇ ਇੱਕ ਮਜ਼ਬੂਤ ਵਕੀਲ ਵਜੋਂ ਦਰਸਾਇਆ ਜਾਂਦਾ ਹੈ।

ਉਨ੍ਹਾਂ ਨੂੰ ਕੀਨੀਆ ਦੇ ਸਭ ਤੋਂ ਉੱਚੇ ਨਾਗਰਿਕ ਸਨਮਾਨ, ਮੋਰਨ ਆਫ਼ ਦ ਆਰਡਰ ਆਫ਼ ਦ ਗੋਲਡਨ ਹਾਰਟ ਦਾ ਸਨਮਾਨ ਹਾਲ ਹੀ ਵਿੱਚ ਉਹਨਾਂ ਦੇ ਵਿਕਾਸ ਅਤੇ ਆਪਸੀ ਭਾਈਚਾਰਕ ਸਾਂਝਾਂ ਲਈ ਉਨ੍ਹਾਂ ਦੀ ਅਗਵਾਈ ਦੇ ਸਨਮਾਨ ਵਿੱਚ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਉਹ



ਭਾਈ ਸਾਹਿਬ ਪ੍ਰੋਫੈਸਰ ਮਹਿੰਦਰ ਸਿੰਘ ਨੂੰ ਫ੍ਰੀਡਮ ਆਫ ਲੰਡਨ ਸਿਟੀ ਦਾ ਸਨਮਾਨ ਨਾਲ

ਪੋਪ ਬੇਨੇਡਿਕਟ ਤੋਂ ਸੇਂਟ ਗ੍ਰੈਗਰੀ ਦ ਗ੍ਰੇਟ ਦੀ ਪੋਪਲ ਨਾਈਟਹੁੱਡ ਪ੍ਰਾਪਤ ਕਰਨ ਵਾਲੇ ਵੀ ਪਹਿਲੇ ਸਿੱਖ ਹਨ।

ਭਾਈ ਸਾਹਿਬ ਭਾਈ ਮਹਿੰਦਰ ਸਿੰਘ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਸੋਨੇ ਦੇ ਪੱਤਰਿਆਂ ਦੀ ਸਾਫ਼ ਸਫ਼ਾਈ ਦੀ ਸੇਵਾ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੌਂਪੀ ਗਈ ਸੀ। ਇਥੇ ਇਹ ਕਹਿਣਾ ਠੀਕ ਰਹੇਗਾ ਕਿ ਭਾਈ ਮਹਿੰਦਰ ਸਿੰਘ ਦਾ ਸਿੱਖ ਅਤੇ ਗੈਰ ਸਿੱਖ ਭਾਈਚਾਰੇ ਵਿੱਚ ਪੂਰਾ ਸਤਿਕਾਰ ਹੈ ਅਤੇ ਉਹਨਾਂ ਨੂੰ ਫ੍ਰੀਡਮ ਆਫ ਲੰਡਨ ਸਿਟੀ ਦਾ ਸਨਮਾਨ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਗੈਰ ਸਿੱਖਾਂ ਦਾ ਕੋਈ ਹੋਰ ਗੁਰੂ ਨਹੀਂ - ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨ ਯੂ ਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਜੁੱਗੋ ਜੁੱਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਿੱਖਾਂ ਦੇ ਗੁਰੂ ਹਨ। ਕੋਈ ਦੇਹਧਾਰੀ ਮਨੁੱਖ ਸਿੱਖਾਂ ਦਾ ਗੁਰੂ ਨਹੀਂ ਹੋ ਸਕਦਾ। ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਵੱਲੋਂ ਨਾਮਧਾਰੀ ਸੰਪਰਦਾ ਦੇ ਮੁਖੀ ਵਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਧਾਰਮਿਕ ਪੁਸਤਕ ਆਖਣ ਤੇ ਇਤਰਾਜ਼ ਪ੍ਰਗਟ ਕਰਦਿਆਂ, ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ



ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ

ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਆਖਿਆ ਕਿ ਸਿੱਖ ਦਾ ਸੀਸ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗੈਰ ਕਿਸੇ ਵੀ ਗੁਰੂ ਅਖਵਾਉਂਦੇ ਦੇਹਧਾਰੀ ਵਿਆਕਤੀ ਮੂਹਰੇ ਝੁਕ ਨਹੀਂ ਸਕਦਾ। ਧਾਰਮਿਕ ਪੁਸਤਕ ਜਾਂ ਧਾਰਮਿਕ ਗ੍ਰੰਥ ਤਾਂ ਕਿਸੇ ਵੀ ਲਿਖੀ ਹੋਈ ਧਾਰਮਿਕ ਸਮਗਰੀ ਦੇ ਸਮੂਹ ਨੂੰ ਆਖਿਆ ਜਾ ਸਕਦਾ ਹੈ ਪਰ ਦੁਨੀਆਂ ਭਰ ਵਿੱਚ ਗੁਰੂ ਦਾ ਦਰਜਾ ਕੇਵਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਾਪਤ ਹੈ ਜੋ ਰਹਿੰਦੀ ਦੁਨੀਆ ਤੱਕ ਕਾਇਮ ਰਹੇਗਾ। ਸਿੱਖ ਧਰਮ ਇੱਕ ਵਿਲੱਖਣ ਅਤੇ ਉੱਚ ਆਤਮਿਕ ਸੋਚ ਵਾਲਾ ਧਰਮ ਹੈ, ਜਿਸਦਾ ਕੇਂਦਰ ਅਕਾਲ ਪੁਰਖ ਦਾ ਨਾਮ ਅਤੇ ਗੁਰਬਾਣੀ ਹੈ। ਕੋਈ ਵੀ ਦੇਹਧਾਰੀ ਮਨੁੱਖ ਉਨ੍ਹਾਂ ਦੀ ਬਰਾਬਰੀ ਨਹੀ ਕਰ ਸਕਦਾ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1708 ਵਿੱਚ ਸਿੱਖ ਜਗਤ ਨੂੰ ਹੁਕਮ ਕੀਤਾ ਕਿ ਉਨ੍ਹਾਂ ਤੋਂ ਬਾਅਦ ਕੋਈ ਵੀ ਮਨੁੱਖ ਗੁਰੂ ਨਹੀਂ ਹੋਵੇਗਾ ਅਤੇ ਗੁਰਤਾ ਗੱਦੀ ਸਦਾ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪੀ ਗਈ।

ਉਕਤ ਆਗੂਆਂ ਨੇ ਕਿਹਾ ਕਿ ਜਿਹੜੇ ਵਿਆਕਤੀ ਜਾਣੇ ਅਣਜਾਣੇ ਦੇਹਧਾਰੀ ਗੁਰੂਡੰਮ ਵਿੱਚ ਉਲਝੇ ਹੋਏ ਹਨ, ਉਹ ਨਿਰਸੰਦੇਹ ਸਿੱਖ ਕੌਮ ਦੇ ਖੈਰ ਖਵਾਹ ਨਹੀਂ ਹੋ ਸਕਦੇ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਵਲੋਂ ਸਿੱਖ ਜਗਤ ਨੂੰ ਅਜਿਹੇ ਵਿਵਾਦਾਂ ਤੋਂ ਸੁਚੇਤ ਰਹਿਣ ਦੀ ਸਨਿਮਰ ਅਪੀਲ ਕੀਤੀ ਹੈ।

# ਪ੍ਰਿਤਪਾਲ ਸਿੰਘ ਨਾਗੀ ਸਟੈਫੋਰਡਸ਼ਾਇਰ ਦੇ ਪਹਿਲੇ ਸਿੱਖ ਹਾਈ ਸ਼ੈਰਿਫ ਬਣੇ





ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਸਟੈਫੋਰਡਸ਼ਾਇਰ ਦੇ ਪ੍ਰਿਤਪਾਲ ਸਿੰਘ ਨਾਗੀ ਨੂੰ ਮਹਾਰਾਜਾ ਚਾਰਲਸ ਵੱਲੋਂ ਹਾਈ ਸ਼ੈਰਿਫ ਨਿਯੁਕਤ ਕੀਤਾ ਗਿਆ ਹੈ। ਸਟੈਫੋਰਡਸ਼ਾਇਰ ਦੇ ਹੁਣ ਤੱਕ ਦੇ 1000 ਸਾਲਾ ਤੋਂ ਵੱਧ ਸਮੇਂ ਵਿੱਚ ਪਹਿਲਾ ਸਿੱਖ "ਹਾਈ ਸ਼ੈਰਿਫ਼" ਬਣਿਆ ਹੈ। ਪੰਜਾਬ ਦੇ ਸ਼ਹਿਰ ਬਟਾਲਾ ਦੇ ਪਿੰਡ ਕਾਦੀਆਂ ਦੇ ਜੰਮਪਲ ਸ: ਨਾਗੀ 16 ਸਾਲ ਦੀ ਉਮਰ ਵਿੱਚ ਯੂ ਕੇ ਆ ਗਏ ਸੀ। ਸ: ਨਾਗੀ ਨੂੰ 2014 ਵਿੱਚ ਸਟੈਫੋਰਡਸ਼ਾਇਰ ਦਾ ਡਿਪਟੀ ਲੈਫਟੀਨੈਂਟ ਬਣਾਇਆ ਗਿਆ ਸੀ। ਅਤੇ ਉਹਨਾਂ ਦੀਆਂ ਸਮਾਜਿਕ ਸੇਵਾਵਾਂ ਨੂੰ ਮੁੱਖ ਰੱਖਦਿਆਂ 2017 ਵਿੱਚ ਮਹਾਰਾਣੀ ਐਲਿਜਾਬੈੱਥ ਵੱਲੋਂ "ਮੈਂਬਰ ਆਫ਼ ਦ ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ" ਐਮ ਬੀ ਈ ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਮੌਕੇ ਗਿਆਨੀ ਤਜਿੰਦਰ ਸਿੰਘ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

# ਡਰਬੀ ਵਿੱਚ 7 ਲੋਕਾਂ ਨੂੰ ਜ਼ਖਮੀ ਕਰਨ ਵਾਲੇ ਭਾਰਤੀ ਤੇ ਦੋਸ਼ ਲਾ ਕੇ ਹਿਰਾਸਤ ਵਿੱਚ ਭੇਜਿਆ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਸ਼ਹਿਰ ਡਰਬੀ ਵਿੱਚ ਇੱਕ ਪੱਬ ਦੇ ਬਾਹਰ ਇੱਕ ਭਾਰਤੀ ਮੂਲ ਦੇ ਵਿਅਕਤੀ ਨੂੰ ਖਤਰਨਾਕ ਡਰਾਈਵਿੰਗ ਦੇ ਦੋਸ਼ ਹੇਠ ਅੱਜ ਬੁੱਧਵਾਰ ਨੂੰ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਉਸ ਤੇ ਕਾਰ ਨਾਲ ਟੱਕਰ ਮਾਰ ਕੇ ਸੱਤ ਲੋਕਾਂ ਨੂੰ ਜ਼ਖਮੀ ਕਰਨ ਦੇ ਦੋਸ਼ ਲਗਾਏ ਗਏ ਹਨ।

ਡਰਬੀਸ਼ਾਇਰ ਪੁਲਿਸ ਨੇ ਕਿਹਾ ਕਿ ਸ਼ਨੀਵਾਰ ਰਾਤ ਲਗਭਗ 9.30 ਵਜੇ ਡਰਬੀ ਦੇ ਫਰੀਅਰ ਗੇਟ ਵਿੱਚ ਬਿਸ਼ਪ ਬਲੇਸ ਪੱਬ ਦੇ ਬਾਹਰ ਤਿੰਨ ਔਰਤਾਂ ਸਮੇਤ ਸੱਤ ਲੋਕ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਕੁਝ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ। ਪੁਲਿਸ ਮੁਤਾਬਿਕ ਇੱਕ ਕਾਲੇ ਰੰਗ ਦੀ ਸੁਜ਼ੂਕੀ ਸਵਿਫਟ ਕਾਰ ਜਿਸਨੂੰ ਭਾਰਤੀ ਮੂਲ ਦਾ 36 ਸਾਲਾ ਸੰਧੂ ਪੋਨਾਚਨ ਚਲਾ ਰਿਹਾ ਸੀ, ਕਾਰ ਅਚਾਨਕ ਫੁੱਟਪਾਥ 'ਤੇ ਚੜ੍ਹ ਗਈ ਅਤੇ ਕਈ ਲੋਕਾਂ ਨੂੰ ਦਰੜ ਦਿੱਤਾ।

ਪੋਨਾਚਨ 'ਤੇ ਇਰਾਦੇ ਨਾਲ ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਦੇ ਛੇ ਦੋਸ਼, ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਦਾ ਇੱਕ ਦੋਸ਼, ਅਤੇ ਇੱਕ ਚਾਕੂ ਵਾਲਾ ਸਮਾਨ ਰੱਖਣ ਦਾ ਵੀ ਇੱਕ ਦੋਸ਼ ਲਗਾਇਆ ਗਿਆ ਹੈ।

# BRITISH SIKH COUNCIL U.K.

CHARITY REG: 1173066

GIVE A LITTLE, HELP A LOT

# ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਪੁਰਬ ਦੀ ਲੱਖ ਲੱਖ ਵਧਾਈ





ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਹਿ ।।

ਖਾਲਸਾ ਜੀ ਵਿਸਾਖੀ ਦੇ ਮੌਕੇ ਤੇ ਖਾਲਸਾ ਪੰਥ ਦੀ ਸਾਜਨਾ ਕਰਨ ਦਾ ਇਹ ਉਹ ਵਡਭਾਗਾ ਸਮਾਂ ਹੈ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦੱਬੇ-ਕੁਚਲੇ, ਸਮੇਂ ਦੀਆਂ ਹਕੂਮਤਾਂ, ਜਰਵਾਣਿਆਂ ਤੇ ਜ਼ਾਬਰਾਂ ਵੱਲੋਂ ਲਿਤਾੜੇ ਤੇ ਝੰਬੇ ਹੋਏ ਗਰੀਬਾਂ, ਅਨਾਥਾਂ, ਕੰਮੀਆਂ ਤੇ ਬੇਸਹਾਰਾ ਹੋ ਗਏ ਲੋਕਾਂ ਨੂੰ ਸ਼ਸਤਧਾਰੀ ਬਣਾ ਕੇ ਖੰਡੇ ਦੀ ਪਾਹੁਲ ਛਕਾ ਕੇ ਸਿੱਧੇ ਅਕਾਲ ਪੁਰਖ ਨਾਲ ਜੋੜਿਆ । ਸਿੱਖਾਂ ਵਿਚੋਂ ਊਚ-ਨੀਚ ਤੇ ਜਾਤ-ਪਾਤ ਦਾ ਭੇਦ ਭਾਵ ਮਿਟਾ ਕੇ ਮਨੁੱਖੀ ਨਸਲ ਦੀ ਬਰਾਬਰੀ ਦਾ ਉਪਦੇਸ਼ ਦਿੱਤਾ । ਇਸ ਸ਼ੁਭ ਮੌਕੇ ਗੁਰੂ ਘਰ ਵਿਖੇ ਵਿਸਾਖੀ ਦੇ ਸਮਾਗਮ ਦਿੱਤੇ ਹੋਏ ਪ੍ਰੋਗਰਾਮ ਮੁਤਾਬਕ ਸ਼ਰਧਾ ਸਤਿਕਾਰ ਨਾਲ ਮਨਾਏ ਜਾ ਰਹੇ ਹਨ । ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਵੋ, ਗੁਰੂ ਦੇ ਦਰ 'ਤੇ ਹਾਜ਼ਰੀਆਂ ਲਵਾਓ, ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਹਾਸਲ ਕਰੋ ਜੀ ।

ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ ਬੀਤੇ ਸਮੇਂ ਵਿੱਚ ਵਣਜਾਰੇ ਸਿੱਖ ਬੱਚਿਆਂ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰ ਕਰਵਾਏ ਗਏ। ਵਣਜਾਰੇ ਤੇ ਸਿਕਲੀਗਰ ਸਿੱਖਾਂ ਲਈ ਭਾਰਤ ਦੇ ਵੱਖ-ਵੱਖ ਸੂਬਿਆਂ ਅਤੇ ਮੱਧ ਪ੍ਰਦੇਸ਼ ਵਿੱਚ ਹੁਣ ਤੱਕ 28 ਗੁਰਦੁਆਰਾ ਸਾਹਿਬਾਨ ਦੀ ਸੇਵਾ ਕਰਵਾਈ ਜਾ ਚੁੱਕੀ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਵੀ ਬ੍ਰਿਟਿਸ਼ ਸਿੱਖ ਸਕੂਲ ਖੋਹਲਿਆ ਗਿਆ, ਜਿੱਥੇ ਬੱਚਿਆਂ ਨੂੰ ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਗੁਰਮਤਿ ਵਿੱਦਿਆ ਵੀ ਦਿੱਤੀ ਜਾਂਦੀ ਹੈ, ਤਾਂ ਜੋ ਬੱਚੇ ਪੜ੍ਹ ਲਿਖ ਕੇ ਚੰਗੇ ਵਧੀਆ ਇਨਸਾਨ ਬਣਨ।

ਸੰਗਤਾਂ ਨੂੰ ਬੇਨਤੀ ਹੈ ਕਿ ਤੁਹਾਡੇ ਘਰਾਂ ਵਿੱਚ ਪਏ ਵਾਧੂ ਕੱਪੜੇ, ਭਾਂਡੇ, ਜੁੱਤੀਆਂ ਅਤੇ ਬੀਬੀਆਂ ਦੇ ਹੈਂਡ ਬੈਗ ਦੇ ਕੇ ਸਾਨੂੰ ਸਹਿਯੋਗ ਦਿਓ ਜੀ । ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਬੇਨਤੀ ਹੈ ਕਿ ਕੱਪੜਿਆਂ ਵਾਸਤੇ ਸਾਡਾ ਬਕਸਾ ਆਪਣੇ ਗੁਰੂ ਘਰ ਵਿਖੇ ਜ਼ਰੂਰ ਰਖਵਾਉਣ । ਇਹਨਾਂ ਸੇਵਾਵਾਂ ਸਦਕੇ ਅਸੀਂ ਪੌਣੇ ਤਿੰਨ ਕਰੋੜ ਤੋਂ ਵੱਧ ਕੇ ਪੰਦਰਾਂ ਕਰੋੜੀ ਖਾਲਸਾ ਬਣ ਸਕਾਂਗੇ ।

## ਗੁਰੂ ਪੰਥ ਦੇ ਦਾਸ - ਬ੍ਰਿਟਿਸ਼ ਸਿੱਖ ਕੌਂਸਲ BRITISH SIKH COUNCIL

**ਹੇਠਾਂ ਦਿੱਤੇ ਅਕਾਊਂਟ ਰਾਹੀਂ ਵੀ ਯੋਗਦਾਨ ਪਾ ਸਕਦੇ ਹੋ:**

Bank - Natwest, A/C Name: British Sikh Council UK
Sort code : 01-09-31 Account no : 59402792
INTERNATIONAL PAYMENTS: BIC : NWBK GB 2LIBAN
GB80 NWBK 0109 3159 4027 92

**== ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ :==**

| | |
|---|---|
| Bhai Tarsem Singh Deol | - 07950 692370 |
| Bhai Manohar Singh Hitchin | - 07970 060915 |
| Bhai Kewal Singh Kang Sohal | - 07405 630371 |
| Bhai Makhan Singh Glasgow | - 07824 862848 |
| Bhai Hajura Singh Coventry | - 07877 542171 |
| Bhai Mahinder Singh Sandher Telford | - 07891 649106 |

Address: BRITISH SIKH COUNCIL, 101 WOLVERHAMPTON ROAD WEST, WALSALL, W.M., WS2 0BX.
www.britishsikhcounciluk.org / Email: deol_bsc@hotmail.com

# ਸਾਡੇ ਸਾਰੇ ਗਾਹਕਾਂ ਤੇ ਸ਼ੁੱਭ ਚਿੰਤਕਾਂ ਨੂੰ ਵਿਸਾਖੀ ਦੀਆਂ ਵਧਾਈਆਂ

**Largest Glass Procesers, Merchants and Toughened Glass Manufacturer in Midlands**

HAPPY VAISAKHI

# B.G.L




**ਦੋ ਦਹਾਕੇ ਤੋਂ ਵੱਡੀ ਪੱਧਰ 'ਤੇ ਹਰ ਤਰ੍ਹਾਂ ਦਾ ਸ਼ੀਸ਼ਾ ਬਣਾਉਣ ਦੀ ਵਿਸ਼ਾਲ ਫੈਕਟਰੀ**



# ਬੀ.ਜੀ.ਐਲ





ਡਬਲ ਗਲੇਜ਼ਿੰਗ ਵਾਲਿਆਂ ਤੇ
ਸ਼ਾਪਫਰੰਟਸ ਬਣਾਉਣ ਵਾਲਿਆਂ ਲਈ
ਟਫਨਡ ਗਲਾਸ, ਲੈਮੀਨੇਟ ਗਲਾਸ,
ਸੀ ਐਨ ਸੀ, ਫਾਇਰ ਗਲਾਸ,
ਸੌਫਟ ਕੋਟਡ ਗਲਾਸ
ਬਹੁਤ ਹੀ ਉੱਤਮ ਕੀਮਤਾਂ 'ਤੇ ਉਪਲਬੱਧ ਹੈ।

**We Offer**

Glass Processing - Float Glass - Tempered Glass - CNC - Laminate - Mirror Cut To Size Safety Back Mirror 4mm, 6mm - Balustrade - Fire Glass - Obs Range - Soft Coated Glass Drill Holes - Polished - Operating From 60,000 Square Feet Factory







ਸਾਡਾ ਆਪਣਾ ਫਲੀਟ ਤੁਹਾਡੇ ਦਰਾਂ 'ਤੇ ਹਰ ਤਰ੍ਹਾਂ ਦਾ ਸ਼ੀਸ਼ਾ ਅਪੜਦਾ ਕਰੇਗਾ।

ਵਧੀਆ ਕੁਆਲਿਟੀ ਦਾ ਟਫਨਡ ਤੇ ਹਰ ਤਰ੍ਹਾਂ ਦਾ ਗਲਾਸ ਹਾਸਲ ਕਰਨ ਲਈ ਬੀ.ਜੀ.ਐਲ ਦੀਆਂ ਵਿਸ਼ੇਸ਼ ਕੀਮਤਾਂ ਦਾ ਫਾਇਦਾ ਉਠਾਓ


**ਵਧੀਆ ਕੁਆਲਟੀ – ਵਾਜਬ ਕੀਮਤਾਂ**



BSI Registered Firm
EN 12150

**Bloomsbury Glass Ltd**
Kelvin Way, West Bromwich
West Midlands, B70 7LH
**Tel : 0121 725 3000**
**Fax : 0121 725 3001**
E-mail : info@bloomsburyglass.co.uk
www.bloomsburyglass.co.uk

# ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਖਾਲਸਾ ਸਾਜਨਾ ਤੇ ਵਿਸਾਖੀ ਦੀਆਂ ਵਧਾਈਆਂ




ਯੌਰਕਸ਼ਾਇਰ ਸਿੱਖ ਫੋਰਮ ਦੇ ਚੇਅਰਮੈਨ, ਸ: ਨਿਰਮਲ ਸਿੰਘ ਸੇਖੋਂ, ਸਾਰੇ ਸਰਪ੍ਰਸਤਾਂ, ਅਹੁਦੇਦਾਰਾਂ ਅਤੇ ਸਾਰੇ ਮੈਂਬਰਾਂ ਵੱਲੋਂ ਸਮੂਹ ਜਗਤ ਨੂੰ ਖਾਲਸਾ ਸਾਜਨਾ ਅਤੇ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ ਹੋਣ। ਇਹ ਤਿਓਹਾਰ ਸਭਨਾਂ ਲਈ ਖੁਸ਼ੀਆਂ ਖੇੜੇ ਅਤੇ ਸੰਸਾਰ ਵਿੱਚ ਸ਼ਾਂਤੀ ਲੈ ਕੇ ਆਵੇ।

**HAPPY VAISAKHI**


Balwant Singh Bassi-Vice Chairman Huddersfield


Hardev Singh Sidhu
General Secretary


**Dr. Nirmal Singh Sekhon MBE, FRSA, HON. Fellow UOB, Founder Chairman YSF**


Dalbir Singh Kundi
Tresurer


Gurmail Singh Sahota
Vice Chair Leeds


Ajit Singh Lall


Raghbir Singh Sangha
Assistant Treasurer


Harvinder Singh Chatha
Advisory board


Karamjit Singh Sodhi
Fund Raising Committee


Balbir Singh
Events Advisor


Simmy Sekhon Solicitor
Stage Sec. & Spokes Person


Kawaljeet Singh
Assistant Secretary


Nirmal Singh Kandola
Fund Raising Committee



Gurdial Singh Johal
Assistant Auditor


Gurdial Singh Chatha
Member



Rajinder Singh Digwa LLB
Assistant Stage Secretary


Surjit Singh Bagri
Vice Chairman Bradford


Chuhar Singh Deol
Member


Sucha Singh Sahota
Member



Navdeep Singh Aulakh
Fund Raising Committee


Joginder Singh Teja
Patron


Dalip Singh Cheema
Patron


Balbir Singh Panesar
(DL) Patron


Narinder Singh Sekhon
(Judge) Patron


Kuldeep Kaur Bharaj
OBE, (DL) Patron


Sharon Jandu OBE
Patron


Jaswinder Kaur Rayat
Patron

# YORKSHIRE SIKH FORUM

**Contact:** - Dr. Nirmal Singh Sekhon MBE, FRSA, HON. Fellow UOB, Founder Chairman YSF - 07890 735123
GENERAL SECRETARY - Hardev Singh Sidhu - 07518 882887, TREASURER - Dalbir Singh Kundi - 07971 192812

# ਵਿਸਾਖੀ ਦੇ ਸੰਬੰਧ ਵਿੱਚ 26 ਅਪ੍ਰੈਲ ਨੂੰ ਲੈਸਟਰ ਚ ਸਜਾਇਆ ਜਾਵੇਗਾ ਵਿਸਾਲ ਨਗਰ ਕੀਰਤਨ

## * ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਤੋ ਆਰੰਭ ਹੋ ਕੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਵਿਖੇ ਹੋਵੇਗਾ ਸਮਾਪਤ

*ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੇ ਪਾਵਨ ਮੌਕੇ ਨੂੰ ਸਮਰਪਿਤ 26 ਅਪ੍ਰੈਲ ਦਿਨ ਐਤਵਾਰ ਨੂੰ ਇੰਗਲੈਂਡ ਦੇ ਸਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਹੋਲੀ ਬੋਨ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਇਹ ਨਗਰ ਕੀਰਤਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਛਤਰ ਛਾਇਆ ਹੇਠ ਅਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਵਿੱਚ ਸ਼ਾਨੋ-ਸ਼ੌਕਤ ਨਾਲ ਆਰੰਭ ਹੋਵੇਗਾ। ਨਗਰ ਕੀਰਤਨ ਵੱਖ-ਵੱਖ ਸਟਰੀਟਾ,, ਸੜਕਾਂ ਅਤੇ ਟਾਊਨ ਸੈਂਟਰ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਈਸਟ ਪਾਰਕ ਰੋਡ ਵਿਖੇ ਪੁੱਜੇਗਾ, ਜਿੱਥੇ ਅਰਦਾਸ ਉਪਰੰਤ ਵਿਸਾਲ ਧਾਰਮਿਕ ਦੀਵਾਨ ਸਜਾਏ ਜਾਣਗੇ ।*

ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ ਅਤੇ ਤੀਰ ਗਰੁੱਪ ਦੇ ਮੁੱਖ ਬੁਲਾਰੇ ਰਾਜਮਨਵਿੰਦਰ ਸਿੰਘ ਰਾਜਾ ਕੰਗ ਨੇ ਸਾਝੇ ਤੋਰ ਤੇ ਦੱਸਿਆ ਕਿ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਇਹ ਨਗਰ ਕੀਰਤਨ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਸਜਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਦੌਰਾਨ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਵਿੱਚ ਪਵਿੱਤਰ ਪਾਲਕੀ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦੇ ਹੋਏ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਿਰਕਤ ਕਰਨਗੀਆਂ।



ਗੁਰਨਾਮ ਸਿੰਘ ਨਵਾਂਸ਼ਹਿਰ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ, ਰਾਜਮਨਵਿੰਦਰ ਸਿੰਘ ਕੰਗ ਰਾਜਾ ਕੰਗ ਮੁੱਖ ਬੁਲਾਰੇ ਤੀਰ ਗਰੁੱਪ

ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਦੌਰਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਣਗੇ ਅਤੇ ਖਾਲਸਾ ਪੰਥ ਦੀ ਮਹਾਨ ਪਰੰਪਰਾ ਅਤੇ ਵਿਸਾਖੀ ਦੇ ਇਤਿਹਾਸ ਬਾਰੇ ਸੰਦੇਸ਼ ਦਿੱਤੇ ਜਾਣਗੇ। ਇਸ ਮੌਕੇ ਤੇ ਨਿਹੰਗ ਸਿੰਘਾਂ ਵੱਲੋਂ ਗਤਕਾ ਦੇ ਦਿਲਚਸਪ ਪ੍ਰਦਰਸ਼ਨ ਵੀ ਕੀਤੇ ਜਾਣਗੇ , ਜੋ ਸਿੱਖ ਮਰਿਆਦਾ ਅਤੇ ਵੀਰਤਾ ਦੀ ਝਲਕ ਪੇਸ਼ ਕਰਨਗੇ।

ਉਨ੍ਹਾਂ ਹੋਰ ਦੱਸਿਆ ਕਿ ਨਗਰ ਕੀਰਤਨ ਦੇ ਰਸਤੇ ਵਿੱਚ ਸਥਾਨਕ ਸੰਗਤਾਂ ਅਤੇ ਵੱਖ-ਵੱਖ ਸੰਸਥਾਵਾਂ ਵੱਲੋਂ ਥਾਂ-ਥਾਂ ਤੇ ਲੰਗਰਾਂ ਦੀ ਵਿਵਸਥਾ ਕੀਤੀ ਜਾਵੇਗੀ, ਜਿੱਥੇ ਸੰਗਤਾਂ ਨੂੰ ਤਰ੍ਹਾਂ-ਤਰ੍ਹਾਂ ਦੇ ਸੁਆਦੀ ਲੰਗਰ ਵਰਤਾਏ ਜਾਣਗੇ। ਇਸ ਤੋਂ ਇਲਾਵਾ ਨਗਰ ਕੀਰਤਨ ਦਾ ਰਸਤੇ ਵਿੱਚ ਭਰਵਾਂ ਸਵਾਗਤ ਕੀਤਾ ਜਾਵੇਗਾ ਅਤੇ ਸੰਗਤਾਂ ਵੱਲੋਂ ਸੇਵਾ ਭਾਵਨਾ ਨਾਲ ਪਾਣੀ, ਫਲ ਅਤੇ ਹੋਰ ਪ੍ਰਸਾਦ ਦੀ ਸੇਵਾ ਨਿਭਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਵਿਸਾਖੀ ਦੇ ਇਸ ਪਾਵਨ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਨੂੰ ਲੈ ਕੇ ਇਲਾਕੇ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਸੰਗਤਾਂ ਵੱਡੀ ਗਿਣਤੀ ਵਿੱਚ ਇਸ ਧਾਰਮਿਕ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਉਤਸੁਕ ਹਨ। ਪ੍ਰਬੰਧਕ ਕਮੇਟੀ ਵੱਲੋਂ ਵੀ ਸਮੂਹ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਇਹ ਨਗਰ ਕੀਰਤਨ ਪੂਰੀ ਸ਼ਾਨੋ-ਸ਼ੌਕਤ, ਅਨੁਸ਼ਾਸਨ ਅਤੇ ਗੁਰੂ ਮਰਿਆਦਾ ਅਨੁਸਾਰ ਸਜਾਇਆ ਜਾ ਸਕੇ।

ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਵੱਡੀ ਗਿਣਤੀ ਵਿੱਚ ਸ਼ਾਮਿਲ ਹੋ ਕੇ ਵਿਸਾਖੀ ਦੇ ਪਵਿੱਤਰ ਦਿਹਾੜੇ ਦੀਆਂ ਖੁਸ਼ੀਆਂ ਸਾਂਝੀਆਂ ਕਰਨ ਅਤੇ ਨਗਰ ਕੀਰਤਨ ਦੀ ਰੌਣਕ ਵਿੱਚ ਵਾਧਾ ਕਰਨ।

ਧਰਮਵੀਰ ਸਿੰਘ ਕਲੇਅਰ ਵੱਲੋਂ ਸਮੂਹ ਜਗਤ ਨੂੰ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ




We offer property finance, please call Dharmveer Singh Claire a member of NACFB and accredited by FIBA request anyone looking for commercial lending do not hesitate to call.
*We also specialise in commercial finance lending for the medical and education sectors.*

0333 200 7463| Email : info@pinnaclebrokers.co.uk | Website : www.pinnaclebrokers.co.uk

ਕਾਰੋਬਾਰੀ ਫਾਈਨਾਂਸ ਲਈ ਸਾਡੀਆਂ ਤੇਜ਼ ਸੇਵਾਵਾਂ, ਵਪਾਰਕ ਮਾਰਗੇਜ, ਪ੍ਰੌਪਰਟੀ ਮਾਰਗੇਜ, ਐਸਿਟ ਅਤੇ ਆਕਸ਼ਨ ਫਾਈਨਾਂਸ, ਬ੍ਰਿਜਿੰਗ ਫਾਈਨਾਂਸ ਆਦਿ ਵਾਸਤੇ ਸਾਡੀਆਂ ਸੇਵਾਵਾਂ ਹਾਸਲ ਕਰੋ

PINNACLE BROKER LTD

102 CLAY LANE, COVENTRY, CV2 4LN
TEL: 0333 200 7463

WE ARE AUTHORISED AND REGULATED BY THE FINANCIAL CONDUCT AUTHORITY FNR NUMBER 946067
PROUD MEMBERS OF NACFB NUMBER 29506, ACCREDITED BY FIBA NUMBER 40158

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ ॥
ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮੁ ਸੁਹੇਲਾ ॥ ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਸਮੂਹ ਸੇਵਾਦਾਰਾਂ ਤੇ ਸੰਗਤਾਂ ਵੱਲੋਂ

# ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਸਮੂਹ ਜਗਤ ਨੂੰ ਲੱਖ ਲੱਖ ਵਧਾਈ

VENUE: GURDWARA SRI GURU SINGH SABHA, PRINCES STREET, DERBY, DE23 8NT. TEL: 01332 773010

ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਹਿ ।।

ਖਾਲਸਾ ਜੀ ਵਿਸਾਖੀ ਦੇ ਮੌਕੇ ਤੇ ਖਾਲਸਾ ਪੰਥ ਦੀ ਸਾਜਨਾ ਕਰਨ ਦਾ ਇਹ ਉਹ ਵਡਭਾਗਾ ਸਮਾਂ ਹੈ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦੱਬੇ-ਕੁਚਲੇ, ਸਮੇਂ ਦੀਆਂ ਹਕੂਮਤਾਂ, ਜਰਵਾਣਿਆਂ ਤੇ ਜ਼ਾਬਰਾਂ ਵੱਲੋਂ ਲਿਤਾੜੇ ਤੇ ਝੰਭੇ ਹੋਏ ਗਰੀਬਾਂ, ਅਨਾਥਾਂ, ਕੰਮੀਆਂ ਤੇ ਬੇਸਹਾਰਾ ਹੋ ਗਏ ਲੋਕਾਂ ਨੂੰ ਸ਼ਸਤਧਾਰੀ ਬਣਾ ਕੇ ਖੰਡੇ ਦੀ ਪਾਹੁਲ ਛਕਾ ਕੇ ਸਿੱਧੇ ਅਕਾਲ ਪੁਰਖ ਨਾਲ ਜੋੜਿਆ । ਸਿੱਖਾਂ ਵਿਚੋਂ ਊਚ-ਨੀਚ ਤੇ ਜਾਤ-ਪਾਤ ਦਾ ਭੇਦ ਭਾਵ ਮਿਟਾ ਕੇ ਮਨੁੱਖੀ ਨਸਲ ਦੀ ਬਰਾਬਰੀ ਦਾ ਉਪਦੇਸ਼ ਦਿੱਤਾ । ਇਸ ਸ਼ੁਭ ਮੌਕੇ ਗੁਰੂ ਘਰ ਵਿਖੇ ਵਿਸਾਖੀ ਦੇ ਸਮਾਗਮ ਦਿੱਤੇ ਹੋਏ ਪ੍ਰੋਗਰਾਮ ਮੁਤਾਬਕ ਸ਼ਰਧਾ ਸਤਿਕਾਰ ਨਾਲ ਮਨਾਏ ਜਾ ਰਹੇ ਹਨ । ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਵੋ, ਗੁਰੂ ਦੇ ਦਰ 'ਤੇ ਹਾਜ਼ਰੀਆਂ ਲਵਾਓ, ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਹਾਸਲ ਕਰੋ ਜੀ ।



## ਪ੍ਰੋਗਰਾਮ ਦਾ ਵੇਰਵਾ :

ਗੁਰੂ ਘਰ ਅਤੇ ਸੰਗਤ ਵੱਲੋਂ ਸਹਿਜ ਪਾਠ ਦੇ ਭੋਗ ਵਿਸਾਖੀ ਵਾਲੇ ਦਿਨ ਮੰਗਲਵਾਰ 14 ਅਪਰੈਲ ਸ਼ਾਮ ਨੂੰ ਪਾਏ ਜਾਣਗੇ ਉਪ੍ਰੰਤ ਰਹਿਰਾਸ ਸਾਹਿਬ ਦੇ ਪਾਠ ਪਿੱਛੋਂ ਸ਼ਾਮ 6:00 ਵਜੇ ਤੋਂ 8:30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਾਏ ਜਾਣਗੇ।

ਬੀਬੀਆਂ ਵੱਲੋਂ ਸਹਿਜ ਪਾਠ ਦੇ ਭੋਗ ਐਤਵਾਰ 19 ਅਪਰੈਲ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਦੀਵਾਨ ਸਜਣਗੇ ਅਤੇ ਗੁਰੂ ਘਰ ਦਾ ਜਥਾ ਕੀਰਤਨ ਕਰੇਗਾ ਤੇ ਪੰਜਾਬੀ ਸਕੂਲ ਦੇ ਬੱਚਿਆਂ ਵੱਲੋਂ ਵਿਸਾਖੀ ਸਬੰਧੀ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ ।

ਸ਼ੁੱਕਰਵਾਰ 17 ਅਪ੍ਰੈਲ ਨੂੰ ਅਕਾਲ ਪ੍ਰਾਇਮਰੀ ਸਕੂਲ ਡਰਬੀ ਦੇ ਬੱਚੇ ਸਕੂਲ ਦੀ ਯਾਤਰਾ ਕਰਨਗੇ, ਤੇ ਸਿੱਖ ਧਰਮ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ ।

## ਕੇਂਦਰੀ ਸਿੱਖ ਅਜਾਇਬ ਘਰ



ਇਥੇ ਅਜਾਇਬ ਘਰ ਵਿਖੇ ਸਿੱਖ ਇਤਿਹਾਸ ਨਾਲ ਸਬੰਧਿਤ ਵੱਡੀਆਂ ਤੋਪਾਂ, ਸਿੰਘਾਂ ਦੇ ਜੰਗਾਂ ਯੁੱਧਾਂ ਦੌਰਾਨ ਵਰਤੇ ਇਤਿਹਾਸਕ ਸ਼ਸਤਰ-ਬਸਤਰ ਵਿਸ਼ਵ ਯੁੱਧ ਦੇ ਸ਼ਸਤਰ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਵਸਤਾਂ ਸੰਗਤਾਂ ਦੇ ਦਰਸ਼ਨਾਂ ਲਈ ਰੱਖੀਆਂ ਹੋਈਆਂ ਹਨ, ਜਿਨ੍ਹਾਂ ਦੇ ਦਰਸ਼ਨ ਦਿਦਾਰੇ ਸੰਗਤਾਂ ਇਥੇ ਆ ਕੇ ਕਰਦੀਆਂ ਹਨ, ਕੋਈ ਦਾਖਲਾ ਟਿਕਟ ਨਹੀਂ । ਯੂ ਕੇ ਦੇ ਹੋਰ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਸਿੱਖ ਸੰਗਤਾਂ, ਸਕੂਲਾਂ ਦੇ ਵਿਦਿਆਰਥੀਆਂ ਅਤੇ ਇਤਿਹਾਸ ਦੇ ਵਿਦਿਆਰਥੀਆਂ ਨੂੰ ਇਸ ਮਿਊਜ਼ੀਅਮ ਨੂੰ ਦੇਖਣ ਲਈ ਸੱਦਾ ਦਿੱਤਾ ਜਾਂਦਾ ਹੈ। ਬੀਤੇ ਸਾਲਾਂ 'ਚ ਕਈ ਸ਼ਹਿਰਾਂ ਦੇ ਸਕੂਲਾਂ ਤੋਂ ਗਰੁੱਪ ਇਹ ਮਿਊਜ਼ੀਅਮ ਦੇਖਣ ਆਏ।

ਵਿਸ਼ੇਸ਼ ਨੋਟ:- ਜੇ ਕਿਸੇ ਵੀਰ ਭੈਣ ਦੇ ਕੋਲ ਸਿੱਖ ਇਤਿਹਾਸ ਨਾਲ ਸਬੰਧਿਤ ਹੋਰ ਪੁਰਾਤਨ ਵਸਤਾਂ ਹੋਣ ਤਾਂ ਉਹ ਹੇਠਾਂ ਦਿੱਤੇ ਹੋਏ ਨੰਬਰ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਮਿਊਜ਼ੀਅਮ ਦੇ ਪ੍ਰਬੰਧਕਾਂ ਨਾਲ ਸੰਪਰਕ ਕਰ ਸਕਦੇ ਹਨ।

**Open - Monday - Sunday 10:00am - 15:00pm**

Visit us to know more at www.nationalsikhmuseum.com

## ਡਰਬੀ ਵਿਖੇ ਨਗਰ ਕੀਰਤਨ 19 ਅਪ੍ਰੈਲ ਐਤਵਾਰ ਨੂੰ ਸਜਾਏ ਜਾਣਗੇ

19 ਅਪ੍ਰੈਲ ਦਿਨ ਐਤਵਾਰ ਨੂੰ ਡਰਬੀ ਦੇ ਪੰਜਾਂ ਗੁਰੂ ਘਰਾਂ ਵੱਲੋਂ ਸਾਂਝੇ ਤੌਰ ਤੇ ਹਰ ਸਾਲ ਦੀ ਤਰ੍ਹਾਂ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਗਿਆ ਹੈ, ਸੰਗਤਾਂ ਨੂੰ ਬੇਨਤੀ ਹੈ ਕਿ ਦੁਪਹਿਰ ਬਾਅਦ 2:00 ਵਜੇ ਸਾਰੀਆਂ ਸੰਗਤਾਂ ਨਗਰ ਕੀਰਤਨ ਵਿਚ ਹੁੰਮ ਹੁੰਮਾ ਕੇ ਸ਼ਾਮਿਲ ਹੋਣ । ਨਗਰ ਕੀਰਤਨ ਦੌਰਾਨ ਅਨੁਸ਼ਾਸਨ ਰੱਖਣ ਲਈ ਬੇਨਤੀ ਕੀਤੀ ਜਾਂਦੀ ਹੈ

ਪ੍ਰੋਗਰਾਮ ਬੁੱਕ ਕਰਨ ਜਾਂ ਹੋਰ ਜਾਣਕਾਰੀ ਲੈਣ ਲਈ ਸੰਪਰਕ ਕਰੋ ਭਾਈ ਅਜੀਤ ਸਿੰਘ - 07533 362911

## ਬੇਨਤੀ ਕਰਤਾ - ਪ੍ਰਬੰਧਕ ਕਮੇਟੀ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ

ਪ੍ਰਧਾਨ: ਭਾ: ਰਘਬੀਰ ਸਿੰਘ ਜ: ਸੈ ਰਾਜਿੰਦਰ ਸਿੰਘ ਪੁਰੇਵਾਲ ਖਜ਼ਾਨਚੀ: ਭਾ: ਅਜੀਤ ਸਿੰਘ ਭਾ: ਬਲਬੀਰ ਸਿੰਘ ਚੀਮਾ ਭਾ: ਸਤਨਾਮ ਸਿੰਘ

GURDWARA SRI GURU SINGH SABHA, PRINCES STREET, DERBY, DE23 8NT. TEL: 01332 773010

# ਇੰਗਲੈਂਡ ਵਿੱਚ ਤਲਾਕ ਮੰਗਣ ਵਾਲੀ ਪਤਨੀ ਦੇ ਕਾਤਲ ਹਰਮਿੰਦਰ ਮੱਟੂ ਨੂੰ ਉਮਰ ਕੈਦ ਦੀ ਸਜ਼ਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਦੇ ਓਲਡਬਰੀ ਵਿੱਚ ਬੀਤੇ ਵਰ੍ਹੇ ਹੋਏ ਇੱਕ ਪੰਜਾਬਣ ਪਰਮਜੀਤ ਕੌਰ ਦੇ ਕਤਲ ਦੇ ਮਾਮਲੇ ਸਬੰਧੀ ਵੁਲਵਰਹੈਂਪਟਨ ਕਰਾਊਨ ਕੋਰਟ ਵਿੱਚ ਅੱਜ ਜੱਜ ਜੌਨ ਬਟਰਫੀਲਡ ਕੇ.ਸੀ. ਨੇ ਹਰਮਿੰਦਰ ਮੱਟੂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਨਾਲ ਹੀ ਜਮਾਨਤ ਤੋਂ ਪਹਿਲਾਂ ਘੱਟੋ-ਘੱਟ 18 ਸਾਲ ਕੈਦ ਰੱਖਣ ਦੀ ਸਜ਼ਾ ਸੁਣਾਈ ਹੈ। ਪਰਮਜੀਤ ਕੌਰ ਦੇ ਪਤੀ 51 ਸਾਲਾ ਹਰਮਿੰਦਰ ਸਿੰਘ ਮੱਟੂ ਨੇ ਘਟਨਾ ਤੋਂ ਤੁਰੰਤ ਬਾਅਦ 31 ਮਾਰਚ ਨੂੰ ਵੈਸਟ ਬ੍ਰਾਮਿੰਚ ਪੁਲਿਸ ਸਟੇਸ਼ਨ ਖ਼ੁਦ ਹੀ ਜਾ ਕੇ ਦੋਸ਼ ਕਬੂਲੇ ਸਨ, ਪਰ ਸੁਣਵਾਈ ਦੌਰਾਨ ਉਹ ਕਤਲ ਦੇ ਦੋਸ਼ਾਂ ਤੋਂ ਇਨਕਾਰ ਕਰਦਾ ਰਿਹਾ।



ਮ੍ਰਿਤਕ ਪਰਮਜੀਤ ਕੌਰ ਅਤੇ ਦੋਸ਼ੀ ਹਰਮਿੰਦਰ ਮੱਟੂ

ਲੇਕਨ ਜਿਊਰੀ ਨੇ ਮੱਟੂ ਨੂੰ ਦੋਸ਼ੀ ਠਹਿਰਾਇਆ ਅਤੇ ਅੱਜ ਉਸ ਨੂੰ ਵੁਲਵਰਹੈਂਪਟਨ ਅਦਾਲਤ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਵਿੱਚ ਦੱਸਿਆ ਕਿ ਹਰਮਿੰਦਰ ਮੱਟੂ ਦੀ ਪਤਨੀ ਪਰਮਜੀਤ ਕੌਰ ਆਪਣੇ ਵਿਆਹ ਦਾ 10 ਸਾਲ ਪੁਰਾਣਾ ਰਿਸ਼ਤਾ ਖ਼ਤਮ ਕਰਕੇ ਤਲਾਕ ਲੈਣਾ ਚਾਹੁੰਦੀ ਸੀ। ਜਿਸ ਨੂੰ ਲੈ ਕੇ 51 ਸਾਲਾ ਮੱਟੂ ਨੇ ਉਨ੍ਹਾਂ ਦੇ ਓਲਡਬਰੀ ਘਰ ਵਿੱਚ ਹੀ ਪਰਮਜੀਤ ਕੌਰ ਦਾ ਗਲਾ ਘੁੱਟ ਕੇ ਅਤੇ ਫਿਰ ਉਸਦੀ ਗਰਦਨ ਵਿੱਚ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ।

ਪਰਮਜੀਤ ਕੌਰ, ਜਿਸਨੂੰ ਸੋਨੀ ਵਜੋਂ ਜਾਣਿਆ ਜਾਂਦਾ ਸੀ, ਦਾ ਜਨਮ ਪੰਜਾਬ, ਭਾਰਤ ਵਿੱਚ ਹੋਇਆ ਸੀ, ਅਤੇ 2010 ਅਤੇ 2011 ਦੇ ਵਿਚਕਾਰ ਯੂ ਕੇ ਆਈ ਸੀ।

# ਮਹਾਰਾਜਾ ਚਾਰਲਸ ਅਤੇ ਪ੍ਰੀਵਾਰ ਨੇ ਈਸਟਰ ਮੌਕੇ ਸੇਂਟ ਜਾਰਜ ਚੈਪਲ, ਵਿੰਡਸਰ ਵਿਖੇ ਹਾਜ਼ਰੀ ਭਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਰਾਜਾ ਚਾਰਲਸ ਅਤੇ ਰਾਣੀ ਕੈਮਿਲਾ ਨੇ ਸੇਂਟ ਜਾਰਜ ਚੈਪਲ, ਵਿੰਡਸਰ ਵਿੱਚ ਈਸਟਰ ਸੰਡੇ ਚਰਚ ਸੇਵਾ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨਾਲ ਸ਼ਾਹੀ ਪਰਿਵਾਰ ਦੇ ਹੋਰ ਮੈਂਬਰ ਵੀ ਸ਼ਾਮਲ ਹੋਏ, ਜਿਨ੍ਹਾਂ ਵਿੱਚ ਪ੍ਰਿੰਸ ਆਫ਼ ਵੇਲਜ਼ ਵਿਲੀਅਮ ਅਤੇ ਵੇਲਜ਼ ਦੀ ਰਾਜਕੁਮਾਰੀ ਕੈਥਰੀਨ ਆਦਿ ਸ਼ਾਮਿਲ ਸਨ। ਪ੍ਰਿੰਸ ਵਿਲੀਅਮ ਅਤੇ ਰਾਜਕੁਮਾਰੀ ਕੈਥਰੀਨ ਆਪਣੇ ਬੱਚਿਆਂ ਨੂੰ ਲੈ ਕੇ ਜਦੋਂ ਚਰਚ ਵੱਲ ਜਾ ਰਹੇ ਸਨ ਤਾਂ ਰਸਤੇ ਵਿੱਚ ਖੜ੍ਹੇ ਲੋਕਾਂ ਨੇ ਤਾੜੀਆਂ ਨਾਲ ਸਵਾਗਤ ਕੀਤਾ। ਰਾਜਕੁਮਾਰੀ ਸ਼ਾਰਲੋਟੇ ਨੇ ਲੋਕਾਂ ਵੱਲ ਹੱਥ ਹਿਲਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਰਾਜਕੁਮਾਰੀ ਐਨੀ ਉਸਦੇ ਪਤੀ ਸਰ ਟਿਮ ਲਾਰੈਂਸ ਅਤੇ ਪ੍ਰਿੰਸ ਐਡਵਰਡ ਅਤੇ ਉਸਦੇ ਪ੍ਰੀਵਾਰ ਨੇ ਵੀ ਸ਼ਿਰਕਤ ਕੀਤੀ। ਮਹਾਰਾਜਾ ਚਾਰਲਸ ਅਤੇ ਰਾਣੀ ਕੈਮਿਲਾ ਸਭ ਤੋਂ ਅਖੀਰ ਵਿੱਚ ਪਹੁੰਚੇ ਅਤੇ ਦਰਸ਼ਕਾਂ ਵੱਲੋਂ ਉਹਨਾਂ ਦਾ ਭਰਪੂਰ ਸਵਾਗਤ ਕੀਤਾ ਗਿਆ ਅਤੇ ਉਹਨਾਂ ਨੂੰ ਈਸਟਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਮਹਾਰਾਜਾ ਨੇ ਇਸ ਮੌਕੇ ਲੋਕ ਸੇਵਾ ਕਰਨ ਵਾਲੇ ਯੂ ਕੇ ਦੇ 77 ਪੁਰਸ਼ਾਂ ਅਤੇ 77 ਔਰਤਾਂ ਨੂੰ ਤੋਹਫ਼ੇ ਭੇਟ ਕੀਤੇ।



ਮਹਾਰਾਜਾ ਚਾਰਲਸ ਅਤੇ ਸ਼ਾਹੀ ਪ੍ਰੀਵਾਰ ਈਸਟਰ ਮੌਕੇ

ਇਸ ਸਮਾਗਮ ਵਿੱਚ ਐਂਡਰਿਊ ਮਾਊਂਟਬੈਟਨ-ਵਿੰਡਸਰ, ਉਨ੍ਹਾਂ ਦੀ ਸਾਬਕਾ ਪਤਨੀ ਸਾਰਾਹ ਫਰਗੂਸਨ, ਅਤੇ ਧੀਆਂ ਰਾਜਕੁਮਾਰੀਆਂ ਬੀਟਰਿਸ ਅਤੇ ਯੂਜੀਨੀ ਗੈਰਹਾਜ਼ਰ ਰਹੀਆਂ।

# ਹੁਣ ਬਰਤਾਨੀਆ ਵਿੱਚ ਦੋ ਤੋਂ ਵੱਧ ਬੱਚਿਆਂ ਵਾਲੇ ਪ੍ਰੀਵਾਰਾਂ ਦੇ ਵਿੱਤੀ ਲਾਭ 'ਚ ਮੁੜ ਵਾਧਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਲੇਬਰ ਸਰਕਾਰ ਨੇ ਅੱਜ ਤੋਂ ਸਿਰਫ਼ ਦੋ ਬੱਚਿਆਂ ਨੂੰ ਹੀ ਵਿੱਤੀ ਲਾਭ ਦੇਣ ਵਾਲੀ ਯੋਜਨਾ ਨੂੰ ਖ਼ਤਮ ਕਰਕੇ ਤਿੰਨ ਜਾਂ ਵੱਧ ਬੱਚਿਆਂ ਵਾਲੇ ਪ੍ਰੀਵਾਰਾਂ ਨੂੰ ਵੀ ਬਰਾਬਰ ਦਾ ਲਾਭ ਦੇਣ ਦੀ ਯੋਜਨਾ ਦੀ ਸ਼ੁਰੂਆਤ ਕਰ ਦਿੱਤੀ ਹੈ, ਜਿਸ ਨਾਲ ਲਗਭਗ 480,000 ਪਰਿਵਾਰਾਂ ਨੂੰ ਔਸਤਨ 4,100 ਪੌਂਡ ਪ੍ਰਤੀ ਸਾਲ ਦਾ ਵਾਧੂ ਭੁਗਤਾਨ ਮਿਲੇਗਾ। ਇਸ ਦੇ ਨਾਲ ਹੀ ਪੈਨਸ਼ਨਾਂ ਅਤੇ ਯੂਨੀਵਰਸਲ ਕ੍ਰੈਡਿਟ ਵਾਧੇ ਨਾਲ ਵੱਡੇ ਪਰਿਵਾਰਾਂ ਲਈ ਹੋਰ ਵਿੱਤੀ ਲਾਭ ਵੀ ਸ਼ਾਮਲ ਹਨ। ਪਿਛਲੇ ਨੌਂ ਸਾਲਾਂ ਦੌਰਾਨ ਮਾਪੇ ਆਪਣੇ ਪਹਿਲੇ ਦੋ ਬੱਚਿਆਂ ਲਈ ਹੀ ਯੂਨੀਵਰਸਲ ਕ੍ਰੈਡਿਟ ਜਾਂ ਟੈਕਸ ਕ੍ਰੈਡਿਟ ਦਾ ਦਾਅਵਾ ਕਰ ਸਕਦੇ ਸਨ। ਉਕਤ ਨੀਤੀ ਨਾਲ ਖਜ਼ਾਨੇ ਨੂੰ ਪ੍ਰਤੀ ਸਾਲ ਲਗਭਗ 3.6 ਅਰਬ ਪੌਂਡ ਦੀ ਬਚਤ ਹੋਣ ਦਾ ਅਨੁਮਾਨ ਹੈ। ਯੂਨੀਵਰਸਲ ਕ੍ਰੈਡਿਟ ਲਈ ਮੂਲ ਭੱਤੇ ਵਿੱਚ ਹੋਰ ਬਦਲਾਅ ਵੀ ਹੋਏ ਹਨ ਜਿਸ ਨਾਲ ਇਸ ਸਾਲ ਲਗਭਗ 30 ਲੱਖ ਪਰਿਵਾਰਾਂ ਨੂੰ ਔਸਤਨ 120 ਪੌਂਡ ਦਾ ਵਾਧੂ ਭੁਗਤਾਨ ਮਿਲੇਗਾ। ਰਾਜ ਪੈਨਸ਼ਨ ਵੀ ਔਸਤ ਤਨਖਾਹ ਦੇ ਅਨੁਸਾਰ 4.8% ਵਧ ਰਹੀ ਹੈ। ਰਾਜ ਪੈਨਸ਼ਨ ਪ੍ਰਾਪਤ ਕਰਨ ਦੀ ਉਮਰ ਵੀ ਵਧਾ ਦਿੱਤੀ ਹੈ ਜੋ ਅਗਲੇ ਦੋ ਸਾਲਾਂ ਵਿੱਚ 66 ਤੋਂ 67 ਤੱਕ ਹੋਵੇਗੀ।

# ਮਿਡਲ ਈਸਟ ਤਣਾਅ ਦਾ ਅਸਰ: ਏਅਰ ਇੰਡੀਆ ਨੇ ਵਧਾਏ ਫਿਊਲ ਚਾਰਜ, 8 ਅਪ੍ਰੈਲ ਤੋਂ ਵਧਣਗੀਆਂ ਕੀਮਤਾਂ

ਨਵੀਂ ਦਿੱਲੀ, : ਮਿਡਲ ਈਸਟ ਵਿੱਚ ਜਾਰੀ ਤਣਾਅ ਕਾਰਨ ਜੈੱਟ ਫਿਊਲ ਦੀਆਂ ਕੀਮਤਾਂ ਵਿੱਚ ਵੱਡਾ ਇਜਾਫ਼ਾ ਹੋਇਆ ਹੈ, ਜਿਸਦਾ ਅਸਰ ਹੁਣ ਹਵਾਈ ਯਾਤਰੀਆਂ ਦੀ ਜੇਬ 'ਤੇ ਪੈਣ ਜਾ ਰਿਹਾ ਹੈ। ਭਾਰਤ ਦੀ ਪ੍ਰਮੁੱਖ ਏਅਰਲਾਈਨ ਏਅਰ ਇੰਡੀਆ ਨੇ ਵਧ ਰਹੀਆਂ ਲਾਗਤਾਂ ਨੂੰ ਦੇਖਦੇ ਹੋਏ ਫਿਊਲ ਚਾਰਜ ਵਧਾਉਣ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਨਾਲ ਘਰੇਲੂ ਅਤੇ ਅੰਤਰਰਾਸ਼ਟਰੀ ਦੋਵੇਂ ਤਰ੍ਹਾਂ ਦੀਆਂ ਉਡਾਣਾਂ ਦੀਆਂ ਟਿਕਟਾਂ ਮਹਿੰਗੀਆਂ ਹੋ ਜਾਣਗੀਆਂ। ਪ੍ਰਾਪਤ ਜਾਣਕਾਰੀ ਮੁਤਾਬਕ, ਡੋਮੈਸਟਿਕ ਫਲਾਈਟਾਂ ਦੇ ਕਿਰਾਏ ਵਿੱਚ 299 ਰੁਪਏ ਤੋਂ 899 ਰੁਪਏ ਤੱਕ ਵਾਧਾ ਹੋ ਸਕਦਾ ਹੈ ਜਦਕਿ ਇੰਟਰਨੈਸ਼ਨਲ ਟਿਕਟਾਂ ਦੀ ਕੀਮਤ 2,200 ਰੁਪਏ ਤੋਂ 26,000 ਰੁਪਏ ਤੱਕ ਵੱਧ ਸਕਦੀਆਂ ਹਨ। ਨਵੀਆਂ ਦਰਾਂ 8 ਅਪ੍ਰੈਲ ਤੋਂ ਜ਼ਿਆਦਾਤਰ ਰੂਟਾਂ 'ਤੇ ਲਾਗੂ ਹੋਣਗੀਆਂ। ਯੂਰਪ, ਉੱਤਰੀ ਅਮਰੀਕਾ ਅਤੇ ਆਸਟ੍ਰੇਲੀਆ ਵਾਲੀਆਂ ਉਡਾਣਾਂ ਲਈ ਇਹ ਵਾਧਾ 10 ਅਪ੍ਰੈਲ 2026 ਤੋਂ ਲਾਗੂ ਕੀਤਾ ਜਾਵੇਗਾ। ਮਾਹਿਰਾਂ ਅਨੁਸਾਰ ਆਉਣ ਵਾਲੇ ਸਮੇਂ ਵਿੱਚ ਹਵਾਈ ਯਾਤਰਾ ਹੋਰ ਵੀ ਮਹਿੰਗੀ ਹੋ ਸਕਦੀ ਹੈ।


# ਕਵੈਂਟਰੀ ਵਿਖੇ 6 ਬੈਡਰੂਮ ਦਾ ਘਰ ਵਿਕਾਊ ਹੈ



**Price**
**£4,50,000**
**O.N.O.**

**ਕੀਮਤ:**
**£4,50,000**
**ਸਾਢੇ ਚਾਰ ਲੱਖ ਪੌਂਡ**
**ਕੀਮਤ ਬਾਰੇ ਵਿਚਾਰ ਵੀ ਕੀਤੀ ਜਾ ਸਕਦੀ**

## 6 BED ROOMS PROPERTY FOR SALE

6 bedrooms property in Coventry is for immediate sale. Two separate entrances to the property, 2 well fitted kitchens with own entry, rear conservatory, fully double glazed, central heated. Block paved all garden, front. All rear slated. 2 off road parking spaces and own garage. Close to city center and university, well maintained.

For viewing and more information please contat Mr. Jay.

ਕਵੈਂਟਰੀ ਦੇ ਵਧੀਆ ਇਲਾਕੇ ਵਿੱਚ ਸਿਟੀ ਸੈਂਟਰ ਅਤੇ ਕਵੈਂਟਰੀ ਯੂਨੀਵਰਸਿਟੀ ਦੇ ਨੇੜੇ 6 ਬੈਡਰੂਮ ਦਾ ਘਰ ਵਿਕਾਊ ਹੈ। ਇਸ ਦੇ ਦੋ ਵੱਖਰੇ ਦਰਵਾਜ਼ੇ ਹਨ ਤੇ ਦੋ ਰਸੋਈਆਂ ਹਨ। ਪੂਰਾ ਘਰ ਡਬਲ ਗਲੇਜ਼ਡ ਤੇ ਸੈਂਟਰਲ ਹੀਟ ਹੋਇਆ ਹੈ। ਘਰ ਦੇ ਪਿਛਲੇ ਪਾਸੇ ਕੰਜ਼ਰਵੇਟਰੀ ਵੀ ਹੈ। ਸਾਰਾ ਬਗੀਚਾ ਅਤੇ ਮੋਹਰਲੇ ਪਾਸੇ ਇੱਟਾਂ ਦੇ ਫਰਸ਼ ਲੱਗੇ ਹੋਏ ਹਨ ਪਿਛਲੇ ਪਾਸੇ ਸਲੇਟਾਂ ਲੱਗੀਆਂ ਹਨ। ਦੋ ਕਾਰਾਂ ਦੀ ਪਾਰਕਿੰਗ ਅਤੇ ਗੈਰਜ ਵੀ ਹੈ। ਘਰ ਦੇਖਣ ਅਤੇ ਹੋਰ ਜਾਣਕਾਰੀ ਲੈਣ ਲਈ ਹੇਠਾਂ ਦਿੱਤੇ ਨੰਬਰ 'ਤੇ ਮਿ: ਜੇ ਨਾਲ ਸੰਪਰਕ ਕਰੋ ਜੀ;

**Mobile: 07946 366 612**

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ ।। ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ।।

## ਗੁਰੂ ਤੇਗ ਬਹਾਦੁਰ ਗੁਰਦਵਾਰਾ, 106 ਈਸਟਪਾਰਕ ਰੋਡ, ਲੈਸਟਰ ਦੇ ਸੇਵਾਦਾਰਾਂ ਤੇ ਸੰਗਤਾਂ ਵੱਲੋਂ

# ਖਾਲਸਾ ਸਾਜਨਾ ਤੇ ਵਿਸਾਖੀ ਦੀ ਲੱਖ ਲੱਖ ਵਧਾਈ



ਦਸਵੇਂ ਦਾਤਾਰ ਗੁਰੂ ਗੋਬਿੰਦ ਸਿੰਘ ਜੀ ਇੱਕ ਮਹਾਨ ਕਵੀ, ਜੋਧਾ, ਤਲਵਾਰ ਦੇ ਧਨੀ, ਸੰਤ ਸਿਪਾਹੀ, ਬਹਾਦਰ ਜਰਨੈਲ, ਧਰਮ ਦੇ ਰਖਵਾਲੇ, ਸਰਬੰਸ ਦਾਨੀ, ਚੜ੍ਹਦੀ ਕਲਾ ਦੀ ਮੂਰਤ ਅਤੇ ਖਾਲਸਾ ਪੰਥ ਦੇ ਸਿਰਜਣਹਾਰ ਸਨ। ਗੁਰੂ ਸਾਹਿਬ ਜੀ ਨੇ ਜਿਸ ਕੰਮ ਨੂੰ ਹੱਥ ਪਾਇਆ ਉਹ ਮਹਾਨ ਅਤੇ ਸ਼ਲਾਘਾਯੋਗ ਸੀ। 1699 ਦੀ ਵਿਸਾਖੀ ਨੂੰ ਅਜਿਹਾ ਕੌਤਕ ਰਚਾ ਕੇ, ਜਾਤਪਾਤ ਅਤੇ ਊਚ ਨੀਚ ਦਾ ਖਾਤਮਾ ਕਰਕੇ, ਸਭ ਨੂੰ ਇਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਕੌਮ ਨੂੰ ਸਿੰਘਾਂ ਤੋਂ ਸ਼ੇਰ ਬਣਾਇਆ। ਫੇਰ ਉਨ੍ਹਾਂ ਨੇ ਆਪ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛੱਕ ਕੇ ਊਚ ਨੀਚ ਦੇ ਭੇਦ ਭਾਵ ਨੂੰ ਖਤਮ ਕੀਤਾ। ਇਥੇ ਭਾਈ ਗੁਰਦਾਸ ਜੀ ਲਿਖਦੇ ਹਨ: ਵਹਿ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥

ਗੁਰੂ ਸਾਹਿਬ ਨੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਸੂਲਾਂ ’ਤੇ ਚੱਲਣ ਦਾ ਹੁਕਮ ਦਿੱਤਾ। ਆਉ ਆਪਾਂ ਸਾਰੇ ਅਜਿਹੇ ਮਹਾਨ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਵਿਸਾਖੀ ਦੇ ਮਹਾਨ ਦਿਹਾੜੇ ਤੇ ਲੱਖ-ਲੱਖ ਪ੍ਰਣਾਮ ਕਰੀਏ ਅਤੇ ਗੁਰੂ ਦੇ ਪਾਏ ਪੂਰਨਿਆਂ ’ਤੇ ਚੱਲੀਏ। ਸਾਜਨਾ ਦਿਵਸ ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ।

## = ਵਿਸਾਖੀ ਦੇ ਵਿਸ਼ੇਸ਼ ਪ੍ਰੋਗਰਾਮ =

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ 12-4-2026 ਸਵੇਰੇ 10:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ ਸੋਮਵਾਰ 14-4-2026 ਸਵੇਰੇ 10:00 ਵਜੇ

ਉਪਰੰਤ ਦੀਵਾਨ ਸਜੇਗਾ, ਜਿਸ ਦੌਰਾਨ ਕੀਰਤਨੀ ਅਤੇ ਪ੍ਰਚਾਰਕ ਜਥੇ ਹਾਜ਼ਰੀ ਭਰਨਗੇ ਅਤੇ ਸੰਗਤਾਂ ਨੂੰ ਨਿਹਾਲ ਕਰਨਗੇ ।

**ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ 14 ਅਪਰੈਲ ਮੰਗਲਵਾਰ ਨੂੰ ਸਵੇਰੇ 8:00 ਵਜੇ ਹੋਵੇਗੀ**

**ਕੀਰਤਨੀ ਜਥੇ ਨਾਲ ਦਿੱਤੇ ਹੋਏ ਸਮੇਂ ਅਨੁਸਾਰ ਹਾਜ਼ਰੀ ਭਰਨਗੇ**

| | |
|---|---|
| **ਐਤਵਾਰ 12 ਅਪਰੈਲ** | |
| ਭਾਈ ਜਰਨੈਲ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ | 5:30-6:20 |
| ਭਾਈ ਮਨਬੀਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ | 8:00-9:00 |
| **ਸੋਮਵਾਰ 13 ਅਪਰੈਲ** | |
| ਭਾਈ ਜਰਨੈਲ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ | 6:00-7:00 |
| ਭਾਈ ਮਹਾਂਬੀਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ | 8:00-9:00 |
| ਭਾਈ ਨਿਰਭੈਅ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ | 9:00-10:00 |
| **ਮੰਗਲਵਾਰ 14 ਅਪਰੈਲ** | |
| ਭਾਈ ਨਿਰਭੈਅ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ | 11:00-12:00 |
| ਭਾਈ ਮਹਾਂਬੀਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ | 12:00-13:00 |
| ਭਾਈ ਸਿਮਰਨਜੀਤ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ (ਸ਼ਾਮ) | 16:00-17:00 |

# ਖਾਲਸਾ ਸਾਜਨਾ ਦਿਵਸ ਸਬੰਧੀ ਨਗਰ ਕੀਰਤਨ

## 26 ਅਪਰੈਲ 2026 ਦਿਨ ਐਤਵਾਰ ਸਵੇਰੇ 11 ਵਜੇ ਆਰੰਭ ਹੋਵੇਗਾ

ਗੁਰੂ ਪਿਆਰੇ ਖਾਲਸਾ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ 106 ਈਸਟ ਪਾਰਕ ਰੋਡ ਅਤੇ ਗੁਰੂ ਨਾਨਕ ਗੁਰਦੁਆਰਾ ਲੈਸਟਰ ਦੀਆਂ ਸਮੂਹ ਸੰਗਤਾਂ ਤੇ ਪ੍ਰਬੰਧਕਾਂ ਵੱਲੋਂ ਸਮੂਹ ਸਿੱਖ ਜਗਤ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ। ਗੁਰੂ ਪਿਆਰੀ ਸਾਧ ਸੰਗਤ ਜੀ, ਇਸ ਵਿਸ਼ੇਸ਼ ਮੌਕੇ ਮਹਾਨ ਨਗਰ ਕੀਰਤਨ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ 26 ਅਪਰੈਲ ਦਿਨ ਐਤਵਾਰ ਨੂੰ ਸਵੇਰੇ 11 ਵਜੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਪੰਜਾਂ ਪਿਆਰਿਆਂ ਅਤੇ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਹੇਠ ਗੁਰੂ ਨਾਨਕ ਗੁਰਦੁਆਰਾ 9 ਹੋਲੀ ਬੋਨਜ਼ ਰੋਡ ਤੋਂ ਚਾਲੇ ਪਾਵੇਗਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਵਿਖੇ 2 ਵਜੇ ਸਮਾਪਤੀ ਉਪਰੰਤ ਦੀਵਾਨ ਸਜਣਗੇ। ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਜਥੇ ਅਤੇ ਪ੍ਰਚਾਰਕ ਭਾਗ ਲੈਣਗੇ। ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਲਈ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ।




## == ਗੁਰਦੁਆਰਾ ਸਾਹਿਬ ਵਿਖੇ ਹਫਤਾਵਾਰ ਚੱਲ ਰਹੀਆਂ ਸੇਵਾਵਾਂ :==

* ਹਰ ਮੰਗਲਵਾਰ ਬਜ਼ੁਰਗਾਂ ਦੀ ਤੰਦਰੁਸਤੀ ਤੇ ਚੜ੍ਹਦੀ ਕਲਾ ਲਈ ਦੀਵਾਨ ਸਜਾਏ ਜਾਂਦੇ ਹਨ ਤੇ ਅਰਦਾਸ ਹੁੰਦੀ ਹੈ। * ਹਰ ਬੁੱਧਵਾਰ ਸੰਗਤਾਂ ਵੱਲੋਂ ਮੇਨ ਹਾਲ ’ਚ ਸੁਖਮਨੀ ਸਾਹਿਬ ਦੇ ਪਾਠ ਤੇ ਕੀਰਤਨ ਹੁੰਦਾ ਹੈ। ਰੋਜ਼ਾਨਾ ਦੀਵਾਨ ਸਵੇਰ ਤੋਂ ਆਰੰਭ ਹੋ ਕੇ 2:00 ਵਜੇ ਸਮਾਪਤ ਹੁੰਦੇ ਹਨ। * ਨਾਲ ਦਿੱਤੇ ਗੁਰਦੁਆਰਾ ਸਾਹਿਬ ਦੇ ਐਪ ਤੋਂ ਪ੍ਰੋਗਰਾਮਾਂ ਦੀ ਸਾਰੀ ਜਾਣਕਾਰੀ ਲੈ ਸਕਦੇ ਹੋ :

Guru Tegh Bahadur Gurdwara
Leicester U.K.

## ਬੇਨਤੀ ਕਰਤਾ - ਪ੍ਰਬੰਧਕ ਕਮੇਟੀ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ, ਲੈਸਟਰ

GURDWARA GURU TEGH BAHADUR SAHIB, 106 EAST PARK ROAD LEICESTER, LE5 4QB. TEL: 0116 2742453 / www.gtbgurdwara.com

| | | | |
|---|---|---|---|
| ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ | ਜਨ: ਸਕੱਤਰ ਸਤਵਿੰਦਰ ਸਿੰਘ ਦਿਓਲ | ਸਟੇਜ ਸਕੱਤਰ ਮੁਖਤਿਆਰ ਸਿੰਘ | ਖਜ਼ਾਨਚੀ ਪਰਮਜੀਤ ਸਿੰਘ ਰਾਏ |
| 07834 764903 | 07877 889115 | 07414 760222 | 07817276158 |

# ਆਪ ਵਿਚ 'ਗ੍ਰਿਹ ਯੁੱਧ', ਰਾਘਵ ਚੱਢਾ ਦੀ ਉਪ-ਨੇਤਾ ਦੇ ਅਹੁਦੇ ਤੋਂ ਛੁੱਟੀ

## ✪ ਕੇਜਰੀਵਾਲ ਦੀ ਗ੍ਰਿਫ਼ਤਾਰੀ ਵੇਲੇ ਲੰਡਨ ਕਿਉਂ ਸਨ ਚੱਢਾ ? ਪਾਰਟੀ ਅੰਦਰੋਂ ਉੱਠੀ ਤਿੱਖੀਆਂ ਸੁਰਾਂ ✪ ਕੀ ਰਾਘਵ ਚੱਢਾ ਭਾਜਪਾ ਵਲ ਜਾਣਗੇ ?

ਆਪ ਪਾਰਟੀ ਵਿਚ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਪਾਰਟੀ ਦੀ ਹਾਈਕਮਾਂਡ ਵਿਚਾਲੇ ਤਿੱਖਾ ਤਕਰਾਰ ਸਾਹਮਣੇ ਆਇਆ ਹੈ। ਇਸ ਤੋਂ ਪਹਿਲਾਂ ਰਾਘਵ ਚੱਢਾ ਨੂੰ ਰਾਜ ਸਭਾ ਵਿਚ ਪਾਰਟੀ ਦਾ ਉਪ-ਨੇਤਾ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਇਸ ਬਾਰੇ ਰਾਜ ਸਭਾ ਸਕੱਤਰ ਨੂੰ ਚਿੱਠੀ ਲਿਖੀ ਗਈ ਸੀ ਕਿ ਉਨ੍ਹਾਂ ਨੂੰ ਸਦਨ ਵਿਚ ਬੋਲਣ ਦਾ ਸਮਾਂ ਨਾ ਦਿੱਤਾ ਜਾਵੇ। ਇਸ ਤੋਂ ਬਾਅਦ ਰਾਘਵ ਚੱਢਾ ਨੇ ਆਪਣੇ ਖਿਲਾਫ ਲਾਏ ਗਏ ਇਲਜ਼ਾਮਾਂ ਨੂੰ ਖਾਰਜ ਕਰਦਿਆਂ ਸੰਸਦੀ ਰਿਕਾਰਡ ਸਾਂਝਾ ਕੀਤਾ ਅਤੇ ਕਿਹਾ ਕਿ ਉਹ ਆਮ ਆਦਮੀ ਦੇ ਮੁੱਦੇ ਉਠਾਉਣ ਲਈ ਸਜ਼ਾ ਭੁਗਤ ਰਹੇ ਹਨ। ਪਾਰਟੀ ਨੇ ਇਸ ਨੂੰ ਇੱਕ ਆਮ ਤਬਦੀਲੀ ਦੱਸਿਆ ਪਰ ਆਗੂਆਂ ਨੇ ਰਾਘਵ ਚੱਢਾ 'ਤੇ ਭਾਜਪਾ ਅਤੇ ਮੋਦੀ ਸਰਕਾਰ ਵਿਰੋਧੀ ਮੁੱਦਿਆਂ 'ਤੇ ਚੁੱਪ ਰਹਿਣ ਅਤੇ ਪਾਰਟੀ ਲਾਈਨ ਤੋਂ ਭਟਕਣ ਦੇ ਦੋਸ਼ ਲਾਏ ਹਨ।

ਰਾਘਵ ਚੱਢਾ ਨੇ ਆਪਣੇ ਬਿਆਨ ਵਿਚ ਇਲਜ਼ਾਮਾਂ ਨੂੰ ਬੇਬੁਨਿਆਦ ਅਤੇ ਸਿਆਸੀ ਪ੍ਰਚਾਰ ਦੱਸਿਆ ਹੈ। ਉਨ੍ਹਾਂ ਇੱਕ ਵੀਡੀਓ ਜਾਰੀ ਕਰਕੇ ਕਿਹਾ, "ਮੈਂ ਖਾਮੋਸ਼ ਕਰਵਾਇਆ ਗਿਆ ਹਾਂ, ਹਾਰਿਆ ਨਹੀਂ ਹਾਂ।" ਉਨ੍ਹਾਂ ਆਪਣੇ ਸਮਰਥਕਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਦਾ ਸਾਥ ਨਾ ਛੱਡਣ। ਰਾਘਵ ਚੱਢਾ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਚੁੱਪੀ ਨੂੰ ਕਮਜ਼ੋਰੀ ਨਾ ਸਮਝਿਆ ਜਾਵੇ, ਉਹ ਉਸ ਨਦੀ ਵਾਂਗ ਹਨ ਜੋ ਵਕਤ ਆਉਣ 'ਤੇ ਤੂਫਾਨ ਬਣ ਜਾਂਦੀ ਹੈ।

ਰਾਘਵ ਚੱਢਾ ਨੇ ਆਪਣੇ ਖਿਲਾਫ ਲਾਏ ਗਏ ਇਲਜ਼ਾਮ ਕਿ ਉਹ ਸੰਸਦ ਵਿਚ ਪੰਜਾਬ ਦੇ ਮੁੱਦੇ ਨਹੀਂ ਚੁੱਕਦੇ, ਉਨ੍ਹਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਸੰਸਦੀ ਰਿਕਾਰਡ ਪੇਸ਼ ਕੀਤਾ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ 31 ਜੁਲਾਈ 2024 ਵਾਲੇ ਸੈਸ਼ਨ ਦਾ ਜ਼ਿਕਰ ਕੀਤਾ, ਜਿਸ ਵਿਚ ਉਨ੍ਹਾਂ ਨੇ ਪੰਜਾਬ ਦੇ ਬਕਾਇਆ ਫੰਡਾਂ ਅਤੇ ਰੂਰਲ ਡਿਵੈਲਪਮੈਂਟ ਫੰਡ (ਆਰਡੀਐਫ) ਦੇ ਬਕਾਏ ਦਾ ਮੁੱਦਾ ਬਹੁਤ ਤਿਖੇ ਢੰਗ ਨਾਲ ਉਠਾਇਆ ਸੀ। ਇਸ ਦਾ ਰਿਕਾਰਡ ਸੰਸਦ ਟੀਵੀ 'ਤੇ ਵੀ ਮੌਜੂਦ ਹੈ।

ਚੱਢਾ ਨੇ ਆਪਣੇ ਕਾਰਜਕਾਲ ਦੌਰਾਨ ਸੰਸਦ ਵਿਚ ਉਠਾਏ ਗਏ ਪੰਜਾਬ ਨਾਲ ਜੁੜੇ ਮੁੱਦਿਆਂ ਦੀ ਲੰਮੀ ਸੂਚੀ ਸਾਂਝੀ ਕੀਤੀ ਹੈ ਰਾਘਵ ਦਾ ਮੰਨਣਾ ਹੈ ਕਿ ਕਰਤਾਰਪੁਰ ਸਾਹਿਬ ਲਾਂਘੇ ਦਾ ਵਿਸਥਾਰ ਅਤੇ ਨਨਕਾਣਾ ਸਾਹਿਬ ਲਈ ਵੀਜ਼ਾ-ਮੁਕਤ ਯਾਤਰਾ ਲਈ ਵਕਾਲਤ,ਕਿਸਾਨੀ ਮੁੱਦੇ ਜਿਵੇਂ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਗਰੰਟੀ, ਖੇਤੀਬਾੜੀ ਸੰਕਟ ਅਤੇ ਫਸਲੀ ਵਿਭਿੰਨਤਾ ਨੂੰ ਉਤਸਾਹਿਤ ਕਰਨ , ਪੰਜਾਬ ਦਾ ਡਿੱਗਦਾ ਭੂਜਲ ਪੱਧਰ, ਉਦਯੋਗਾਂ ਦੀ ਪੁਨਰ-ਸੁਰਜੀਤੀ ਆਦਿ ਮੁਦੇ ਵੀ ਉਠਾਏ ਹਨ।

ਚੱਢਾ ਨੇ ਅਫਸੋਸ ਜਤਾਇਆ ਕਿ ਤੱਥਾਂ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਖਿਲਾਫ ਇੱਕ ਗਿਣੀ-ਮਿਥੀ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ "ਪੰਜਾਬ ਮੇਰੇ ਲਈ ਗੱਲਾਂ ਕਰਨ ਦਾ ਵਿਸ਼ਾ ਨਹੀਂ, ਇਹ ਮੇਰੀ ਰੂਹ ਹੈ।" ਉਨ੍ਹਾਂ ਦੁਹਰਾਇਆ ਕਿ ਕੋਈ ਵੀ ਪ੍ਰਚਾਰ ਉਨ੍ਹਾਂ ਦੀ ਆਵਾਜ਼ ਨੂੰ ਦਬਾ ਨਹੀਂ ਸਕਦਾ ਅਤੇ ਸੱਚ ਆਖਰਕਾਰ ਸਾਹਮਣੇ ਆਵੇਗਾ।

ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਰਾਘਵ ਚੱਢਾ 'ਤੇ ਗੰਭੀਰ ਦੋਸ਼ ਲਾਏ ਹਨ ਅਤੇ ਉਨ੍ਹਾਂ ਦੀ ਉਪ-ਨੇਤਾ ਵਜੋਂ ਹਟਾਉਣ ਨੂੰ ਇੱਕ ਆਮ ਪਾਰਟੀ ਫੈਸਲਾ ਦੱਸਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪਾਰਟੀ ਦਾ ਅੰਦਰੂਨੀ ਮਾਮਲਾ ਹੈ ਅਤੇ ਸਾਰੀਆਂ ਪਾਰਟੀਆਂ ਆਪਣੇ ਨੇਤਾ ਬਦਲਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਜੇ ਕੋਈ ਵਿਅਕਤੀ ਪਾਰਟੀ ਵਿੱਪ ਦੇ ਖਿਲਾਫ ਜਾਂਦਾ ਹੈ ਤਾਂ ਉਸ 'ਤੇ ਕਾਰਵਾਈ ਹੋਣੀ ਲਾਜ਼ਮੀ ਹੈ।

ਸੰਜੇ ਸਿੰਘ ਨੇ ਕਿਹਾ ਕਿ ਰਾਘਵ ਚੱਢਾ ਮੋਦੀ ਸਰਕਾਰ ਵਿਰੋਧੀ ਮੁੱਦਿਆਂ 'ਤੇ ਚੁੱਪ ਰਹਿੰਦੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਰਾਘਵ ਚੱਢਾ ਨੇ ਮੁੱਖ ਚੋਣ ਕਮਿਸ਼ਨਰ ਵਿਰੋਧੀ ਮਹਾਂਦੋਸ਼ ਪ੍ਰਸਤਾਵ 'ਤੇ ਹਸਤਾਖਰ ਨਹੀਂ ਕੀਤੇ, ਐਲਪੀਜੀ ਸੰਕਟ 'ਤੇ ਬੋਲਣ ਤੋਂ ਇਨਕਾਰ ਕੀਤਾ ਅਤੇ ਵਾਕਆਊਟ ਵਿਚ ਹਿੱਸਾ ਨਹੀਂ ਲਿਆ। ਉਨ੍ਹਾਂ ਕਿਹਾ ਕਿ ਰਾਘਵ ਚੱਢਾ ਪੰਜਾਬ ਅਤੇ ਪਾਰਟੀ ਨਾਲ ਜੁੜੇ ਮੁੱਦਿਆਂ 'ਤੇ ਵੀ ਖਾਮੋਸ਼ ਰਹਿੰਦੇ ਹਨ ਅਤੇ ਭਾਜਪਾ ਤੋਂ ਡਰਦੇ ਹਨ।

ਸੌਰਭ ਭਾਰਦਵਾਜ ਨੇ ਕਿਹਾ ਕਿ ਰਾਘਵ ਚੱਢਾ ਸਰਕਾਰ ਵਿਰੋਧੀ ਗੰਭੀਰ ਮੁੱਦਿਆਂ ਤੋਂ ਬਚਦੇ ਹਨ ਅਤੇ ਸਿਰਫ 'ਸੌਫਟ' ਮੁੱਦਿਆਂ 'ਤੇ



ਬੋਲਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਰਾਘਵ ਚੱਢਾ ਨੇ ਗੁਜਰਾਤ ਵਿਚ ਆਪ ਵਰਕਰਾਂ 'ਤੇ ਝੂਠੇ ਕੇਸਾਂ, ਕੇਜਰੀਵਾਲ ਦੀ ਗ੍ਰਿਫਤਾਰੀ ਵੇਲੇ ਲੰਡਨ ਵਿਚ ਰਹਿਣ ਅਤੇ ਚੋਣ ਕਮਿਸ਼ਨ ਵਿਰੋਧੀ ਪ੍ਰਸਤਾਵ 'ਤੇ ਹਸਤਾਖਰ ਨਾ ਕਰਨ ਦੇ ਮਾਮਲਿਆਂ ਵਿਚ ਚੁੱਪੀ ਧਾਰੀ ਹੈ। ਉਨ੍ਹਾਂ ਕਿਹਾ, "ਜੋ ਡਰ ਗਿਆ, ਉਸ ਨੂੰ ਮਰਿਆ ਸਮਝੋ।"

ਆਤਿਸ਼ੀ ਨੇ ਤਿੱਖਾ ਹਮਲਾ ਕਰਦਿਆਂ ਪੁੱਛਿਆ ਕਿ ਰਾਘਵ ਚੱਢਾ ਭਾਜਪਾ ਅਤੇ ਮੋਦੀ ਜੀ ਤੋਂ ਇੰਨਾ ਕਿਉਂ ਡਰਦੇ ਹਨ ? ਇਸ ਤਰ੍ਹਾਂ ਇਹ ਝਗੜਾ ਆਮ ਆਦਮੀ ਪਾਰਟੀ ਵਿਚ ਅੰਦਰੂਨੀ ਤਣਾਅ ਨੂੰ ਉਜਾਗਰ ਕਰ ਰਿਹਾ ਹੈ। ਰਾਘਵ ਚੱਢਾ ਇੱਕ ਲੰਮੇ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਨੂੰ ਅਰਵਿੰਦ ਕੇਜਰੀਵਾਲ ਦਾ ਕਰੀਬੀ ਮੰਨਿਆ ਜਾਂਦਾ ਸੀ, ਪਰ ਹੁਣ ਇਹ ਫੁੱਟ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਪਾਰਟੀ ਵੱਲੋਂ ਇਸ ਨੂੰ ਆਮ ਤਬਦੀਲੀ ਦੱਸਿਆ ਜਾ ਰਿਹਾ ਹੈ ਜਦਕਿ ਰਾਘਵ ਚੱਢਾ ਇਸ ਨੂੰ ਆਪਣੀ ਆਵਾਜ਼ ਖਾਮੋਸ਼ ਕਰਨ ਦੀ ਕੋਸ਼ਿਸ਼ ਦੱਸ ਰਹੇ ਹਨ। ਇਸ ਮਾਮਲੇ ਵਿਚ ਆਉਣ ਵਾਲੇ ਦਿਨਾਂ ਵਿਚ ਹੋਰ ਵਧਣ ਦੀ ਉਮੀਦ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ 'ਆਪ' ਵਿੱਚ ਉਨ੍ਹਾਂ ਦੇ ਰਾਹ ਪੂਰੀ ਤਰ੍ਹਾਂ ਬੰਦ ਹੋ ਜਾਂਦੇ ਹਨ, ਤਾਂ ਰਾਘਵ ਵਰਗਾ ਨੌਜਵਾਨ ਅਤੇ ਪੜ੍ਹਿਆ-ਲਿਖਿਆ ਚਿਹਰਾ ਭਾਜਪਾ ਦੀ ਸਿਆਸਤ ਲਈ ਲਾਭਦਾਇਕ ਸਾਬਤ ਹੋ ਸਕਦਾ ਹੈ, ਖਾਸ ਕਰਕੇ ਦਿੱਲੀ ਅਤੇ ਪੰਜਾਬ ਦੀ ਸਿਆਸਤ ਲਈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਰਾਘਵ ਚੱਢਾ ਪਾਰਟੀ ਦਾ ਪੜ੍ਹਿਆ-ਲਿਖਿਆ ਅਤੇ ਅੰਗਰੇਜ਼ੀ-ਹਿੰਦੀ ਮੀਡੀਆ ਵਿੱਚ ਪ੍ਰਭਾਵਸ਼ਾਲੀ ਚਿਹਰਾ ਹਨ। ਉਨ੍ਹਾਂ ਦੇ ਜਾਣ ਨਾਲ ਪਾਰਟੀ ਦੇ ਅਕਸ ਨੂੰ ਠੇਸ ਪਹੁੰਚ ਸਕਦੀ ਹੈ। ਉਹ ਪੰਜਾਬ ਤੋਂ ਰਾਜ ਸਭਾ ਮੈਂਬਰ ਹਨ ਅਤੇ ਪੰਜਾਬ ਚੋਣਾਂ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ ਸੀ। ਉਨ੍ਹਾਂ ਦੀ ਬਗ਼ਾਵਤ ਪੰਜਾਬ ਇਕਾਈ ਵਿੱਚ ਵੀ ਦੋਫਾੜ ਪੈਦਾ ਕਰ ਸਕਦੀ ਹੈ।

# 20 ਲੱਖ ਦੀ ਠੱਗੀ ਤੋਂ ਪਰੇਸ਼ਾਨ ਸਰਕਾਰੀ ਅਧਿਆਪਕ ਵੱਲੋਂ ਖ਼ੁਦਕੁਸ਼ੀ

## ✪ ਮੋਬਾਈਲ ਦਾ ਲਾਕ ਖੁੱਲ੍ਹਣ 'ਤੇ ਹੋਇਆ ਵੱਡਾ ਖੁਲਾਸਾ

ਪੱਟੀ/ਤਰਨਤਾਰਨ-ਪੱਟੀ ਦੇ ਪਿੰਡ ਸਭੀਰਾ ਵਿਖੇ ਤਾਇਨਾਤ ਇੱਕ ਸਰਕਾਰੀ ਅਧਿਆਪਕ ਦੀ ਮੌਤ ਦੇ ਮਾਮਲੇ ਵਿੱਚ ਇੱਕ ਹੈਰਾਨ ਕਰਨ ਵਾਲਾ ਮੋੜ ਆਇਆ ਹੈ। ਜਿਸ ਮੌਤ ਨੂੰ ਪਹਿਲਾਂ ਗ਼ਲਤੀ ਨਾਲ ਜ਼ਹਿਰੀਲੀ ਦਵਾਈ ਪੀਣ ਦਾ ਹਾਦਸਾ ਮੰਨਿਆ ਜਾ ਰਿਹਾ ਸੀ, ਉਹ ਅਸਲ ਵਿੱਚ 20 ਲੱਖ ਰੁਪਏ ਦੀ ਵੱਡੀ ਧੋਖਾਧੜੀ ਕਾਰਨ ਕੀਤੀ ਗਈ ਖ਼ੁਦਕੁਸ਼ੀ ਨਿਕਲੀ। ਇਸ ਗੱਲ ਦਾ ਖੁਲਾਸਾ ਮ੍ਰਿਤਕ ਦੇ ਮੋਬਾਈਲ ਫੋਨ ਦਾ ਲਾਕ ਖੁੱਲ੍ਹਣ ਤੋਂ ਬਾਅਦ ਮਿਲੇ ਸੁਸਾਈਡ ਨੋਟ ਅਤੇ ਵੀਡੀਓ ਕਲਿੱਪ ਤੋਂ ਹੋਇਆ ਹੈ।

ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਪਾਲੀਵਾਲਾ ਦਾ ਰਹਿਣ ਵਾਲਾ ਗੁਰਪ੍ਰੀਤ ਸਿੰਘ (31) ਪੱਟੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਅਧਿਆਪਕ ਵਜੋਂ ਸੇਵਾ ਨਿਭਾ ਰਿਹਾ ਸੀ। 2 ਅਪ੍ਰੈਲ ਨੂੰ ਉਸ ਦੀ ਮੌਤ ਹੋ ਗਈ ਸੀ। ਉਸ ਸਮੇਂ ਪਰਿਵਾਰ ਨੂੰ ਲੱਗਿਆ ਕਿ ਬੁਖਾਰ ਦੀ ਦਵਾਈ ਦੇ ਭੁਲੇਖੇ ਉਸ ਨੇ ਕੋਈ ਗ਼ਲਤ ਦਵਾਈ ਖਾ ਲਈ ਹੈ। ਪਰਿਵਾਰ ਦੇ ਕਿਸੇ ਸ਼ੱਕ ਨਾ ਜਤਾਉਣ 'ਤੇ ਪੁਲਿਸ ਨੇ ਧਾਰਾ 194 ਤਹਿਤ ਕਾਰਵਾਈ ਕਰਕੇ ਪੋਸਟਮਾਰਟਮ ਤੋਂ



ਬਾਅਦ ਅੰਤਿਮ ਸਸਕਾਰ ਕਰ ਦਿੱਤਾ ਸੀ। ਸਸਕਾਰ ਤੋਂ ਬਾਅਦ ਜਦੋਂ ਪਰਿਵਾਰ ਨੇ ਗੁਰਪ੍ਰੀਤ ਦੇ ਮੋਬਾਈਲ ਦਾ ਲਾਕ ਖੋਲ੍ਹਿਆ, ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਫੋਨ ਵਿੱਚੋਂ ਮਿਲੇ ਸਬੂਤਾਂ ਨੇ ਸਾਰੀ ਸੱਚਾਈ ਬਿਆਨ ਕਰ ਦਿੱਤੀ। ਫੋਨ ਵਿੱਚ ਇੱਕ ਸੁਸਾਈਡ ਨੋਟ ਦੀ ਫੋਟੋ ਅਤੇ ਇੱਕ ਵੀਡੀਓ ਕਲਿੱਪ ਮਿਲੀ, ਜਿਸ ਵਿੱਚ ਗੁਰਪ੍ਰੀਤ ਨੇ ਆਪਣੀ ਮੌਤ ਦਾ ਕਾਰਨ ਸਪੱਸ਼ਟ ਕੀਤਾ। ਗੁਰਪ੍ਰੀਤ ਨੇ ਮਹਾਰਾਸ਼ਟਰ ਦੇ ਇੱਕ ਵਿਅਕਤੀ, ਕਿਰਨ ਪੰਜਾਬਰਾਓ ਕਦਮ, ਨੂੰ ਆਪਣੀ ਮੌਤ ਲਈ ਜ਼ਿੰਮੇਵਾਰ ਦੱਸਿਆ। ਦੋਸ਼ੀ ਨੇ ਗੁਰਪ੍ਰੀਤ ਨੂੰ ਲਾਲਚ ਦੇ ਕੇ ਉਸ ਕੋਲੋਂ ਕਿਸ਼ਤਾਂ ਵਿੱਚ ਲਗਭਗ 20 ਲੱਖ ਰੁਪਏ ਆਪਣੇ ਖਾਤੇ ਵਿੱਚ ਪਵਾ ਲਏ ਸਨ। ਜਦੋਂ ਗੁਰਪ੍ਰੀਤ ਆਪਣੇ ਪੈਸੇ ਵਾਪਸ ਮੰਗਦਾ ਸੀ, ਤਾਂ ਦੋਸ਼ੀ ਸਿਰਫ਼ ਲਾਰੇ ਲਗਾ ਰਿਹਾ ਸੀ, ਜਿਸ ਤੋਂ ਪਰੇਸ਼ਾਨ ਹੋ ਕੇ ਅਧਿਆਪਕ ਨੇ ਇਹ ਖ਼ੌਫ਼ਨਾਕ ਕਦਮ ਚੁੱਕਿਆ।

ਮ੍ਰਿਤਕ ਦੇ ਭਰਾ ਹਰਪ੍ਰੀਤ ਸਿੰਘ ਹੈਪੀ (ਵਕੀਲ, ਹਾਈਕੋਰਟ) ਦੀ ਸ਼ਿਕਾਇਤ 'ਤੇ ਥਾਣਾ ਸਿਟੀ ਪੱਟੀ ਦੀ ਪੁਲਿਸ ਨੇ ਕਾਰਵਾਈ ਤੇਜ਼ ਕਰ ਦਿੱਤੀ ਹੈ। ਏ.ਐੱਸ.ਆਈ. ਸਤਨਾਮ ਸਿੰਘ ਨੇ ਦੱਸਿਆ ਕਿ ਮਹਾਰਾਸ਼ਟਰ ਦੇ ਜ਼ਿਲ੍ਹਾ ਹਿੰਗੋਲੀ ਦੇ ਰਹਿਣ ਵਾਲੇ ਕਿਰਨ ਪੰਜਾਬਰਾਓ ਕਦਮ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਜਾ ਸਕੇ।

# ਪੰਜਾਬ 'ਚ ਨਸ਼ਿਆਂ ਵਿਰੁੱਧ ਵੱਡੀ ਮੁਹਿੰਮ

### ✪ ਸੂਬਾ ਪੱਧਰੀ 'ਡਰੱਗ ਸਰਵੇਖਣ' ਸ਼ੁਰੂ ✪ 28 ਹਜ਼ਾਰ ਮੁਲਾਜ਼ਮ 65 ਲੱਖ ਘਰਾਂ ਦੀ ਕਰਨਗੇ ਜਨਗਣਨਾ

ਚੰਡੀਗੜ੍ਹ-ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਦਿਸ਼ਾ ਵਿੱਚ ਪੰਜਾਬ ਸਰਕਾਰ ਨੇ ਇੱਕ ਇਤਿਹਾਸਕ ਕਦਮ ਚੁੱਕਦਿਆਂ ਸੂਬਾ ਪੱਧਰੀ 'ਨਸ਼ਾ ਅਤੇ ਸਮਾਜਿਕ ਆਰਥਿਕ ਜਨਗਣਨਾ' ਸ਼ੁਰੂ ਕਰ ਦਿੱਤੀ ਹੈ। ਇਸ ਸਰਵੇਖਣ ਦਾ ਮੁੱਖ ਮਕਸਦ ਨਸ਼ਾ ਕਰਨ ਵਾਲਿਆਂ ਦਾ ਸਹੀ ਅੰਕੜਾ ਇਕੱਠਾ ਕਰਨਾ ਹੈ ਤਾਂ ਜੋ ਉਨ੍ਹਾਂ ਦੇ ਮੁੜ ਵਸੇਬੇ ਲਈ ਬਿਹਤਰ ਯੋਜਨਾਵਾਂ ਬਣਾਈਆਂ ਜਾ ਸਕਣ।

ਸਰਕਾਰ ਨੇ ਇਸ ਵਿਸ਼ਾਲ ਕਾਰਜ ਲਈ ਵਿੱਤੀ ਸਾਲ 2026-27 ਦੇ ਬਜਟ ਵਿੱਚ 250 ਕਰੋੜ ਰੁਪਏ ਦਾ ਵਿਸ਼ੇਸ਼ ਫੰਡ ਰੱਖਿਆ ਹੈ। ਇਸ ਦਾ ਟੀਚਾ ਸੂਬੇ ਦੇ ਲਗਭਗ 65 ਲੱਖ ਪਰਿਵਾਰਾਂ ਤੱਕ ਪਹੁੰਚ ਕਰਨਾ। ਇਸ ਪੂਰੀ ਪ੍ਰਕਿਰਿਆ ਨੂੰ ਤਿੰਨ ਮਹੀਨਿਆਂ ਵਿੱਚ ਮੁਕੰਮਲ ਕਰਨ ਦਾ ਟੀਚਾ ਹੈ। ਜ਼ਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰ ਇਸ ਜਨਗਣਨਾ ਦੇ ਇੰਚਾਰਜ ਹੋਣਗੇ। ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਸਰਕਾਰ ਨੇ ਵਿਆਪਕ ਪ੍ਰਬੰਧ ਕੀਤੇ ਹਨ। ਕਰੀਬ 28,000 ਸਰਕਾਰੀ ਮੁਲਾਜ਼ਮਾਂ ਅਤੇ ਵਲੰਟੀਅਰਾਂ ਨੂੰ ਇਸ ਕੰਮ 'ਤੇ ਲਗਾਇਆ ਗਿਆ ਹੈ। ਭਰਤੀ ਕੀਤੇ ਗਏ ਵਲੰਟੀਅਰਾਂ ਨੂੰ 62,500 ਰੁਪਏ ਦੀ ਅਦਾਇਗੀ ਕੀਤੀ ਜਾਵੇਗੀ। ਸਰਵੇਖਣ ਲਈ 28,515 ਸਮਾਰਟਫੋਨ ਖ਼ਰੀਦੇ ਗਏ ਹਨ (ਜਿਨ੍ਹਾਂ ਦੀ ਲਾਗਤ ਕਰੀਬ 60 ਕਰੋੜ ਰੁਪਏ ਹੈ)।



ਇਹ ਫ਼ੋਨ ਸ਼ੁਰੂਆਤੀ ਪੜਾਅ ਵਿੱਚ ਡਾਟਾ ਇਕੱਠਾ ਕਰਨ ਲਈ ਵਰਤੇ ਜਾਣਗੇ। ਇੱਕ ਵਲੰਟੀਅਰ ਨੂੰ ਇੱਕ ਬਲਾਕ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਜੋ ਲਗਭਗ 250 ਘਰਾਂ ਦਾ ਦੌਰਾ ਕਰੇਗਾ।

ਅਧਿਕਾਰੀਆਂ ਅਨੁਸਾਰ, ਇਸ ਤੋਂ ਪਹਿਲਾਂ 11 ਪਿੰਡਾਂ ਵਿੱਚ ਪਾਇਲਟ ਅਧਿਐਨ ਕੀਤਾ ਗਿਆ ਸੀ, ਜਿੱਥੇ ਲੋਕਾਂ ਨੇ ਨਸ਼ਿਆਂ ਬਾਰੇ ਜਾਣਕਾਰੀ ਸਾਂਝੀ ਕਰਨ ਵਿੱਚ ਕਾਫ਼ੀ ਦਿਲਚਸਪੀ ਦਿਖਾਈ ਹੈ। ਸਰਕਾਰ ਨੂੰ ਉਮੀਦ ਹੈ ਕਿ ਇਸ ਸਰਵੇਖਣ ਤੋਂ ਮਿਲੇ ਅੰਕੜੇ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ 'ਮੀਲ ਦਾ ਪੱਥਰ' ਸਾਬਤ ਹੋਣਗੇ।

## ਰਾਜੋਆਣਾ ਨੇ ਜਥੇਦਾਰ ਨੂੰ ਚਿੱਠੀ ਲਿਖ ਕੇ ਰਹਿਮ ਦੀ ਅਪੀਲ ਵਾਪਸ ਲੈਣ ਦੀ ਕੀਤੀ ਮੰਗ

### ✪ ਸ਼੍ਰੋਮਣੀ ਕਮੇਟੀ ਨੂੰ ਦਿੱਤਾ 10 ਦਿਨਾਂ ਦਾ ਸਮਾਂ



ਅੰਮ੍ਰਿਤਸਰ-ਪਟਿਆਲਾ ਜੇਲ੍ਹ ਵਿੱਚ ਨਜ਼ਰਬੰਦ ਬਲਵੰਤ ਸਿੰਘ ਰਾਜੋਆਣਾ ਨੇ ਆਪਣੀ ਸਜ਼ਾ ਨੂੰ ਲੈ ਕੇ ਇੱਕ ਵਾਰ ਫਿਰ ਸਖ਼ਤ ਰੁਖ਼ ਅਖ਼ਤਿਆਰ ਕਰ ਲਿਆ ਹੈ। ਰਾਜੋਆਣਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਾਸ਼ਟਰਪਤੀ ਕੋਲ ਦਾਇਰ ਕੀਤੀ ਗਈ ਉਨ੍ਹਾਂ ਦੀ ਰਹਿਮ ਦੀ ਅਪੀਲ ਤੁਰੰਤ ਵਾਪਸ ਲਈ ਜਾਵੇ। ਰਾਜੋਆਣਾ ਨੇ ਆਪਣੇ ਪੱਤਰ ਵਿੱਚ ਕੇਂਦਰ ਸਰਕਾਰ ਅਤੇ ਸਿਸਟਮ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਦੇ ਮੁੱਖ ਨੁਕਤੇ ਹੇਠ ਲਿਖੇ ਹਨ। ਰਾਜੋਆਣਾ ਅਨੁਸਾਰ ਪਿਛਲੇ 14 ਸਾਲਾਂ ਤੋਂ ਰਹਿਮ ਦੀ ਅਪੀਲ ਨੂੰ ਲਟਕਾ ਕੇ ਰੱਖਣਾ ਫਾਂਸੀ ਦੀ ਸਜ਼ਾ ਤੋਂ ਵੀ ਵੱਧ ਭਿਆਨਕ 'ਮਾਨਸਿਕ ਤਸੀਹੇ' ਦੇਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਕੀਤੀ ਗਈ ਇਹ ਅਪੀਲ ਹੁਣ ਉਨ੍ਹਾਂ ਲਈ ਅਤੇ ਸਿੱਖ ਕੌਮ ਲਈ "ਕੌਮੀ ਅਪਮਾਨ ਦਾ ਪ੍ਰਤੀਕ" ਬਣ ਚੁੱਕੀ ਹੈ। ਉਹ ਪਿਛਲੇ 30 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਬੰਦ ਹਨ, ਜੋ ਕਿ ਉਮਰ ਕੈਦ ਦੀ ਮਿਆਦ ਤੋਂ ਵੀ ਕਿਤੇ ਵੱਧ ਹੈ।

ਬਲਵੰਤ ਸਿੰਘ ਰਾਜੋਆਣਾ ਨੇ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਸਖ਼ਤ ਨਿਰਦੇਸ਼ ਦੇਣ ਕਿ ਇਹ ਅਪੀਲ ਅਗਲੇ 10 ਦਿਨਾਂ ਦੇ ਅੰਦਰ ਵਾਪਸ ਲਈ ਜਾਵੇ। ਉਨ੍ਹਾਂ ਨਾਰਾਜ਼ਗੀ ਜਤਾਈ ਕਿ ਰਾਸ਼ਟਰਪਤੀ ਕੋਲ ਪਟੀਸ਼ਨ ਭੇਜੇ ਜਾਣ ਦੇ ਬਾਵਜੂਦ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਸ 'ਤੇ ਕੋਈ ਵੀ ਫੈਸਲਾ ਨਹੀਂ ਲਿਆ ਜਾ ਰਿਹਾ।

ਜ਼ਿਕਰਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਰਾਜੋਆਣਾ ਦੀ ਸਜ਼ਾ ਨੂੰ ਰੱਦ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੇ ਸਾਲ 2012 ਵਿੱਚ ਰਾਸ਼ਟਰਪਤੀ ਕੋਲ ਪਟੀਸ਼ਨ ਪਾਈ ਸੀ। ਹਾਲਾਂਕਿ, ਰਾਜੋਆਣਾ ਖ਼ੁਦ ਸ਼ੁਰੂ ਤੋਂ ਹੀ ਇਸ ਅਪੀਲ ਦੇ ਵਿਰੁੱਧ ਰਹੇ ਹਨ ਅਤੇ ਅਦਾਲਤ ਵਿੱਚ ਵੀ ਕੋਈ ਰਹਿਮ ਨਹੀਂ ਮੰਗਿਆ ਸੀ। ਰਾਜੋਆਣਾ ਦੇ ਇਸ ਕਦਮ ਨੇ ਸਿੱਖ ਸਿਆਸਤ ਵਿੱਚ ਇੱਕ ਵਾਰ ਫਿਰ ਹਲਚਲ ਤੇਜ਼ ਕਰ ਦਿੱਤੀ ਹੈ। ਹੁਣ ਸਭ ਦੀਆਂ ਨਜ਼ਰਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਗਲੇ ਫੈਸਲੇ ਅਤੇ ਸ਼੍ਰੋਮਣੀ ਕਮੇਟੀ ਦੀ ਕਾਰਵਾਈ 'ਤੇ ਟਿਕੀਆਂ ਹੋਈਆਂ ਹਨ।

# ਜਲੰਧਰ ਦੇ ਸਿਵਲ ਹਸਪਤਾਲ ਵਿਚ ਹੰਗਾਮਾ

### ✪ ਛੇੜਛਾੜ ਦਾ ਵਿਰੋਧ ਕਰਨ 'ਤੇ ਕੁੜੀ ਦੇ ਪਾੜੇ ਕੱਪੜੇ ✪ ਦੋਵਾਂ ਧਿਰਾਂ ਵਿਚਾਲੇ ਜੰਮ ਕੇ ਹੋਈ ਕੁੱਟਮਾਰ

ਜਲੰਧਰ-ਜਲੰਧਰ ਦੇ ਸਿਵਲ ਹਸਪਤਾਲ ਵਿੱਚ ਉਸ ਵੇਲੇ ਮਾਹੌਲ ਬੇਹੱਦ ਤਣਾਅਪੂਰਨ ਹੋ ਗਿਆ, ਜਦੋਂ ਦੋ ਧਿਰਾਂ ਹਸਪਤਾਲ ਪਰਿਸਰ ਦੇ ਅੰਦਰ ਹੀ ਆਪਸ ਵਿੱਚ ਭਿੜ ਗਈਆਂ। ਛੇੜਛਾੜ ਦੇ ਵਿਵਾਦ ਤੋਂ ਸ਼ੁਰੂ ਹੋਈ ਇਹ ਲੜਾਈ ਹਸਪਤਾਲ ਦੀਆਂ ਗਲੀਆਂ ਵਿੱਚ ਕੁੱਟਮਾਰ ਅਤੇ ਹੰਗਾਮੇ ਵਿੱਚ ਬਦਲ ਗਈ, ਜਿਸ ਕਾਰਨ ਮਰੀਜ਼ਾਂ ਅਤੇ ਸਟਾਫ਼ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਪੀੜਤ ਕੁੜੀ ਮੋਨਿਕਾ (ਸੰਤੋਸ਼ੀ ਨਗਰ ਦੀ ਰਹਿਣ ਵਾਲੀ) ਅਨੁਸਾਰ ਇਲਾਕੇ ਦੇ ਹੀ ਇੱਕ ਨੌਜਵਾਨ ਸੁਧੀਰ ਨੇ ਉਸ ਨਾਲ ਛੇੜਛਾੜ ਕੀਤੀ ਸੀ। ਜਦੋਂ ਮੋਨਿਕਾ ਅਤੇ ਉਸ ਦੇ ਪਿਤਾ ਨੇ ਇਸ ਦਾ ਵਿਰੋਧ ਕੀਤਾ, ਤਾਂ ਮੁਲਜ਼ਮ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਬਚਾਅ ਕਰਨ ਆਈ ਮੋਨਿਕਾ ਨਾਲ ਮੁਲਜ਼ਮ ਨੇ ਬਦਤਮੀਜ਼ੀ ਕੀਤੀ ਅਤੇ ਉਸ ਦੇ ਕੱਪੜੇ ਪਾੜ ਦਿੱਤੇ। ਹੈਰਾਨੀ ਦੀ ਗੱਲ ਇਹ ਰਹੀ ਕਿ ਜਦੋਂ ਪੀੜਤ ਪਰਿਵਾਰ ਆਪਣੀ ਐੱਮ.ਐੱਲ.ਆਰ. ਕਟਵਾਉਣ ਅਤੇ ਇਲਾਜ ਲਈ ਸਿਵਲ ਹਸਪਤਾਲ ਪਹੁੰਚਿਆ, ਤਾਂ ਦੂਜੀ ਧਿਰ ਉੱਥੇ ਪਹਿਲਾਂ ਤੋਂ ਹੀ ਮੌਜੂਦ ਸੀ। ਪੀੜਤਾਂ ਦਾ ਦੋਸ਼ ਹੈ ਕਿ ਹਸਪਤਾਲ ਦੇ ਅੰਦਰ ਹੀ ਉਨ੍ਹਾਂ ਨੂੰ ਦੇਖ ਕੇ ਦੂਜੀ ਧਿਰ ਨੇ ਮੁੜ ਹਮਲਾ ਕਰ ਦਿੱਤਾ। ਇਸ ਹੰਗਾਮੇ ਦੌਰਾਨ ਕੁੜੀ ਦਾ ਬਲਾਊਜ਼ ਪਾੜ ਦਿੱਤਾ ਗਿਆ ਅਤੇ ਉਸ ਦੀ ਮਾਂ 'ਤੇ ਵੀ ਕਿਸੇ ਤੇਜ਼ਧਾਰ ਚੀਜ਼ ਜਾਂ ਭਾਰੀ ਵਸਤੂ ਨਾਲ ਹਮਲਾ ਕੀਤਾ ਗਿਆ, ਜਿਸ ਕਾਰਨ ਉਨ੍ਹਾਂ ਦੇ ਹੱਥ 'ਤੇ ਸੱਟ ਲੱਗੀ। ਪੁਲਿਸ ਅਨੁਸਾਰ ਦੋਵਾਂ ਧਿਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਜਾਂਚ ਤੋਂ ਬਾਅਦ ਦੋਸ਼ੀਆਂ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਅੰਮ੍ਰਿਤਸਰ ਪੁਲਿਸ ਵਲੋਂ 3 ਕਿਲੋ ਹੈਰੋਇਨ ਸਣੇ 5 ਤਸਕਰ ਗ੍ਰਿਫ਼ਤਾਰ

### ✪ ਕਈ ਇਲਾਕਿਆਂ ਵਿਚ ਛਾਪੇਮਾਰੀ ਜਾਰੀ

ਅੰਮ੍ਰਿਤਸਰ-ਅੰਮ੍ਰਿਤਸਰ (ਦਿਹਾਤੀ) ਪੁਲਿਸ ਨੇ ਨਸ਼ਾ ਤਸਕਰੀ ਵਿਰੁੱਧ ਵਿੱਢੀ ਮੁਹਿੰਮ ਤਹਿਤ ਵੱਡੀ ਸਫਲਤਾ ਹਾਸਲ ਕੀਤੀ ਹੈ। ਪੁਲਿਸ ਨੇ ਵੱਖ-ਵੱਖ ਮਾਮਲਿਆਂ ਵਿੱਚ ਕਾਰਵਾਈ ਕਰਦਿਆਂ ਇੱਕ ਗਿਰੋਹ ਦੇ 5 ਮੈਂਬਰਾਂ ਨੂੰ 3 ਕਿਲੋਗ੍ਰਾਮ ਹੈਰੋਇਨ ਸਣੇ ਕਾਬੂ ਕੀਤਾ ਹੈ। ਖਲਚੀਆਂ ਥਾਣੇ ਦੀ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਕੁਝ ਤਸਕਰ ਹੈਰੋਇਨ ਦੀ ਸਪਲਾਈ ਦੇਣ ਦੀ ਫਿਰਾਕ ਵਿੱਚ ਹਨ। ਇੰਸਪੈਕਟਰ ਮੁਖਤਿਆਰ ਸਿੰਘ ਦੀ ਅਗਵਾਈ ਹੇਠ ਮੱਦੇਪੁਰ ਰੋਡ 'ਤੇ ਨਾਕਾਬੰਦੀ ਕਰਕੇ 4 ਮੁਲਜ਼ਮਾਂ ਸਾਹਿਲ, ਕ੍ਰਿਸ਼ਦੀਪ ਸਿੰਘ ਉਰਫ਼ ਕ੍ਰਿਸ਼ (ਖਲਚੀਆਂ), ਗੁਰਬਲਰਾਜ ਸਿੰਘ ਅਤੇ ਬਲਵਿੰਦਰ ਸਿੰਘ (ਮੰਡਾਲਾ)। ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਕੋਲੋਂ 2 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ। ਜਾਂਚ ਵਿੱਚ ਸਾਹਮਣੇ ਆਇਆ ਕਿ ਇਹ ਖੇਪ ਦਲਜੀਤ ਸਿੰਘ ਉਰਫ਼ ਲਾਲਾ (ਬੁੱਢਾ ਥੇਹ) ਅਤੇ ਨਵਪ੍ਰੀਤ ਸਿੰਘ ਉਰਫ਼ ਨਵ (ਭੁੱਲਰ) ਨੂੰ ਪਹੁੰਚਾਉਣੀ ਸੀ। ਪੁਲਿਸ ਇਨ੍ਹਾਂ ਫਰਾਰ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ। ਇੱਕ ਹੋਰ ਮਾਮਲੇ ਵਿੱਚ ਘਰਿੰਡਾ ਪੁਲਿਸ ਦੇ ਸਬ-ਇੰਸਪੈਕਟਰ ਰਾਜਬੀਰ ਸਿੰਘ ਨੇ ਕਾਰਵਾਈ ਕਰਦਿਆਂ ਪਿੰਡ ਕੋਟਲੀ ਢੋਲੇ ਸ਼ਾਹ ਦੇ ਰਹਿਣ ਵਾਲੇ ਮਨਮੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਮੁਲਜ਼ਮ ਕੋਲੋਂ 998 ਗ੍ਰਾਮ (ਲਗਭਗ 1 ਕਿਲੋ) ਹੈਰੋਇਨ ਬਰਾਮਦ ਕੀਤੀ ਗਈ। ਪੁਲਿਸ ਨੇ ਸਾਰੇ ਮੁਲਜ਼ਮਾਂ ਖਿਲਾਫ਼ ਐਨਡੀਪੀਐਸ ਐਕਟ ਤਹਿਤ ਮਾਮਲੇ ਦਰਜ ਕਰ ਲਏ ਹਨ। ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਇਸ ਗਿਰੋਹ ਦੇ ਬਾਕੀ ਮੈਂਬਰਾਂ ਅਤੇ ਨਸ਼ੇ ਦੇ ਸਰੋਤਾਂ ਦਾ ਪਤਾ ਲਗਾਉਣ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ।

## ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਮਾਨਸਿਕ ਪਰੇਸ਼ਾਨੀ ਕਾਰਨ ਨੌਜਵਾਨ ਨੇ ਕੀਤੀ ਖੁਦਕੁਸ਼ੀ

### ✪ ਪ੍ਰੇਮਿਕਾ ਸਣੇ 3 ਖਿਲਾਫ਼ ਮਾਮਲਾ ਦਰਜ

ਜਲੰਧਰ-ਜਲੰਧਰ ਦੇ ਥਾਣਾ ਨੰਬਰ 8 ਦੇ ਅਧੀਨ ਪੈਂਦੇ ਇਲਾਕੇ ਸੰਤੋਖਪੁਰਾ ਵਿੱਚ ਇੱਕ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਨੌਜਵਾਨ ਕਰਨ ਨੇ ਮਾਨਸਿਕ ਪਰੇਸ਼ਾਨੀ ਦੇ ਚੱਲਦਿਆਂ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਮ੍ਰਿਤਕ ਦੀ ਭੈਣ ਭਾਵਨਾ ਨੇ ਗੰਭੀਰ ਦੋਸ਼ ਲਗਾਏ ਹਨ। ਉਸ ਅਨੁਸਾਰ ਕਰਨ ਦੇ ਤਿਲਕ ਨਗਰ ਦੀ ਰਹਿਣ ਵਾਲੀ ਸ਼ਵੇਤਾ ਨਾਂ ਦੀ ਲੜਕੀ ਨਾਲ ਪ੍ਰੇਮ ਸਬੰਧ ਸਨ। ਕਰਨ ਨੇ ਲੜਕੀ ਦੇ ਪਰਿਵਾਰ ਤੋਂ 60,000 ਰੁਪਏ ਉਧਾਰ ਲਏ ਸਨ।

ਕਰਨ ਨੇ ਜ਼ਿਆਦਾਤਰ ਰਕਮ ਮੋੜ ਦਿੱਤੀ ਸੀ, ਪਰ ਸਿਰਫ਼ 20,000 ਰੁਪਏ ਬਾਕੀ ਰਹਿ ਗਏ ਸਨ। ਇਸ ਬਕਾਇਆ ਰਕਮ ਨੂੰ ਲੈ ਕੇ ਲੜਕੀ ਅਤੇ ਉਸਦਾ ਪਰਿਵਾਰ ਗਗਨ (ਲੜਕੀ ਦਾ ਭਰਾ), ਮੀਨੂੰ (ਲੜਕੀ ਦੀ ਮਾਂ) ਕਰਨ ਨੂੰ ਲਗਾਤਾਰ ਮਾਨਸਿਕ ਤੌਰ 'ਤੇ ਪਰੇਸ਼ਾਨ ਕਰ ਰਹੇ ਸਨ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ ਅਤੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਮ੍ਰਿਤਕ ਦੀ ਭੈਣ ਦੀ ਸ਼ਿਕਾਇਤ 'ਤੇ ਪੁਲਿਸ ਨੇ ਤਿੰਨ ਜਣਿਆਂ ਵਿਰੁੱਧ ਕੇਸ ਦਰਜ ਕੀਤਾ ਹੈ। ਪੁਲਿਸ ਦਾ ਦਾਅਵਾ ਹੈ ਕਿ ਮੁਲਜ਼ਮਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਇੰਗਲੈਂਡ ਵਿੱਚ ਡਾਕਟਰਾਂ ਦੀ ਛੇ ਦਿਨਾਂ ਹੜਤਾਲ ਸ਼ੁਰੂ, ਸਿਹਤ ਸੇਵਾਵਾਂ ਪ੍ਰਭਾਵਿਤ ਹੋਣ ਦੀ ਸੰਭਾਵਨਾ

***ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਵਿੱਚ ਰਿਹਾਇਸ਼ੀ ਡਾਕਟਰਾਂ (ਪਹਿਲਾਂ ਜੂਨੀਅਰ ਡਾਕਟਰ ਕਹੇ ਜਾਂਦੇ) ਵੱਲੋਂ ਤਨਖਾਹ ਸਬੰਧੀ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦ ਦੇ ਚਲਦਿਆਂ ਮੰਗਲਵਾਰ ਸਵੇਰੇ 7 ਵਜੇ ਤੋਂ ਛੇ ਦਿਨਾਂ ਦੀ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਕਾਰਨ ਐਨ ਐਚ ਐਸ ਦੀਆਂ ਸਿਹਤ ਸੇਵਾਵਾਂ ਵਿੱਚ ਵੱਡਾ ਵਿਘਨ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।***

ਦੱਸਿਆ ਜਾ ਰਿਹਾ ਹੈ ਕਿ ਇਹ ਹੜਤਾਲ ਇਸ ਚੱਲ ਰਹੇ ਵਿਵਾਦ ਦੌਰਾਨ ਡਾਕਟਰਾਂ ਦੀ 15ਵੀਂ ਹੜਤਾਲ ਹੈ। ਐਨਐਚਐਸ ਵਿੱਚ ਰਿਹਾਇਸ਼ੀ ਡਾਕਟਰ ਕਰੀਬ ਅੱਧੀ ਮੈਡੀਕਲ ਵਰਕਫੋਰਸ ਬਣਾਉਂਦੇ ਹਨ, ਇਸ ਕਰਕੇ ਹੜਤਾਲ ਦੇ ਦੌਰਾਨ ਕਈ ਪਹਿਲਾਂ ਤੋਂ ਨਿਯਤ ਇਲਾਜ ਅਤੇ ਮੀਟਿੰਗਾਂ ਰੱਦ ਹੋ ਸਕਦੀਆਂ ਹਨ।

ਸਰਕਾਰ ਅਤੇ ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ (ਬੀਐਮਏ) ਵਿਚਾਲੇ ਮਾਰਚ ਮਹੀਨੇ ਦੌਰਾਨ ਹੋਈਆਂ ਗੱਲਬਾਤਾਂ ਨਾਕਾਮ ਰਹਿਣ ਤੋਂ ਬਾਅਦ ਬੀਐਮਏ ਦੇ ਮੈਂਬਰ ਡਾਕਟਰਾਂ ਨੇ ਹੜਤਾਲ ਦਾ ਫ਼ੈਸਲਾ ਕੀਤਾ। ਹਾਲਾਂਕਿ ਐਮਰਜੈਂਸੀ ਸੇਵਾਵਾਂ ਨੂੰ ਚੱਲਦਾ ਰੱਖਣ ਲਈ ਸੀਨੀਅਰ ਡਾਕਟਰਾਂ ਨੂੰ ਡਿਊਟੀ 'ਤੇ ਲਾਇਆ ਗਿਆ ਹੈ।




ਹੜਤਾਲ ਦੌਰਾਨ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਦੇ ਹੋਏ ਡਾਕਟਰ

ਐਨ ਐਚ ਐਸ ਵੱਲੋਂ ਮਰੀਜ਼ਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਕਿਸੇ ਨੂੰ ਤੁਰੰਤ ਜਾਂ ਐਮਰਜੈਂਸੀ ਸਹਾਇਤਾ ਦੀ ਲੋੜ ਹੋਵੇ ਤਾਂ ਉਹ 999 ਜਾਂ 111 ਨੰਬਰਾਂ 'ਤੇ ਸੰਪਰਕ ਕਰਨ ਵਿੱਚ ਕੋਈ ਹਿਚਕਿਚਾਹਟ ਨਾ ਕਰਨ। ਜਿਨ੍ਹਾਂ ਮਰੀਜ਼ਾਂ ਦੀ ਪਹਿਲਾਂ ਤੋਂ ਅਪਾਇੰਟਮੈਂਟ ਹੈ ਉਹ ਤਦ ਤੱਕ ਹਸਪਤਾਲ ਪਹੁੰਚਣ ਜਾਰੀ ਰੱਖਣ ਜਦ ਤੱਕ ਉਨ੍ਹਾਂ ਨੂੰ ਰੱਦ ਹੋਣ ਬਾਰੇ ਸੂਚਨਾ ਨਾ ਮਿਲੇ। ਜੀਪੀ ਸੇਵਾਵਾਂ ਜ਼ਿਆਦਾਤਰ ਅਣਪ੍ਰਭਾਵਿਤ ਰਹਿਣਗੀਆਂ।

ਬ੍ਰਿਟੇਨ ਦੇ ਸਿਹਤ ਮੰਤਰੀ ਵੇਸ ਸਟ੍ਰੀਟਿੰਗ ਨੇ ਕਿਹਾ ਕਿ ਕਰੀਬ 95 ਫ਼ੀਸਦੀ ਅਪਾਇੰਟਮੈਂਟਾਂ ਹਾਲੇ ਵੀ ਜਾਰੀ ਹਨ, ਹਾਲਾਂਕਿ ਕੁਝ ਮਰੀਜ਼ਾਂ ਨੂੰ ਰੱਦ ਹੋਈਆਂ ਮੀਟਿੰਗਾਂ ਕਾਰਨ ਪਰੇਸ਼ਾਨੀ ਹੋ ਸਕਦੀ ਹੈ, ਜਿਸ ਲਈ ਉਨ੍ਹਾਂ ਨੇ ਅਫਸੋਸ ਵੀ ਜ਼ਾਹਰ ਕੀਤਾ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਬੀਐਮਏ ਨਾਲ "ਸੱਚੇ ਮਨ ਨਾਲ" ਗੱਲਬਾਤ ਕੀਤੀ ਸੀ

ਪਰ ਡਾਕਟਰਾਂ ਵੱਲੋਂ ਨਵੀਂ ਪੇਸ਼ਕਸ਼ ਸਵੀਕਾਰ ਨਹੀਂ ਕੀਤੀ ਗਈ। ਦੂਜੇ ਪਾਸੇ ਬੀਐਮਏ ਦੇ ਰਿਹਾਇਸ਼ੀ ਡਾਕਟਰ ਕਮੇਟੀ ਦੇ ਮੁਖੀ ਡਾ. ਜੈਕ ਫਲੈਚਰ ਨੇ ਕਿਹਾ ਕਿ ਉਹ ਮਰੀਜ਼ਾਂ ਨੂੰ ਹੋ ਰਹੀ ਅਸੁਵਿਧਾ ਲਈ ਦੁੱਖੀ ਹਨ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਡਾਕਟਰਾਂ ਦੀ ਤਨਖਾਹ ਮਹਿਲਾਈ ਨੂੰ ਧਿਆਨ ਵਿੱਚ ਰੱਖਦਿਆਂ 2008 ਨਾਲੋਂ ਅਜੇ ਵੀ ਘੱਟ ਹੈ। ਉਨ੍ਹਾਂ ਕਿਹਾ ਕਿ ਹੱਲ ਸਿਰਫ਼ ਗੱਲਬਾਤ ਰਾਹੀਂ ਹੀ ਨਿਕਲ ਸਕਦਾ ਹੈ।

ਸਰਕਾਰ ਦੇ ਅਨੁਸਾਰ ਪਿਛਲੇ ਚਾਰ ਸਾਲਾਂ ਵਿੱਚ ਡਾਕਟਰਾਂ ਦੀ ਤਨਖਾਹ ਵਿੱਚ ਲਗਭਗ 33 ਫ਼ੀਸਦੀ ਵਾਧਾ ਹੋਇਆ ਹੈ ਅਤੇ ਇਸ ਸਾਲ ਵੀ 3.5 ਫ਼ੀਸਦੀ ਦਾ ਵਾਧਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਨਵੇਂ ਡਾਕਟਰਾਂ ਦੀ ਸ਼ੁਰੂਆਤੀ ਤਨਖਾਹ ਹੁਣ ਕਰੀਬ £40,000 ਹੈ ਜਦਕਿ ਸਭ ਤੋਂ ਸੀਨੀਅਰ ਰਿਹਾਇਸ਼ੀ ਡਾਕਟਰਾਂ ਦੀ ਬੁਨਿਆਦੀ ਤਨਖਾਹ £76,500 ਤੱਕ ਪਹੁੰਚਦੀ ਹੈ।ਸਰਕਾਰ ਦਾ ਕਹਿਣਾ ਹੈ ਕਿ ਹੜਤਾਲਾਂ ਕਾਰਨ ਐਨਐਚਐਸ ਨੂੰ ਹਰ ਦਿਨ ਕਰੀਬ £50 ਮਿਲੀਅਨ ਦਾ ਨੁਕਸਾਨ ਹੋ ਰਿਹਾ ਹੈ ਅਤੇ ਮਾਰਚ 2023 ਤੋਂ ਹੁਣ ਤੱਕ ਇਸ ਉਦਯੋਗਿਕ ਕਾਰਵਾਈ ਕਾਰਨ ਸਿਹਤ ਸੇਵਾ ਨੂੰ ਲਗਭਗ £3 ਬਿਲੀਅਨ ਦਾ ਖਰਚਾ ਝੇਲਣਾ ਪਿਆ ਹੈ।

ਇਸ ਦਰਮਿਆਨ ਤਾਜ਼ਾ ਸਰਵੇਖਣਾਂ ਮੁਤਾਬਕ ਕਰੀਬ 53 ਫ਼ੀਸਦੀ ਲੋਕ ਹੜਤਾਲ ਦੇ ਵਿਰੋਧ ਵਿੱਚ ਹਨ ਜਦਕਿ 38 ਫ਼ੀਸਦੀ ਲੋਕ ਡਾਕਟਰਾਂ ਦੇ ਸਮਰਥਨ ਵਿੱਚ ਹਨ। ਹੜਤਾਲ ਦੇ ਕਾਰਨ ਕਈ ਮਰੀਜ਼ਾਂ ਦੇ ਇਲਾਜ ਅਤੇ ਮੀਟਿੰਗਾਂ ਮੁਲਤਵੀ ਹੋ ਰਹੀਆਂ ਹਨ ਜਿਸ ਨਾਲ ਸਿਹਤ ਪ੍ਰਣਾਲੀ 'ਤੇ ਵਾਧੂ ਦਬਾਅ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

## ਲੈਸਟਰ ਦੇ ਪਾਰਕ ਵਿੱਚ ਮ੍ਰਿਤਕ ਮਿਲੇ ਵਿਅਕਤੀ ਦੀ ਮੌਤ ਸਬੰਧੀ ਇਕ ਗ੍ਰਿਫ਼ਤਾਰ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਲੈਸਟਰ ਦੇ ਬਿਊਮੌਂਟ ਲੇਜ਼ ਪਾਰਕ ਵਿੱਚ ਇਕ 62 ਸਾਲਾ ਵਿਅਕਤੀ ਦੀ ਸ਼ੱਕੀ ਹਾਲਤ ਵਿੱਚ ਮੌਤ ਹੋਣ ਦੇ ਮਾਮਲੇ ਵਿੱਚ ਪੁਲਿਸ ਨੇ ਇਕ 33 ਸਾਲਾ ਵਿਅਕਤੀ ਨੂੰ ਕਤਲ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਹੈ। ਇਹ ਘਟਨਾ ਸੋਮਵਾਰ ਸ਼ਾਮ ਉਸ ਵੇਲੇ ਸਾਹਮਣੇ ਆਈ ਜਦੋਂ ਪਾਰਕ ਵਿੱਚ ਇਕ ਵਿਅਕਤੀ ਨੂੰ ਗੰਭੀਰ ਜਖ਼ਮੀ ਹਾਲਤ ਵਿੱਚ ਪਿਆ ਹੋਇਆ ਦੇਖ ਕੇ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ ਗਿਆ।**

**ਪੁਲਿਸ ਅਨੁਸਾਰ ਸੋਮਵਾਰ ਸ਼ਾਮ ਕਰੀਬ 7 ਵਜੇ ਈਸਟ ਮਿਡਲੈਂਡਜ਼ ਐਂਬੂਲੈਂਸ ਸਰਵਿਸ ਨੂੰ ਬਿਊਮੌਂਟ ਲੇਜ਼ ਪਾਰਕ ਵਿੱਚ ਇਕ ਬੇਹੋਸ਼ ਵਿਅਕਤੀ ਮਿਲਣ ਦੀ ਸੂਚਨਾ ਪ੍ਰਾਪਤ ਹੋਈ ਸੀ।ਇਹ ਪਾਰਕ ਨੇੜਲੇ ਰਿਟੇਲ ਇਲਾਕੇ ਦੇ ਕੋਲ ਸਥਿਤ ਹੈ। ਮੌਕੇ 'ਤੇ ਪਹੁੰਚੇ ਪੈਰਾਮੈਡਿਕਸ ਨੇ 62 ਸਾਲਾ ਵਿਅਕਤੀ ਨੂੰ ਤੁਰੰਤ ਇਲਾਜ ਲਈ ਹਸਪਤਾਲ ਪਹੁੰਚਾਇਆ, ਪਰ ਗੰਭੀਰ ਚੋਟਾਂ ਕਾਰਨ ਡਾਕਟਰਾਂ ਵੱਲੋਂ ਉਸ ਨੂੰ ਬਚਾਇਆ ਨਾ ਜਾ ਸਕਿਆ ਅਤੇ ਉਸ ਦੀ ਮੌਤ ਹੋ ਗਈ।**

**ਲੈਸਟਰਸ਼ਾਇਰ ਪੁਲਿਸ ਨੇ ਦੱਸਿਆ ਹੈ ਕਿ ਮ੍ਰਿਤਕ ਵਿਅਕਤੀ ਦੀ ਪਛਾਣ ਕਰ ਲਈ ਗਈ ਹੈ ਅਤੇ ਉਸ ਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪੁਲਿਸ ਵੱਲੋਂ ਇਸ ਵੇਲੇ ਉਸ ਦੇ ਪਰਿਵਾਰ ਨੂੰ ਇਸ ਮੁਸ਼ਕਲ ਸਮੇਂ ਦੌਰਾਨ ਵਿਸ਼ੇਸ਼ ਅਧਿਕਾਰੀਆਂ ਰਾਹੀਂ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।ਘਟਨਾ ਤੋਂ ਬਾਅਦ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਇਕ 33 ਸਾਲਾ ਵਿਅਕਤੀ ਨੂੰ ਕਤਲ ਦੇ ਸ਼ੱਕ ਹੇਠ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।ਜਾਂਚ ਦੇ ਮੱਦੇਨਜ਼ਰ ਪੁਲਿਸ ਨੇ ਬਿਊਮੌਂਟ ਲੇਜ਼ ਪਾਰਕ ਦੇ ਆਲੇ ਦੁਆਲੇ ਕੇਰੇਫੈਲਡ ਵੇਅ ਅਤੇ ਬਿਊਮੌਂਟ ਵੇਅ ਦਰਮਿਆਨ ਇਲਾਕੇ ਨੂੰ ਘੇਰਾਬੰਦੀ ਕਰ ਦਿੱਤਾ ਹੈ, ਜਿੱਥੇ ਮਾਹਿਰ ਫੋਰੈਂਸਿਕ ਟੀਮਾਂ ਵੱਲੋਂ ਘਟਨਾ ਸਥਾਨ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਈਸਟ ਮਿਡਲੈਂਡਜ਼ ਮਰਡਰ ਇਨਵੈਸਟਿਗੇਸ਼ਨ ਟੀਮ ਦੇ ਡਿਟੈਕਟਿਵ ਇੰਸਪੈਕਟਰ ਕੇਵਿਨ ਹੈਮਜ਼ ਨੇ ਦੱਸਿਆ ਕਿ ਪੁਲਿਸ ਦੀ ਜਾਂਚ ਇਸ ਸਮੇਂ ਸ਼ੁਰੂਆਤੀ ਪੜਾਅ ਵਿੱਚ ਹੈ ਅਤੇ ਅਧਿਕਾਰੀ ਇਹ ਜਾਣਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਘਟਨਾ ਤੋਂ ਪਹਿਲਾਂ ਕੀ ਕੁਝ ਵਾਪਰਿਆ ਸੀ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਘਰ-ਘਰ ਜਾ ਕੇ ਲੋਕਾਂ ਨਾਲ ਪੁੱਛਗਿੱਛ ਵੀ ਕੀਤੀ ਜਾ ਰਹੀ ਹੈ ਤਾਂ ਜੋ ਘਟਨਾ ਬਾਰੇ ਹੋਰ ਜਾਣਕਾਰੀ ਮਿਲ ਸਕੇ।**

**ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵਿਅਕਤੀ ਉਸ ਸ਼ਾਮ ਬਿਊਮੌਂਟ ਲੇਜ਼ ਪਾਰਕ ਜਾਂ ਉਸ ਦੇ ਆਲੇ ਦੁਆਲੇ ਮੌਜੂਦ ਸੀ ਅਤੇ ਉਸ ਨੇ ਕੋਈ ਸ਼ੱਕੀ ਗਤੀਵਿਧੀ ਦੇਖੀ ਜਾਂ ਸੁਣੀ ਹੈ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ। ਪੁਲਿਸ ਦਾ ਕਹਿਣਾ ਹੈ ਕਿ ਛੋਟੀ ਤੋਂ ਛੋਟੀ**

**ਜਾਣਕਾਰੀ ਵੀ ਜਾਂਚ ਵਿੱਚ ਅਹਿਮ ਸਾਬਤ ਹੋ ਸਕਦੀ ਹੈ।ਇਸ ਘਟਨਾ ਤੋਂ ਬਾਅਦ ਸਥਾਨਕ ਇਲਾਕੇ ਵਿੱਚ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ ਅਤੇਪੁਲਿਸ ਵੱਲੋਂ ਲੋਕਾਂ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਸੱਚਾਈ ਸਾਹਮਣੇ ਲਿਆਂਦੀ ਜਾਵੇਗੀ।**

ਸਮੂਹ ਜਗਤ ਨੂੰ ਵਿਸਾਖੀ ਦੇ ਸ਼ੁਭ ਦਿਹਾੜੇ ਦੀ ਲੱਖ ਲੱਖ ਵਧਾਈ

VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਸੇਵਾ ਟਰੱਸਟ ਯੂ.ਕੇ. ਵੱਲੋਂ ਹਲਵਾਰਾ ਤੋਂ ਦਿੱਲੀ ਉਡਾਨਾਂ ਦੀ ਸ਼ੁਰੂਆਤ ਦਾ ਸੁਆਗਤ ਅਤੇ ਭਾਰਤ ਅਤੇ ਪੰਜਾਬ ਸਰਕਾਰ ਨੂੰ ਪੰਜਾਬ ਤੋਂ ਸਿੱਧੀਆਂ ਅੰਤਰ-ਰਾਸ਼ਟਰੀ ਉਡਾਨਾਂ ਸ਼ੁਰੂ ਕਰਨ ਦੀ ਅਪੀਲ

ਸੇਵਾ ਟਰੱਸਟ ਜੋ ਕਿ ਯੂ. ਕੇ. ਅਤੇ ਭਾਰਤ ਵਿੱਚ ਪਿਛਲੇ ਦਸ ਸਾਲਾਂ ਤੋਂ ਵੱਖ-ਵੱਖ ਖੇਤਰਾਂ ਵਿੱਚ ਚੈਰੀਟੇਬਲ ਕਾਰਜ ਕਰ ਰਿਹਾ ਹੈ ਅਤੇ ਯੂ. ਕੇ. ਤੋਂ ਪੰਜਾਬ ਸਿੱਧੀਆਂ ਉਡਾਨਾਂ ਲਈ ਲੰਡਨ-ਅੰਮ੍ਰਿਤਸਰ ਉਡਾਨਾਂ ਵਾਸਤੇ ਵੀ 2017 ਤੋਂ ਸੇਵਾ ਟਰੱਸਟ ਲਗਾਤਾਰ ਉਪਰਾਲੇ ਕਰ ਰਿਹਾ ਹੈ।

ਸੇਵਾ ਟਰੱਸਟ ਯੂ. ਕੇ. ਨੇ ਅੰਮ੍ਰਿਤਸਰ ਵਿਕਾਸ ਮੰਚ, ਅੰਮ੍ਰਿਤਸਰ ਫਲਾਈ ਇਨਿਸ਼ਇਟਿਵ ਅਤੇ ਹੋਰ ਸੰਸਥਾਵਾਂ ਨਾਲ ਸਾਂਝੇ ਤੌਰ 'ਤੇ ਕੰਮ ਕਰਦੇ ਹੋਏ ਅਤੇ ਯੂ. ਕੇ. ਅਤੇ ਭਾਰਤੀ ਪਾਰਲੀਮੈਂਟ ਮੈਂਬਰਾਂ ਦੇ ਸਹਿਯੋਗ ਨਾਲ 2018 ਵਿੱਚ ਬਰਤਾਨਵੀ ਪਾਰਲੀਮੈਂਟ ਵਿੱਚ ਅਹਿਮ ਮੀਟਿੰਗ ਦੁਆਰਾ ਯੂ. ਕੇ. ਤੋਂ ਅੰਮ੍ਰਿਤਸਰ ਸਿੱਧੀਆਂ ਉਡਾਨਾਂ ਦੀ ਮੰਗ ਨੂੰ ਵੱਡੇ ਪੱਧਰ 'ਤੇ ਉਜਾਗਰ ਕੀਤੀ ਸੀ। ਪੰਜਾਬ ਤੋਂ ਯੂ. ਕੇ., ਯੂ.ਐਸ.ਏ., ਕੈਨੇਡਾ, ਯੂਰਪ, ਆਸਟਰੇਲੀਆ ਲਈ ਸਿੱਧੀਆਂ ਉਡਾਨਾਂ ਸ਼ੁਰੂ ਕਰਨ ਦੀ ਮੰਗ ਕੀਤੀ ਕਿਉਂਕਿ ਦੁਨੀਆਂ ਦੇ ਵੱਡੇ ਮੁਲਕ ਜਿੱਥੇ ਪੰਜਾਬੀਆਂ ਦੀ ਵੱਡੀ ਗਿਣਤੀ ਹੈ, ਸਿੱਧੀਆਂ ਉਡਾਨਾਂ ਕਾਰਨ ਯਾਤਰੀਆਂ ਨੂੰ ਦਿੱਲੀ ਰਾਹੀਂ ਅਸਿੱਧੀਆਂ ਉਡਾਨਾਂ ਦੇ ਸਫ਼ਰ ਤੋਂ ਬਚਾਇਆ ਜਾ ਸਕੇ।



ਇਸ ਸੰਬੰਧੀ ਵੱਖ-ਵੱਖ ਮੰਗ ਪੱਤਰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਭਾਰਤੀ ਹਵਾਈ ਵਿਭਾਗ, ਪੰਜਾਬ ਸਰਕਾਰ ਦੇ ਸਾਬਕਾ ਅਤੇ ਮੌਜੂਦਾ ਨੁਮਾਇੰਦਿਆਂ ਨੂੰ ਵੀ ਭੇਜੇ ਗਏ ਸਨ। ਇਹਨਾਂ ਸਮੁੱਚੇ ਉਪਰਾਲਿਆਂ ਕਾਰਨ ਅਤੇ ਭਾਰਤੀ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਮੁੱਖ ਰੱਖਦੇ ਹੋਏ, 2019 ਵਿੱਚ ਲੰਡਨ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਉਡਾਨਾਂ ਸ਼ੁਰੂ ਕੀਤੀਆਂ ਸਨ ਜੋ ਕਿ ਹੁਣ ਤੱਕ ਚੱਲ ਰਹੀਆਂ ਹਨ।

ਸੇਵਾ ਟਰੱਸਟ ਯੂ. ਕੇ. ਚੇਅਰਮੈਨ ਚਰਨ ਕੰਵਲ ਸਿੰਘ ਸੇਖੋਂ ਨੇ ਏਅਰ ਇੰਡੀਆ ਵੱਲੋਂ 15 ਮਈ ਤੋਂ ਦਿੱਲੀ ਤੋਂ ਹਲਵਾਰਾ (ਲੁਧਿਆਣਾ) ਰੋਜ਼ਾਨਾਂ ਦੋ ਉਡਾਨਾਂ ਸ਼ੁਰੂ ਕਰਨ ਦਾ ਭਰਪੂਰ ਸੁਆਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਉਡਾਨਾਂ ਨਾਲ ਯੂ. ਕੇ., ਯੂ.ਐਸ.ਏ., ਕੈਨੇਡਾ, ਆਸਟਰੇਲੀਆ ਅਤੇ ਯੂਰਪ ਤੋਂ ਦਿੱਲੀ ਦੁਆਰਾ ਆਉਣ ਵਾਲੇ ਵੱਡੀ ਗਿਣਤੀ ਵਿੱਚ ਯਾਤਰੀ ਦਿੱਲੀ ਤੋਂ ਪੰਜਾਬ ਲਈ ਲੰਬੀ ਸੜਕ ਯਾਤਰਾ ਦੀ ਬਜਾਏ ਸਿੱਧੇ ਹਲਵਾਰੇ ਪਹੁੰਚ ਸਕਦੇ ਹਨ। ਸਮੁੱਚੇ ਮਾਲਵਾ ਪੰਜਾਬ ਨੂੰ ਵੱਡਾ ਲਾਭ ਮਿਲੇਗਾ। ਉਨ੍ਹਾਂ ਕਿਹਾ ਜਿੱਥੇ ਦਿੱਲੀ ਤੋਂ ਹਲਵਾਰਾ ਉਡਾਨਾਂ ਦਾ ਸੁਆਗਤ ਹੈ ਸੇਵਾ ਟਰੱਸਟ ਭਾਰਤ ਸਰਕਾਰ, ਹਵਾਈ ਵਿਭਾਗ ਅਤੇ ਏਅਰ ਇੰਡੀਆ ਨੂੰ ਹਲਵਾਰਾ ਅਤੇ ਅੰਮ੍ਰਿਤਸਰ ਤੋਂ ਅੰਤਰ-ਰਾਸ਼ਟਰੀ ਉਡਾਨਾਂ ਸ਼ੁਰੂ ਕਰਨ ਦੀ ਵੀ ਅਪੀਲ ਕੀਤੀ ਹੈ। ਮਾਲਵੇ ਪੰਜਾਬ ਦੀ ਵੀ ਵੱਡੀ ਗਿਣਤੀ ਵਿੱਚ ਐਨ. ਆਰ. ਆਈ. ਵਿਦੇਸ਼ਾਂ ਵਿੱਚ ਰਹਿੰਦੇ ਹਨ ਤੋਂ ਦਿੱਲੀ ਤੋਂ ਸੜਕਾਂ ਰਾਹੀਂ 8-9 ਘੰਟਿਆਂ ਵਿੱਚ ਪੰਜਾਬ ਪਹੁੰਚਦੇ ਹਨ ਅਤੇ ਜੇ ਹਲਵਾਰਾ ਅੰਤਰ-ਰਾਸ਼ਟਰੀ ਉਡਾਨਾਂ ਸ਼ੁਰੂ ਹੁੰਦੀਆਂ ਹਨ ਤਾਂ ਸਭ ਨੂੰ ਲਾਭ ਹੋਵੇਗਾ।

15 ਮਈ ਤੋਂ ਏਅਰ ਇੰਡੀਆ ਏ. ਆਈ. 481 ਦਿੱਲੀ ਤੋਂ 5:55 ਸਵੇਰੇ ਚੱਲ ਕੇ ਹਲਵਾਰਾ 07:05 ਤੇ ਪਹੁੰਚੇਗੀ ਅਤੇ ਏ. ਆਈ. 482 ਹਲਵਾਰਾ ਤੋਂ 07:55 ਚੱਲ ਕੇ 09:10 ਦਿੱਲੀ ਪਹੁੰਚੇਗੀ। ਦੂਜੀ ਉਡਾਨ ਏ. ਆਈ. 483 ਦਿੱਲੀ ਤੋਂ 12:55 ਚੱਲ ਕੇ ਹਲਵਾਰਾ 14:10 ਤੇ ਪਹੁੰਚੇਗੀ ਅਤੇ ਏ. ਆਈ. 484 14:40 ਤੋਂ ਹਲਵਾਰੇ ਤੋਂ 15:55 ਦਿੱਲੀ ਪਹੁੰਚੇਗੀ। ਇਸ ਨਾਲ ਯੂ. ਕੇ., ਯੂ.ਐਸ.ਏ., ਯੂਰਪ ਅਤੇ ਕੈਨੇਡਾ ਆਉਣ ਵਾਲੇ ਐਨ.ਆਰ.ਆਈ. ਦਿੱਲੀ ਤੋਂ ਕੁਨੇਕਟਿੰਗ ਫਲਾਇਟ ਹਲਵਾਰੇ ਲਈ ਲੈ ਸਕਦੇ ਹਨ।

# ਕੈਨੇਡਾ 'ਚ ਜਬਰਨ ਵਸੂਲੀ ਦੇ ਮਾਮਲੇ 'ਚ ਪੰਜਾਬੀ ਗ੍ਰਿਫ਼ਤਾਰ

ਕੈਲਗਰੀ: ਕੈਲਗਰੀ ਪੁਲਿਸ ਨੇ ਸਾਊਥ ਏਸ਼ੀਅਨ ਭਾਈਚਾਰੇ ਵਿਰੁਧ ਵਾਪਰ ਰਹੇ ਜਬਰੀ ਵਸੂਲੀ ਦੇ ਮਾਮਲਿਆਂ ਵਿਚ ਪਹਿਲੀ ਗ੍ਰਿਫ਼ਤਾਰੀ ਕੀਤੀ ਹੈ। 45 ਸਾਲਾਂ ਦੇ ਰਾਣਾ ਚੀਮਾ ਨੂੰ ਗ੍ਰਿਫ਼ਤਾਰ ਕਰਕੇ ਉਸ ਤੇ ਜਬਰਨ ਵਸੂਲੀ ਅਤੇ ਧਮਕੀਆਂ ਦੇਣ ਦੇ ਦੋਸ਼ ਲਗਾਏ ਗਏ ਹਨ। ਪੁਲਿਸ ਦੇ ਮੁਤਾਬਕ, ਇਹ ਮਾਮਲੇ 4 ਮਾਰਚ ਤੋਂ 22 ਮਾਰਚ ਦਰਮਿਆਨ ਵਾਪਰੇ। ਇਨ੍ਹਾਂ ਚ ਘਰ ਤੇ ਗੋਲੀਬਾਰੀ, ਕਈ ਥਾਵਾਂ ਤੇ ਭੰਨਤੋੜ, ਲੋਕਾਂ ਨੂੰ ਡਰਾਉਣਾ-ਧਮਕਾਉਣਾ ਅਤੇ ਕੈਲਗਰੀ ਤੋਂ ਬਾਹਰ ਦੋ ਡੇਅਕੇਅਰਾਂ ਤੇ ਵੀ ਭੰਨਤੋੜ ਦੇ ਮਾਮਲੇ ਸ਼ਾਮਲ ਹਨ। ਇਹ ਸਾਰੇ ਕਾਰੇ ਵੱਡੀ ਰਕਮ ਦੀ ਮੰਗ ਕਰਨ ਅਤੇ ਕਾਰੋਬਾਰਾਂ ਤੇ ਕਬਜ਼ਾ ਲੈਣ ਲਈ ਕੀਤੇ ਗਏ ਸਨ। ਸੁਪਰਡੈਂਟ ਜੈਫ਼ ਬੈਲ ਨੇ ਕਿਹਾ, ਇਹ ਅਪਰਾਧ ਸਿਰਫ਼ ਇਕ ਵਿਅਕਤੀ ਨੂੰ ਨਹੀਂ, ਸਗੋਂ ਪਰਿਵਾਰਾਂ, ਆਂਡ-ਗੁਆਂਢ ਅਤੇ ਪੂਰੇ ਭਾਈਚਾਰੇ ਨੂੰ ਡਰਾਉਣ ਲਈ ਕੀਤੇ ਜਾਂਦੇ ਹਨ। ਉਨ੍ਹਾਂ ਨੇ ਦੱਸਿਆ ਕਿ 2 ਡੇਅਕੇਅਰਾਂ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਸੀ, ਪਰ ਹੋਰ ਡੇਅਕੇਅਰਾਂ ਲਈ ਕੋਈ ਖ਼ਤਰਾ ਨਹੀਂ ਹੈ। ਇਹ ਭੰਨਤੋੜ ਉਸ ਸਮੇਂ ਕੀਤੀ ਗਈ ਜਦੋਂ ਉੱਥੇ ਬੱਚੇ ਮੌਜੂਦ ਨਹੀਂ ਸਨ। ਪੁਲਿਸ ਨੇ ਇਹ ਵੀ ਪੁਸ਼ਟੀ ਕੀਤੀ ਹੈ ਕਿ 4 ਮਾਰਚ ਨੂੰ ਮਾਰਟਿਨਡੇਲ ਬੁਲੇਵਾਰਡ ਨੌਰਥ-ਈਸਟ ਵਿਚ ਇਕ ਘਰ ਤੇ ਹੋਈ ਗੋਲੀਬਾਰੀ ਇਸੇ ਜਾਂਚ ਨਾਲ ਜੁੜੀ ਹੋਈ ਹੈ, ਹਾਲਾਂਕਿ ਪਹਿਲਾਂ ਪੁਲਿਸ ਨੇ ਕਿਹਾ ਸੀ ਕਿ ਇਸ ਦਾ ਜਬਰਨ ਵਸੂਲੀ ਨਾਲ ਕੋਈ ਸਬੰਧ ਨਹੀਂ। ਇਹ ਅਪਰਾਧ ਸਿਰਫ਼ ਇਕ ਵਿਅਕਤੀ ਨੂੰ ਨਹੀਂ, ਸਗੋਂ ਪਰਿਵਾਰਾਂ, ਆਂਡ-ਗੁਆਂਢ ਅਤੇ ਪੂਰੇ ਭਾਈਚਾਰੇ ਨੂੰ ਡਰਾਉਣ ਲਈ ਕੀਤੇ ਜਾਂਦੇ ਹਨ। 2 ਡੇਅਕੇਅਰਾਂ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਸੀ, ਪਰ ਹੋਰ ਡੇਅਕੇਅਰਾਂ ਲਈ ਕੋਈ ਖ਼ਤਰਾ ਨਹੀਂ ਹੈ। ਇਹ ਭੰਨਤੋੜ ਉਸ ਸਮੇਂ ਕੀਤੀ ਗਈ ਜਦੋਂ ਉੱਥੇ ਬੱਚੇ ਮੌਜੂਦ ਨਹੀਂ ਸਨ। 4 ਮਾਰਚ ਨੂੰ ਮਾਰਟਿਨਡੇਲ ਬੁਲੇਵਾਰਡ ਨੌਰਥ-ਈਸਟ ਵਿਚ ਇਕ ਘਰ ਤੇ ਹੋਈ ਗੋਲੀਬਾਰੀ ਇਸੇ ਜਾਂਚ ਨਾਲ ਜੁੜੀ ਹੋਈ ਹੈ। ਕੈਲਗਰੀ ਵਿਚ ਜਬਰਨ ਵਸੂਲੀ, ਧਮਕੀਆਂ ਜਾਂ ਹਿੰਸਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਪੁਲਿਸ ਇਸ ਦੇ ਖ਼ਿਲਾਫ਼ ਸਖ਼ਤ ਕਾਰਵਾਈ ਜਾਰੀ ਰੱਖੇਗੀ।

# ਮੱਧ ਪ੍ਰਦੇਸ਼ ਵਿਚ ਜੰਗ ਦਾ ਅਸਰ : 5600 ਫ਼ੈਕਟਰੀਆਂ ਬੰਦ ਹੋਣ ਕਿਨਾਰੇ

ਇੰਦੌਰ : ਮੱਧ ਪ੍ਰਦੇਸ਼ ਦੇ ਡੈਟਰਾਇਟ ਵਜੋਂ ਜਾਣੇ ਜਾਂਦੇ ਉਦਯੋਗਿਕ ਖੇਤਰ ਪੀਥਮਪੁਰ ਵਿਚ ਇਰਾਨ-ਇਜ਼ਰਾਈਲ-ਅਮਰੀਕਾ ਯੁੱਧ ਦਾ ਅਸਰ ਵੱਧ ਰਿਹਾ ਹੈ। ਪਹਿਲਾਂ ਨਿਰਯਾਤ ਰੁਕ ਗਿਆ ਅਤੇ ਹੁਣ ਕਰਮਚਾਰੀਆਂ ਅਤੇ ਕਾਮਿਆਂ ਦੀਆਂ ਨੌਕਰੀਆਂ ਖ਼ਤਰੇ ਵਿਚ ਹਨ। ਉਦਯੋਗ ਸੰਚਾਲਕਾਂ ਦਾ ਕਹਿਣਾ ਹੈ ਕਿ ਜੇਕਰ ਸਥਿਤੀ ਜਲਦੀ ਨਹੀਂ ਸੁਧਰੀ ਤਾਂ ਮੁਸ਼ਕਲਾਂ ਹੋਰ ਵੀ ਵਧ ਜਾਣਗੀਆਂ। ਪੀਥਮਪੁਰ ਇੰਡਸਟਰੀਅਲ ਐਸੋਸੀਏਸ਼ਨ ਦੇ ਪ੍ਰਧਾਨ ਡਾ. ਗੌਤਮ ਕੋਠਾਰੀ ਅਨੁਸਾਰ ਇੱਥੋਂ ਨਿਰਯਾਤ ਲਗਭਗ ਪੂਰੀ ਤਰ੍ਹਾਂ ਬੰਦ ਹੋ ਗਿਆ ਹੈ। ਕੱਚੇ ਮਾਲ ਦੀ ਉੱਚ ਕੀਮਤ ਅਤੇ ਅੰਤਰਰਾਸ਼ਟਰੀ ਸ਼ਿਪਿੰਗ ਸੰਕਟ ਕਾਰਨ ਉਦਯੋਗਪਤੀ ਉਤਪਾਦਨ ਘਟਾ ਰਹੇ ਹਨ। ਇਸ ਨਾਲ ਰੁਜ਼ਗਾਰ ਵੀ ਪ੍ਰਭਾਵਤ ਹੋਇਆ ਹੈ। ਫੈਕਟਰੀ ਸ਼ਿਫ਼ਟਾਂ ਘਟਾਈਆਂ ਜਾ ਰਹੀਆਂ ਹਨ ਅਤੇ ਕਈ ਥਾਵਾਂ ਤੇ ਬੰਦ ਹੋ ਗਈਆਂ ਹਨ। ਅਸਥਾਈ ਕਾਮੇ ਸੱਭ ਤੋਂ ਵੱਧ ਪ੍ਰਭਾਵਤ ਹੋਏ ਹਨ। ਅੰਦਾਜ਼ਾ ਲਗਾਇਆ ਗਿਆ ਹੈ ਕਿ ਲਗਭਗ 20,000 ਠੇਕਾ ਕਾਮੇ ਕੰਮ ਤੋਂ ਬਿਨਾਂ ਰਹਿ ਗਏ ਹਨ। ਕਈ ਕੰਪਨੀਆਂ ਨੇ ਸਥਾਈ ਕਰਮਚਾਰੀਆਂ ਨੂੰ ਛਾਂਟੀ ਫ਼ਰਸਤੇ ਵੀ ਪਾ ਦਿਤਾ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਅੱਧੀਆਂ ਤਨਖ਼ਾਹਾਂ ਦੇਣੀਆਂ ਸ਼ੁਰੂ ਕਰ ਦਿਤੀਆਂ ਹਨ। ਇਨ੍ਹਾਂ ਦੀ ਗਿਣਤੀ ਲਗਭਗ 30,000 ਹੈ। ਸਾਢੇ ਪੰਜ ਹਜ਼ਾਰ ਤੋਂ ਵੱਧ ਫੈਕਟਰੀਆਂ ਬੰਦ ਹੋਣ ਦੇ ਕੰਢੇ ਹਨ। ਲੇਬਰ ਠੇਕੇਦਾਰ ਸੱਦਾਮ ਪਟੇਲ ਨੇ ਦੱਸਿਆ ਕਿ ਮਜ਼ਦੂਰ ਬਾਹਰੋਂ ਪੀਥਮਪੁਰ ਆਉਂਦੇ ਹਨ ਅਤੇ ਉਨ੍ਹਾਂ ਨੂੰ ਛੋਟੀਆਂ ਗੈਸ ਬੋਤਲਾਂ ਖਰੀਦਣੀਆਂ ਪੈਂਦੀਆਂ ਹਨ। ਗੈਸ ਸਪਲਾਈ ਵਿਚ ਹਾਲ ਹੀ ਵਿਚ ਆਈਆਂ ਰੁਕਾਵਟਾਂ ਕਾਰਨ ਉਨ੍ਹਾਂ ਨੂੰ ਇਹ ਮਹਿੰਗਾ ਪੈ ਰਿਹਾ ਹੈ। ਮਜ਼ਦੂਰਾਂ ਨੂੰ ਹੁਣ 300 ਰੁਪਏ ਵਿਚ ਗੈਸ ਪ੍ਰਾਪਤ ਕਰਨ ਵਿਚ ਮੁਸ਼ਕਲ ਆ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਇੰਨੀ ਜ਼ਿਆਦਾ ਤਨਖ਼ਾਹ ਨਹੀਂ ਦਿਤੀ ਜਾਂਦੀ।


ਸਮੂਹ ਜਗਤ ਨੂੰ ਵਿਸਾਖੀ ਦੇ ਸ਼ੁਭ ਦਿਹਾੜੇ ਦੀ ਲੱਖ ਲੱਖ ਵਧਾਈ
ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੂਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮਉਜ ।। ਖਾਲਸਾ ਅਕਾਲ ਪੁਰਖ ਕੀ ਫੌਜ ।।

# ਕਾਰ ਸੇਵਾ ਕਮੇਟੀ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਤੇ ਵਿਸਾਖੀ ਦੀ ਲੱਖ ਲੱਖ ਵਧਾਈ

## ਸ੍ਰੀ ਨਨਕਾਣਾ ਸਾਹਿਬ ਅਤੇ ਪਾਕਿਸਤਾਨ ਵਿਚਲੇ ਇਤਿਹਾਸਕ ਗੁਰਧਾਮਾਂ ਦੀ ਯਾਤਰਾ 15 ਤੋਂ 27 ਨਵੰਬਰ ਤੱਕ

KAR SEWA yatra committee uk

25+ Years of Yatra Tours & Gurdwara Sewa Sambaal

# PAKISTAN YATRA

VISIT HISTORICAL SIKH GURDWARA'S IN PAKISTAN

ਗੁਰੂ ਰੂਪ ਸਾਧ ਸੰਗਤ ਜੀ, ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਕਾਰਸੇਵਾ ਕਮੇਟੀ ਗੁਰਧਾਮ ਪਾਕਿਸਤਾਨ ਦੀ ਅਗਵਾਈ ਹੇਠ ਜਥਾ ਲਿਜਾਇਆ ਜਾ ਰਿਹਾ ਹੈ। ਕਾਰਸੇਵਾ ਕਮੇਟੀ ਦੇ ਨਾਲ ਜਾਣ ਵਾਲੀ ਸੰਗਤ ਲਈ ਰਿਹਾਇਸ਼ ਦਾ ਪ੍ਰਬੰਧ ਨਵੇਂ ਉਸਾਰੇ ਬਲਾਕ ਤੰਬੂ ਸਾਹਿਬ ਨਨਕਾਣਾ ਸਾਹਿਬ ਵਿਖੇ ਖੁੱਲ੍ਹੇ ਵਾਯੂਮੰਡਲ ਵਿਚ ਕੀਤਾ ਜਾਂਦਾ ਹੈ, ਜਿੱਥੇ ਅਟੈਚਡ ਬਾਥਰੂਮ, ਬੈੱਡ, ਤੱਤਾ ਠੰਢਾ ਪਾਣੀ ਤੇ ਡਾਕਟਰੀ ਸਹਾਇਤਾ ਦਾ ਪ੍ਰਬੰਧ ਹੈ। ਯਾਤਰਾ ਖੁੱਲ੍ਹੀਆਂ ਤੇ ਅਰਾਮਦਾਇਕ ਸੀਟਾਂ ਵਾਲੀਆਂ ਏਅਰ ਕੰਡੀਸ਼ਨ ਕੋਚਾਂ ਰਾਹੀਂ ਹੋਵੇਗੀ। ਗੁਰ: ਸ੍ਰੀ ਨਨਕਾਣਾ ਸਾਹਿਬ ਅਤੇ ਨਨਕਾਣਾ ਸਾਹਿਬ ਦੇ ਹੋਰ ਗੁਰਦੁਆਰੇ ਪੱਟੀ ਸਾਹਿਬ, ਬਾਲ ਲੀਲਾ, ਤੰਬੂ ਸਾਹਿਬ, ਸਰਪ ਛਾਇਆ, ਗੁ: ਕਿਆਰਾ ਸਾਹਿਬ, ਗੁ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁ: ਨਿਹੰਗ ਛਾਉਣੀ। ਲਾਹੌਰ ਵਿਖੇ ਗੁਰਦੁਆਰਾ ਡੇਹਰਾ ਸਾਹਿਬ, ਗੁਰਦੁਆਰਾ ਸ਼ਹੀਦ ਗੰਜ ਸਿੰਘ ਸਿੰਘਣੀਆਂ, ਸ਼ਹੀਦ ਭਾਈ ਤਾਰੂ ਸਿੰਘ, ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਲਾਹੌਰ, ਜਨਮ ਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੰਡੀ, ਮਹਾਰਾਜਾ ਰਣਜੀਤ ਸਿੰਘ ਦੀ ਯਾਦਗਾਰ, ਰੋੜੀ ਸਾਹਿਬ ਐਮਨਾਬਾਦ, ਭਾਈ ਲਾਲੋ ਦੀ ਖੂਹੀ, ਚੱਕੀ ਸਾਹਿਬ, ਸ੍ਰੀ ਦਰਬਾਰ ਸਾਹਿਬ ਕਰਤਾਰਪੁਰ, ਸ੍ਰੀ ਪੰਜਾ ਸਾਹਿਬ, ਗੁਰਦੁਆਰਾ ਬੇਰ ਸਾਹਿਬ ਸਿਆਲਕੋਟ ਅਤੇ ਗੁਰਦੁਆਰਾ ਸੱਚਾ ਸੌਦਾ ਚੂਹੜਕਾਣਾ ਆਦਿ ਗੁਰਧਾਮਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ।

*Alternative airport departure and child prices available on enquiry*



**BOOK NOW**
Please Contact Sevadars:
ਜਾਣਕਾਰੀ ਲਈ ਸੰਪਰਕ ਕਰੋ ਜੀ

CONTACT US TO BOOK FOR YATRA OF GURDWARA SAHIBS IN PAKISTAN
**+44 7396 962673**
(Admin Sevadar/Co-ordinator)
Email: karsewa.committee@gmail.com

PRICE
**£1650**
PER PERSON

ਵਿਸ਼ੇਸ਼ ਨੋਟ: ਪ੍ਰੋਗਰਾਮ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਕਰਨ ਦੇ ਸਾਰੇ ਹੱਕ ਕਾਰ ਸੇਵਾ ਯਾਤਰਾ ਕਮੇਟੀ ਦੇ ਪ੍ਰਬੰਧਕਾਂ ਕੋਲ ਹਨ।

# YATRA DATES 2026

## 15TH NOVEMBER *TO* 27TH NOVEMBER

ਜਾਣਕਾਰੀ ਲਈ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ

***Leamington Spa*** Harbux Singh Sarai 07933547985 ***Birmingham*** Kehar Singh 07817327010
***Slough*** Jaswant Singh 01753572737 ***Southall*** Harsewak Singh 07754687514
***Derby*** Mohinder Singh Cheema & Ranjit Singh 07466626504

VISA WiFi

GURDWARA TAMBU SAHIB, NANKANA SAHIB, PAKISTAN
ਗੁਰਦੁਆਰਾ ਤੰਬੂ ਸਾਹਿਬ, ਨਨਕਾਣਾ ਸਾਹਿਬ, ਪਾਕਿਸਤਾਨ

**PRICE INCLUDES:** Return Flight, Visa, Security, Accommodation, Transport, Langar, First Aid, Wifi

Please Note All tours, times, dates & prices will be confirmed depending on dates booked. Full Terms & Conditions available on request.

# ਗਲੋਬਲ ਸਾਫਟ ਪਾਵਰ ਇੰਡੈਕਸ 2026: ਅਮਰੀਕਾ ਨੰਬਰ-1 'ਤੇ ਬਰਕਰਾਰ

## ○ ਚੀਨ ਨੇ ਦਿੱਤੀ ਸਖ਼ਤ ਟੱਕਰ; ਭਾਰਤ ਦੀ ਰੈਂਕਿੰਗ ਪੱਛੜੀ ○ ਘਟਗਿਣਤੀਆਂ 'ਤੇ ਹਮਲਿਆਂ ਨੇ ਵਿਸ਼ਵ ਪੱਧਰ 'ਤੇ ਭਾਰਤ ਨੂੰ ਲਾਇਆ ਦਾਗ

ਲੰਡਨ-ਆਧੁਨਿਕ ਦੌਰ ਵਿੱਚ ਕਿਸੇ ਦੇਸ਼ ਦੀ ਤਾਕਤ ਸਿਰਫ਼ ਉਸਦੀ ਫੌਜੀ ਸ਼ਕਤੀ ਨਾਲ ਨਹੀਂ, ਸਗੋਂ ਉਸਦੀ ਸੰਸਕ੍ਰਿਤੀ, ਕੂਟਨੀਤੀ ਅਤੇ ਤਕਨੀਕੀ ਪ੍ਰਭਾਵ ਨਾਲ ਮਾਪੀ ਜਾਂਦੀ ਹੈ। ਹਾਲ ਹੀ ਵਿੱਚ ਜਾਰੀ ਹੋਏ 'ਬ੍ਰਾਂਡ ਫਾਈਨੈਂਸ ਗਲੋਬਲ ਸਾਫਟ ਪਾਵਰ ਇੰਡੈਕਸ 2026' ਵਿੱਚ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਸਾਹਮਣੇ ਆਈ ਹੈ। ਇਸ ਸੂਚੀ ਵਿੱਚ ਅਮਰੀਕਾ ਪਹਿਲੇ ਸਥਾਨ 'ਤੇ ਹੈ, ਜਦਕਿ ਚੀਨ ਬਹੁਤ ਹੀ ਮਾਮੂਲੀ ਫਰਕ ਨਾਲ ਦੂਜੇ ਨੰਬਰ 'ਤੇ ਆ ਗਿਆ ਹੈ। ਸਾਫਟ ਪਾਵਰ ਦਾ ਮਤਲਬ ਕਿਸੇ ਦੇਸ਼ ਦੀ ਉਹ ਕਾਬਲੀਅਤ ਹੈ ਜਿਸ ਰਾਹੀਂ ਉਹ ਬਿਨਾਂ ਕਿਸੇ ਜ਼ੋਰ-ਜ਼ਬਰਦਸਤੀ ਦੇ ਆਪਣੀ ਸੰਸਕ੍ਰਿਤੀ, ਰਾਜਨੀਤਿਕ ਕਦਰਾਂ-ਕੀਮਤਾਂ ਅਤੇ ਵਿਦੇਸ਼ ਨੀਤੀ ਰਾਹੀਂ ਦੁਨੀਆ ਨੂੰ ਪ੍ਰਭਾਵਿਤ ਕਰਦਾ ਹੈ। ਰਿਪੋਰਟ ਦੇ ਅਨੁਸਾਰ, ਦੁਨੀਆ ਦੇ 10 ਸਭ ਤੋਂ ਪ੍ਰਭਾਵਸ਼ਾਲੀ ਦੇਸ਼ ਇਸ ਪ੍ਰਕਾਰ ਹਨ:

- ਅਮਰੀਕਾ (ਸਕੋਰ: 74.9)
- ਚੀਨ
- ਜਾਪਾਨ
- ਯੂਨਾਈਟਿਡ ਕਿੰਗਡਮ (ਯੂਕੇ)
- ਜਰਮਨੀ
- ਫਰਾਂਸ
- ਸਵਿਟਜ਼ਰਲੈਂਡ
- ਕੈਨੇਡਾ
- ਇਟਲੀ
- ਸੰਯੁਕਤ ਅਰਬ ਅਮੀਰਾਤ (ਯੂਏਈ)




○ ਅਮਰੀਕਾ ਅਤੇ ਚੀਨ ਵਿਚਾਲੇ ਫਸਵਾਂ ਮੁਕਾਬਲਾ

ਅਮਰੀਕਾ 74.9 ਦੇ ਸਕੋਰ ਨਾਲ ਪਹਿਲੇ ਸਥਾਨ 'ਤੇ ਹੈ, ਪਰ ਚੀਨ ਹੁਣ ਉਸ ਤੋਂ ਸਿਰਫ਼ 1.4 ਅੰਕ ਪਿੱਛੇ ਹੈ। ਅਮਰੀਕਾ ਦੀ ਤਾਕਤ ਉਸ ਦੇ ਮਨੋਰੰਜਨ ਉਦਯੋਗ, ਉੱਚ ਸਿੱਖਿਆ ਅਤੇ ਤਕਨੀਕੀ ਨਵੀਨਤਾ ਵਿੱਚ ਹੈ। ਦੂਜੇ ਪਾਸੇ, ਚੀਨ ਨੇ ਆਪਣੇ 'ਬੈਲਟ ਐਂਡ ਰੋਡ' ਪ੍ਰੋਜੈਕਟਾਂ ਅਤੇ ਮੈਨੂਫੈਕਚਰਿੰਗ ਪਾਵਰ ਰਾਹੀਂ ਤੇਜ਼ੀ ਨਾਲ ਆਪਣਾ ਪ੍ਰਭਾਵ ਵਧਾਇਆ ਹੈ।

### ਭਾਰਤ ਦੀ ਸਥਿਤੀ

ਭਾਰਤ ਇਸ ਸਾਲ ਵਿਸ਼ਵ ਰੈਂਕਿੰਗ ਵਿੱਚ 32ਵੇਂ ਸਥਾਨ 'ਤੇ ਹੈ। ਪਿਛਲੇ ਸਾਲ (2025) ਦੇ ਮੁਕਾਬਲੇ ਭਾਰਤ 2 ਦਰਜੇ ਹੇਠਾਂ ਖਿਸਕ ਗਿਆ ਹੈ। ਹਾਲਾਂਕਿ ਭਾਰਤ ਟਾਪ-10 ਵਿੱਚ ਸ਼ਾਮਲ ਨਹੀਂ ਹੈ, ਪਰ ਰਿਪੋਰਟ ਮੁਤਾਬਕ ਭਾਰਤ ਦੀ ਸੰਸਕ੍ਰਿਤਕ ਵਿਰਾਸਤ, ਯੋਗਾ, ਆਯੁਰਵੇਦ, ਭਾਰਤੀ ਪਕਵਾਨ ਅਤੇ ਬਾਲੀਵੁੱਡ ਦਾ ਵਿਸ਼ਵ ਪੱਧਰ 'ਤੇ ਪ੍ਰਭਾਵ ਲਗਾਤਾਰ ਵਧ ਰਿਹਾ ਹੈ।

ਗਲੋਬਲ ਸਾਫਟ ਪਾਵਰ ਇੰਡੈਕਸ ਵਿੱਚ 'ਸ਼ਾਸਨ' ਅਤੇ 'ਕਦਰਾਂ-ਕੀਮਤਾਂ' ਇੱਕ ਮਹੱਤਵਪੂਰਨ ਪੈਮਾਨਾ ਹੁੰਦੇ ਹਨ। ਜਦੋਂ ਅੰਤਰਰਾਸ਼ਟਰੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਜਾਂ ਘਟਗਿਣਤੀਆਂ 'ਤੇ ਹਮਲਿਆਂ ਦੀਆਂ ਖ਼ਬਰਾਂ ਚਰਚਾ ਵਿੱਚ ਆਉਂਦੀਆਂ ਹਨ, ਤਾਂ ਦੇਸ਼ ਦੀ "ਉਦਾਰਵਾਦੀ ਲੋਕਤੰਤਰ" ਵਾਲੀ ਇਮੇਜ ਨੂੰ ਠੇਸ ਪਹੁੰਚਦੀ ਹੈ।

ਪੱਛਮੀ ਦੇਸ਼ ਅਕਸਰ ਅਜਿਹੇ ਮੁੱਦਿਆਂ ਦੇ ਆਧਾਰ 'ਤੇ ਰੈਂਕਿੰਗ ਘਟਾ ਦਿੰਦੇ ਹਨ। ਭ੍ਰਿਸ਼ਟਾਚਾਰ ਸਿੱਧੇ ਤੌਰ 'ਤੇ 'ਕਾਰੋਬਾਰ ਅਤੇ ਵਪਾਰ' ਦੇ ਪੈਮਾਨੇ ਨੂੰ ਪ੍ਰਭਾਵਿਤ ਕਰਦਾ ਹੈ। ਜੇਕਰ ਕਿਸੇ ਦੇਸ਼ ਵਿੱਚ ਭ੍ਰਿਸ਼ਟਾਚਾਰ ਜ਼ਿਆਦਾ ਹੋਵੇ, ਤਾਂ ਵਿਦੇਸ਼ੀ ਨਿਵੇਸ਼ਕ ਉੱਥੇ ਪੈਸਾ ਲਗਾਉਣ ਤੋਂ ਡਰਦੇ ਹਨ। ਇਹ ਭਾਰਤ ਦੀ ਪ੍ਰਤਿਸ਼ਠਾ ਨੂੰ ਖਰਾਬ ਕਰਦਾ ਹੈ, ਜੋ ਕਿ ਸਾਫਟ ਪਾਵਰ ਦਾ ਇੱਕ ਮੁੱਖ ਹਿੱਸਾ ਹੈ।

ਸਾਫਟ ਪਾਵਰ ਦਾ ਇੱਕ ਹਿੱਸਾ 'ਜੀਵਨ ਪੱਧਰ' ਅਤੇ 'ਆਰਥਿਕ ਸਥਿਰਤਾ' ਵੀ ਹੈ। ਹਾਲਾਂਕਿ ਭਾਰਤ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ, ਪਰ ਜੇਕਰ ਬੇਰੁਜ਼ਗਾਰੀ ਅਤੇ ਗਰੀਬੀ ਵਰਗੀਆਂ ਬੁਨਿਆਦੀ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ, ਤਾਂ ਇਹ ਦੇਸ਼ ਦੇ "ਗਲੋਬਲ ਪ੍ਰਭਾਵ" ਨੂੰ ਸੀਮਤ ਕਰ ਦਿੰਦੀਆਂ ਹਨ। ਇੱਕ ਦੇਸ਼ ਜੋ ਆਪਣੀ ਵੱਡੀ ਆਬਾਦੀ ਨੂੰ ਬਿਹਤਰ ਜੀਵਨ ਨਹੀਂ ਦੇ ਪਾ ਰਿਹਾ, ਉਸ ਨੂੰ ਦੁਨੀਆ ਇੱਕ 'ਰੋਲ ਮਾਡਲ' ਵਜੋਂ ਦੇਖਣ ਵਿੱਚ ਝਿਜਕਦੀ ਹੈ।

### ਏਸ਼ੀਆ ਦਾ ਵਧਦਾ ਦਬਦਬਾ

ਜਿੱਥੇ ਪੱਛਮੀ ਦੇਸ਼ (ਯੂਰਪ ਅਤੇ ਅਮਰੀਕਾ) ਅਜੇ ਵੀ ਮਜ਼ਬੂਤ ਹਨ, ਉੱਥੇ ਹੀ ਏਸ਼ੀਆਈ ਦੇਸ਼ਾਂ ਨੇ ਵੱਡੀ ਛਲਾਂਗ ਲਗਾਈ ਹੈ। ਜਾਪਾਨ ਤੀਜੇ ਸਥਾਨ 'ਤੇ ਹੈ, ਜਦਕਿ ਦੱਖਣੀ ਕੋਰੀਆ ਵੀ ਆਪਣੇ ਮਨੋਰੰਜਨ ਨਿਰਯਾਤ ਸਦਕਾ ਟਾਪ-15 ਵਿੱਚ ਥਾਂ ਬਣਾਉਣ ਵਿੱਚ ਕਾਮਯਾਬ ਰਿਹਾ ਹੈ। ਸੰਯੁਕਤ ਅਰਬ ਅਮੀਰਾਤ ਦਾ ਟਾਪ-10 ਵਿੱਚ ਆਉਣਾ ਮੱਧ ਪੂਰਬ ਦੇ ਵਧਦੇ ਪ੍ਰਭਾਵ ਨੂੰ ਦਰਸਾਉਂਦਾ ਹੈ।

## ਭਾਜਪਾ ਦੇ 47ਵੇਂ ਸਥਾਪਨਾ ਦਿਵਸ 'ਤੇ ਪੀ.ਐਮ. ਮੋਦੀ ਦਾ ਐਲਾਨ

# ਹੁਣ ਯੂਸੀਸੀ ਅਤੇ 'ਇਕ ਰਾਸ਼ਟਰ ਇਕ ਚੋਣ' 'ਤੇ ਕੇਂਦਰਿਤ ਹੋਵੇਗੀ ਰਣਨੀਤੀ

ਨਵੀਂ ਦਿੱਲੀ-ਭਾਰਤੀ ਜਨਤਾ ਪਾਰਟੀ (ਭਾਜਪਾ) ਦੇ 47ਵੇਂ ਸਥਾਪਨਾ ਦਿਵਸ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਰਟੀ ਦੇ ਭਵਿੱਖੀ ਏਜੰਡੇ ਨੂੰ ਸਪੱਸ਼ਟ ਕਰ ਦਿੱਤਾ ਹੈ। ਦੇਸ਼ ਭਰ ਦੇ ਕਾਰਜਕਰਤਾਵਾਂ ਨੂੰ ਵਰਚੂਅਲ ਤੌਰ 'ਤੇ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਮ ਮੰਦਰ ਅਤੇ ਧਾਰਾ 370 ਵਰਗੇ ਇਤਿਹਾਸਕ ਮੀਲ ਪੱਥਰ ਹਾਸਿਲ ਕਰਨ ਤੋਂ ਬਾਅਦ, ਹੁਣ ਸਰਕਾਰ ਦਾ ਅਗਲਾ ਵੱਡਾ ਨਿਸ਼ਾਨਾ ਯੂਨੀਫ਼ਾਰਮ ਸਿਵਲ ਕੋਡ ਅਤੇ 'ਇਕ ਰਾਸ਼ਟਰ ਇਕ ਚੋਣ' ਨੂੰ ਲਾਗੂ ਕਰਨਾ ਹੈ। ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਪਾਰਟੀ ਦੀਆਂ ਪਿਛਲੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿਮੁਸਲਿਮ



ਔਰਤਾਂ ਨੂੰ ਨਿਆਂ ਦਿਵਾਉਣ ਲਈ ਸਖ਼ਤ ਕਦਮ ਚੁਕੇ ਹਨ। ਨਾਗਰਿਕਤਾ ਸੋਧ ਕਾਨੂੰਨ ਰਾਹੀਂ ਇਤਿਹਾਸਕ ਸੁਧਾਰ ਕੀਤਾ ਹੈ। ਅਯੁੱਧਿਆ ਵਿੱਚ ਸ਼ਾਨਦਾਰ ਰਾਮ ਮੰਦਰ ਦਾ ਨਿਰਮਾਣ ਕੀਤਾ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਯੂਸੀਸੀ ਅਤੇ 'ਇਕ ਰਾਸ਼ਟਰ ਇਕ ਚੋਣ' ਅਜੇ ਲਾਗੂ ਨਹੀਂ ਹੋਏ ਹਨ, ਪਰ ਇਹਨਾਂ 'ਤੇ ਦੇਸ਼ ਭਰ ਵਿੱਚ ਹਾਂ-ਪੱਖੀ ਚਰਚਾ ਜਾਰੀ ਹੈ ਅਤੇ ਇਹ ਪਾਰਟੀ ਦੀਆਂ ਤਰਜੀਹਾਂ ਵਿੱਚ ਸਭ ਤੋਂ ਉੱਪਰ ਹਨ।

ਮੋਦੀ ਨੇ ਕਾਰਜਕਰਤਾਵਾਂ ਨੂੰ ਯਾਦ ਦਿਵਾਇਆ ਕਿ ਭਾਜਪਾ ਦਾ ਅੰਤਿਮ ਟੀਚਾ ਸਿਰਫ਼ ਸੱਤਾ ਹਾਸਿਲ ਕਰਨਾ ਨਹੀਂ, ਸਗੋਂ 'ਵਿਕਸਿਤ ਭਾਰਤ' ਦਾ ਨਿਰਮਾਣ ਕਰਨਾ ਹੈ। ਉਨ੍ਹਾਂ ਕਿਹਾ, "ਅਸੀਂ ਨਿਸਵਾਰਥ ਭਾਵਨਾ ਨਾਲ ਦੇਸ਼ ਦੀ ਸੇਵਾ ਵਿੱਚ ਲੱਗੇ ਹੋਏ ਹਾਂ। ਕੁਝ ਹੀ ਸਾਲਾਂ ਵਿੱਚ ਭਾਜਪਾ ਆਪਣੇ 50 ਸਾਲ ਪੂਰੇ ਕਰਨ ਜਾ ਰਹੀ ਹੈ, ਜੋ ਸਾਡੇ ਲਈ ਇੱਕ ਬਹੁਤ ਵੱਡੀ ਪ੍ਰੇਰਨਾ ਹੈ।"

ਪ੍ਰਧਾਨ ਮੰਤਰੀ ਨੇ ਆਰ.ਐਸ.ਐਸ. ਦੀ ਵਿਚਾਰਧਾਰਾ ਨੂੰ ਪਾਰਟੀ ਦੀ ਨੀਂਹ ਦੱਸਦਿਆਂ ਕਿਹਾ ਕਿ ਸੰਘ ਦੇ 'ਪਵਿੱਤਰ ਵੱਟ ਬ੍ਰਿਖ' ਹੇਠੋਂ ਹੀ ਉਨ੍ਹਾਂ ਨੂੰ ਸਾਫ਼ ਨੀਅਤ ਵਾਲੀ ਸਿਆਸਤ ਦੀ ਪ੍ਰੇਰਨਾ ਮਿਲੀ ਹੈ।

## -ਮਾਮਲਾ ਬਲਾਤਕਾਰ ਦਾ-

# 10 ਦਿਨਾਂ ਦੇ ਰਿਮਾਂਡ ਤੋਂ ਬਾਅਦ ਵਿਧਾਇਕ ਹਰਮੀਤ ਪਠਾਣਮਾਜਰਾ ਜੇਲ੍ਹ ਭੇਜੇ ਗਏ

ਪਟਿਆਲਾ-ਹਲਕਾ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਜਬਰ-ਜਨਾਹ ਦੇ ਮਾਮਲੇ ਵਿੱਚ ਪੁਲਿਸ ਰਿਮਾਂਡ ਖ਼ਤਮ ਹੋਣ ਤੋਂ ਬਾਅਦ, ਪਟਿਆਲਾ ਦੀ ਸਥਾਨਕ ਅਦਾਲਤ ਨੇ ਉਨ੍ਹਾਂ ਨੂੰ ਨਿਆਇਕ ਹਿਰਾਸਤ ਵਿੱਚ ਕੇਂਦਰੀ ਜੇਲ੍ਹ ਪਟਿਆਲਾ ਭੇਜ ਦਿੱਤਾ ਹੈ। ਸੂਤਰਾਂ ਅਨੁਸਾਰ,



ਪੁੱਛਗਿੱਛ ਦੌਰਾਨ ਪੁਲਿਸ ਦੇ ਹੱਥ ਕਈ ਅਹਿਮ ਸੁਰਾਗ ਲੱਗੇ ਹਨ। ਹਾਲਾਂਕਿ ਕਿਸੇ ਵੀ ਅਧਿਕਾਰੀ ਨੇ ਅਧਿਕਾਰਤ ਤੌਰ 'ਤੇ ਕੋਈ ਬਿਆਨ ਜਾਰੀ ਨਹੀਂ ਕੀਤਾ, ਪਰ ਜਾਣਕਾਰੀ ਮਿਲੀ ਹੈ ਕਿ ਵਿਧਾਇਕ ਦਾ ਮੋਬਾਈਲ ਫੋਨ ਫੋਰੈਂਸਿਕ ਜਾਂਚ ਲਈ ਭੇਜ ਦਿੱਤਾ ਗਿਆ ਹੈ। ਇਸ ਮਾਮਲੇ ਦੇ ਸਬੰਧ ਵਿੱਚ ਪੁਲਿਸ ਵੱਲੋਂ ਪੰਜਾਬ ਅਤੇ ਹਰਿਆਣਾ ਦੇ ਕਈ ਇਲਾਕਿਆਂ ਵਿੱਚ ਛਾਪੇਮਾਰੀ ਵੀ ਕੀਤੀ ਗਈ ਹੈ।

# ਕੈਨੇਡਾ ਵਿਖੇ ਨਫ਼ਰਤ ਵਿਰੋਧੀ 'ਬਿੱਲ ਸੀ-9' ਪਾਸ ਹੋਣ ਮਗਰੋਂ ਮੰਦਰਾਂ ਅੱਗੇ ਖ਼ਾਲਿਸਤਾਨ ਪੱਖੀਆਂ ਦਾ ਪ੍ਰਦਰਸ਼ਨ

## ✪ ਕੈਨੇਡੀਅਨ ਮੰਦਰਾਂ ਨੇ ਸਰਕਾਰ ਤੋਂ ਮੰਗੀ 250 ਮੀਟਰ ਦੀ 'ਸੁਰੱਖਿਅਤ ਦੂਰੀ' ✪ ਬਿੱਲ ਸੀ-9 ਰਾਹੀਂ ਖਾਲਿਸਤਾਨੀ ਸਿਆਸਤ ਨੂੰ ਘੇਰਨ ਦੀ ਤਿਆਰੀ ? ✪ ਕੀ ਹੁਣ ਕੈਨੇਡਾ 'ਚ ਨਾਅਰੇਬਾਜ਼ੀ ਬਦਲੇ ਹੋਵੇਗੀ ਉਮਰ ਕੈਦ ?






ਬਰੈਂਪਟਨ/ਸਰੀ-ਕੈਨੇਡਾ ਵਿੱਚ ਨਫ਼ਰਤ ਵਿਰੋਧੀ ਨਵੇਂ ਕਾਨੂੰਨ (ਬਿੱਲ ਸੀ-9) ਨੂੰ ਲੈ ਕੇ ਚੱਲ ਰਹੀ ਸਿਆਸੀ ਸਰਗਰਮੀ ਦਰਮਿਆਨ ਬੀਤੇ ਐਤਵਾਰ 5 ਅਪ੍ਰੈਲ ਨੂੰ ਬਰੈਂਪਟਨ ਅਤੇ ਸਰੀ ਦੇ ਦੋ ਵੱਡੇ ਹਿੰਦੂ ਮੰਦਰਾਂ ਦੇ ਬਾਹਰ ਖ਼ਾਲਿਸਤਾਨ ਪੱਖੀ ਜਥੇਬੰਦੀ 'ਸਿੱਖ ਫ਼ਾਰ ਜਸਟਿਸ' ਵੱਲੋਂ ਪ੍ਰਦਰਸ਼ਨ ਕੀਤੇ ਗਏ। ਹਾਲਾਂਕਿ ਇਹ ਪ੍ਰਦਰਸ਼ਨ ਸ਼ਾਂਤਮਈ ਰਹੇ, ਪਰ ਇਸ ਨੇ ਕੈਨੇਡਾ ਵਿੱਚ ਧਾਰਮਿਕ ਸੁਰੱਖਿਆ ਅਤੇ ਨਵੇਂ ਕਾਨੂੰਨ ਦੀ ਲੋੜ ਬਾਰੇ ਬਹਿਸ ਮੁੜ ਛੇੜ ਦਿੱਤੀ ਹੈ।

ਪ੍ਰਦਰਸ਼ਨ ਗ੍ਰੇਟਰ ਟੋਰਾਂਟੋ ਏਰੀਆ ਦੇ ਤ੍ਰਿਵੇਣੀ ਮੰਦਰ ਅਤੇ ਬ੍ਰਿਟਿਸ਼ ਕੋਲੰਬੀਆ ਦੇ ਲਕਸ਼ਮੀ ਨਾਰਾਇਣ ਮੰਦਰ ਨੇੜੇ ਕੀਤੇ ਗਏ। ਮੰਦਰ ਪ੍ਰਬੰਧਕਾਂ ਅਨੁਸਾਰ ਪ੍ਰਦਰਸ਼ਨਕਾਰੀ ਮੰਦਰ ਤੋਂ ਕਰੀਬ 100 ਮੀਟਰ ਦੀ ਦੂਰੀ 'ਤੇ ਸਨ। 'ਕੋਲੀਸ਼ਨ ਆਫ ਹਿੰਦੂਜ਼ ਆਫ ਨੌਰਥ ਅਮਰੀਕਾ' ਅਤੇ ਹੋਰ ਸੰਸਥਾਵਾਂ ਨੇ ਇਸ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਮੰਦਰ ਪੂਜਾ ਦੇ ਅਸਥਾਨ ਹਨ, ਪ੍ਰਦਰਸ਼ਨ ਕਰਨ ਵਾਲੀ ਥਾਂ ਨਹੀਂ। ਉਨ੍ਹਾਂ ਮੰਦਰਾਂ ਦੇ ਆਲੇ-ਦੁਆਲੇ 250 ਮੀਟਰ ਦਾ ਬਫਰ ਜ਼ੋਨ ਬਣਾਉਣ ਦੀ ਮੰਗ ਕੀਤੀ ਹੈ।

ਪੀਲ ਰੀਜਨਲ ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਉਹ ਸ਼ਾਂਤਮਈ ਇਕੱਠ ਦੇ ਅਧਿਕਾਰ ਦਾ ਸਤਿਕਾਰ ਕਰਦੇ ਹਨ, ਪਰ ਕਿਸੇ ਵੀ ਗ਼ੈਰ-ਕਾਨੂੰਨੀ ਜਾਂ ਨਫ਼ਰਤ ਭਰੇ ਵਿਵਹਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪ੍ਰਦਰਸ਼ਨ ਕਰਨ ਵਾਲੀਆਂ ਜਥੇਬੰਦੀਆਂ ਦਾ ਤਰਕ ਹੈ ਕਿ ਉਹ ਮੰਦਰਾਂ ਨੂੰ ਨਿਸ਼ਾਨਾ ਨਹੀਂ ਬਣਾ ਰਹੇ, ਸਗੋਂ ਉਨ੍ਹਾਂ ਅਦਾਰਿਆਂ ਵਿਰੁੱਧ ਰੋਸ ਪ੍ਰਗਟ ਕਰ ਰਹੇ ਹਨ ਜੋ ਉਨ੍ਹਾਂ ਦੇ ਅਨੁਸਾਰ ਭਾਰਤ ਸਰਕਾਰ ਦੇ ਪ੍ਰਚਾਰ ਜਾਂ ਗਤੀਵਿਧੀਆਂ ਲਈ ਵਰਤੇ ਜਾਂਦੇ ਹਨ। ਉਹ ਇਸ ਨੂੰ 'ਪ੍ਰਗਟਾਵੇ ਦੀ ਆਜ਼ਾਦੀ' ਦੇ ਦਾਇਰੇ ਵਿੱਚ ਦੇਖਦੇ ਹਨ।

ਕੈਨੇਡਾ ਵਿੱਚ ਰਹਿਣ ਵਾਲੇ ਬਹੁਤ ਸਾਰੇ ਸਿੱਖ ਪਰਿਵਾਰ ਅਤੇ ਸੰਸਥਾਵਾਂ ਇਸ ਗੱਲੋਂ ਚਿੰਤਤ ਹਨ ਕਿ ਮੰਦਰਾਂ ਦੇ ਬਾਹਰ ਪ੍ਰਦਰਸ਼ਨ ਕਰਨ ਨਾਲ ਹਿੰਦੂ ਅਤੇ ਸਿੱਖ ਭਾਈਚਾਰਿਆਂ ਵਿਚਾਲੇ ਦਹਾਕਿਆਂ ਪੁਰਾਣੀ ਸਾਂਝ ਨੂੰ ਠੇਸ ਪਹੁੰਚਦੀ ਹੈ। ਅਜਿਹੇ ਮੁਜ਼ਾਹਰੇ ਕੈਨੇਡਾ ਦੇ ਆਮ ਨਾਗਰਿਕਾਂ ਵਿੱਚ ਸਿੱਖਾਂ ਦੇ ਅਕਸ ਨੂੰ 'ਕੱਟੜਪੰਥੀ' ਵਜੋਂ ਪੇਸ਼ ਕਰ ਸਕਦੇ ਹਨ, ਜਦਕਿ ਸਿੱਖ ਧਰਮ ਹਮੇਸ਼ਾ ਦੂਜੇ ਧਰਮਾਂ ਦੇ ਸਤਿਕਾਰ ਤੇ ਸਾਂਝੀਵਾਲਤਾ ਦੀ ਗੱਲ ਕਰਦਾ ਹੈ ਆਮ ਪੰਜਾਬੀਆਂ ਦਾ ਮੰਨਣਾ ਹੈ ਕਿ ਕਿਸੇ ਵੀ ਧਰਮ ਦਾ ਪੂਜਾ ਅਸਥਾਨ ਸ਼ਾਂਤੀ ਅਤੇ ਅਧਿਆਤਮਿਕਤਾ ਲਈ ਹੁੰਦਾ ਹੈ। ਉੱਥੇ ਸਿਆਸੀ ਪ੍ਰਦਰਸ਼ਨ ਕਰਨੇ ਨੈਤਿਕ ਤੌਰ 'ਤੇ ਸਹੀ ਨਹੀਂ ਮੰਨੇ ਜਾਂਦੇ। ਜੇਕਰ ਵਿਰੋਧ ਭਾਰਤ ਸਰਕਾਰ ਦੀਆਂ ਨੀਤੀਆਂ ਵਿਰੁੱਧ ਸੀ, ਤਾਂ ਸਿਆਸੀ ਮਾਹਰਾਂ ਅਨੁਸਾਰ ਇਹ ਪ੍ਰਦਰਸ਼ਨ ਦੂਤਾਵਾਸਾਂ ਜਾਂ ਸਰਕਾਰੀ ਦਫ਼ਤਰਾਂ ਦੇ ਬਾਹਰ ਹੋਣੇ ਚਾਹੀਦੇ ਸਨ। ਮੰਦਰਾਂ ਸਾਹਮਣੇ ਪ੍ਰਦਰਸ਼ਨ ਕਰਨ ਨਾਲ ਇਹ ਸਿਆਸੀ ਮੁੱਦੇ ਦੀ ਬਜਾਏ 'ਧਾਰਮਿਕ ਟਕਰਾਅ' ਜਾਪਣ ਲੱਗ ਪੈਂਦਾ ਹੈ।

ਬਹੁਤੇ ਸੂਝਵਾਨ ਸਿੱਖਾਂ ਅਤੇ ਵਿਦਵਾਨਾਂ ਦੀ ਰਾਏ ਹੈ ਕਿ ਮੰਦਰਾਂ ਦੇ ਬਾਹਰ ਪ੍ਰਦਰਸ਼ਨ ਕਰਨਾ ਇੱਕ ਰਣਨੀਤਕ ਗਲਤੀ ਹੈ। ਇਸ ਨਾਲ ਮੁੱਦੇ ਦਾ ਹੱਲ ਹੋਣ ਦੀ ਬਜਾਏ ਆਪਸੀ ਕੁੜੱਤਣ ਵਧਦੀ ਹੈ ਅਤੇ ਕੈਨੇਡਾ ਵਿੱਚ ਸਿੱਖ ਭਾਈਚਾਰੇ ਲਈ ਨਵੇਂ ਕਾਨੂੰਨੀ ਅਤੇ ਸਮਾਜਿਕ ਸੰਕਟ ਪੈਦਾ ਹੁੰਦੇ ਹਨ।

### ਕੀ ਹੈ 'ਬਿੱਲ ਸੀ-9' ?

ਕੈਨੇਡਾ ਸਰਕਾਰ ਦੇ ਇਸ ਪ੍ਰਸਤਾਵਿਤ ਕਾਨੂੰਨ ਦਾ ਉਦੇਸ਼ ਧਾਰਮਿਕ ਅਤੇ ਭਾਈਚਾਰਕ ਸਥਾਨਾਂ 'ਤੇ ਨਫ਼ਰਤੀ ਅਪਰਾਧਾਂ ਨੂੰ ਰੋਕਣਾ ਹੈ। ਇਸ ਬਿੱਲ ਅਨੁਸਾਰ ਧਾਰਮਿਕ ਸਥਾਨਾਂ, ਸਕੂਲਾਂ ਜਾਂ ਭਾਈਚਾਰਕ ਕੇਂਦਰਾਂ ਨੇੜੇ ਲੋਕਾਂ ਨੂੰ ਡਰਾਉਣਾ-ਧਮਕਾਉਣਾ ਹੁਣ ਇੱਕ ਵਿਸ਼ੇਸ਼ ਅਪਰਾਧ ਮੰਨਿਆ ਜਾਵੇਗਾ। ਇਸ ਕਾਨੂੰਨ ਤਹਿਤ ਦੋਸ਼ੀ ਪਾਏ ਜਾਣ 'ਤੇ 10 ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਜਨਤਕ ਥਾਵਾਂ 'ਤੇ ਕੱਟੜਪੰਥੀ ਜਾਂ ਨਫ਼ਰਤ ਫੈਲਾਉਣ ਵਾਲੇ ਪ੍ਰਤੀਕਾਂ ਦੀ ਵਰਤੋਂ ਕਰਨਾ ਗ਼ੈਰ-ਕਾਨੂੰਨੀ ਹੋਵੇਗਾ। ਨਫ਼ਰਤੀ ਪ੍ਰਚਾਰ ਦੇ ਇਲਜ਼ਾਮ ਤੈਅ ਕਰਨ ਲਈ ਹੁਣ ਅਟਾਰਨੀ ਜਨਰਲ ਦੀ ਮਨਜ਼ੂਰੀ ਲੈਣ ਦੀ ਲੋੜ ਨਹੀਂ ਪਵੇਗੀ, ਜਿਸ ਨਾਲ ਕਾਨੂੰਨੀ ਕਾਰਵਾਈ ਤੇਜ਼ ਹੋਵੇਗੀ।

### ਕਾਨੂੰਨੀ ਮਾਹਿਰਾਂ ਦੀ ਰਾਏ

ਕੈਨੇਡਾ ਦੇ ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੇ ਪ੍ਰਦਰਸ਼ਨਾਂ ਨੇ ਸਰਕਾਰ ਦੇ 'ਨਫ਼ਰਤ ਵਿਰੋਧੀ ਕਾਨੂੰਨ' ਨੂੰ ਲਾਗੂ ਕਰਨ ਦੇ ਤਰਕ ਨੂੰ ਹੋਰ ਮਜ਼ਬੂਤ ਕੀਤਾ ਹੈ। ਵਕੀਲ ਕੰਵਰ ਸਰੀਹਾ ਅਨੁਸਾਰ, ਇਸ ਨਵੇਂ ਕਾਨੂੰਨ ਦੇ ਬਣਨ ਨਾਲ ਉਨ੍ਹਾਂ ਲੋਕਾਂ ਲਈ ਮੁਸ਼ਕਲਾਂ ਵਧਣਗੀਆਂ ਜੋ ਅਜਿਹੀਆਂ ਗਤੀਵਿਧੀਆਂ ਰਾਹੀਂ ਕੈਨੇਡਾ ਵਿੱਚ ਸ਼ਰਨ ਲੈਣ ਦੀ ਕੋਸ਼ਿਸ਼ ਕਰਦੇ ਹਨ।

ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ ਸੰਸਥਾ ਨੇ ਸਭ ਤੋਂ ਵੱਧ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਿੱਲ ਵਿੱਚ 'ਨਫ਼ਰਤ' ਦੀ ਪਰਿਭਾਸ਼ਾ ਬਹੁਤ ਅਸਪਸ਼ਟ ਹੈ, ਜਿਸ ਦੀ ਦੁਰਵਰਤੋਂ ਸਿਆਸੀ ਵਿਰੋਧੀਆਂ ਨੂੰ ਚੁੱਪ ਕਰਾਉਣ ਲਈ ਕੀਤੀ ਜਾ ਸਕਦੀ ਹੈ। ਕੈਨੇਡੀਅਨ ਬਾਰ ਐਸੋਸੀਏਸ਼ਨ ਵਕੀਲਾਂ ਦੀ ਇਸ ਕੌਮੀ ਸੰਸਥਾ ਨੇ ਵੀ ਬਿੱਲ ਦੀਆਂ ਕੁਝ ਸਖ਼ਤ ਧਾਰਾਵਾਂ, ਖਾਸ ਕਰਕੇ 'ਲਾਈਫ ਇੰਪ੍ਰਿਜ਼ਨਮੈਂਟ' (ਉਮਰ ਕੈਦ) ਵਰਗੀਆਂ ਸਜ਼ਾਵਾਂ 'ਤੇ ਚਿੰਤਾ ਪ੍ਰਗਟਾਈ ਹੈ। ਇੰਟਰਨੈਸ਼ਨਲ ਸਿੱਖ ਐਡਵੋਕੇਸੀ ਆਰਗੇਨਾਈਜ਼ੇਸ਼ਨ ਕੈਨੇਡਾ ਸਥਿਤ ਸਿੱਖ ਵਕੀਲਾਂ ਅਤੇ ਕਾਰਕੁਨਾਂ ਦੇ ਸਮੂਹਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਹੈ ਕਿ ਇਹ ਕਾਨੂੰਨ ਖਾਸ ਤੌਰ 'ਤੇ ਸਿੱਖਾਂ ਦੀ ਸਿਆਸੀ ਆਵਾਜ਼ ਨੂੰ ਦਬਾਉਣ ਲਈ ਵਰਤਿਆ ਜਾ ਸਕਦਾ ਹੈ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਸਰਕਾਰ ਨੂੰ ਲਿਖਤੀ ਸੁਝਾਅ ਦਿੱਤੇ ਹਨ ਕਿ ਇਸ ਦੀ ਵਰਤੋਂ ਧਾਰਮਿਕ ਆਜ਼ਾਦੀ ਅਤੇ ਸਿਆਸੀ ਵਿਚਾਰਾਂ ਨੂੰ ਦਬਾਉਣ ਲਈ ਨਹੀਂ ਹੋਣੀ ਚਾਹੀਦੀ। ਜੇਕਰ ਇਹ ਕਾਨੂੰਨ ਲਾਗੂ ਹੁੰਦਾ ਹੈ, ਤਾਂ ਭਵਿੱਖ ਵਿੱਚ ਕਿਸੇ ਵੀ ਸਿਆਸੀ ਨਾਅਰੇਬਾਜ਼ੀ ਨੂੰ 'ਨਫ਼ਰਤ' ਕਹਿ ਕੇ ਸਿੱਖ ਨੌਜਵਾਨਾਂ 'ਤੇ ਕੇਸ ਦਰਜ ਕੀਤੇ ਜਾ ਸਕਦੇ ਹਨ। ਨਵੇਂ ਕਾਨੂੰਨ ਤਹਿਤ ਜੇਕਰ ਕਿਸੇ 'ਤੇ ਨਫ਼ਰਤੀ ਅਪਰਾਧ ਦਾ ਠੱਪਾ ਲੱਗ ਜਾਂਦਾ ਹੈ, ਤਾਂ ਉਸ ਨੂੰ ਕੈਨੇਡਾ ਵਿੱਚੋਂ ਡਿਪੋਰਟ (ਬੇਦਖ਼ਲ) ਕਰਨਾ ਬਹੁਤ ਆਸਾਨ ਹੋ ਜਾਵੇਗਾ।

ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ ਨੇ ਪੱਛਮੀ ਕੈਨੇਡਾ ਦੀਆਂ ਕਈ ਗੁਰਦੁਆਰਾ ਕਮੇਟੀਆਂ ਨੇ ਅਜਿਹੇ ਕਾਨੂੰਨਾਂ ਨੂੰ 'ਪੁਲਿਸ ਸਟੇਟ' ਵੱਲ ਵਧਣ ਵਾਲਾ ਕਦਮ ਦੱਸਿਆ ਹੈ।

ਕੈਨੇਡਾ ਦੀ ਵਿਸ਼ਵ ਪ੍ਰਸਿੱਧ ਲੇਖਿਕਾ ਨੇ ਇਸ ਬਿੱਲ ਨੂੰ 'ਓਰਵੈਲਿਅਨ' ਕਿਹਾ ਹੈ, ਜਿਸਦਾ ਮਤਲਬ ਹੈ ਕਿ ਸਰਕਾਰ ਲੋਕਾਂ ਦੇ ਵਿਚਾਰਾਂ 'ਤੇ ਬਹੁਤ ਜ਼ਿਆਦਾ ਕੰਟਰੋਲ ਕਰਨਾ ਚਾਹੁੰਦੀ ਹੈ। ਜੌਰਡਨ ਪੀਟਰਸਨ ਮਸ਼ਹੂਰ ਮਨੋਵਿਗਿਆਨੀ ਅਤੇ ਲੇਖਕ ਪੀਟਰਸਨ ਨੇ ਇਸ ਕਾਨੂੰਨ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਕੈਨੇਡਾ ਵਿੱਚ ਮੁਕਤ ਭਾਸ਼ਣ ਦਾ ਅੰਤ ਹੈ।

ਪ੍ਰੋਫੈਸਰ ਮਾਈਕਲ ਗੀਸਟ ਓਟਾਵਾ ਯੂਨੀਵਰਸਿਟੀ ਦੇ ਕਾਨੂੰਨ ਦੇ ਪ੍ਰੋਫੈਸਰ ਅਤੇ ਇੰਟਰਨੈੱਟ ਕਾਨੂੰਨਾਂ ਦੇ ਮਾਹਰ, ਜਿਨ੍ਹਾਂ ਨੇ ਬਿੱਲ ਦੀਆਂ ਆਨਲਾਈਨ ਨਫ਼ਰਤ ਨਾਲ ਸਬੰਧਤ ਧਾਰਾਵਾਂ ਨੂੰ ਬਹੁਤ ਸਖ਼ਤ ਅਤੇ ਖਤਰਨਾਕ ਦੱਸਿਆ ਹੈ।

ਕੰਜ਼ਰਵੇਟਿਵ ਪਾਰਟੀ ਵਿਰੋਧੀ ਧਿਰ ਦੇ ਨੇਤਾ ਪੀਅਰੇ ਪੌਲੀਵਰ ਨੇ ਇਸ ਬਿੱਲ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਅਨੁਸਾਰ, ਸਰਕਾਰ ਨੂੰ ਅਪਰਾਧੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ, ਨਾ ਕਿ ਲੋਕਾਂ ਦੇ ਬੋਲਣ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ।

ਪੀਪਲਜ਼ ਪਾਰਟੀ ਆਫ਼ ਕੈਨੇਡਾ ਦੇ ਮੈਕਸੀਮ ਬਰਨੀਅਰ ਨੇ ਇਸ ਨੂੰ ਕੈਨੇਡਾ ਦੇ ਇਤਿਹਾਸ ਵਿੱਚ "ਆਜ਼ਾਦੀ 'ਤੇ ਸਭ ਤੋਂ ਵੱਡਾ ਹਮਲਾ" ਕਰਾਰ ਦਿੱਤਾ ਹੈ।

ਵਿਰੋਧੀ ਧਿਰਾਂ ਅਤੇ ਮਨੁੱਖੀ ਅਧਿਕਾਰ ਸੰਗਠਨ ਚਾਹੁੰਦੇ ਹਨ ਕਿ ਸਰਕਾਰ ਇਸ ਬਿੱਲ ਵਿੱਚੋਂ 'ਪ੍ਰਗਟਾਵੇ ਦੀ ਆਜ਼ਾਦੀ' ਨੂੰ ਖਤਮ ਕਰਨ ਵਾਲੀਆਂ ਧਾਰਾਵਾਂ ਹਟਾਵੇ। ਉਹ ਨਫ਼ਰਤ ਦੇ ਵਿਰੁੱਧ ਤਾਂ ਹਨ, ਪਰ ਸਰਕਾਰ ਨੂੰ ਇੰਨੀਆਂ ਜ਼ਿਆਦਾ ਤਾਕਤਾਂ ਦੇਣ ਦੇ ਹੱਕ ਵਿੱਚ ਨਹੀਂ ਹਨ।

ਬਿੱਲ ਸੀ-9 ਹਾਊਸ ਆਫ਼ ਕਾਮਨਜ਼ ਵਿੱਚ ਪਾਸ ਹੋ ਚੁੱਕਾ ਹੈ ਅਤੇ ਹੁਣ ਸੈਨੇਟ ਦੀ ਮਨਜ਼ੂਰੀ ਦਾ ਇੰਤਜ਼ਾਰ ਹੈ, ਜਿਸ ਤੋਂ ਬਾਅਦ ਇਹ ਪੂਰੀ ਤਰ੍ਹਾਂ ਕਾਨੂੰਨ ਬਣ ਜਾਵੇਗਾ।

# ਅਕਾਲੀ ਦਲ ਦੀਆਂ ਰੈਲੀਆਂ ਤੋਂ ਘਬਰਾਈ 'ਆਪ'

## ✪ ਅਗਲੇ ਅੱਠ ਮਹੀਨਿਆਂ ਬਾਅਦ ਜੇਲ੍ਹ ਵਿਚ ਪੈਣਗੀਆਂ ਕਿੱਕਲੀਆਂ: ਸੁਖਬੀਰ ਬਾਦਲ



ਪਟਿਆਲਾ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਟਿਆਲਾ ਦਿਹਾਤੀ ਹਲਕੇ ਦੇ ਪਿੰਡ ਬਾਰਨ ਵਿੱਚ ਇੱਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ 'ਤੇ ਤਿੱਖੇ ਸਿਆਸੀ ਹਮਲੇ ਕੀਤੇ। ਮੁੱਖ ਮੰਤਰੀ ਵੱਲੋਂ ਬਾਦਲ ਪਰਿਵਾਰ 'ਤੇ ਪਾਈ 'ਕਿੱਕਲੀ' ਦਾ ਜਵਾਬ ਦਿੰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਮਾਨ ਸਰਕਾਰ ਦੇ ਹੁਣ ਸਿਰਫ਼ ਅੱਠ ਮਹੀਨੇ ਬਾਕੀ ਰਹਿ ਗਏ ਹਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਜੇਲ੍ਹ ਦੀ ਹਵਾ ਖਾਣੀ ਪਵੇਗੀ।

ਸੁਖਬੀਰ ਬਾਦਲ ਨੇ ਭਗਵੰਤ ਮਾਨ ਨੂੰ ਚੁਣੌਤੀ ਦਿੰਦਿਆਂ ਕਿਹਾ, "ਜੇਕਰ ਮੁੱਖ ਮੰਤਰੀ ਖ਼ੁਦ ਨੂੰ ਇੰਨਾ ਹੀ ਲੋਕ ਹਿਤੂ ਸਮਝਦੇ ਹਨ, ਤਾਂ ਉਹ ਬਿਨਾਂ ਸੁਰੱਖਿਆ (ਸਕਿਉਰਿਟੀ) ਤੋਂ ਪਿੰਡਾਂ ਵਿੱਚ ਜਾ ਕੇ ਵਿਖਾਉਣ।" ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਦਲ ਦੀਆਂ ਰੈਲੀਆਂ ਵਿੱਚ ਜੁੜ ਰਿਹਾ ਭਾਰੀ ਇਕੱਠ ਵੇਖ ਕੇ 'ਆਪ' ਸਰਕਾਰ ਬੁਖ਼ਲਾਹਟ ਵਿੱਚ ਆ ਗਈ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਨੂੰ ਦਿੱਲੀ ਦੇ ਕੰਟਰੋਲ ਤੋਂ ਮੁਕਤ ਕਰਵਾਉਣ ਲਈ ਅਕਾਲੀ ਦਲ ਦੀ ਸਰਕਾਰ ਬਣਾਉਣੀ ਜ਼ਰੂਰੀ ਹੈ। ਉਨ੍ਹਾਂ ਨਾਰਾਜ਼ ਅਕਾਲੀ ਆਗੂਆਂ ਅਤੇ ਸਮੂਹ ਪੰਜਾਬੀਆਂ ਨੂੰ ਨਿੱਜੀ ਮਤਭੇਦ ਭੁਲਾ ਕੇ ਪਾਰਟੀ ਦੇ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਹਲਕਾ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਦੀ ਸ਼ਲਾਘਾ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਨੂੰ ਵਿਧਾਇਕ ਬਣਾ ਕੇ ਸੇਵਾ ਦਾ ਮੌਕਾ ਦੇਣ। ਇਸ ਮੌਕੇ ਪਟਿਆਲਾ ਦਿਹਾਤੀ ਹਲਕੇ ਦੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।

# ਨਸ਼ੇ ਦੀ ਭੇਟ ਚੜ੍ਹੇ ਇੱਕੋ ਮਾਂ ਦੇ ਚਾਰ ਪੁੱਤ

## ✪ ਪੰਜਵਾਂ ਮੌਤ ਨਾਲ ਲੜ ਰਿਹਾ ਜੰਗ; ਸਿਸਟਮ 'ਤੇ ਉੱਠੇ ਸਵਾਲ



ਜਲੰਧਰ/ਸੁਲਤਾਨਪੁਰ ਲੋਧੀ-ਪੰਜਾਬ ਵਿੱਚ ਨਸ਼ਿਆਂ ਦਾ ਕਹਿਰ ਰੁਕਣ ਦਾ ਨਾਂ ਨਹੀਂ ਲੈ ਰਿਹਾ। ਤਾਜ਼ਾ ਮਾਮਲਾ ਸੁਲਤਾਨਪੁਰ ਲੋਧੀ ਦੇ ਪੰਡੋਰੀ ਮੁਹੱਲੇ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ ਬੇਵੱਸ ਮਾਂ ਦੀ ਹੂਕ ਨੇ ਸੂਬੇ ਦੇ ਪ੍ਰਸ਼ਾਸਨਿਕ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਮਨਜੀਤ ਕੌਰ ਨਾਮੀ ਇਸ ਮਹਿਲਾ ਨੇ ਨਸ਼ੇ (ਚਿੱਟੇ) ਕਾਰਨ ਆਪਣੇ ਚਾਰ ਪੁੱਤਰਾਂ ਨੂੰ ਗੁਆ ਦਿੱਤਾ ਹੈ ਅਤੇ ਹੁਣ ਉਸ ਦਾ ਪੰਜਵਾਂ ਪੁੱਤਰ ਸੋਨੂ (30) ਮੰਜੇ 'ਤੇ ਪਿਆ ਆਖ਼ਰੀ ਸਾਹਾਂ ਦੀ ਲੜਾਈ ਲੜ ਰਿਹਾ ਹੈ।

ਪੀੜਤ ਮਾਂ ਨੇ ਬੇਹੱਦ ਗੰਭੀਰ ਦੋਸ਼ ਲਾਉਂਦਿਆਂ ਦੱਸਿਆ ਕਿ ਜਿਸ ਇਲਾਕੇ ਵਿੱਚ ਉਹ ਰਹਿੰਦੇ ਹਨ, ਉਸ ਦੀ ਸਾਂਝੀ ਕੰਧ ਸੁਲਤਾਨਪੁਰ ਲੋਧੀ ਥਾਣੇ ਨਾਲ ਲੱਗਦੀ ਹੈ। ਇਸ ਦੇ ਬਾਵਜੂਦ ਮੁਹੱਲੇ ਵਿੱਚ ਸ਼ਰੇਆਮ ਚਿੱਟਾ ਵੇਚਿਆ ਜਾ ਰਿਹਾ ਹੈ। ਮਨਜੀਤ ਕੌਰ ਅਨੁਸਾਰ, ਨਸ਼ਾ ਉਸ ਦੇ ਘਰ ਤੋਂ ਮਹਿਜ਼ ਕੁਝ ਕਦਮਾਂ ਦੀ ਦੂਰੀ 'ਤੇ ਆਸਾਨੀ ਨਾਲ ਉਪਲਬਧ ਹੈ, ਜਿਸ ਨੇ ਉਸ ਦਾ ਪੂਰਾ ਹੱਸਦਾ-ਖੇਡਦਾ ਪਰਿਵਾਰ ਉਜਾੜ ਦਿੱਤਾ।

ਇਹ ਕਹਾਣੀ ਸਿਰਫ਼ ਮਨਜੀਤ ਕੌਰ ਦੀ ਨਹੀਂ ਹੈ। ਇਲਾਕੇ ਦੀਆਂ ਕਈ ਹੋਰ ਔਰਤਾਂ ਨੇ ਵੀ ਮੀਡੀਆ ਸਾਹਮਣੇ ਆਪਣਾ ਦਰਦ ਬਿਆਨ ਕੀਤਾ। ਨੌਜਵਾਨਾਂ ਦੀਆਂ ਮੌਤਾਂ ਕਾਰਨ ਕਈ ਨੂੰਹਾਂ ਪਿੰਡ ਛੱਡ ਕੇ ਚਲੀਆਂ ਗਈਆਂ ਹਨ। ਬਜ਼ੁਰਗ ਦਾਦੀਆਂ ਹੁਣ ਆਪਣੇ ਮਾਸੂਮ ਪੋਤੇ-ਪੋਤੀਆਂ ਨੂੰ ਪਾਲਣ ਲਈ ਮਜਬੂਰ ਹਨ। ਪਰਿਵਾਰਾਂ ਨੇ ਦੱਸਿਆ ਕਿ ਬੱਚਿਆਂ ਨੂੰ ਇਲਾਜ ਲਈ ਭੇਜਿਆ ਗਿਆ, ਪਰ ਬਾਹਰ ਆਉਂਦਿਆਂ ਹੀ ਮੁੜ ਨਸ਼ਾ ਮਿਲਣ ਕਾਰਨ ਉਹ ਫਿਰ ਉਸੇ ਦਲਦਲ ਵਿੱਚ ਫਸ ਗਏ।

ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਵਿੱਚ ਮਨਜੀਤ ਕੌਰ ਆਪਣੇ 30 ਸਾਲਾ ਪੁੱਤਰ ਸੋਨੂ ਦੇ ਕੋਲ ਖੜ੍ਹੀ ਰੋ ਰਹੀ ਹੈ। ਸੋਨੂ ਦੀ ਹਾਲਤ ਇੰਨੀ ਨਾਜ਼ੁਕ ਹੈ ਕਿ ਉਸ ਦਾ ਸਰੀਰ ਸਿਰਫ਼ ਹੱਡੀਆਂ ਦੀ ਮੁੱਠ ਰਹਿ ਗਿਆ ਹੈ। ਸਥਾਨਕ ਲੋਕਾਂ ਵਿੱਚ ਪੁਲੀਸ ਵਿਰੁੱਧ ਭਾਰੀ ਰੋਸ ਹੈ ਅਤੇ ਉਨ੍ਹਾਂ ਮੰਗ ਕੀਤੀ ਹੈ ਕਿ ਨਸ਼ੇ ਦੀ ਸਪਲਾਈ ਲਾਈਨ ਤੁਰੰਤ ਤੋੜੀ ਜਾਵੇ ਤਾਂ ਜੋ ਹੋਰ ਮਾਵਾਂ ਦੀਆਂ ਗੋਦੀਆਂ ਸੁੰਨੀਆਂ ਨਾ ਹੋਣ।

# ਪਿੰਡ ਝੋਰੜਾਂ ਵਿਚ ਚੱਲ ਰਹੇ ਗ਼ੈਰ-ਕਾਨੂੰਨੀ ਨਸ਼ਾ ਛੁਡਾਊ ਕੇਂਦਰ ਦਾ ਪਰਦਾਫ਼ਾਸ਼, 22 ਨੌਜਵਾਨ ਕਰਵਾਏ ਮੁਕਤ



ਰਾਏਕੋਟ/ਹਠੂਰ-ਪੰਜਾਬ ਵਿੱਚ ਨਸ਼ਾ ਮੁਕਤੀ ਦੇ ਨਾਂ 'ਤੇ ਚੱਲ ਰਹੀਆਂ 'ਦੁਕਾਨਾਂ' ਵਿਰੁੱਧ ਪੁਲੀਸ ਅਤੇ ਸਿਹਤ ਵਿਭਾਗ ਨੇ ਵੱਡੀ ਕਾਰਵਾਈ ਕੀਤੀ ਹੈ। ਪਿੰਡ ਝੋਰੜਾਂ ਵਿੱਚ ਇੱਕ ਖੰਡਰ ਇਮਾਰਤ ਅੰਦਰ ਗ਼ੈਰ-ਕਾਨੂੰਨੀ ਢੰਗ ਨਾਲ ਚੱਲ ਰਹੇ ਨਸ਼ਾ ਛੁਡਾਊ ਕੇਂਦਰ 'ਤੇ ਛਾਪਾ ਮਾਰ ਕੇ 22 ਨੌਜਵਾਨਾਂ ਨੂੰ ਨਰਕ ਭਰੀ ਜ਼ਿੰਦਗੀ ਵਿੱਚੋਂ ਛੁਡਵਾਇਆ ਗਿਆ ਹੈ। ਸਿਵਲ ਸਰਜਨ ਦੇ ਹੁਕਮਾਂ 'ਤੇ ਐੱਸ. ਐੱਮ.ਓ. ਡਾ. ਦਵਿੰਦਰ ਸਿੰਘ, ਡੀ. ਐੱਸ. ਪੀ. ਹਰਜਿੰਦਰ ਸਿੰਘ ਅਤੇ ਐੱਸ. ਐੱਚ. ਓ. ਕੁਲਦੀਪ ਕੁਮਾਰ ਦੀ ਅਗਵਾਈ ਹੇਠਲੀ ਸਾਂਝੀ ਟੀਮ ਨੇ ਇਸ ਕਾਰਵਾਈ ਨੂੰ ਅੰਜਾਮ ਦਿੱਤਾ। ਪੁਲੀਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇੱਥੇ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਆਰਥਿਕ ਲੁੱਟ ਹੋ ਰਹੀ ਹੈ। ਜਦੋਂ ਟੀਮ ਨੇ ਮੌਕੇ 'ਤੇ ਛਾਪਾ ਮਾਰਿਆ ਤਾਂ ਹਾਲਾਤ ਬੇਹੱਦ ਮਾੜੇ ਸਨ। 22 ਨੌਜਵਾਨਾਂ ਨੂੰ ਇੱਕ ਖੰਡਰ ਇਮਾਰਤ ਵਿੱਚ ਜ਼ਮੀਨ 'ਤੇ ਹੀ ਬਿਠਾਇਆ ਹੋਇਆ ਸੀ।

ਕੇਂਦਰ ਚਲਾਉਣ ਵਾਲੇ ਸਿਮਰਨਪ੍ਰੀਤ ਸਿੰਘ ਨੇ ਮੰਨਿਆ ਕਿ ਉਹ ਹਰ ਨੌਜਵਾਨ ਤੋਂ 7,000 ਰੁਪਏ ਮਹੀਨਾ ਵਸੂਲ ਰਿਹਾ ਸੀ। ਸੰਚਾਲਕ ਕੋਲ ਨਾ ਤਾਂ ਕੇਂਦਰ ਚਲਾਉਣ ਦਾ ਕੋਈ ਸਰਕਾਰੀ ਸਰਟੀਫਿਕੇਟ ਸੀ ਅਤੇ ਨਾ ਹੀ ਨਸ਼ਾ ਛੁਡਾਉਣ ਦਾ ਕੋਈ ਤਜਰਬਾ। ਕੇਂਦਰ ਦੇ ਬਾਹਰ ਖੜ੍ਹੀਆਂ ਗੱਡੀਆਂ ਵਿੱਚੋਂ ਸ਼ੱਕੀ ਦਵਾਈਆਂ ਬਰਾਮਦ ਹੋਈਆਂ ਹਨ, ਜਿਨ੍ਹਾਂ ਨੂੰ ਜਾਂਚ ਲਈ ਭੇਜ ਦਿੱਤਾ ਗਿਆ ਹੈ। ਮੁਕਤ ਕਰਵਾਏ ਗਏ ਸਾਰੇ 22 ਨੌਜਵਾਨਾਂ ਨੂੰ ਤੁਰੰਤ ਸਿਵਲ ਹਸਪਤਾਲ ਜਗਰਾਉਂ ਦੇ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਡੀ. ਐੱਸ. ਪੀ. ਹਰਜਿੰਦਰ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਦੀ ਵਿਸਤ੍ਰਿਤ ਰਿਪੋਰਟ ਅਤੇ ਦਵਾਈਆਂ ਦੀ ਜਾਂਚ ਤੋਂ ਬਾਅਦ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਪਖੰਡੀ ਬਾਬੇ ਨੇ 'ਫਿਲਮੀ ਅੰਦਾਜ਼' ਵਿੱਚ ਮਾਰੀ 18 ਲੱਖ ਦੀ ਠੱਗੀ

## ✪ ਗ੍ਰਹਿ ਕੱਟਣ ਦੇ ਬਹਾਨੇ ਸੋਨਾ ਲੈ ਕੇ ਹੋਇਆ ਫਰਾਰ



ਮਾਨਸਾ-ਮਾਨਸਾ ਦੇ ਪਿੰਡ ਹੋਡਲਾ ਕਲਾਂ ਵਿੱਚ ਅੰਧ-ਵਿਸ਼ਵਾਸ ਦਾ ਫਾਇਦਾ ਉਠਾ ਕੇ ਇੱਕ ਪਖੰਡੀ ਬਾਬੇ ਵੱਲੋਂ ਇੱਕ ਪਰਿਵਾਰ ਨੂੰ 18 ਲੱਖ ਰੁਪਏ ਦਾ ਚੂਨਾ ਲਗਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਬਾਬੇ ਨੇ ਪਰਿਵਾਰ ਦੇ ਗ੍ਰਹਿ ਦੋਸ਼ ਦੂਰ ਕਰਨ ਦਾ ਝਾਂਸਾ ਦੇ ਕੇ ਸੋਨੇ ਦੇ ਗਹਿਣੇ ਹੜੱਪ ਲਏ ਅਤੇ ਮੌਕੇ ਤੋਂ ਰਫੂਚੱਕਰ ਹੋ ਗਿਆ।

ਪੀੜਤ ਪਰਿਵਾਰ ਨੇ ਦੱਸਿਆ ਕਿ ਪਖੰਡੀ ਬਾਬੇ ਨੇ ਪਿੰਡ ਵਿੱਚ ਆਪਣੇ ਪ੍ਰਚਾਰ ਦੇ ਇਸ਼ਤਿਹਾਰ ਵੰਡੇ ਸਨ। ਇਨ੍ਹਾਂ ਨੂੰ ਦੇਖ ਕੇ ਪਰਿਵਾਰ ਨੇ ਬਾਬੇ ਨਾਲ ਸੰਪਰਕ ਕੀਤਾ। ਬਾਬੇ ਨੇ ਪਰਿਵਾਰ ਨੂੰ ਡਰਾਉਂਦਿਆਂ ਕਿਹਾ ਕਿ ਉਨ੍ਹਾਂ ਦੇ ਘਰ 7 ਸਾਲ ਬਾਅਦ ਪੈਦਾ ਹੋਏ ਬੱਚੇ ਦੇ ਗ੍ਰਹਿ ਉਸ ਦੇ ਪਿਤਾ ਲਈ ਬਹੁਤ ਭਾਰੀ ਹਨ ਅਤੇ ਜਾਨੀ ਨੁਕਸਾਨ ਹੋ ਸਕਦਾ ਹੈ।

ਸੰਪਰਕ ਹੋਣ ਦੇ ਕੁਝ ਦਿਨਾਂ ਬਾਅਦ ਹੀ ਬੱਚੇ ਦੇ ਪਿਤਾ ਸ਼ਗਨਪਾਲ ਦਾ ਐਕਸੀਡੈਂਟ ਹੋ ਗਿਆ। ਇਸ ਘਟਨਾ ਨੂੰ ਬਾਬੇ ਦੀ ਭਵਿੱਖਬਾਣੀ ਮੰਨ ਕੇ ਪਰਿਵਾਰ ਦਾ ਉਸ 'ਤੇ ਅੰਨ੍ਹਾ ਵਿਸ਼ਵਾਸ ਹੋ ਗਿਆ। ਬਾਬੇ ਨੇ ਇਸੇ ਦਾ ਫਾਇਦਾ ਉਠਾ ਕੇ ਘਰ ਦਾ 'ਉਪਾਅ' ਕਰਨ ਲਈ ਸੋਨੇ ਦੀਆਂ ਵੱਖ-ਵੱਖ ਚੀਜ਼ਾਂ ਦੇ ਨੌ-ਨੌ ਜੋੜੇ ਮੰਗਵਾਏ। ਪਰਿਵਾਰ ਸੋਨੇ ਦੇ ਗਹਿਣੇ ਇੱਕ ਰੁਮਾਲ ਵਿੱਚ ਬੰਨ੍ਹ ਕੇ ਬਾਬੇ ਕੋਲ ਲੈ ਗਿਆ। ਬਾਬੇ ਨੇ ਹੱਥ ਦੀ ਸਫ਼ਾਈ ਦਿਖਾਉਂਦਿਆਂ ਸੋਨੇ ਵਾਲਾ ਰੁਮਾਲ ਇੱਕ ਖਾਲੀ ਰੁਮਾਲ ਨਾਲ ਬਦਲ ਦਿੱਤਾ। ਪਰਿਵਾਰ ਨੂੰ ਹਦਾਇਤ ਕੀਤੀ ਗਈ ਕਿ ਇਸ ਰੁਮਾਲ ਨੂੰ ਪੰਜ ਦਿਨਾਂ ਤੱਕ ਨਹੀਂ ਖੋਲ੍ਹਣਾ। ਜਦੋਂ ਪੰਜ ਦਿਨਾਂ ਬਾਅਦ ਰੁਮਾਲ ਖੋਲ੍ਹਿਆ ਗਿਆ ਤਾਂ ਉਸ ਵਿੱਚੋਂ ਸੋਨਾ ਗਾਇਬ ਸੀ ਅਤੇ ਬਾਬਾ ਆਪਣਾ ਫੋਨ ਬੰਦ ਕਰਕੇ ਫਰਾਰ ਹੋ ਚੁੱਕਾ ਸੀ। ਪਰਿਵਾਰ ਨੇ ਇਸ ਸਬੰਧੀ ਸਥਾਨਕ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਬਾਬੇ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

> ਪੰਜਾਬ ਟਾਈਮਜ਼ ਵਲੋਂ ਲੋਕਾਂ ਨੂੰ ਵੀ ਅਪੀਲ ਹੈ ਕਿ ਉਹ ਅਜਿਹੇ ਪਖੰਡੀ ਬਾਬਿਆਂ ਦੇ ਝਾਂਸੇ ਵਿੱਚ ਆ ਕੇ ਆਪਣੀ ਮਿਹਨਤ ਦੀ ਕਮਾਈ ਨਾ ਗੁਆਉਣ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਪੰਜਾਬ ਵਿੱਚ ਬੱਚਿਆਂ ਦੀ ਗੁੰਮਸ਼ੁਦਗੀ ਦਾ ਖੌਫ਼ਨਾਕ ਸੱਚ

## ✪ ਹਰ ਸਾਲ 3500 ਤੋਂ ਵੱਧ ਬੱਚੇ ਹੋ ਰਹੇ ਗਾਇਬ, 70 ਫੀਸਦੀ ਕੁੜੀਆਂ ਸ਼ਾਮਲ ✪ ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਅਪਰਾਧ ਦਾ ਗੜ੍ਹ ਬਣੇ



ਪੰਜਾਬ ਦੇ ਵਿਹੜਿਆਂ ਵਿਚੋਂ ਮਾਸੂਮ ਬੱਚਿਆਂ ਦਾ ਅਚਾਨਕ ਗਾਇਬ ਹੋ ਜਾਣਾ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਦਰਦਨਾਕ ਦਾਸਤਾਨ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਅਤੇ ਹੋਰ ਸਰਕਾਰੀ ਦਸਤਾਵੇਜ਼ਾਂ ਦੀ ਡੂੰਘੀ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਸੂਬੇ ਵਿਚ ਹਾਲਾਤ ਬੇਹੱਦ ਗੰਭੀਰ ਹਨ। ਹਰ ਸਾਲ ਲਗਭਗ ਤਿੰਨ ਹਜ਼ਾਰ ਤੋਂ ਛੱਤੀ ਸੌ ਬੱਚਿਆਂ ਦੀ ਗੁੰਮਸ਼ੁਦਗੀ ਦਰਜ ਹੁੰਦੀ ਹੈ। ਇਸ ਵਿਚ ਸਭ ਤੋਂ ਵੱਧ ਡਰਾਉਣਾ ਪਹਿਲੂ ਇਹ ਹੈ ਕਿ ਗੁੰਮ ਹੋਣ ਵਾਲਿਆਂ ਵਿਚ ਲੜਕੀਆਂ ਦੀ ਗਿਣਤੀ 60 ਤੋਂ 70 ਫੀਸਦੀ ਤੱਕ ਹੁੰਦੀ ਹੈ, ਜੋ ਸਮਾਜਿਕ ਸੁਰੱਖਿਆ ਪ੍ਰਬੰਧਾਂ ਉੱਤੇ ਵੱਡੇ ਸਵਾਲ ਖੜ੍ਹੇ ਕਰਦੀ ਹੈ।

ਐੱਨਸੀਆਰਬੀ ਦੇ ਤਾਜ਼ਾ ਅੰਕੜਿਆਂ ਅਨੁਸਾਰ ਸਾਲ 2022 ਵਿਚ ਪੰਜਾਬ ਵਿਚੋਂ 3607 ਬੱਚੇ ਲਾਪਤਾ ਹੋਏ, ਜਿਨ੍ਹਾਂ ਵਿਚੋਂ ਸਿਰਫ 1436 ਹੀ ਬਰਾਮਦ ਹੋ ਸਕੇ। ਇਸ ਤੋਂ ਅਗਲੇ ਸਾਲ 2023 ਵਿਚ 3255 ਬੱਚੇ ਗਾਇਬ ਹੋਏ ਅਤੇ ਮਾਤਰ 1064 ਬਰਾਮਦ ਹੋਏ। ਇਸ ਤਰ੍ਹਾਂ ਰਿਕਵਰੀ ਰੇਟ ਲਗਾਤਾਰ 30 ਤੋਂ 40 ਫੀਸਦੀ ਤੱਕ ਸੀਮਤ ਰਿਹਾ ਹੈ। 2024-25 ਲਈ ਅਧਿਕਾਰਤ ਰਾਜਵਿਆਪੀ ਅੰਕੜੇ ਅਜੇ ਐੱਨਸੀਆਰਬੀ ਰਿਪੋਰਟ ਵਿਚ ਨਹੀਂ ਆਏ ਪਰ ਜ਼ਿਲ੍ਹਾ ਪੁਲਿਸ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਰੁਝਾਨ ਜਾਰੀ ਹੈ। ਉਦਾਹਰਣ ਵਜੋਂ ਅੰਮ੍ਰਿਤਸਰ ਵਿਚ 2024 ਵਿਚ 38 ਬੱਚੇ ਲਾਪਤਾ ਹੋਏ ਸਨ, 32 ਬਰਾਮਦ ਹੋਏ ਸਨ ਅਤੇ 2025 (ਨਵੰਬਰ ਤੱਕ) 26 ਲਾਪਤਾ ਵਿਚੋਂ 21 ਬਰਾਮਦ ਹੋਏ ਸਨ। ਲੁਧਿਆਣਾ ਅਤੇ ਜਲੰਧਰ ਵਿਚ ਵੀ ਸੈਂਕੜੇ ਮਾਮਲੇ ਹਰ ਸਾਲ ਆ ਰਹੇ ਹਨ। ਪਿਛਲੇ ਦਹਾਕੇ (2013 ਤੋਂ 2022 ਤੱਕ) ਵਿਚ ਲਗਭਗ 8342 ਨਾਬਾਲਗ ਬੱਚੇ ਗਾਇਬ ਹੋਏ ਸਨ।

ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਕਿਉਂ ਅਪਰਾਧ ਦਾ ਗੜ੍ਹ ਬਣ ਗਏ? ਸਚਾਈ ਇਹ ਹੈ ਕਿ ਇਨ੍ਹਾਂ ਵੱਡੇ ਸਨਅਤੀ ਸ਼ਹਿਰਾਂ ਵਿਚ ਉਦਯੋਗਿਕ ਯੂਨਿਟਾਂ, ਮਾਈਗ੍ਰੈਂਟ ਮਜ਼ਦੂਰਾਂ ਦੀ ਭੀੜ ਅਤੇ ਸਸਤੀ ਮਜ਼ਦੂਰੀ ਦੀ ਲਾਲਚ ਕਾਰਨ ਬਾਲ ਤਸਕਰੀ ਅਤੇ ਅਗਵਾ ਦੇ ਸੰਗਠਿਤ ਰੈਕਟ ਵਧ ਰਹੇ ਹਨ। ਲੁਧਿਆਣਾ ਦੇ ਟੈਕਸਟਾਈਲ ਹੱਬ ਵਿਚ ਬੱਚਿਆਂ ਨੂੰ ਬਾਲ ਮਜ਼ਦੂਰੀ ਲਈ ਉਠਾ ਲਿਆ ਜਾਂਦਾ ਹੈ। ਜਲੰਧਰ ਵਿਚ ਖਿਡੌਣਾ ਉਦਯੋਗ ਅਤੇ ਸਪੋਰਟਸ ਗੁੱਡਜ਼ ਫੈਕਟਰੀਆਂ ਵਿਚ ਵੀ ਇਹੀ ਰੁਝਾਨ ਹੈ। ਅੰਮ੍ਰਿਤਸਰ ਬਾਰਡਰ ਨਾਲ ਲੱਗਦਾ ਹੋਣ ਕਰਕੇ ਇੰਟਰਨੈਸ਼ਨਲ ਤਸਕਰੀ ਰੂਟ ਬਣ ਗਿਆ ਹੈ। ਇੱਥੇ ਬੱਚਿਆਂ ਨੂੰ ਭੀਖ ਮੰਗਵਾਉਣ, ਗੈਰ-ਕਾਨੂੰਨੀ ਗਤੀਵਿਧੀਆਂ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਸ਼ਹਿਰਾਂ ਵਿਚ ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ ਬੱਚੇ ਆਸਾਨੀ ਨਾਲ ਨਿਸ਼ਾਨਾ ਬਣਦੇ ਹਨ।

ਮਾਸੂਮਾਂ ਦੇ ਗਾਇਬ ਹੋਣ ਪਿੱਛੇ ਅਗਵਾ ਅਤੇ ਮਨੁੱਖੀ ਤਸਕਰੀ ਵਰਗੇ ਸੰਗਠਿਤ ਅਪਰਾਧਾਂ ਦਾ ਵੱਡਾ ਹੱਥ ਹੈ। ਕਈ ਮਾਮਲਿਆਂ ਵਿਚ ਬੱਚਿਆਂ ਨੂੰ ਭੀਖ ਮੰਗਵਾਉਣ ਜਾਂ ਬਾਲ ਮਜ਼ਦੂਰੀ ਲਈ ਅਗਵਾ ਕੀਤਾ ਜਾਂਦਾ ਹੈ।

ਤਾਜ਼ਾ ਅੰਕੜੇ ਦੱਸਦੇ ਹਨ ਕਿ ਬੱਚਿਆਂ ਵਿਰੁੱਧ ਅਪਰਾਧਾਂ ਦਾ ਗ੍ਰਾਫ਼ ਪੰਜਾਬ ਸਮੇਤ ਪੂਰੇ ਦੇਸ਼ ਵਿਚ ਲਗਾਤਾਰ ਵੱਧ ਰਿਹਾ ਹੈ। ਇਸ ਤੋਂ ਇਲਾਵਾ ਘਰੇਲੂ ਕਲੇਸ਼, ਪੜ੍ਹਾਈ ਦਾ ਬੋਝ, ਮਾਨਸਿਕ ਦਬਾਅ ਅਤੇ ਸਮਾਜਿਕ ਸੰਪਰਕ ਮਾਧਿਅਮਾਂ ਦਾ ਜਾਲ ਵੀ ਬੱਚਿਆਂ ਨੂੰ ਘਰ ਛੱਡਣ ਲਈ ਮਜਬੂਰ ਕਰ ਰਿਹਾ ਹੈ। ਖਾਸ ਕਰਕੇ ਨਾਬਾਲਗ ਕੁੜੀਆਂ ਫੇਸਬੁੱਕ, ਇੰਸਟਾਗ੍ਰਾਮ ਵਰਗੀਆਂ ਐਪਾਂ ਰਾਹੀਂ ਗਲਤ ਸੰਪਰਕਾਂ ਵਿਚ ਫਸ ਕੇ ਘਰੋਂ ਭੱਜ ਜਾਂਦੀਆਂ ਹਨ। ਪੁਲਿਸ ਵਿਭਾਗ ਅਤੇ ਸਰਕਾਰੀ ਤੰਤਰ ਦੀ ਕਾਰਗੁਜ਼ਾਰੀ ਉੱਤੇ ਸਭ ਤੋਂ ਵੱਡਾ ਸਵਾਲ ਬੱਚਿਆਂ ਦੀ ਬਰਾਮਦਗੀ ਦਰ ਹੈ। ਅੰਕੜਿਆਂ ਅਨੁਸਾਰ ਸਿਰਫ 30 ਤੋਂ 40 ਫੀਸਦੀ ਬੱਚੇ ਹੀ ਲੱਭੇ ਜਾ ਸਕਦੇ ਹਨ। ਇਸਦਾ ਮਤਲਬ ਹੈ ਕਿ ਅੱਧੇ ਤੋਂ ਵੱਧ ਮਾਮਲੇ ਹਮੇਸ਼ਾ ਲਈ ਅਣਸੁਲਝੇ ਰਹਿ ਜਾਂਦੇ ਹਨ ਅਤੇ ਮਾਪੇ ਸਾਰੀ ਉਮਰ ਉਡੀਕ ਕਰਦੇ ਰਹਿੰਦੇ ਹਨ। ਜ਼ਿਆਦਾਤਰ ਮਾਮਲੇ 12 ਤੋਂ 18 ਸਾਲ ਉਮਰ ਤੱਕ ਦੇ ਹੁੰਦੇ ਹਨ।

ਪੰਜਾਬ ਪੁਲਿਸ ਵੱਲੋਂ ਲਾਪਤਾ ਬੱਚਿਆਂ ਦੀ ਭਾਲ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਰੇਲਵੇ ਅਤੇ ਬੱਸ ਅੱਡਿਆਂ ਤੋਂ ਲਵਾਰਿਸ ਬੱਚਿਆਂ ਨੂੰ ਬਚਾਉਣ ਲਈ 'ਆਪ੍ਰੇਸ਼ਨ ਮੁਸਕਾਨ' ਲਗਾਤਾਰ ਚਲਾਈ ਜਾਂਦੀ ਹੈ।

ਇਸ ਤਹਿਤ ਸਾਲ 2025 ਵਿਚ ਵੀ ਰੇਲਵੇ ਪੁਲਿਸ ਨੇ ਸੂਬੇ ਭਰ ਵਿਚ ਸੈਂਕੜੇ ਬੱਚਿਆਂ ਨੂੰ ਬਰਾਮਦ ਕਰਕੇ ਉਨ੍ਹਾਂ ਨੂੰ ਪਰਿਵਾਰਾਂ ਨਾਲ ਮਿਲਾਇਆ ਗਿਆ ਸੀ। ਲੁਧਿਆਣਾ ਅਤੇ ਜਲੰਧਰ ਪੁਲਿਸ ਨੇ ਵੀ ਡਾਇਲ 112 ਤੇ ਆਏ ਕਾਲਾਂ ਤੇ ਤੁਰੰਤ ਐਕਸ਼ਨ ਲੈ ਕੇ ਕਈ ਮਾਮਲਿਆਂ ਵਿਚ ਬੱਚਿਆਂ ਨੂੰ ਸੁਰੱਖਿਅਤ ਬਰਾਮਦ ਕੀਤਾ ਗਿਆ ਸੀ। ਪਰ ਇਹ ਛੋਟੀਆਂ ਸਫਲਤਾਵਾਂ ਹਨ, ਜਦਕਿ ਵੱਡੇ ਰੈਕਟ ਅਜੇ ਵੀ ਚੱਲ ਰਹੇ ਹਨ। ਸਰਕਾਰ ਵੱਲੋਂ ਬੱਚਿਆਂ ਦੀ ਸੁਰੱਖਿਆ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਸਮਾਜ ਵਿਗਿਆਨੀਆਂ ਅਨੁਸਾਰ ਲਾਪਤਾ ਬੱਚਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ, ਪੁਲਿਸ ਅਤੇ ਐੱਨਜੀਓਆਂ ਵਿਚ ਬਿਹਤਰ ਤਾਲਮੇਲ ਲੋੜੀਂਦਾ ਹੈ। ਸਕੂਲਾਂ ਵਿਚ ਆਨਲਾਈਨ ਸੁਰੱਖਿਆ ਬਾਰੇ ਜਾਗਰੂਕਤਾ, ਪਰਿਵਾਰਾਂ ਵਿਚ ਖੁਲ੍ਹੀ ਗੱਲਬਾਤ ਅਤੇ ਸਨਅਤੀ ਖੇਤਰਾਂ ਵਿਚ ਸਖ਼ਤ ਨਿਗਰਾਨੀ ਲਾਜ਼ਮੀ ਹੈ। ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿਚ ਵਿਸ਼ੇਸ਼ ਟਾਸਕ ਫੋਰਸ ਬਣਾਈ ਜਾਵੇ ਤਾਂ ਜੋ ਤਸਕਰੀ ਰੈਕਟਾਂ ਨੂੰ ਢਾਹ ਲਿਆ ਜਾ ਸਕੇ।

ਸਰਕਾਰ ਅਤੇ ਸਮਾਜ ਨੂੰ ਇਸ ਭਿਆਨਕ ਰੁਝਾਨ ਨੂੰ ਰੋਕਣ ਲਈ ਤੁਰੰਤ ਅਤੇ ਠੋਸ ਕਦਮ ਚੁੱਕਣੇ ਚਾਹੀਦੇ ਹਨ। ਬੱਚਿਆਂ ਦੀ ਸੁਰੱਖਿਆ ਹੀ ਸੂਬੇ ਦੀ ਅਸਲ ਤਰੱਕੀ ਹੈ।

# ਜੰਗ ਰੁਕੀ ਤਾਂ ਵੀ ਨਹੀਂ ਖੁੱਲ੍ਹੇਗਾ 'ਹੋਰਮੁਜ਼'! ਈਰਾਨ ਲਿਆ ਰਿਹਾ 'ਨਵਾਂ ਫੈਸਲਾ'

## ✪ ਅਮਰੀਕਾ-ਇਜ਼ਰਾਈਲ ਦੀ ਵਧੀ ਮੁਸ਼ਕਿਲ, ਈਰਾਨ ਹੋਰਮੁਜ਼ ਵਿਚ ਵਸੂਲੇਗਾ ਟੋਲ ਟੈਕਸ!

ਈਰਾਨ ਅਤੇ ਅਮਰੀਕਾ ਵਿਚਾਲੇ ਚੱਲ ਰਹੀ ਜੰਗ ਹੁਣ ਇੱਕ ਅਜਿਹੇ ਮੋੜ 'ਤੇ ਪਹੁੰਚ ਗਈ ਹੈ ਜਿੱਥੇ ਪੂਰੀ ਦੁਨੀਆ ਦੀ ਆਰਥਿਕਤਾ ਦਾਅ 'ਤੇ ਲੱਗੀ ਹੋਈ ਹੈ। ਵਿਵਾਦ ਦਾ ਕੇਂਦਰ ਬਣਿਆ ਹੋਇਆ ਹੈ ਹੋਰਮੁਜ਼ ਸਟ੍ਰੇਟ, ਜਿਸ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਈਰਾਨ ਦੀ ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕਾਰਪਸ ਆਹਮੋ-ਸਾਹਮਣੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਸਿੱਧੀ ਚੇਤਾਵਨੀ ਦਿੱਤੀ ਹੈ ਕਿ ਜੇਕਰ ਹੋਰਮੁਜ਼ ਜਲਡਮਰੂਮੱਧ ਨੂੰ ਜਲਦੀ ਨਾ ਖੋਲ੍ਹਿਆ ਗਿਆ ਤਾਂ ਅਮਰੀਕਾ ਈਰਾਨ ਦੇ ਪਾਵਰ ਪਲਾਂਟਾਂ 'ਤੇ ਭਿਆਨਕ ਹਮਲੇ ਕਰਕੇ ਉਸ ਨੂੰ ਤਬਾਹ ਕਰ ਦੇਵੇਗਾ। ਅਮਰੀਕਾ ਦਾ ਕਹਿਣਾ ਹੈ ਕਿ ਇਸ ਰਸਤੇ ਦੇ ਬੰਦ ਹੋਣ ਕਾਰਨ ਦੁਨੀਆ ਭਰ ਵਿੱਚ ਊਰਜਾ ਦੀ ਸਪਲਾਈ ਠੱਪ ਹੋ ਰਹੀ ਹੈ।

ਦੂਜੇ ਪਾਸੇ, ਈਰਾਨ ਨੇ ਟਰੰਪ ਦੀਆਂ ਧਮਕੀਆਂ ਨੂੰ ਨਜ਼ਰਅੰਦਾਜ਼ ਕਰਦਿਆਂ ਇੱਕ ਵੱਡਾ ਐਲਾਨ ਕੀਤਾ ਹੈ। ਆਈਆਰਜੀਸੀ ਨੇ ਕਿਹਾ ਹੈ ਕਿ 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਕੀਤੇ ਗਏ ਹਮਲਿਆਂ ਤੋਂ ਬਾਅਦ ਹਾਲਾਤ ਹਮੇਸ਼ਾ ਲਈ ਬਦਲ ਗਏ ਹਨ। ਈਰਾਨ ਹੁਣ 'ਨਿਊ ਗਲਫ ਆਰਡਰ' ਲਾਗੂ ਕਰਨ ਦੀ ਤਿਆਰੀ ਵਿੱਚ ਹੈ। ਹੁਣ ਹੋਰਮੁਜ਼ ਸਟ੍ਰੇਟ ਤੋਂ ਗੁਜ਼ਰਨ ਵਾਲੇ ਜਹਾਜ਼ਾਂ ਨੂੰ ਮੁਫ਼ਤ ਲੰਘਣ ਦੀ ਇਜਾਜ਼ਤ ਨਹੀਂ ਹੋਵੇਗੀ, ਬਲਕਿ ਉਨ੍ਹਾਂ ਕੋਲੋਂ ਟੈਕਸ ਵਸੂਲਿਆ ਜਾਵੇਗਾ। ਇਸ ਰਸਤੇ ਨੂੰ ਅਮਰੀਕਾ ਅਤੇ ਇਜ਼ਰਾਈਲ ਦੇ ਜਹਾਜ਼ਾਂ ਲਈ ਪੂਰੀ ਤਰ੍ਹਾਂ ਬੰਦ ਰੱਖਣ ਦੀ ਯੋਜਨਾ ਹੈ। ਈਰਾਨੀ ਸੰਸਦ ਵਿੱਚ ਅਜਿਹਾ ਮਤਾ ਲਿਆਂਦਾ ਜਾ ਰਿਹਾ ਹੈ ਜਿਸ ਤਹਿਤ ਲੰਘਣ ਵਾਲੇ ਜਹਾਜ਼ਾਂ ਨੂੰ ਫੀਸ ਈਰਾਨੀ ਮੁਦਰਾ ਵਿੱਚ ਦੇਣੀ ਪਵੇਗੀ। ਆਈਆਰਜੀਸੀ ਨੇਵੀ ਕਮਾਂਡ ਦਾ ਕਹਿਣਾ ਹੈ ਕਿਹੋਰਮੁਜ਼ ਜਲਡਮਰੂਮੱਧ ਹੁਣ ਕਦੇ ਵੀ ਆਪਣੀ ਪੁਰਾਣੀ ਸਥਿਤੀ ਵਿੱਚ ਵਾਪਸ ਨਹੀਂ ਆਵੇਗਾ। ਅਸੀਂ ਇੱਕ ਨਵੀਂ ਖੇਤਰੀ ਵਿਵਸਥਾ ਦੇ ਅੰਤਿਮ ਪੜਾਅ ਵਿੱਚ ਹਾਂ।''



ਹੋਰਮੁਜ਼ ਸਟ੍ਰੇਟ ਦੁਨੀਆ ਦਾ ਸਭ ਤੋਂ ਅਹਿਮ ਸਮੁੰਦਰੀ ਰਸਤਾ ਹੈ, ਕਿਉਂਕਿ ਦੁਨੀਆ ਦੇ ਕੁੱਲ ਤੇਲ ਵਪਾਰ ਦਾ ਲਗਭਗ 25% ਹਿੱਸਾ ਇਸੇ ਰਸਤੇ ਰਾਹੀਂ ਹੁੰਦਾ ਹੈ। ਦੁਨੀਆ ਦੀ 20% ਲੁੰਘ (ਤਰਲ ਕੁਦਰਤੀ ਗੈਸ) ਦੀ ਸਪਲਾਈ ਇੱਥੋਂ ਹੀ ਗੁਜ਼ਰਦੀ ਹੈ। ਇਹ ਫਾਰਸ ਦੀ ਖਾੜੀ ਨੂੰ ਓਮਾਨ ਦੀ ਖਾੜੀ ਅਤੇ ਅਰਬ ਸਾਗਰ ਨਾਲ ਜੋੜਦਾ ਹੈ।

ਈਰਾਨ ਵੱਲੋਂ ਰਸਤਾ ਰੋਕਣ ਕਾਰਨ ਖਾਸ ਕਰਕੇ ਦੱਖਣੀ ਏਸ਼ੀਆਈ ਦੇਸ਼ਾਂ ਵਿੱਚ ਊਰਜਾ ਸੰਕਟ ਡੂੰਘਾ ਹੋ ਗਿਆ ਹੈ। ਤੇਲ ਅਤੇ ਗੈਸ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਸਕਦੀਆਂ ਹਨ। ਜੇਕਰ ਟਰੰਪ ਆਪਣੀ ਧਮਕੀ ਮੁਤਾਬਕ ਈਰਾਨ ਦੇ ਬਿਜਲੀ ਘਰਾਂ 'ਤੇ ਹਮਲਾ ਕਰਦੇ ਹਨ, ਤਾਂ ਇਹ ਵਿਵਾਦ ਇੱਕ ਪੂਰਨ ਖੇਤਰੀ ਜੰਗ ਦਾ ਰੂਪ ਲੈ ਸਕਦਾ ਹੈ, ਜਿਸ ਨਾਲ ਪੂਰੀ ਦੁਨੀਆ ਦੀ ਸਪਲਾਈ ਚੇਨ ਤਬਾਹ ਹੋ ਸਕਦੀ ਹੈ।

## ਸਨੀ ਹਾਈ ਸਕੂਲ ਦੇ ਪੰਜਾਬੀ ਵਿਦਿਆਰਥੀ ਨੇ 50 ਹਜਾਰ ਡਾਲਰ ਦੀ ਸਕਾਲਰਸ਼ਿੱਪ ਜਿੱਤੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸਨੀ ਹਿਲਜ ਹਾਈ ਸਕੂਲ ਦੇ ਵਿਦਿਆਰਥੀ ਮਨਵੀਰ ਸਿੰਘ ਅਨੰਦ ਦਾ 50 ਹਜਾਰ ਡਾਲਰ ਦੀ ਐਡੀਸਨ ਸਕਾਲਰਸ਼ਿੱਪ ਨਾਲ ਸਨਮਾਨ ਕੀਤਾ ਗਿਆ। ਇਹ ਸਕਾਲਰਸ਼ਿੱਪ ਉੱਚ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ। ਐਡੀਸਨ ਸਕਾਲਰਸ਼ਿੱਪ ਪ੍ਰੋਗਰਾਮ ਉਨਾਂ ਵਿਦਿਆਰਥੀਆਂ ਦੀ ਸਹਾਇਤਾ ਲਈ ਸ਼ੁਰੂ ਕੀਤਾ ਗਿਆ ਸੀ ਜੋ ਵਿਦਿਆਰਥੀ ਗੁੰਝਲਦਾਰ ਸਮੱਸਿਆਵਾਂ ਦੇ ਹੱਲ ਲਈ ਟੈਕਨੀਕਲ ਡਿਗਰੀ ਕਰਨਾ ਚਹੁੰਦੇ ਹਨ। ਇਸ ਮੌਕੇ ਮਨਵੀਰ ਸਿੰਘ ਦੇ ਪਰਿਵਾਰਕ ਮੈਂਬਰ ਵੀ ਹਾਜਰ ਸਨ। ਅਨੰਦ ਜੋ ਪੰਜਾਬੀ ਬੋਲਦੇ ਹਨ, 'ਅਪਲਾਈਡ ਮੈਥੇਮੈਟਿਕਸ' ਵਿੱਚ ਮਾਨਵੀ ਕਦਰਾਂ ਕੀਮਤਾਂ 'ਤੇ ਆਪਣਾ ਅਕਾਦਮਿਕ ਕਰੀਅਰ ਬਣਾਉਣਾ ਚਹੁੰਦੇ ਹਨ। ਉਸ ਦਾ ਟੀਚਾ ਇਕ ਅਜਿਹਾ ਭਵਿੱਖੀ ਮਾਡਲ ਤੇ ਗਣਿਤ ਵਿਧੀ ਤਿਆਰ ਕਰਨਾ ਹੈ ਜੋ ਬੇਆਸਰਿਆਂ, ਫੂਡ ਬੈਂਕਾਂ ਤੇ ਜਨਤਿਕ ਰਸੋਈਆਂ ਦੀ ਉਨਾਂ ਦੇ ਸਾਧਨਾਂ ਅਨੁਸਾਰ ਸਹਾਈ ਹੋ ਸਕੇ। ਉਸ ਦਾ ਵਿਸ਼ਵਾਸ਼ ਹੈ ਕਿ ਸਥਾਨਕ ਸਹਾਇਤਾ ਘੇਰਾ ਵਧਣ ਦੇ ਨਾਲ- ਨਾਲ ਉਹ ਭੋਜਨ ਦੀ ਬਰਬਾਦੀ ਨੂੰ ਰੋਕ ਸਕਣਗੇ।





ਮਨਵੀਰ ਸਿੰਘ ਸਕਾਲਰਸ਼ਿੱਪ ਦਾ ਚੈਕ ਲੈਂਦੇ ਹੋਏ

## ਮਿਆਮੀ ਹਵਾਈ ਅਡੇ 'ਤੇ ਵਾਧੂ ਬੈਗ ਲਈ ਅਦਾਇਗੀ ਕਰਨ ਤੋਂ ਨਾਂਹ ਕਰਨ 'ਤੇ 3 ਔਰਤਾਂ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਮਿਆਮੀ ਇੰਟਰਨੈਸ਼ਨਲ ਹਵਾਈ ਅੱਡੇ 'ਤੇ ਵਾਧੂ ਭਾਰ ਲਈ ਅਦਾਇਗੀ ਨਾ ਕਰਨ 'ਤੇ ਹੋਏ ਝਗੜੇ ਉਪਰੰਤ 3 ਔਰਤਾਂ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਔਰਤਾਂ ਵੱਲੋਂ ਕੀਤੇ ਝਗੜੇ ਕਾਰਨ ਫਰੰਟੀਅਰ ਏਅਰਲਾਈਨਜ ਦੇ ਜਹਾਜ਼ ਦੀ ਉਡਾਣ ਵਿੱਚ ਤਕਰੀਬਨ ਇਕ ਘੰਟੇ ਦੀ ਦੇਰੀ ਹੋਈ। ਗ੍ਰਿਫਤਾਰ ਔਰਤਾਂ ਵਿੱਚ ਨਫੀਸਾ ਡਾਕਰੀ (30), ਡਿਓਨਜਾਨਾ ਕੋਚਰਨ (21) ਤੇ ਡਵਾਨਾ ਕੋਚਰਨ (26) ਸ਼ਾਮਿਲ ਹਨ। ਇਨਾਂ ਵਿਰੁੱਧ ਫੌਜਦਾਰੀ ਦੋਸ਼ ਲਾਏ ਗਏ ਹਨ। ਔਰਤਾਂ ਨੇ ਫਿਲਾਡੈਲਫੀਆ ਜਾਣਾ ਸੀ। ਜਦੋਂ ਇਕ ਮੁਲਾਜ਼ਮ ਨੇ ਵੇਖਿਆ ਕਿ ਉਨਾਂ ਨੇ ਇਕ ਬੈਗ ਦੀ ਅਦਾਇਗੀ ਕੀਤੀ ਹੈ ਜਦ ਕਿ ਉਨਾਂ ਕੋਲ ਦੋ ਬੈਗ ਹਨ ਤਾਂ ਉਸ ਨੇ ਦੂਸਰੇ ਬੈਗ ਦੀ ਵੀ ਅਦਾਇਗੀ ਕਰਨ ਲਈ ਕਿਹਾ ਤਾਂ ਝਗੜਾ ਏਨਾ ਵਧ ਗਿਆ ਕਿ ਪੁਲਿਸ ਸੱਦਣੀ ਪਈ। ਗ੍ਰਿਫਤਾਰੀ ਵਾਰੰਟ ਹਾਸਲ ਕਰਨ ਉਪਰੰਤ ਪੁਲਿਸ ਨੇ ਉਨਾਂ ਨੂੰ ਗ੍ਰਿਫਤਾਰ ਕਰ ਲਿਆ।

## ਡਰੱਗ ਮਾਮਲੇ ਵਿੱਚ ਗੁਰਅਮ੍ਰਿਤ ਸਿੱਧੂ ਨੇ ਆਪਣਾ ਗੁਨਾਹ ਕਬੂਲਿਆ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ)-ਬਰੈਂਪਟਨ ਵਾਸੀ ਗੁਰਅਮ੍ਰਿਤ ਸਿੱਧੂ ਜਿਸ ਨੂੰ 2024 ਵਿਚ ਡਰੱਗ ਮਾਮਲੇ ਦਾ ਸਾਹਮਣਾ ਕਰਨ ਲਈ ਅਮਰੀਕਾ ਦੇ ਸਪੁਰਦ ਕੀਤਾ ਗਿਆ ਸੀ, ਨੇ ਲਾਸ ਏਂਜਲਸ ਦੀ ਇਕ ਸੰਘੀ ਅਦਾਲਤ ਵਿੱਚ ਆਪਣੇ ਵਿਰੁੱਧ ਲੱਗੇ ਵੱਡੀ ਪੱਧਰ 'ਤੇ ਡਰੱਗ ਤਸਕਰੀ ਕਰਨ ਦੇ ਦੋਸ਼ਾਂ ਨੂੰ ਮੰਨ ਲਿਆ ਹੈ। 62 ਸਾਲਾ ਸਿੱਧੂ ਜਿਸ ਨੂੰ ਕੌਮਾਂਤਰੀ ਡਰੱਗ ਟਰੈਫਿਕਿੰਗ ਸਿੰਡੀਕੇਡ ਦਾ ਸਰਗਰਨਾ ਮੰਨਿਆ ਜਾਂਦਾ ਹੈ, ਨੇ ਅਦਾਲਤ ਵਿੱਚ ਦਰਖਾਸਤ ਦਾਇਰ ਕਰਕੇ ਸਵਿਕਾਰ ਕੀਤਾ ਕਿ ਉਹ ਵੱਡੀ ਪੱਧਰ 'ਤੇ ਡਰੱਗ ਦੇ ਕਾਰੋਬਾਰ ਵਿੱਚ ਸ਼ਾਮਿਲ ਰਿਹਾ ਹੈ। ਸਿੱਧੂ ਵਿਰੁੱਧ ਦੋਸ਼ ਹਨ ਕਿ ਉਸ ਨੇ 2022 ਦੇ ਅੰਤ ਵਿੱਚ 5 ਹਫਤਿਆਂ ਦੌਰਾਨ 1.7 ਕਰੋੜ ਡਾਲਰ ਮੁੱਲ ਦੀ ਮੈਥੰਫੇਟਾਮਾਈਨ ਤੇ ਕੋਕੀਨ ਅਮਰੀਕਾ ਤੋਂ ਕੈਨੇਡਾ ਭੇਜੀ। ਸੰਘੀ ਵਕੀਲਾਂ ਤੇ ਅਦਾਲਤੀ ਦਸਤਾਵੇਜਾਂ ਅਨੁਸਾਰ ਸਿੱਧੂ ਦੀ ਸਿੰਡੀਕੇਟ ਅਮਰੀਕਾ ਵਿੱਚੋਂ ਥੋਕ ਵਿੱਚ ਡਰੱਗ ਖ੍ਰੀਦ ਕੇ ਉਸ ਨੂੰ ਸੈਮੀ ਟਰੱਕਾਂ ਰਾਹੀਂ ਕੈਨੇਡਾ ਭੇਜਦੀ ਸੀ ਜਿਥੇ ਇਹ ਡਰੱਗ ਵੇਚਿਆ ਜਾਂਦਾ ਸੀ। ਲਾਅ ਇਨਫੋਰਸਮੈਂਟ ਅਧਿਕਾਰੀਆਂ ਨੇ ਸੰਤਬਰ ਤੇ ਅਕਤੂਬਰ ਦਰਮਿਆਨ ਸਿੱਧੂ ਦੁਆਰਾ ਭੇਜੀਆਂ ਵੱਖ ਵੱਖ 8 ਖੇਪਾਂ ਨੂੰ ਫੜਿਆ ਜਿਨਾਂ ਵਿੱਚ 523 ਕਿਲੋਗ੍ਰਾਮ ਮੈਥੰਫੇਟਾਮਾਈਨ ਤੇ 347 ਕਿਲੋਗ੍ਰਾਮ ਕੋਕੀਨ ਸ਼ਾਮਿਲ ਸੀ। ਇਸ ਮਾਮਲੇ ਵਿੱਚ ਕੁਲ 19 ਸ਼ੱਕੀ ਦੋਸ਼ੀ ਸ਼ਾਮਿਲ ਹਨ ਜਿਨਾਂ ਵਿੱਚੋਂ ਸਿੱਧੂ ਸਤਵੇਂ ਦੋਸ਼ੀ ਹਨ ਜਿਸ ਨੇ ਗੁਨਾਹ ਦਰਖਾਸਤ ਦਾਇਰ ਕੀਤੀ ਹੈ। ਉਸ ਦੇ ਸਾਥੀ ਦੋਸ਼ੀਆਂ ਨੂੰ 2 ਤੋਂ 9 ਸਾਲ ਸਜ਼ਾ ਹੋਈ ਹੈ ਜਦ ਕਿ ਸਿੱਧੂ ਦੀ ਭੂਮਿਕਾ ਇੱਕ ਸਰਗਨੇ ਦੀ ਹੈ, ਉਸ ਨੂੰ ਗੰਭੀਰ ਕਾਨੂੰਨੀ ਸਿੱਟਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਯੂ ਐਸ ਡਿਸਟ੍ਰਿਕਟ ਜੱਜ ਜੌਹਨ ਏ ਕਰੋਨਸਟਾਡਟ ਨੇ ਸਿੱਧੂ ਨੂੰ ਸਜ਼ਾ ਸੁਣਾਉਣ ਲਈ 9 ਜੁਲਾਈ ਤਰੀਕ ਤੈਅ ਕੀਤੀ ਹੈ।

## ਅੰਤਿਮ ਸੰਸਕਾਰ ਕਰਨ ਵਾਲੇ ਵਿਅਕਤੀ ਨੇ 30 ਮ੍ਰਿਤਕਾਂ ਦੇ ਦਫ਼ਨ ਵਿੱਚ ਰੁਕਾਵਟ ਅਤੇ ਦਾਨ ਦੀ ਰਕਮ ਹੜਪਣ ਦੇ ਦੋਸ਼ ਮੰਨੇ



ਲੈਸਟਰ- (ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਸ਼ਹਿਰ ਹੱਲ ਵਿੱਚ ਅੰਤਿਮ ਸੰਸਕਾਰ ਦੀ ਸੇਵਾ ਦੇਣ ਵਾਲੇ ਇਕ ਵਿਅਕਤੀ ਨੇ 30 ਮ੍ਰਿਤਕਾਂ ਦੇ ਦਫ਼ਨ ਵਿੱਚ ਰੁਕਾਵਟ ਪੈਦਾ ਕਰਨ ਅਤੇ ਸੋਗ ਮਨਾਉਣ ਵਾਲੇ ਲੋਕਾਂ ਵੱਲੋਂ ਚੈਰੀਟੀ ਲਈ ਦਿੱਤੀ ਗਈ ਦਾਨ ਰਕਮ ਹੜਪਣ ਦੇ ਦੋਸ਼ ਅਦਾਲਤ ਵਿੱਚ ਮੰਨ ਲਏ ਹਨ। 48 ਸਾਲਾ ਰਾਬਰਟ ਬੁਸ਼ ਨੂੰ ਉਸ ਵੇਲੇ ਗ੍ਰਿ.ਫਤਾਰ ਕੀਤਾ ਗਿਆ ਸੀ ਜਦੋਂ ਮ੍ਰਿਤਕਾਂ ਦੀ ਸੰਭਾਲ ਸਬੰਧੀ ਗੰਭੀਰ ਚਿੰਤਾ ਜਤਾਈ ਗਈ ਅਤੇ ਪੁਲਿਸ ਵੱਲੋਂ ਜਾਂਚ ਸ਼ੁਰੂ ਕੀਤੀ ਗਈ। ਮਾਮਲੇ ਦੀ ਸੁਣਵਾਈ ਹੱਲ ਦੀ ਕ੍ਰਾਉਨ ਅਦਾਲਤ ਵਿੱਚ ਹੋਈ। ਅਦਾਲਤ ਵਿੱਚ ਉਸ ਨੇ 30 ਮਾਮਲਿਆਂ ਵਿੱਚ ਕਾਨੂੰਨੀ ਅਤੇ ਇੱਜ਼ਤਦਾਰ ਦਫ਼ਨ ਰੋਕਣ ਦੇ ਦੋਸ਼ ਅਤੇ 12 ਭਲਾਈ ਸੰਸਥਾਵਾਂ ਲਈ ਕੀਤੀਆਂ ਦਾਨ ਰਕਮਾਂ ਦੀ ਚੋਰੀ ਦਾ ਦੋਸ਼ ਕਬੂਲ ਕੀਤਾ। ਜਾਂਚ ਦੌਰਾਨ ਪੁਲਿਸ ਨੂੰ ਸੰਸਥਾ ਦੇ ਥਾਂ ਤੋਂ ਕਈ ਮ੍ਰਿਤਕਾਂ ਦੇ ਅਵਸ਼ੇਸ਼ ਮਿਲੇ, ਜਿਨ੍ਹਾਂ ਵਿੱਚ ਗਰਭ ਅਵਸਥਾ ਦੌਰਾਨ ਮਰੇ ਚਾਰ ਬੱਚਿਆਂ ਦੇ ਅਵਸ਼ੇਸ਼ ਵੀ ਸ਼ਾਮਲ ਸਨ। ਪੁਲਿਸ ਮੁਤਾਬਕ ਇਹ ਸਾਰੇ ਦੋਸ਼ ਮਈ 2012 ਤੋਂ ਮਾਰਚ 2024 ਦੇ ਦਰਮਿਆਨ ਦੇ ਹਨ। ਅਦਾਲਤ ਨੇ ਕਿਹਾ ਕਿ ਇਸ ਮਾਮਲੇ ਵਿੱਚ ਕੈਦ ਦੀ ਸਜ਼ਾ ਹੋਣ ਦੀ ਸੰਭਾਵਨਾ ਪੱਕੀ ਹੈ। ਹਾਲਾਂਕਿ ਅੰਤਿਮ ਫੈਸਲਾ 27 ਜੁਲਾਈ ਨੂੰ ਸੁਣਾਇਆ ਜਾਵੇਗਾ ਅਤੇ ਉਸ ਸਮੇਂ ਤੱਕ ਦੋਸ਼ੀ ਨੂੰ ਜ਼ਮਾਨਤ 'ਤੇ ਰਿਹਾ ਕੀਤਾ ਗਿਆ ਹੈ। ਪੀੜਤ ਪਰਿਵਾਰਾਂ ਨੇ ਅਦਾਲਤ ਬਾਹਰ ਗੁੱਸਾ ਜਤਾਉਂਦੇ ਹੋਏ ਕਿਹਾ ਕਿ ਇਸ ਘਟਨਾ ਨੇ ਕਈ ਪਰਿਵਾਰਾਂ ਨੂੰ ਡੂੰਘਾ ਦੁੱਖ ਪਹੁੰਚਾਇਆ ਹੈ ਅਤੇ ਲੋਕਾਂ ਦੇ ਭਰੋਸੇ ਨਾਲ ਵੱਡਾ ਧੋਖਾ ਹੋਇਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਅੰਤਿਮ ਸੰਸਕਾਰ ਸੇਵਾਵਾਂ 'ਤੇ ਸਖ਼ਤ ਨਿਯਮ ਬਣਾਏ ਜਾਣ ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀ ਘਟਨਾ ਦੁਬਾਰਾ ਨਾ ਵਾਪਰੇ।

## ਕਤਲ ਮਾਮਲੇ ਵਿੱਚ ਬਰੀ ਹੋਇਆ ਵਿਅਕਤੀ ਅਮਰੀਕਾ ਵਿੱਚ ਰਹਿਣ ਦਾ ਹੱਕਦਾਰ-ਜੱਜ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਪੈਨਸਿਲਵਾਨੀਆ ਵਿੱਚ ਇੱਕ ਇਮੀਗ੍ਰੇਸ਼ਨ ਜੱਜ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਕਤਲ ਮਾਮਲੇ ਵਿੱਚ ਪਿਛਲੇ ਸਾਲ ਬਰੀ ਕੀਤੇ ਗਏ ਵਿਅਕਤੀ ਨੂੰ ਅਮਰੀਕਾ ਵਿੱਚ ਰਹਿਣ ਦਾ ਹੱਕਦਾਰ ਹੈ। ਭਾਰਤੀ ਮੂਲ ਦੇ 64 ਸਾਲਾ ਸੁਬਰਾਮਨੀਅਮ ਵੇਦਮ ਨੇ 40 ਸਾਲ ਜੇਲ ਵਿਚ ਬਿਤਾਏ ਹਨ। ਉਸ ਵਿਰੁੱਧ ਲੱਗੇ ਦੋਸ਼ ਵਾਪਿਸ ਲੈਣ ਉਪਰੰਤ ਉਸ ਦੀ ਸਜਾ ਪਿਛਲੇ ਸਾਲ ਅਗਸਤ ਵਿੱਚ ਰੱਦ ਕਰ ਦਿੱਤੀ ਗਈ ਸੀ। ਜੱਜ ਦੇ ਨਿਰਨੇ ਬਾਅਦ ਵੀ ਸੁਬਰਾਮਨੀਅਮ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੀ ਹਿਰਾਸਤ ਵਿੱਚ ਹੈ। ਰਿਹਾਈ ਲਈ ਉਸ ਦੇ ਵਕੀਲ ਨੂੰ ਬਾਂਡ ਭਰਨਾ ਪਵੇਗਾ। ਵੇਦਮ ਨੇ ਜੱਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣਾ ਨਵਾਂ ਜੀਵਨ ਸ਼ੁਰੂ ਕਰਨਾ ਚਹੁੰਦਾ ਹੈ।

## ਸਿਹਤ ਸਕੀਮਾਂ ਤਹਿਤ ਲੱਖਾਂ ਡਾਲਰਾਂ ਦਾ ਚੂਨਾ ਲਾਉਣ ਦੇ ਦੋਸ਼ਾਂ ਤਹਿਤ ਭਾਰਤੀ ਮੂਲ ਦੇ ਜੋੜੇ ਸਮੇਤ 8 ਗ੍ਰਿਫਤਾਰ


ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਜਿਸਟਰਡ 70 ਸਾਲਾ ਨਰਸ ਅਮੇਲੂ ਗਿੱਲ ਤੇ ਉਸ ਦੇ ਪਤੀ ਸਾਇਕਾਲੋਜਿਸਟ ਗਲੈਡਵਿਨ ਗਿੱਲ (66) ਸਮੇਤ 8 ਜਣਿਆਂ ਨੂੰ ਸਿਹਤ ਫਰਾਡ ਸਕੀਮਾਂ ਤਹਿਤ ਲੱਖਾਂ ਡਾਲਰਾਂ ਦੀ ਧੋਖਾਧੜੀ ਕਰਨ ਦੇ ਵੱਖ ਵੱਖ ਸੰਘੀ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਜੋੜੇ ਨੂੰ ਕੈਲੀਫੋਰਨੀਆ ਦੀ ਲਾਸ ਏਂਜਲਸ ਕਾਊਂਟੀ ਦੇ ਸ਼ਹਿਰ ਕੋਵਿਨਾ ਵਿੱਚ ਉਨਾਂ ਦੇ ਘਰੋਂ ਤੜਕਸਾਰ ਗ੍ਰਿਫਤਾਰ ਕੀਤਾ ਗਿਆ ਹੈ। ਸੰਘੀ ਵਕੀਲਾਂ ਅਨੁਸਾਰ ਪਤੀ-ਪਤਨੀ ਅਨਾਹੀਮ ਵਿੱਚ ਸੇਂਟ ਫਰਾਂਸਿਸ ਪਾਲਾਟਿਵ ਕੇਅਰ ਦੇ ਮਾਲਕ ਹਨ। ਉਨਾਂ ਨੇ 52 ਲੱਖ ਡਾਲਰਾਂ ਤੋਂ ਵਧ ਦੇ ਫਰਜੀ ਦਾਅਵੇ ਕੀਤੇ ਤੇ ਜਿਨਾਂ ਲਈ ਮੈਡੀਕੇਅਰ ਵਿਵਸਥਾ ਤੇ ਹੋਰ ਬੀਮਾ ਕੰਪਨੀਆਂ ਨੇ ਅੰਦਾਜਨ 40 ਲੱਖ ਡਾਲਰਾਂ ਦੀ ਅਦਾਇਗੀ ਕੀਤੀ। ਫਸਟ ਅਸਿਸਟੈਂਟ ਯੂ ਐਸ ਅਟਾਰਨੀ ਬਿੱਲ ਐਸੇਲੀ ਨੇ ਕਿਹਾ ਕਿ ਗ੍ਰਿਫਤਾਰ ਮੁਲਜ਼ਮਾਂ ਵਿੱਚ 3 ਨਰਸਾਂ, ਇੱਕ ਕਿਰੋਪ੍ਰੈਕਟਰ ਤੇ ਇੱਕ ਸਾਇਕਾਲੋਜਿਸਟ ਸ਼ਾਮਿਲ ਹੈ ਜਿਨਾਂ ਨੂੰ ਵੱਖ ਵੱਖ ਮਾਮਲਿਆਂ ਵਿੱਚ ਨਾਮਜ਼ਦ ਕੀਤਾ ਗਿਆ ਹੈ। ਇਨਾਂ ਤੋਂ ਇਲਾਵਾ ਇਦਾਹੋ ਦੇ ਇਕ ਵਿਅਕਤੀ ਤੇ ਲਾਸ ਏਂਜਲਸ ਖੇਤਰ ਦੇ ਇਕ ਹੋਰ ਵਿਅਕਤੀ ਨੂੰ ਕਥਿੱਤ ਤੌਰ 'ਤੇ ਲੇਬਰ ਯੁਨੀਅਨ ਦੀਆਂ ਸਿਹਤ ਯੋਜਨਾਵਾਂ ਤਹਿਤ ਧੋਖਾਧੜੀ ਕਰਨ ਦੇ ਮਾਮਲਿਆਂ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।

# ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥

# ਦਸਮੇਸ਼ ਪਿਤਾ ਨੇ ਗੁਰੂ ਨਾਨਕ ਪਾਤਿਸ਼ਾਹ ਦੇ ਸਿੱਖੀ ਸਿਧਾਂਤਾਂ ਨੂੰ ਹੀ 1699 ਦੀ ਵੈਸਾਖੀ ਦਾ ਪੈਗਾਮ ਬਣਾਇਆ

'ਸਿੱਖ ਰਾਸ਼ਟਰ' ਦਾ ਪ੍ਰਤੀਕ ਹੈ ਖ਼ਾਲਸੇ ਦਾ ਪ੍ਰਗਟ ਦਿਹਾੜਾ । ਗੁਰੂ ਨਾਨਕ ਸਾਹਿਬ ਨੇ ਸੱਚ ਦੇ ਰਾਹ ਉੱਤੇ ਮੌਤ ਕਬੂਲਣ ਨੂੰ ਹੀ ਸਿੱਖੀ ਜੀਵਨ ਦਾ ਆਰੰਭ ਦੱਸਿਆ


**ਲੇਖਕ - ਜਥੇਦਾਰ ਮਹਿੰਦਰ ਸਿੰਘ ਯੂ ਕੇ**



**ਮੋਬਾਈਲ ਫੋਨ:**
**07989 927477**


**'ਬਾਬੇਕੇ' ਤੇ 'ਬਾਬਰਕਿਆਂ' ਦੇ ਟਕਰਾਅ ਵਾਲ਼ੇ ਇਤਿਹਾਸ ਦੀ ਸੱਚਾਈ ਇਹ ਵੀ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਨੇ ਉਹ ਖ਼ਾਲਸਾ ਪ੍ਰਗਟ ਕੀਤਾ ਜਿਸ ਨੇ ਦੁਨੀਆਂ ਦੇ ਇਤਿਹਾਸ ਵਿੱਚ ਹੈਰਾਨ ਕਰਨ ਵਾਲ਼ੇ ਕਾਰਨਾਮੇ ਕਰ ਵਿਖਾਏ ਹਨ । ਫ਼ਰਾਂਸ ਦਾ ਇਨਕਲਾਬ 1789 ਈ. ਵਿੱਚ ਸ਼ੁਰੂ ਹੋਇਆ । ਖ਼ਾਲਸਾ ਇਸ ਤੋਂ 90 ਸਾਲ ਪਹਿਲਾਂ 1699 ਈ. ਨੂੰ ਪ੍ਰਗਟ ਹੋਇਆ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਥਾਪੇ ਜਰਨੈਲ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਅਜਿੱਤ ਸਮਝੀ ਜਾਂਦੀ ਮੁਗ਼ਲੀਆ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ । ਖ਼ਾਲਸਾ ਪੰਥ ਦੇ ਜੇਤੂ ਜਰਨੈਲ ਬੰਦਾ ਸਿੰਘ ਬਹਾਦਰ ਨੇ 1710 ਈ. ਵਿੱਚ 'ਦਰਬਾਰੇ ਖ਼ਾਲਸਾ' ਬੁਲਾ ਕੇ ਖ਼ਾਲਸਾ ਰਾਜ ਦਾ ਐਲਾਨ ਕੀਤਾ ਅਤੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਂ ਦੇ ਸਿੱਕੇ ਤੇ ਮੋਹਰਾਂ ਚਾਲੂ ਕੀਤੀਆਂ ।**



ਅਰਥਾਤ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1412)

ਗੁਰੂ ਨਾਨਕ ਸਾਹਿਬ ਨੇ ਹੀ ਹਿੰਦੂ ਤੇ ਮੁਸਲਮਾਨ ਦੋਹਾਂ ਤੋਂ ਵੱਖਰੇ ਤੀਸਰੇ ਪੰਥ ਦੀ ਨੀਂਹ ਰੱਖ ਦਿੱਤੀ ਸੀ, ਜਿਸ ਨੂੰ ਭਾਈ ਗੁਰਦਾਸ ਜੀ ਨੇ : ਮਾਰਿਆ ਸਿਕਾ ਜਗਤਿ ਵਿੱਚ ਨਾਨਕ ਨਿਰਮਲ ਪੰਥ ਚਲਾਇਆ॥ ਦਾ ਨਾਂ ਦਿੱਤਾ ਹੈ । ਗੁਰੂ ਨਾਨਕ ਸਾਹਿਬ ਨੇ ਉਸ ਵੇਲ਼ੇ ਦੇ ਦੋਹਾਂ ਮਜ਼੍ਹਬਾਂ ਨਾਲ਼ੋਂ ਵੱਖਰੇ ਤੀਸਰੇ ਪੰਥ ਭਾਵ ਰਾਜਸੀ ਸਿੱਖ ਕੌਮ ਦੀ ਨੀਂਹ ਹੇਠ ਲਿਖੇ ਤਿੰਨ ਨਿਸ਼ਾਨੇ ਪੂਰੇ ਕਰਨ ਲਈ ਰੱਖੀ :

1. ਪਹਿਲਾ ਨਿਸ਼ਾਨਾ ਸੀ ਮਨੁੱਖ ਜਾਤੀ ਦੀ ਮੁਕੰਮਲ ਅਜ਼ਾਦੀ ਤੇ ਬਰਾਬਰੀ ਦੇ ਆਦਰਸ਼ ਦਾ ਪ੍ਰਚਾਰ ਕਰਨਾ।

2. ਦੂਸਰਾ ਨਿਸ਼ਾਨਾ ਸੀ ਇਸ ਆਦਰਸ਼ ਦੀਆਂ ਲੀਹਾਂ ਉੱਤੇ ਜਾਤ-ਪਾਤ ਰਹਿਤ ਇੱਕ ਨਵਾਂ ਸਮਾਜ, ਨਿਰਮਲ ਪੰਥ ਉਸਾਰਨਾ।

3. ਤੀਸਰਾ ਨਿਸ਼ਾਨਾ ਸੀ ਨਿਰਮਲ ਪੰਥ ਨੂੰ ਸਹਿਜੇ-ਸਹਿਜੇ ਖ਼ਾਲਸਾ ਪੰਥ ਤਕ ਵਿਕਸਤ ਕਰ ਕੇ ਪੰਥ ਨੂੰ ਰਾਜਸੀ ਇਨਕਲਾਬ ਲਿਆਉਣ ਦਾ ਵਸੀਲਾ ਬਣਾਉਣਾ।

ਗੁਰੂ ਨਾਨਕ ਸਾਹਿਬ ਜੋ ਰੂਹਾਨੀ ਤੇ ਸਮਾਜੀ: ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 966) ਦਾ ਮਿਸ਼ਨ ਆਪਣਾ ਕੇ ਚੱਲੇ ਸਨ, ਉਹ ਕਿਸੇ ਵੀ ਕਾਇਮ ਮੁਕਾਮ ਸਮਾਜ ਹਿੰਦੂ ਜਾਂ ਮੁਸਲਮਾਨ ਚੌਖਟੇ ਵਿੱਚ ਰਹਿੰਦਿਆਂ ਪੂਰਾ ਨਹੀਂ ਸੀ ਹੋ ਸਕਦਾ । ਇਸ ਦੀ ਪੂਰਤੀ ਲਈ ਇੱਕ ਅਸਲੋਂ ਹੀ ਵੱਖਰੇ ਤੇ ਨਵੇਂ ਸਮਾਜ ਦੀ ਸਥਾਪਨਾ ਕਰਨੀ ਜ਼ਰੂਰੀ ਸੀ। ਸਮਾਜੀ ਵਿਕਾਸ ਦਾ ਇਹ ਕੰਮ ਇੰਨਾ ਸੌਖਾ ਤੇ ਸਰਲ ਨਹੀਂ ਹੁੰਦਾ। ਗੁਰੂ ਨਾਨਕ ਨੇ ਇੱਕ ਵੱਖਰੀ ਕਿਸਮ ਦੀ ਸਿੱਖ ਸੰਗਤ ਸਿਰਜੀ ਜੋ ਸਮਕਾਲੀ ਹਿੰਦੂ ਅਤੇ ਮੁਸਲਮਾਨਾਂ ਦੇ ਸਮਾਜਾਂ ਨਾਲ਼ੋਂ ਮੂਲ ਰੂਪ ਵਿੱਚ ਵੱਖਰੀ ਸੀ। ਸਿੱਖ ਧਰਮ ਨੇ ਅਜਿਹੇ ਗੁਰਮੁਖਿ ਪੈਦਾ ਕੀਤੇ ਜੋ ਗੁਰੂ ਨਾਨਕ ਦੇ ਮਿਸ਼ਨ ਨਾਲ਼ ਓਤ-ਪ੍ਰੋਤ ਸਨ, ਜੋ ਨਿਰਭੈ ਨਿਰਵੈਰ ਸਨ ਤੇ ਜੋ ਆਪਸ ਵਿੱਚ ਗੁਰਭਾਈ ਸਨ । ਕੋਈ ਉੱਚਾ ਨਹੀਂ, ਕੋਈ ਨੀਵਾਂ ਨਹੀਂ, ਕੋਈ ਜ਼ੋਰਾਵਰ ਨਹੀਂ, ਕੋਈ ਨਿਤਾਣਾ ਨਹੀਂ, ਕੋਈ ਮਲੇਛ ਨਹੀਂ, ਕਾਫ਼ਰ ਨਹੀਂ । ਗੁਰੂ ਨਾਨਕ ਜੀ ਦੀ ਚਰਨ-ਪਾਹੁਲ ਲੈਣ ਤੋਂ ਬਾਅਦ ਹਰ ਕੋਈ ਨਾਨਕ ਨਾਮ-ਲੇਵਾ ਸਿੱਖ ਸੀ, ਗੁਰੂ ਨਾਨਕ ਦੀ ਸੰਗਤ ਲਈ ਦਰਵਾਜ਼ੇ ਚਹੁੰ ਵਰਣਾਂ ਲਈ ਖੁੱਲ੍ਹੇ ਸਨ ਪਰ ਇਹ ਚੌਖਟ ਨਹੀਂ ਸਨ ਭਾਵ ਜਿੱਥੇ ਰੰਗ, ਨਸਲ, ਜਾਤ ਅਤੇ ਧਰਮ ਦਾ ਕੋਈ ਭੇਦ-ਭਾਵ ਨਹੀਂ ਸੀ, ਓਥੇ ਸਿੱਖੀ ਦੀ ਵਿਚਾਰਧਾਰਾ ਵਿੱਚ ਕੋਈ ਛੋਟ ਨਹੀਂ ਸੀ । ਭਾਈ ਕਾਨ੍ਹ ਸਿੰਘ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ 466 'ਤੇ ਲਿਖਦੇ ਹਨ : ਜਾਤਿ ਅਭਿਮਾਨ ਦੂਰ ਕਰਨ ਅਤੇ ਨੇਮਤਾ ਦੇ ਪ੍ਰਚਾਰ ਲਈ ਚਰਨਾਂਮ੍ਰਿਤ ਦੀ ਰੀਤ ਚਲਾਈ ਸੀ । ਆਪ ਮਹਾਨ ਕੋਸ਼ (1981 ਦੇ ਸੰਸਕਰਣ) ਦੇ ਪੰਨਾ 457 'ਤੇ ਲਿਖਦੇ ਹਨ :

ਨੌਂ-ਸਤਿਗੁਰਾਂ ਵੇਲ਼ੇ ਤੱਕ ਸਿੱਖ ਧਰਮ ਵਿੱਚ ਲਿਆਉਣ ਲਈ ਚਰਨਾਂਮ੍ਰਿਤ ਪਿਆਇਆ ਜਾਂਦਾ ਸੀ। ਇਸ ਦਾ ਨਾਮ 'ਚਰਨ-ਪਾਹੁਲ' ਅਤੇ 'ਪਗ ਪਾਹੁਲ' ਵੀ ਲਿਖਿਆ ਹੈ ।

ਗੁਰੂ ਨਾਨਕ ਦੇ ਚਰਨ ਪਹੁਲੀਏ ਪੰਥ ਦੀ ਨਵੀਨਤਮ ਪਰਿਭਾਸ਼ਾ ਨੂੰ ਅੰਤਿਮ ਸਰੂਪ ਦਸਮੇਸ਼ ਪਿਤਾ ਨੇ ਬਖ਼ਸ਼ਿਸ਼ ਕੀਤੀ, ਭਾਵ ਨਿਰਮਲ ਪੰਥ ਤੋਂ ਖ਼ਾਲਸਾ ਪੰਥ । ਖ਼ਾਲਸਾ ਪੰਥ ਦੀ ਸਾਜਨਾ (ਸੰਪੂਰਨਤਾ) ਦੁਆਰਾ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਸੀਸ ਭੇਟ ਕੌਤਕ ਵਰਤਾ ਕੇ ਚਰਨ ਪਾਹੁਲ ਨੂੰ ਖੰਡੇ ਦੀ ਪਾਹੁਲ ਵਿੱਚ ਬਦਲ ਦਿੱਤਾ । ਪੰਥ ਦੀ ਪਰਿਭਾਸ਼ਾ ਸਾਰੇ ਗੁਰੂ-ਕਾਲ ਵਿੱਚ ਵਿਕਸਤ ਹੁੰਦੀ ਗਈ, ਸਹਿਜੇ-ਸਹਿਜੇ ਪੰਥ ਨੂੰ ਆਪਣੇ ਅੰਤਿਮ ਸਰੂਪ ਖ਼ਾਲਸਾ ਪੰਥ ਦੇ ਰੂਪ ਵਿੱਚ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਨੂੰ ਪ੍ਰਗਟ ਕੀਤਾ ।

ਗੁਰੁ ਬਰ ਅਕਾਲ ਦੇ ਹੁਕਮ ਸੋਂਉਂ,
ਉਪਜਿਓ ਬਿਗਿਆਨਾ।
ਤਬ ਸਹਿਜੇ ਰਚਿਓ
ਖ਼ਾਲਸਾ ਸਾਬਤ ਮਰਦਾਨਾ।
**(ਭਾਈ ਗੁਰਦਾਸ ਦੂਜਾ, ਵਾਰ 41, ਪਉੜੀ 16)**

ਅਤੇ

ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥
ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥

ਨਿਰਮਲ ਪੰਥ ਤੋਂ ਖ਼ਾਲਸਾ ਪੰਥ ਦੀ ਸਾਜਨਾ ਤਕ ਗੁਰੂ ਕਾਲ ਦੀਆਂ ਕੁਝ ਘਟਨਾਵਾਂ 'ਤੇ ਪੰਛੀ-ਝਾਤ ਮਾਰਨੀ ਵੀ ਜ਼ਰੂਰੀ ਹੈ। ਸਿੱਖ ਧਰਮ ਇੱਕ ਖ਼ਾਸ ਸਿਫ਼ਤ ਵਾਲ਼ਾ ਧਰਮ ਹੈ ਕਿਉਂਕਿ ਇਸ ਨੇ ਨਾ ਕੇਵਲ ਇੱਕ ਰਾਜਸੀ ਕੌਮ ਦੀ ਸਿਰਜਨਾ ਕੀਤੀ ਸਗੋਂ ਅਜਿਹੀਆਂ ਪਰੰਪਰਾਵਾਂ, ਰਵਾਇਤਾਂ ਸਥਾਪਤ ਕੀਤੀਆਂ ਜੋ ਸਮੁੱਚੀ ਮਨੁੱਖਤਾ ਲਈ ਕਲਿਆਣਕਾਰੀ ਅਤੇ ਸਰਬੱਤ ਦੇ ਭਲੇ ਵਾਲ਼ੀਆਂ ਹਨ। ਗੁਰੂ ਨਾਨਕ ਸਾਹਿਬ ਨੇ ਤੀਸਰੇ ਰਾਹ ਦੀ ਮੰਜ਼ਲ ਤੇ ਦਿਸ਼ਾਵਾਂ ਸਾਫ਼ ਉਲੀਕ ਦਿੱਤੀਆਂ ਸਨ। ਉਹਨਾਂ ਤੋਂ ਬਾਅਦ ਅਗਲੇ ਗੁਰੂਆਂ ਨੇ ਜੋ ਵੀ ਕਦਮ ਪੁੱਟੇ, ਉਹ ਮਿੱਥੀ ਹੋਈ ਮੰਜ਼ਲ ਦੀ ਦਿਸ਼ਾ ਵਿੱਚ ਹੀ ਪੁੱਟੇ। ਜੋ ਉਸਾਰੀ ਹੋਈ, ਉਹ ਸੁਚੇਤ ਤੇ ਯੋਜਨਾਬੱਧ ਰੂਪ ਵਿੱਚ ਹੋਈ, ਹਰ ਚੀਜ਼ ਸਿਰਜੀ ਗਈ । ਕੁੱਛ ਵੀ ਆਪ-ਮੁਹਾਰਾ ਜਾਂ ਇਤਫ਼ਾਕੀਆ ਨਹੀਂ ਵਾਪਰਿਆ।

1469 ਤੋਂ 1699 ਈ. ਤਕ ਅਤੇ 1699 ਈ. ਤੋਂ 1708 ਈ. ਤੱਕ ਸਿੱਖ ਗੁਰੂਆਂ ਨੇ ਸਿੱਖ ਪੰਥ ਦੀ ਆਪ ਸਿੱਧੇ ਰੂਪ ਵਿੱਚ ਅਗਵਾਈ ਕੀਤੀ । ਸਿੱਖ ਧਰਮ ਵਾਂਗ ਹੋਰ ਕਿਸੇ ਵੀ ਧਰਮ ਨੇ ਪੂਰੀ ਸ਼ਿੱਦਤ ਨਾਲ਼ ਐਨੀ ਸੰਯੁਕਤਤਾ ਸਹਿਤ ਦੋ ਸੌ ਸਾਲ ਤੋਂ ਉੱਤੇ ਫੈਲੇ ਦੌਰ ਨੂੰ ਆਪਣੀ ਪੈਗ਼ੰਬਰੀ ਅਜ਼ਮਤ ਦਾ ਪਾਤਰ ਨਹੀਂ ਬਣਾਇਆ। ਸਿੱਖ ਧਰਮ ਦੇ ਆਦਰਸ਼ ਇਤਿਹਾਸ ਦੇ ਅਮਲ ਵਿੱਚੋਂ ਪੈਦਾ ਨਹੀਂ ਹੋਏ। ਇਹ ਸਿੱਖ-ਗੁਰੂਆਂ ਦੀ ਆਪਣੀ ਅੰਦਰੂਨੀ ਪ੍ਰੇਰਨਾ ਅਤੇ ਅਕਾਲੀ ਬਾਣੀ ਵਿੱਚੋਂ ਉਪਜੇ ਹਨ। ਇਹ ਕੋਈ ਬਾਹਰੀ ਚੀਜ਼ ਨਹੀਂ ਸੀ ਜਿਸ ਨੂੰ ਸਿੱਖ ਗੁਰੂਆਂ ਨੇ ਤੇ ਉਹਨਾਂ ਦੇ ਰੰਗ ਵਿੱਚ ਰੰਗੇ ਸਿੱਖਾਂ ਨੇ ਅਪਣਾਇਆ ਜਾਂ ਗ੍ਰਹਿਣ ਕੀਤਾ। ਇਤਿਹਾਸ ਨੇ ਸਿੱਖ ਆਦਰਸ਼ ਨਹੀਂ ਸਿਰਜੇ, ਸਗੋਂ ਸਿੱਖ ਆਦਰਸ਼ਾਂ ਨੇ ਇਤਿਹਾਸ ਸਿਰਜਿਆ ਹੈ—ਸਿੱਖ ਰਾਸ਼ਟਰ ਦੇ ਪਾਸ ਆਪਣਾ ਧਾਰਮਿਕ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਤੇ ਇੱਕ ਕੇਂਦਰੀ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ। ਸਿੱਖ ਰਾਸ਼ਟਰ ਦੇ ਆਤਮ ਨਿਰਣੇ ਦਾ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ । ਸਿੱਖ ਰਾਸ਼ਟਰ ਦੇ ਛੇਵੇਂ ਬਾਦਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਪਿਤਾ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਸਿੱਖ ਰਾਸ਼ਟਰ ਲਈ ਸ਼ਹਾਦਤ ਦਿੱਤੀ । ਉਹਨਾਂ ਦੀ ਸ਼ਹਾਦਤ ਵਿੱਚੋਂ ਪ੍ਰਗਟ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ ਜਿਸ ਨੇ ਦਿੱਲੀ ਦੇ ਤਖ਼ਤ ਨਾਲ਼ ਸਿੱਧੀ ਟੱਕਰ ਲਈ । ਸੱਤਵੇਂ ਤੇ ਅੱਠਵੇਂ ਸਿੱਖ ਗੁਰੂ ਸਾਹਿਬਾਨ ਨੇ ਵੀ ਦਿੱਲੀ ਤਖ਼ਤ ਨਾਲ਼ ਸੁਲ੍ਹਾ ਨਹੀਂ ਕੀਤੀ ਸਗੋਂ ਟਕਰਾਅ ਜਾਰੀ ਰੱਖਿਆ । ਸਿੱਖ ਰਾਸ਼ਟਰ ਦੇ ਨੌਵੇਂ ਬਾਦਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਵੀ ਸਿੱਖ ਰਾਸ਼ਟਰ ਦੇ ਵਾਧੇ ਲਈ ਸ਼ਹਾਦਤ ਦਿੱਤੀ ।

'ਬਾਬੇਕੇ' ਤੇ 'ਬਾਬਰਕਿਆਂ' ਦੇ ਟਕਰਾਅ ਵਾਲ਼ੇ ਇਤਿਹਾਸ ਦੀ ਸੱਚਾਈ ਇਹ ਵੀ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਨੇ ਉਹ ਖ਼ਾਲਸਾ ਪ੍ਰਗਟ ਕੀਤਾ ਜਿਸ ਨੇ ਦੁਨੀਆਂ ਦੇ ਇਤਿਹਾਸ ਵਿੱਚ ਹੈਰਾਨ ਕਰਨ ਵਾਲ਼ੇ ਕਾਰਨਾਮੇ ਕਰ ਵਿਖਾਏ ਹਨ । ਫ਼ਰਾਂਸ ਦਾ ਇਨਕਲਾਬ 1789 ਈ. ਵਿੱਚ ਸ਼ੁਰੂ ਹੋਇਆ । ਖ਼ਾਲਸਾ ਇਸ ਤੋਂ 90 ਸਾਲ ਪਹਿਲਾਂ 1699 ਈ. ਨੂੰ ਪ੍ਰਗਟ ਹੋਇਆ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਥਾਪੇ ਜਰਨੈਲ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਅਜਿੱਤ ਸਮਝੀ ਜਾਂਦੀ ਮੁਗ਼ਲੀਆ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ । ਖ਼ਾਲਸਾ ਪੰਥ ਦੇ ਜੇਤੂ ਜਰਨੈਲ ਬੰਦਾ ਸਿੰਘ ਬਹਾਦਰ ਨੇ 1710 ਈ. ਵਿੱਚ 'ਦਰਬਾਰੇ ਖ਼ਾਲਸਾ' ਬੁਲਾ ਕੇ ਖ਼ਾਲਸਾ ਰਾਜ ਦਾ ਐਲਾਨ ਕੀਤਾ ਅਤੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਂ ਦੇ ਸਿੱਕੇ ਤੇ ਮੋਹਰਾਂ ਚਾਲੂ ਕੀਤੀਆਂ । ਜਦੋਂ ਖ਼ਾਲਸੇ ਦੇ ਹੱਥ ਪਹਿਲੀ ਵਾਰੀ ਰਾਜਸੀ ਤਾਕਤ ਆਈ ਤਾਂ ਓਦੋਂ ਹਿੰਦੂ ਸਮਾਜ ਦੀਆਂ ਨਜ਼ਰਾਂ ਵਿੱਚ ਜੋ ਸਭ ਤੋਂ ਨੀਵੇਂ ਸਨ, ਉਹ ਖੰਡੇ ਦੀ ਪਾਹੁਲ ਛਕ ਕੇ ਰਾਜਸੀ ਸੱਤਾ ਵਿੱਚ ਬਰਾਬਰ ਦੇ ਭਾਈਵਾਲ ਬਣੇ । ਸਿੱਖ ਇਤਿਹਾਸ ਦੇ ਹਿੰਦੂ ਇਤਿਹਾਸਕਾਰਾਂ ਨੇ ਖ਼ਾਲਸੇ ਦੀ ਸਾਜਨਾ ਨੂੰ ਬਿਲਕੁਲ ਇੱਕ ਨਵੇਂ ਦ੍ਰਿਸ਼ਟੀਕੋਣ ਤੋਂ ਲਿਆ ਹੈ, ਇਹ ਹਨ ਗੋਕਲ ਚੰਦ ਨਾਰੰਗ, ਇੰਦੂ ਭੂਸ਼ਣ ਬੈਨਰਜੀ ਅਤੇ ਹਰੀ ਰਾਮ ਗੁਪਤਾ ਆਦਿ। ਇਹਨਾਂ ਨੇ ਖ਼ਾਲਸੇ ਦੀ ਸਾਜਨਾ ਅਤੇ ਖ਼ਾਲਸੇ ਦੇ ਸੰਘਰਸ਼ ਨੂੰ ਹਿੰਦੂ ਸੁਧਾਰਵਾਦੀ ਅਤੇ ਭਾਰਤੀ ਰਾਸ਼ਟਰਵਾਦੀ ਦ੍ਰਿਸ਼ਟੀਕੋਣ ਤੋਂ ਬਿਆਨਿਆ ਹੈ। ਇਹਨਾਂ ਦਾ ਮੱਤ ਹੈ ਕਿ ਖ਼ਾਲਸੇ ਦੀ ਸਾਜਨਾ ਅਤੇ ਇਸ ਦਾ ਸੰਘਰਸ਼ ਭਾਰਤੀ ਰਾਸ਼ਟਰਵਾਦੀ ਸੋਚ ਨੂੰ ਉਜਾਗਰ ਕਰਨ ਲਈ ਸ਼ੁਰੂ ਕੀਤਾ ਗਿਆ ਸੀ। ਹਿੰਦੂ ਇਤਿਹਾਸਕਾਰਾਂ ਵੱਲੋਂ ਖ਼ਾਲਸੇ ਦੀ ਸਾਜਨਾ ਨੂੰ ਭਾਰਤੀ ਰਾਸ਼ਟਰਵਾਦ ਦੇ ਹੱਕ ਵਿੱਚ ਭੁਗਤਾਉਣ ਵਾਲ਼ੀਆਂ ਸਭ ਦਲੀਲਾਂ ਨਿਰ-ਆਧਾਰ ਤੇ ਨਿਰਮੂਲ ਹਨ

**ਬਾਕੀ ਹਿਸਾ 32 ਸਫ਼ੇ ਤੇ ਪੜ੍ਹੋ**

## ਸਰਦਾਰ ਹਰਬੰਸ ਸਿੰਘ ਜੀ ਜੰਡੂ ਨੂੰ ਭਾਵ ਭਿੰਨੀ ਸ਼ਰਧਾਂਜਲੀ

# "ਸ਼ਬਦ ਚਿੱਤਰ"



ਗੀਤਕਾਰੀ ਦੀ ਪੈਂਤੀ ਦਾ
ਉਹਨੂੰ ਭੁੱਲਿਆ ਊੜਾ-ਆੜਾ ਨਹੀਂ,
ਲਿੱਤਰਾਂ ਦਾ ਜੰਡੂ ਬਣ ਜਾਣਾ
ਖਾਲਾ ਜੀ ਦਾ ਬਾੜਾ ਨਹੀਂ ॥

ਸੱਠਵਿਆਂ ਵਿੱਚ ਛੱਡ ਲਿੱਤਰਾਂ ਨੂੰ
ਇੰਗਲੈਂਡ ਮੁਲਕ 'ਚ ਆਇਆ,
ਛੱਡ ਕੇ ਸੋਹਣਾ ਦੇਸ਼-ਦੁਆਬਾ
ਵੁਲਵਰਹੈਂਪਟਨ ਵੱਲ ਧਾਇਆ,
ਭਾਈਚਾਰੇ ਵਿੱਚ ਮਾਣ ਕਮਾਇਆ
ਕਦੇ ਕਿਹਾ ਕਿਸੇ ਨੂੰ ਮਾੜਾ ਨਹੀਂ।
ਲਿੱਤਰਾਂ ਦਾ ਜੰਡੂ ਬਣ ਜਾਣਾ
ਖਾਲਾ ਜੀ ਦਾ ਬਾੜਾ ਨਹੀਂ ॥

ਕਵਿਤਾ-ਗਜ਼ਲ ਦੀ ਬਣਤ ਤੋਂ ਜਾਣੂ
ਕਿੰਝ ਲਿਖਣੀ, ਪਹਿਚਾਣਦਾ ਸੀ,
ਗੀਤਕਾਰਾਂ ਦੇ ਪਿੜ ਵਿੱਚ ਕੋਈ
ਮੱਲ ਨਾ ਤੇਰੇ ਹਾਣ ਦਾ ਸੀ,
ਉਹ ਸਭਨਾਂ ਦੀ ਉਸਤਤ ਕਰਦਾ
ਦਿਲ ਵਿੱਚ ਭੋਰਾ ਸਾੜਾ ਨਹੀਂ।
ਲਿੱਤਰਾਂ ਦਾ ਜੰਡੂ ਬਣ ਜਾਣਾ
ਖਾਲਾ ਜੀ ਦਾ ਬਾੜਾ ਨਹੀਂ ॥

ਈਰਖਾ ਅਤੇ ਵਿਰੋਧ ਨਾ ਰੱਖਿਆ
ਨਾ ਜਾਤੀ ਵਖਰੇਵਾਂ ਸੀ,
ਚੰਗੀ-ਮਾੜੀ ਖੁਦ ਜਰ ਕੇ ਵੀ
ਦਿੰਦਾ ਪਿਆਰ ਸੁਨੇਹਾ ਸੀ,
ਟੁੱਟੀਆਂ ਯਾਰੀਆਂ ਗੰਢਣ ਜਾਣੇ
ਪਾਇਆ ਕਦੇ ਪੁਆੜਾ ਨਹੀਂ।
ਲਿੱਤਰਾਂ ਦਾ ਜੰਡੂ ਬਣ ਜਾਣਾ
ਖਾਲਾ ਜੀ ਦਾ ਬਾੜਾ ਨਹੀਂ ॥

ਵਧੀਆ ਪਤੀ, ਬਾਪ ਤੇ ਚਾਚਾ
ਸਮਝ ਸੀ ਟੱਬਰ-ਦਾਰੀ ਦੀ,
ਪੋਤੇ ਪੋਤੀਆਂ ਧੰਨ-ਧੰਨ ਕਰਦੇ
ਬਾਬੇ ਦੀ ਸਰਦਾਰੀ ਦੀ,
'ਗੋਗੇ' ਦਾ ਤੇਹ ਸਾਬਤ ਕਰਦਾ
ਪਾਣੀ, ਲਹੂ ਤੋਂ ਗਾੜ੍ਹਾ ਨਹੀਂ।
ਲਿੱਤਰਾਂ ਦਾ ਜੰਡੂ ਬਣ ਜਾਣਾ
ਖਾਲਾ ਜੀ ਦਾ ਬਾੜਾ ਨਹੀਂ ॥

ਗਿੱਧਿਆਂ ਦੀ ਜੋ ਰਾਣੀ 'ਕੰਗ' ਨੇ
ਗਿੱਧੇ ਵਿੱਚ ਨਚਾਈ ਸੀ,
ਵਧੀਆ ਸ਼ਬਦ, ਸੁਰੀਲੇ ਬੋਲਾਂ
ਜੱਗ ਵਿੱਚ ਸ਼ੋਭਾ ਪਾਈ ਸੀ,
ਗੀਤਕਾਰਾਂ ਦੀ ਦੁਨੀਆਂ ਅੰਦਰ
ਹੋਰ ਗੀਤਾਂ ਦਾ ਘਾੜਾ ਨਹੀਂ।
ਲਿੱਤਰਾਂ ਦਾ ਜੰਡੂ ਬਣ ਜਾਣਾ
ਖਾਲਾ ਜੀ ਦਾ ਬਾੜਾ ਨਹੀਂ ॥

'ਚੀਮਾ, ਬੱਲੀ, ਜਰਮਨੀ' ਵਰਗਿਆਂ
ਉੱਚੀ ਸੁਰ ਵਿੱਚ ਗਾਇਆ ਸੀ,
'ਜੈਜ਼ੀ-ਬੀ' ਨੇ ਗੀਤ ਤੇਰੇ ਗਾ
ਨਾਮਣਾ ਬਹੁਤ ਕਮਾਇਆ ਸੀ,
ਕਵੀਆਂ ਦੀ ਜੰਜ ਸੁੰਨੀ ਲੱਗਦੀ
ਜਿਥੇ ਜੰਡੂ ਵਰਗਾ ਲਾੜਾ ਨਹੀਂ।
ਲਿੱਤਰਾਂ ਦਾ ਜੰਡੂ ਬਣ ਜਾਣਾ
ਖਾਲਾ ਜੀ ਦਾ ਬਾੜਾ ਨਹੀਂ ॥

ਵਿਰਸਾ, ਧਰਮ ਤੇ ਲੋਕ ਗਾਥਾਵਾਂ
ਉਹਦੀ ਕਲਮ ਨੇ ਜੰਮੇ ਗੀਤ,
ਉਹਦੇ ਗੀਤਾਂ, ਸਾਰਾ ਜੱਗ ਨਚਾਇਆ
ਉਹਦੀ ਸੀ ਭੰਗੜੇ ਸੰਗ ਪ੍ਰੀਤ ,
ਉਹ ਸ਼ਿੰਗਾਰ ਸੀ ਹਰ ਮਹਿਫ਼ਲ ਦਾ
ਉਹਦੇ ਬਾਝ ਕੋਈ ਸੋਂਹਦਾ 'ਖਾੜਾ ਨਹੀਂ।
ਲਿੱਤਰਾਂ ਦਾ ਜੰਡੂ ਬਣ ਜਾਣਾ
ਖਾਲਾ ਜੀ ਦਾ ਬਾੜਾ ਨਹੀਂ ॥

ਜਦ ਉਹ 'ਧੰਨੇ' ਭਗਤ ਦੀ ਰਚਨਾ
ਸਟੇਜਾਂ ਤੇ ਸੀ ਪੜ੍ਹਿਆ ਕਰਦਾ,
ਵਿਅੰਗ 'ਸੰਡੇ' ਦੀ ਕਵਿਤਾ ਪੜ੍ਹਕੇ
ਨੋਟਾਂ ਨਾਲ ਸੀ ਖੀਸੇ ਭਰਦਾ।
ਮਾਂ ਬੋਲੀ ਦੀ ਸੇਵਾ ਕੀਤੀ
ਕਦੇ ਮੰਗੀ ਫ਼ੀਸ ਜਾਂ ਭਾੜਾ ਨਹੀਂ।
ਲਿੱਤਰਾਂ ਦਾ ਜੰਡੂ ਬਣ ਜਾਣਾ
ਖਾਲਾ ਜੀ ਦਾ ਬਾੜਾ ਨਹੀਂ ॥

ਵਿੱਚ ਮਹਿਫਲਾਂ ਪੈੱਗ-ਸ਼ੈੱਗ ਲਾ ਕੇ
ਬੱਕਰੇ ਖੂਬ ਬਲਾਉਂਦਾ ਰਿਹਾ,
ਮੌਜ ਮਸਤੀਆਂ ਦੇ ਕੁੰਭ ਅੰਦਰ
ਗਿੱਧੇ-ਭੰਗੜੇ ਪਾਉਂਦਾ ਰਿਹਾ,
ਬੀਅਰ-ਬੱਤਾ, ਵਿਸਕੀ, ਰੰਮ ਦਾ
ਉਹਨੇ ਕਿੱਥੇ ਲਾਇਆ ਹਾੜਾ ਨਹੀਂ।
ਲਿੱਤਰਾਂ ਦਾ ਜੰਡੂ ਬਣ ਜਾਣਾ
ਖਾਲਾ ਜੀ ਦਾ ਬਾੜਾ ਨਹੀਂ ॥

ਮੇਲਿਆਂ ਵਿੱਚ ਸੁਣ ਉਹਦੀ ਕਵਿਤਾ
ਸਰੋਤਾ-ਜਨ ਸੀ ਧੰਨ-ਧੰਨ ਕਰਦਾ,
'ਨਛੱਤਰ ਭੋਗਲ' ਚੰਦ ਅੱਖਰ ਲਿਖਕੇ
'ਹਰਬੰਸ ਸਿਆਂ' ਤੈਨੂੰ ਅਰਪਣ ਕਰਦਾ,
ਕਿਹੜਾ ਦਿਨ ਉਹ ਯਾਦ ਨਾ ਆਇਆ
ਲੰਘਿਆ ਕੋਈ ਦਿਹਾੜਾ ਨਹੀਂ।
ਲਿੱਤਰਾਂ ਦਾ ਜੰਡੂ ਬਣ ਜਾਣਾ
ਖਾਲਾ ਜੀ ਦਾ ਬਾੜਾ ਨਹੀਂ ॥



ਨਛੱਤਰ ਸਿੰਘ ਭੋਗਲ
"ਭਾਖੜੀਆਣਾ"
(ਯੂਕੇ)

# ਨਵਾਂ ਪੰਜਾਬ – ਬਦਲਦੀ ਸੋਚ, ਬਦਲਦੀ ਪਹਿਚਾਣ



ਪੰਜਾਬ ਹੁਣ ਸਿਰਫ ਖੇਤਾਂ ਅਤੇ ਕਣਕ ਦੀਆਂ ਲਹਿਰਾਂ ਤੱਕ ਸੀਮਿਤ ਨਹੀਂ ਰਿਹਾ, ਇਹ ਬਦਲਾਅ ਦੀ ਇੱਕ ਜੀਵੰਤ ਕਹਾਣੀ ਬਣ ਚੁੱਕਾ ਹੈ। ਇੱਕ ਪਾਸੇ ਇਤਿਹਾਸਕ ਵਿਰਾਸਤ ਹੈ ਦੂਜੇ ਪਾਸੇ ਨਵੀਂ ਪੀੜ੍ਹੀ ਦੇ ਸੁਪਨੇ ਹਨ ਜੋ ਪੰਜਾਬ ਨੂੰ ਨਵੇਂ ਰੰਗਾਂ ਵਿੱਚ ਰੰਗ ਰਹੇ ਹਨ ਇਹ ਨਵਾਂ ਪੰਜਾਬ ਹੈ ਜਿੱਥੇ ਰਿਵਾਇਤ ਅਤੇ ਆਧੁਨਿਕਤਾ ਇਕੱਠੇ ਚੱਲ ਰਹੇ ਹਨ।

ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਦੇ ਨੌਜਵਾਨਾਂ ਦੀ ਸੋਚ ਵਿੱਚ ਵੱਡਾ ਬਦਲਾਅ ਆਇਆ ਹੈ ਜਿੱਥੇ ਪਹਿਲਾਂ ਵਿਦੇਸ਼ ਜਾਣਾ ਹੀ ਇਕੱਲਾ ਸੁਪਨਾ ਮੰਨਿਆ ਜਾਂਦਾ ਸੀ। ਉਥੇ ਹੁਣ ਕਈ ਨੌਜਵਾਨ ਆਪਣੇ ਹੀ ਰਾਜ ਵਿੱਚ ਰਹਿ ਕੇ ਕੁਝ ਨਵਾਂ ਕਰਨ ਦਾ ਜਜ਼ਬਾ ਰੱਖਦੇ ਹਨ ਸਟਾਰਟਅੱਪਸ ਡਿਜ਼ੀਟਲ ਬਿਜ਼ਨਸ ਅਤੇ ਕ੍ਰੀਏਟਿਵ ਖੇਤਰਾਂ ਵਿੱਚ ਪੰਜਾਬੀ ਨੌਜਵਾਨ ਆਪਣੀ ਵੱਖਰੀ ਪਛਾਣ ਬਣਾ ਰਹੇ ਹਨ।

ਖੇਤੀਬਾੜੀ ਵਿੱਚ ਵੀ ਨਵੀਂ ਲਹਿਰ ਦਿਖਾਈ ਦੇ ਰਹੀ ਹੈ ਆਰਗੈਨਿਕ ਖੇਤੀ ਮਸ਼ਰੂਮ ਕਾਸ਼ਤ ਮੱਖੀ ਪਾਲਣ ਅਤੇ ਫਲਾਂ ਦੀ ਖੇਤੀ ਵੱਲ ਵਧਦਾ ਰੁਝਾਨ ਦਰਸਾਉਂਦਾ ਹੈ, ਕਿ ਕਿਸਾਨ ਹੁਣ ਰਵਾਇਤੀ ਤਰੀਕਿਆਂ ਤੋਂ ਅੱਗੇ ਵੱਧ ਰਹੇ ਹਨ ਟੈਕਨੋਲੋਜੀ ਦੀ ਮਦਦ ਨਾਲ ਖੇਤੀ ਹੁਣ ਸਿਰਫ ਮਿਹਨਤ ਨਹੀਂ ਸਿਆਣਪ ਦਾ ਕੰਮ ਵੀ ਬਣ ਗਈ ਹੈ।

ਸੰਸਕ੍ਰਿਤੀ ਦੇ ਮੈਦਾਨ ਵਿੱਚ ਵੀ ਪੰਜਾਬ ਆਪਣੀ ਵੱਖਰੀ ਪਛਾਣ ਬਣਾਈ ਰੱਖ ਰਿਹਾ ਹੈ ਮਿਊਜ਼ਿਕ ਫਿਲਮਾਂ ਅਤੇ ਸੋਸ਼ਲ ਮੀਡੀਆ ਰਾਹੀਂ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੁਨੀਆ ਭਰ ਵਿੱਚ ਆਪਣਾ ਪ੍ਰਭਾਵ ਛੱਡ ਰਹੇ ਹਨ, ਪਰ ਇਸਦੇ ਨਾਲ ਕੁਝ ਚਿੰਤਾਵਾਂ ਵੀ ਹਨ ਜਿਵੇਂ ਨਸ਼ਿਆਂ ਦੀ ਸਮੱਸਿਆ ਬੇਰੁਜ਼ਗਾਰੀ ਅਤੇ ਮਾਈਗ੍ਰੇਸ਼ਨ ਜਿਨ੍ਹਾਂ ਤੇ ਗੰਭੀਰ ਧਿਆਨ ਦੇਣ ਦੀ ਲੋੜ ਹੈ।

ਨਵਾਂ ਪੰਜਾਬ ਸਿਰਫ ਵਿਕਾਸ ਦੀ ਗੱਲ ਨਹੀਂ ਕਰਦਾ ਸਗੋਂ ਸੰਤੁਲਨ ਦੀ ਵੀ ਗੱਲ ਕਰਦਾ ਹੈ ਜਿੱਥੇ ਤਰੱਕੀ ਦੇ ਨਾਲ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣਾ ਵੀ ਜ਼ਰੂਰੀ ਹੈ ਜੇ ਨੌਜਵਾਨ ਆਪਣੀ ਤਾਕਤ ਨੂੰ ਸਹੀ ਦਿਸ਼ਾ ਵਿੱਚ ਵਰਤਣ ਤਾਂ ਪੰਜਾਬ ਮੁੜ ਇੱਕ ਵਾਰੀ ਤਰੱਕੀ ਦੇ ਸਿਖਰ ਤੇ ਪਹੁੰਚ ਸਕਦਾ ਹੈ।

ਅੱਜ ਦਾ ਸਮਾਂ ਸਾਨੂੰ ਸੋਚਣ ਲਈ ਮਜਬੂਰ ਕਰਦਾ ਹੈ ਕਿ ਅਸੀਂ ਸਿਰਫ ਪੁਰਾਣੀ ਸ਼ਾਨ ਤੇ ਗਰਵ ਕਰਾਂਗੇ ਜਾਂ ਨਵੀਂ ਇਤਿਹਾਸ ਲਿਖਾਂਗੇ ਪੰਜਾਬ ਦਾ ਭਵਿੱਖ ਨੌਜਵਾਨਾਂ ਦੀ ਸੋਚ ਹੌਸਲੇ ਅਤੇ ਫੈਸਲਿਆਂ ਤੇ ਨਿਰਭਰ ਕਰਦਾ ਹੈ।

ਸਵਾਮੀ ਵਿਵੇਕਾਨੰਦ- ਉੱਠੋ ਜਾਗੋ ਅਤੇ ਤਦ ਤੱਕ ਨਾ ਰੁਕੋ ਜਦ ਤੱਕ ਮੰਜ਼ਿਲ ਹਾਸਲ ਨਾ ਹੋ ਜਾਵੇ ।

ਵੱਲੋਂ
ਪ੍ਰਿਯੰਕਾ ਖੋਜਕਰਤਾ ਗ੍ਰੇਟਰ ਲੰਡਨ ਯੂਕੇ

**31 ਸਫ਼ੇ ਦੀ ਬਾਕੀ**

ਜੋ ਮੌਲਿਕ ਗੁਰ-ਇਤਿਹਾਸ ਤੇ ਸਿੱਖ ਇਤਿਹਾਸ ਦੇ ਪ੍ਰਮਾਣਿਕ ਤੱਥਾਂ ਨਾਲ ਬਿਲਕੁਲ ਮੇਲ ਨਹੀਂ ਖਾਂਦੀਆਂ। ਅਸੀਂ ਇਹ ਦਾਅਵੇ ਨਾਲ ਕਹਿੰਦੇ ਹਾਂ ਕਿ ਖ਼ਾਲਸਾ ਪੰਥ ਦੀ ਸਾਜਨਾ ਗੁਰੂ ਨਾਨਕ ਦੇ ਮਿਸ਼ਨ (ਹਲੇਮੀ ਰਾਜ) ਦੀ ਸੰਪੂਰਨਤਾ ਅਤੇ ਸਿੱਖ ਰਾਸ਼ਟਰ ਨੂੰ ਵਿਕਸਤ ਕਰਨ ਲਈ ਹੋਈ ਹੈ।

ਅੱਜ ਜਦੋਂ ਅਸੀਂ ਖ਼ਾਲਸੇ ਦਾ ਪ੍ਰਗਟ ਦਿਹਾੜਾ ਮਨਾਉਂਦੇ ਹਾਂ ਤਾਂ ਸਾਨੂੰ ਗੁਰੂ ਨਾਨਕ ਜੋਤਿ ਦੀ ਨਿਰੰਤਰਤਾ ਦਾ ਇਤਿਹਾਸ ਪੜ੍ਹਨਾ ਚਾਹੀਦਾ ਹੈ, ਕਿਉਂਕਿ ਸਰੀਰ ਭਾਵੇਂ ਦਸ ਹਨ ਪਰ ਗੁਰੂ ਇੱਕੋ ਹੈ : ਗੁਰੂ ਨਾਨਕ ਦੀ ਜੋਤਿ, ਜਿਸ ਨੂੰ ਗੁਰਬਾਣੀ ਨੇ ਸਿੱਧ ਕੀਤਾ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' (ਅੰਗ 966)।

ਅਕਾਲ ਤਖ਼ਤ ਦਾ ਬਾਹਰੀ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਅਕਾਲ ਤਖ਼ਤ ਪ੍ਰਗਟ ਹੋਇਆ, ਜਿਸ ਨੇ ਦਿੱਲੀ ਤਖ਼ਤ ਦੇ ਅਜਿੱਤ ਹੋਣ ਦਾ ਹੰਕਾਰ ਤੋੜਿਆ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਵਿੱਚੋਂ ਪ੍ਰਗਟ ਹੋਇਆ ਖ਼ਾਲਸਾ, ਜਿਸ ਨੇ ਗੁਰੂ ਨਾਨਕ ਦੇ ਨਾਂ ਦੀਆਂ ਮੋਹਰਾਂ ਤੇ ਸਿੱਕੇ ਚਲਾਏ। 1801 ਤੋਂ 1849 ਈ: ਤੱਕ ਨਾਨਕ ਦੇ ਨਾਂ ਦਾ ਸਿੱਕਾ ਚੱਲਿਆ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਜੋਤਿ ਦੀ ਨਿਰੰਤਰਤਾ ਦੇ ਗੁਰ ਇਤਿਹਾਸ ਦੇ ਅਮਲ ਨੂੰ 1699 ਈ: ਦੀ ਵੈਸਾਖੀ ਦਾ ਪੈਗਾਮ ਬਣਾਇਆ।

# ਵਿਸਾਖੀ ਅਤੇ ਗੁਰੂ ਨਾਨਕ ਦੇਵ ਜੀ

ਡਾਕਟਰ ਆਸਾ ਸਿੰਘ ਘੁੰਮਣ
ਮੋਬਾਈਲ : 97798-53245

ਹਿੰਦੂ ਬਿਕਰਮੀ ਸੰਮਤ ਦੇ ਸੂਰਜੀ ਵਰ੍ਹੇ ਦਾ ਆਗਾਜ਼ ਵਿਸਾਖ ਮਹੀਨੇ ਨਾਲ ਹੁੰਦਾ ਹੈ ਅਤੇ ਅੰਜਾਮ ਚੇਤ ਮਹੀਨੇ ਨਾਲ। ਇਸ ਤਰ੍ਹਾਂ ਵਿਸਾਖ ਦਾ ਪਹਿਲਾ ਦਿਨ ਸੂਰਜੀ ਵਰ੍ਹੇ ਦਾ ਵੀ ਪਹਿਲਾ ਦਿਨ ਹੁੰਦਾ ਹੈ ਜੋ ਕਿ ਉੱਤਰੀ ਭਾਰਤ ਵਿਚ ਅਤੇ ਵਿਸ਼ੇਸ਼ ਤੌਰ ’ਤੇ ਪੰਜਾਬ ਵਿਚ ਸਦੀਆਂ ਤੋਂ ਵਿਸਾਖੀ/ਬੈਸਾਖੀ ਦੇ ਤਿਉਹਾਰ ਕਰਕੇ ਜਾਣਿਆ ਜਾਂਦਾ ਹੈ। ਬਸੰਤ ਰੁੱਤ ਦੀ ਫ਼ਸਲ, ਕਣਕ, ਪੱਕਣ ’ਤੇ ਆਈ ਹੁੰਦੀ ਹੈ ਅਤੇ ਉਸਦੇ ਸੁੱਖੀਂ ਸਾਂਦੀਂ ਘਰ ਆਉਣ ਦੀਆਂ ਅਰਦਾਸਾਂ ਕੀਤੀਆਂ ਜਾਂਦੀਆਂ ਹਨ। ਸ਼ੁਕਰਾਨੇ ਵਜੋਂ ਅਤੇ ਹੁਲਾਸ ਵਜੋਂ ਇਹ ਦਿਹਾੜਾ ਨਾਮ, ਦਾਨ, ਇਸ਼ਨਾਨ ਲਈ ਬੜਾ ਸ਼ੁੱਭ ਸਮਝਿਆ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਬਦ-ਰੂਹਾਂ ਨੂੰ ਭਜਾਉਣ ਲਈ ਵਿਸ਼ੇਸ਼ ਤੌਰ ਤੇ ਕਿਰਤੀ-ਕਿਸਾਨ ਇਕੱਠੇ ਹੋ ਕੇ ਉੱਚੀ ਉੱਚੀ ਆਵਾਜ਼ ਵਿਚ ਬੋਲੀਆਂ ਪਾਉਂਦੇ ਸਨ ਅਤੇ ਆਸਥਿਕ ਰਸਮ ਵਜੋਂ ਭੰਗੜਾ ਪਾਉਂਦੇ ਸਨ ਜੋ ਸਮਾਂ ਪਾ ਕੇ ਖ਼ੁਸ਼ੀਆਂ ਦਾ ਨਾਚ ਬਣ ਗਿਆ। ਪੰਜਾਬ ਵਿਚ ਵਗਦੇ ਪਾਣੀਆਂ ਦੇ ਕੰਢਿਆਂ ’ਤੇ ਵਸਦੇ ਕਈ ਸ਼ਹਿਰਾਂ/ਕਸਬਿਆਂ ਵਿਚ ਵਿਸਾਖੀ ਦੇ ਮੇਲੇ ਲੱਗਣ ਲੱਗੇ ਜਿੱਥੇ ਸਮੂਹਿਕ ਖ਼ੁਸ਼ੀ ਵਿਚ ਭੰਗੜੇ ਪਾਏ ਜਾਂਦੇ ਅਤੇ ਖ਼ਾਸ ਤੌਰ ’ਤੇ ਮਿੱਠੇ ਪਕਵਾਨ, ਲੱਡੂ-ਜਲੇਬੀਆਂ ਆਦਿ ਖਾਧੇ ਜਾਂਦੇ। ਇਸ ਦਿਨ ਕਣਕ ਭਾਵੇਂ ਕੱਚੀ ਹੋਵੇ ਜਾਂ ਪੱਕੀ, ਉਸ ਨੂੰ ਦਾਤਰੀ ਲਾ ਕੇ ਵਾਢੀ ਦਾ ਸ਼ਗਨ ਕਰ ਦਿੱਤਾ ਜਾਂਦਾ ਹੈ।

ਸੱਭਿਆਚਾਰਕ ਮਹੱਤਵ ਰੱਖਦਾ ਇਹ ਤਿਉਹਾਰ ਗੁਰੂ ਨਾਨਕ ਦੇਵ ਜੀ ਦੇ ਆਗਮਾਨ ਉਪਰੰਤ ਸਿੱਖ ਜਗਤ ਵਿਚ ਧਾਰਮਿਕ ਰੰਗਤ ਵਿਚ ਰੰਗਿਆ ਗਿਆ। ਇਹ ਸਮਝਿਆ ਜਾਂਦਾ ਹੈ ਕਿ ਭਾਈ ਗੁਰਦਾਸ ਜੀ ਦੁਆਰਾ ਰਚਿਤ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਬਿਆਨਦੀ ਪਹਿਲੀ ਵਾਰ ਵਿਚ ਇਹ ਤੁਕ ‘ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ’ ਸਪੱਸ਼ਟ ਸੰਕੇਤ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ-ਦਿਹਾੜਾ ਵਿਸਾਖੀ ਸੀ। ‘ਵਿਸੋਆ’ ਦਾ ਅਰਥ ਵਿਸਾਖੀ ਹੀ ਹੁੰਦਾ ਹੈ।

## ਨਾਨਕਸ਼ਾਹੀ ਕੈਲੰਡਰ

| ਸੰਗਰਾਂਦ | ਪੂਰਨਮਾਸ਼ੀ | ਮੱਸਿਆ | ਪੰਚਮੀ | ਦਸਮੀਂ |
|---|---|---|---|---|
| 14 ਜਨਵਰੀ ਬੁੱਧਵਾਰ | 03 ਜਨਵਰੀ ਸ਼ਨੀਵਾਰ | 18 ਜਨਵਰੀ ਐਤਵਾਰ | 23 ਜਨਵਰੀ ਸ਼ੁੱਕਰਵਾਰ | 28 ਜਨਵਰੀ ਬੁੱਧਵਾਰ |
| 12 ਫਰਵਰੀ ਵੀਰਵਾਰ | 01 ਫਰਵਰੀ ਐਤਵਾਰ | 17 ਫਰਵਰੀ ਮੰਗਲਵਾਰ | 22 ਫਰਵਰੀ ਐਤਵਾਰ | 26 ਫਰਵਰੀ ਵੀਰਵਾਰ |
| 14 ਮਾਰਚ ਸ਼ਨੀਵਾਰ | 03 ਮਾਰਚ ਮੰਗਲਵਾਰ | 19 ਮਾਰਚ ਵੀਰਵਾਰ | 23 ਮਾਰਚ ਸੋਮਵਾਰ | 28 ਮਾਰਚ ਸ਼ਨੀਵਾਰ |
| 14 ਅਪ੍ਰੈਲ ਮੰਗਲਵਾਰ | 02 ਅਪ੍ਰੈਲ ਵੀਰਵਾਰ | 17 ਅਪ੍ਰੈਲ ਸ਼ੁੱਕਰਵਾਰ | 21 ਅਪ੍ਰੈਲ ਮੰਗਲਵਾਰ | 26 ਅਪ੍ਰੈਲ ਐਤਵਾਰ |

ਸਵਰਗਵਾਸੀ ਪਾਲ ਸਿੰਘ ਪੁਰੇਵਾਲ ਨੇ ਬੜੀ ਮਿਹਨਤ ਨਾਲ ਤਿਆਰ ਕੀਤੇ ‘ਨਾਨਕਸ਼ਾਹੀ ਕੈਲੰਡਰ’ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ-ਦਿਹਾੜਾ ਵਿਸਾਖੀ ਸਾਬਤ ਕਰਨ ਲਈ ਆਪਣੀ ਪੂਰੀ ਵਾਹ ਲਾ ਦਿੱਤੀ ਹੈ। ਉਹ ਆਪਣੀ ਦਲੀਲ ਸਹੀ ਸਾਬਤ ਕਰਨ ਲਈ ਜਨਮ-ਸਾਖੀਆਂ ਦਾ ਵੀ ਹਵਾਲਾ ਦਿੰਦੇ ਹਨ। ਉਨ੍ਹਾਂ ਅਨੁਸਾਰ ਜਨਮ-ਸਾਖੀ ਭਾਈ ਮਿਹਰਬਾਨ, ਜਨਮ-ਸਾਖੀ ਭਾਈ ਮਨੀ ਸਿੰਘ ਅਤੇ ਭਾਈ ਵੀਰ ਸਿੰਘ ਸੰਪਾਦਿਤ ਪੁਰਾਤਨ ਜਨਮ-ਸਾਖੀ ਅਨੁਸਾਰ ਗੁਰੂ ਜੀ ਦਾ ਜਨਮ-ਦਿਹਾੜਾ ਵਿਸਾਖੀ ਹੀ ਹੈ ਜਦੋਂਕਿ ਅਸਲੀਅਤ ਤਾਂ ਇਹ ਹੈ ਕਿ ਜਨਮ-ਸਾਖੀਆਂ ਗੁਰੂ ਜੀ ਦਾ ਜਨਮ ’1526 ਦਿਨ ਮਾਹ ਵਿਸਾਖ ਥਿਤਿ ਤ੍ਰਿਤਿਆ ਚਾਨਣੀ ਕਉ’ ਮੰਨਦੀਆਂ ਹਨ। ਬਹੁ-ਗਿਣਤੀ ਸਿੱਖ ਵਿਦਵਾਨ ਗੁਰੂ ਜੀ ਦਾ ਜਨਮ-ਦਿਹਾੜਾ ਵਿਸਾਖ ਮਹੀਨਾ ਮੰਨਦੇ ਹਨ।

ਸਰੂਪ ਦਾਸ ਭਲਾ ਦੇ ’ਮਹਿਮਾ ਪ੍ਰਕਾਸ਼’ ਅਨੁਸਾਰ ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਦੇ ਸੁਝਾਅ ’ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਵਿਸਾਖੀ ਦੇ ਦਿਹਾੜੇ ’ਤੇ ਗੋਇੰਦਵਾਲ ਸਾਹਿਬ ਵਿਖੇ ਮਹਾਂ-ਸਮਾਗਮ ਰਚਾਇਆ ਅਤੇ ਸਮਾਂ ਪਾ ਕੇ ਅਜਿਹੇ ਸਮਾਗਮ ਹੋਰ ਸਿੱਖ ਧਾਰਮਿਕ ਅਸਥਾਨਾਂ ’ਤੇ ਵੀ ਮਨਾਏ ਜਾਣੇ ਸ਼ੁਰੂ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖ਼ਾਲਸਾ ਸਾਜਨਾ ਦਿਵਸ ਲਈ ਵਿਸਾਖੀ ਦਾ ਦਿਹਾੜਾ ਏਸੇ ਕਰਕੇ ਚੁਣਿਆ ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਆਗਮਾਨ-ਪੁਰਬ ਹੋਣ ਕਰਕੇ ਸੰਗਤਾਂ ਅਜਿਹੇ ਮੌਕੇ ’ਤੇ ਵੱਡੀ ਗਿਣਤੀ ਵਿਚ ਗੁਰਧਾਮਾਂ ’ਤੇ ਇਸ਼ਨਾਨ ਕਰਨ ਲਈ ਪਹੁੰਚਦੀਆਂ ਸਨ।

ਕਰਮ ਸਿੰਘ ਹਿਸਟੋਰੀਅਨ ਆਪਣੀ ਪੁਸਤਕ ‘ਕੱਤਕ ਕਿ ਵਿਸਾਖ’ ਅਤੇ ‘ਗੁਰਪੁਰਬ ਨਿਰਣਯ’ ਵਿਚ ਦਲੀਲਾਂ ਸਹਿਤ ਅਤੇ ਟੇਵਿਆਂ ਦੀ ਸਹਾਇਤਾ ਨਾਲ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਗੁਰੂ ਜੀ ਦਾ ਜਨਮ ਭਾਵੇਂ ਵਿਸਾਖ ਸੁਦੀ ਤਿੰਨ ਬਿਕਰਮੀ 1526 ਅਰਥਾਤ 15 ਅਪ੍ਰੈਲ, 1469, ਸਨਿੱਚਰਵਾਰ ਨੂੰ ਹੋਇਆ ਸੀ ਪਰ ਉਨ੍ਹਾਂ ਅਨੁਸਾਰ ਸੰਮਤ 358 ਤੋਂ ਲੈ ਕੇ ਸੰਮਤ 1958 ਤੱਕ ਸੋਲਾਂ ਸੌ ਸਾਲ ਵਿਚ 32 ਵਰ੍ਹੇ ਐਸੇ ਆਏ ਹਨ ਜਦ ਕਿ ਚੇਤ ਸੁਦੀ ਪਹਿਲੀ ਨੂੰ ਵਿਸਾਖੀ ਆਉਂਦੀ ਰਹੀ ਹੈ। ਇਸ ਤੋਂ ਛੁੱਟ ਦੋ ਸੰਮਤ ਐਸੇ ਵੀ ਆਏ ਹਨ ਜਦ ਕਿ ਚੇਤ ਸੁਦੀ ਪਹਿਲੀ ਨੂੰ ਵਿਸਾਖੀ ਆਉਂਦੀ ਰਹੀ। ਦੂਜੇ ਪਾਸੇ ਪੁਰੇਵਾਲ ਅਨੁਸਾਰ ਜਿਸ ਟੇਵੇ ਦੇ ਆਧਾਰ ’ਤੇ ਕਰਮ ਸਿੰਘ ਹਿਸਟੋਰੀਅਨ ਨੇ ਇਹ ਨਤੀਜੇ ਕੱਢੇ ਹਨ, ਉਹ ਟੇਵਾ ਹੀ ਗ਼ਲਤ ਹੈ।

ਖ਼ੈਰ, ਕਰਮ ਸਿੰਘ ਹਿਸਟੋਰੀਅਨ ਦਾ ਕਥਨ ਇਕ ਹੋਰ ਪੱਖ ਤੋਂ ਠੀਕ ਲਗਦਾ ਹੈ। ਵਿਦਵਾਨਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਾਰੀਆਂ ਹੀ ਜਨਮ-ਸਾਖੀਆਂ, ਸਮੇਤ ਜਨਮ-ਸਾਖੀ ਭਾਈ ਬਾਲਾ, ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਭਾਈ ਗੁਰਦਾਸ ਜੀ ਦੀ ਵਾਰ ਤੋਂ ਬਾਅਦ ਲਿਖੀਆਂ ਗਈਆਂ ਹਨ। ਜੇ ਭਾਈ ਗੁਰਦਾਸ ਜੀ ਦੇ ਸਮੇਂ ਤੱਕ ‘ਵਿਸੋਆ’ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਵਜੋਂ ਮਨਾਇਆ ਜਾਣਾ ਸਥਾਪਤ ਹੋ ਗਿਆ ਸੀ ਤਾਂ ਜਨਮ-ਸਾਖੀਆਂ ਨੇ ਗੁਰੂ ਜੀ ਦਾ ਜਨਮ-ਦਿਹਾੜਾ ਇਸ ਤਿਉਹਾਰ ਨਾਲ ਜੋੜਨਾ ਕਿਉਂ ਵਾਜਬ ਨਾ ਸਮਝਿਆ ?

ਅਸਲੀਅਤ ਇਹੀ ਲਗਦੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਵਿਸਾਖੀ ਨਹੀਂ ਸੀ ਹਾਲਾਂਕਿ ਇਹ ਵਿਸਾਖ ਮਹੀਨੇ ਵਿਚ ਵਿਸਾਖੀ ਦੇ ਲਾਗੇ ਬੰਨੇ ਹੋਣ ਕਰਕੇ ਸਿੱਖ-ਸੰਗਤਾਂ ਵਲੋਂ ਵਿਸਾਖੀ ਨੂੰ ਮਨਾਇਆ ਜਾਣਾ ਸ਼ੁਰੂ ਹੋ ਗਿਆ। ਕਦੋਂ ਵਿਸਾਖੀ ਤੋਂ ਕੱਤਕ ਪੂਰਨਮਾਸ਼ੀ ਦੀ ਪਰੰਪਰਾ ਸ਼ੁਰੂ ਹੋਈ ਉਹ ਵੱਖਰਾ ਵਿਸ਼ਾ ਹੈ।

# ਗੁਰਦੁਆਰਾ ਸ੍ਰੀ ਅੰਬ ਸਾਹਿਬ ਜ਼ਮੀਨ ਘੁਟਾਲਾ: ਸ਼੍ਰੋਮਣੀ ਕਮੇਟੀ ਵੱਲੋਂ ਦੋ ਹੋਰ ਮੁਲਾਜ਼ਮ ਮੁਅੱਤਲ

ਅੰਮ੍ਰਿਤਸਰ-ਗੁਰਦੁਆਰਾ ਸ੍ਰੀ ਅੰਬ ਸਾਹਿਬ (ਮੋਹਾਲੀ) ਦੇ ਬਹੁ-ਚਰਚਿਤ ਜ਼ਮੀਨ ਘੁਟਾਲੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਰੁਖ਼ ਅਖ਼ਤਿਆਰ ਕਰ ਲਿਆ ਹੈ। ਸਕੱਤਰ ਪ੍ਰਤਾਪ ਸਿੰਘ ਨੂੰ ਮੁਅੱਤਲ ਕਰਨ ਤੋਂ ਬਾਅਦ, ਹੁਣ ਕਮੇਟੀ ਨੇ ਦੋ ਹੋਰ ਮੁਲਾਜ਼ਮਾਂ ਗੁਰਮੇਜ ਸਿੰਘ: ਇੰਚਾਰਜ, ਗੁਰਦੁਆਰਾ ਸੈਕਸ਼ਨ-85, (ਇਨ੍ਹਾਂ ਦਾ ਹੈੱਡ ਕੁਆਰਟਰ ਹੁਣ ਗੁਰਦੁਆਰਾ ਗੁਰੂ ਕਾ ਬਾਗ਼ ਬਣਾਇਆ ਗਿਆ ਹੈ।)ਤੇ ਜਤਿੰਦਰ ਸਿੰਘ: ਸਹਾਇਕ ਸੁਪਰਵਾਈਜ਼ਰ। (ਇਹ ਸਕੱਤਰ ਪ੍ਰਤਾਪ ਸਿੰਘ ਦੇ ਪੀਏ ਵਜੋਂ ਕੰਮ ਕਰ ਰਹੇ ਸਨ। ਇਨ੍ਹਾਂ ਦਾ ਹੈੱਡ-ਕੁਆਰਟਰ ਹੁਣ ਗੁਰਦੁਆਰਾ ਛੇਹਰਟਾ ਸਾਹਿਬ ਹੋਵੇਗਾ।) ’ਤੇ ਗਾਜ਼ ਡੇਗੀ ਹੈ।



ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਇਹ ਫੈਸਲਾ ਇਸ ਮਾਮਲੇ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਸਬ-ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਆਧਾਰ ’ਤੇ ਲਿਆ ਗਿਆ ਹੈ। ਕੁਲਵੰਤ ਸਿੰਘ ਮੰਨਣ (ਮੁੱਖ ਸਕੱਤਰ) ਦਾ ਕਹਿਣਾ ਹੈ ਕਿ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਨ੍ਹਾਂ ਮੁਅੱਤਲੀਆਂ ਦੇ ਹੁਕਮ ਜਾਰੀ ਕੀਤੇ ਹਨ।ਪ੍ਰਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਜਾਂ ਨੁਕਸਾਨ ਪਹੁੰਚਾਉਣ ਵਾਲਿਆਂ ਨਾਲ ਕੋਈ ਨਰਮੀ ਨਹੀਂ ਵਰਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇਸ ਘੁਟਾਲੇ ਵਿੱਚ ਪਹਿਲਾਂ ਹੀ ਵੱਡੀ ਕਾਰਵਾਈ ਕਰਦਿਆਂ ਸਕੱਤਰ ਪ੍ਰਤਾਪ ਸਿੰਘ ਨੂੰ ਮੁਅੱਤਲ ਕੀਤਾ ਜਾ ਚੁੱਕਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਪੱਸ਼ਟ ਸੰਕੇਤ ਦਿੱਤੇ ਹਨ ਕਿ ਭ੍ਰਿਸ਼ਟਾਚਾਰ ਜਾਂ ਪ੍ਰਬੰਧਕੀ ਲਾਪਰਵਾਹੀ ਦੇ ਮਾਮਲਿਆਂ ਵਿੱਚ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਜਾ ਰਹੀ ਹੈ।

# ਘਰ ’ਤੇ ਫਾਇਰਿੰਗ ਕਰਨ ਵਾਲੇ ਦੋ ਮੁਲਜ਼ਮ ਹਥਿਆਰਾਂ ਸਮੇਤ ਕਾਬੂ, ਵਿਦੇਸ਼ੀ ਹੈਂਡਲਰਾਂ ਨਾਲ ਜੁੜੇ ਤਾਰ

ਬਟਾਲਾ-ਪੰਜਾਬ ਪੁਲਿਸ ਨੇ ਪਿੰਡ ਮੜੀਆਂਵਾਲ ਵਿੱਚ ਇੱਕ ਘਰ ’ਤੇ ਫਾਇਰਿੰਗ ਕਰਨ ਦੇ ਮਾਮਲੇ ਨੂੰ ਸੁਲਝਾਉਂਦਿਆਂ ਦੋ ਨੌਜਵਾਨਾਂ ਨੂੰ



ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਮੁਲਜ਼ਮਾਂ ਨੇ ਵਿਦੇਸ਼ੀ ਹੈਂਡਲਰਾਂ ਦੇ ਇਸ਼ਾਰੇ ’ਤੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਪੁਲਿਸ ਨੇ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਕੋਲੋਂ 2 ਪਿਸਟਲ, 8 ਜਿੰਦਾ ਰੌਂਦ (ਕਾਰਤੂਸ), 1 ਮੋਟਰਸਾਈਕਲ (ਵਾਰਦਾਤ ਵਿੱਚ ਵਰਤਿਆ ਗਿਆ) ਬਰਾਮਦ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਵੰਸ਼ ਅਤੇ ਸੁਖਚੈਨ ਉਰਫ਼ ਜਸ਼ਨ ਵਜੋਂ ਹੋਈ ਹੈ, ਜੋ ਕਿ ਬਟਾਲਾ ਦੇ ਹੀ ਰਹਿਣ ਵਾਲੇ ਹਨ। ਪੁਲਿਸ ਅਨੁਸਾਰ ਇਨ੍ਹਾਂ ’ਤੇ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਹਨ। ਐੱਸ. ਐੱਸ. ਪੀ. ਬਟਾਲਾ ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ 30 ਮਾਰਚ ਦੀ ਰਾਤ ਨੂੰ ਪਿੰਡ ਮੜੀਆਂਵਾਲ ਦੇ ਇੱਕ ਘਰ ਨੂੰ ਨਿਸ਼ਾਨਾ ਬਣਾ ਕੇ ਫਾਇਰਿੰਗ ਕੀਤੀ ਗਈ ਸੀ। ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮਾਂ ਨੇ ਵਿਦੇਸ਼ੀ ਹੈਂਡਲਰਾਂ ਦੇ ਸੰਪਰਕ ਵਿੱਚ ਆ ਕੇ ਇਹ ਕਦਮ ਚੁੱਕਿਆ। ਉਨ੍ਹਾਂ ਨੂੰ ਇਸ ਵਾਰਦਾਤ ਦੇ ਬਦਲੇ 1 ਲੱਖ ਰੁਪਏ ਦੇਣ ਦਾ ਲਾਲਚ ਦਿੱਤਾ ਗਿਆ ਸੀ। ਹਾਲਾਂਕਿ, ਗ੍ਰਿਫ਼ਤਾਰੀ ਤੱਕ ਉਨ੍ਹਾਂ ਨੂੰ ਕੋਈ ਪੈਸਾ ਪ੍ਰਾਪਤ ਨਹੀਂ ਹੋਇਆ । ਪੁਲਿਸ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਵਿਦੇਸ਼ ਵਿੱਚ ਬੈਠਾ ਕਿਹੜਾ ਹੈਂਡਲਰ ਇਨ੍ਹਾਂ ਦੇ ਸੰਪਰਕ ਵਿੱਚ ਸੀ ਅਤੇ ਇਸ ਫਾਇਰਿੰਗ ਪਿੱਛੇ ਮੁੱਖ ਮਕਸਦ ਫਿਰੌਤੀ ਸੀ ਜਾਂ ਕੋਈ ਪੁਰਾਣੀ ਦੁਸ਼ਮਣੀ।

# ਵਿਸਾਖੀ ਦਮਦਮਾ ਸਾਹਿਬ ਦੀ

ਤਲਵਿੰਦਰ ਸਿੰਘ ਬੁਟਰ



ਸਿੱਖ ਇਤਿਹਾਸ 'ਚ ਸ੍ਰੀ ਅਨੰਦਪੁਰ ਸਾਹਿਬ ਦੀ ਵਿਸਾਖੀ ਤੋਂ ਬਿਨਾਂ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੀ ਵਿਸਾਖੀ ਦਾ ਵੀ ਵੱਡਾ ਮਹੱਤਵ ਹੈ। ਇਤਿਹਾਸਕ ਨਗਰ ਤਲਵੰਡੀ ਸਾਬੋ, ਮਾਲਵੇ ਦੇ ਬਠਿੰਡਾ ਜ਼ਿਲ੍ਹਾ ਮੁਕਾਮ ਤੋਂ ਦੱਖਣੀ ਦਿਸ਼ਾ 'ਚ 28 ਕਿਲੋਮੀਟਰ ਦੂਰ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਸਿੱਖਾਂ ਦਾ ਪੰਜਵਾਂ ਤਖ਼ਤ ਹੋਣ ਦਾ ਮਾਣ ਹਾਸਿਲ ਹੈ।

ਪੁਰਾਤਨ ਸਾਖੀ ਪੋਥੀ ਅਨੁਸਾਰ ਵੈਦਿਕ ਕਾਲ ਸਮੇਂ ਤਲਵੰਡੀ ਸਾਬੋ ਵਾਲੀ ਥਾਂ 'ਤੇ ਸਰਸਵਤੀ ਨਦੀ ਵਹਿੰਦੀ ਸੀ, ਜਿਸ ਦੇ ਕੰਢੇ 'ਤੇ ਰਿਸ਼ੀ ਮਾਰਕੰਡਾ, ਵਿਆਸ, ਪਰਾਸ਼ਰ, ਵੈਸਪਾਈਨ, ਅਗਰਵੈਸ ਅਤੇ ਪੀਲੀ ਜੀ ਰਹਿੰਦੇ ਸਨ। ਇੱਥੇ 'ਉੱਤਰ ਕਾਸ਼ੀ' ਨਾਂਅ ਦਾ ਵਿੱਦਿਆ ਕੇਂਦਰ ਹੁੰਦਾ ਸੀ। ਇਕ ਪ੍ਰਚੱਲਿਤ ਮੌਖਿਕ ਧਾਰਨਾ ਅਨੁਸਾਰ ਪਹਿਲਾਂ ਇਹ ਲੱਖੀ ਜੰਗਲ ਦਾ ਇਲਾਕਾ ਮੁਗ਼ਲ ਬਾਦਸ਼ਾਹ ਸਮਸ਼ਉਲਦੀਨ ਅਲਤਮਸ਼ ਵੇਲੇ ਹਿੰਦੂ ਗੁੱਜਰਾਂ ਦੇ ਕਬਜ਼ੇ 'ਚ ਸੀ। ਗੁੱਜਰਾਂ ਦੇ ਮੁਖੀ ਚੌਧਰੀ ਦੇ ਕੋਈ ਪੁੱਤਰ ਨਾ ਹੋਣ ਕਰਕੇ ਉਸ ਤੋਂ ਬਾਅਦ ਤਲਵੰਡੀ ਦੀ ਚੌਧਰ ਦਾ ਕੰਮ ਉਸ ਦੀ ਧੀ ਸਾਹਬੋ ਨੇ ਸੰਭਾਲਿਆ ਸੀ। ਚੌਧਰੀ ਨੇ ਤਲਵੰਡੀ ਸਮੇਤ 40 ਦੇ ਕਰੀਬ ਪਿੰਡ ਆਪਣੀ ਧੀ ਸਾਹਬੋ ਨੂੰ ਦਾਜ 'ਚ ਦਿੱਤੇ, ਜਿਸ ਕਰਕੇ ਇਸ ਦਾ ਨਾਂਅ 'ਸਾਹਬੋ ਕੀ ਤਲਵੰਡੀ' ਜਾਂ 'ਤਲਵੰਡੀ ਸਾਬੋ' ਪੈ ਗਿਆ।

ਇਕ ਹੋਰ ਧਾਰਨਾ ਅਨੁਸਾਰ ਤਲਵੰਡੀ ਦੇ ਸਰਦਾਰਾਂ ਦੀ ਬੰਸਾਵਲੀ 'ਚ ਛੇਵੇਂ ਸਥਾਨ 'ਤੇ ਸਾਬੋ ਨਾਂਅ ਦਾ ਇਕ ਸਰਦਾਰ ਹੋਇਆ। ਸੰਨ 1576 ਈਸਵੀ 'ਚ ਸਾਬੋ ਨੇ ਪਾਣੀਪਤ ਦੀ ਪਹਿਲੀ ਲੜਾਈ 'ਚ ਬਾਬਰ ਦੀ ਸਹਾਇਤਾ ਕੀਤੀ, ਜਿਸ ਕਰਕੇ ਲੱਖੀ ਜੰਗਲ ਬਠਿੰਡਾ ਦੀ ਚੌਧਰ ਸਿੱਧੂ ਬਰਾੜਾਂ ਨੂੰ ਬਾਬਰ ਕੋਲੋਂ ਹਾਸਲ ਹੋਈ। ਸਾਬੋ ਨੇ ਤਲਵੰਡੀ ਨੂੰ ਆਪਣੀਆਂ ਸਰਗਰਮੀਆਂ ਦਾ ਗੜ੍ਹ ਬਣਾਇਆ। ਇਹ ਵੀ ਦੱਸਿਆ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੂਜੀ ਉਦਾਸੀ ਸਮੇਂ ਬਠਿੰਡਾ ਤੋਂ ਸਿਰਸਾ ਵੱਲ ਜਾਂਦੇ ਸਮੇਂ ਇੱਥੇ ਕੁਝ ਸਮੇਂ ਲਈ ਠਹਿਰੇ ਸਨ।

ਇਤਿਹਾਸਕ ਹਵਾਲਿਆਂ ਅਨੁਸਾਰ 1675 ਈਸਵੀ 'ਚ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਸਥਾਨ 'ਤੇ ਬਿਰਾਜੇ ਅਤੇ ਕੁਝ ਦਿਨ ਠਹਿਰੇ ਸਨ। ਉਨ੍ਹਾਂ ਇੱਥੇ ਇਕ ਤਲਾਬ ਪੁੱਟਣ ਦੀ ਸ਼ੁਰੂਆਤ ਵੀ ਕੀਤੀ ਸੀ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨ ਕਰਵਾਇਆ ਤੇ ਇਸ ਦਾ ਨਾਂਅ 'ਗੁਰੂਸਰ ਸਰੋਵਰ' ਪੈ ਗਿਆ।

ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਦਾ ਕਿਲ੍ਹਾ ਛੱਡਣ ਤੋਂ ਬਾਅਦ ਖਿਦਰਾਣੇ ਦੀ ਢਾਬ ਦੀ ਆਖ਼ਰੀ ਲੜਾਈ ਤੋਂ ਮਗਰੋਂ ਲੱਖੀ ਜੰਗਲ ਅਤੇ ਪੱਕਾ ਕਲਾਂ ਹੁੰਦੇ ਹੋਏ 1705 ਈਸਵੀ 'ਚ ਤਲਵੰਡੀ ਸਾਬੋ ਪਹੁੰਚੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੱਥੇ ਉੱਚੇ ਟਿੱਬੇ 'ਤੇ ਚੜ੍ਹ ਕੇ ਆਪਣਾ ਜੰਗੀ ਕਮਰਕੱਸਾ ਖੋਲ੍ਹ ਕੇ ਉਚਾਰਿਆ ਸੀ : 'ਇਹ ਤਾਂ ਸਾਡਾ ਅਨੰਦਪੁਰ ਵਾਲਾ ਦਮਦਮਾ (ਲੰਬੇ ਸਫ਼ਰ ਦੌਰਾਨ ਰਸਤੇ 'ਚ ਰੁਕਣ ਦਾ ਪੜਾਅ) ਹੈ', ਉੱਥੇ ਹੁਣ ਤਖ਼ਤ ਸ੍ਰੀ ਦਮਦਮਾ ਸਾਹਿਬ ਸੁਸ਼ੋਭਿਤ ਹੈ। ਇਤਿਹਾਸਕਾਰਾਂ ਅਨੁਸਾਰ ਗੁਰੂ ਸਾਹਿਬ ਨੇ ਇੱਥੇ 9 ਮਹੀਨੇ 9 ਦਿਨ ਦਾ ਠਹਿਰਾਓ ਕੀਤਾ ਅਤੇ ਇੱਥੇ ਹੀ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਗਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬੀੜ ਦੀ ਲਿਖਾਈ ਕਰਵਾਈ, ਜਿਸ 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਸ਼ਾਮਿਲ ਕੀਤੀ ਗਈ। ਬੀੜ ਸੰਪੂਰਨ ਹੋਣ ਉਪਰੰਤ ਬਚੀ ਸਿਆਹੀ ਅਤੇ ਕਲਮਾਂ ਨੇੜੇ ਹੀ ਇਕ ਕੱਚੀ ਛੱਪੜੀ, ਜਿਸ ਦਾ ਨਾਂਅ ਬਾਅਦ 'ਚ 'ਲਿਖਣਸਰ ਸਰੋਵਰ' ਪੈ ਗਿਆ, 'ਚ ਪਾਉਂਦਿਆਂ ਇਸ ਅਸਥਾਨ ਨੂੰ ਵਿੱਦਿਆ ਦਾ ਕੇਂਦਰ 'ਗੁਰੂ ਕੀ ਕਾਸ਼ੀ' ਦਾ ਵਰਦਾਨ ਦਿੱਤਾ।



1706 ਈਸਵੀ ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਦੀ ਧਰਤੀ ਤੋਂ ਦੂਰ-ਦੁਰਾਡੇ ਦੀਆਂ ਸਿੱਖ ਸੰਗਤਾਂ ਨੂੰ ਆਪਣੀ ਮੋਹਰ ਛਾਪ ਹੇਠਾਂ ਹੁਕਮਨਾਮੇ ਭੇਜ ਕੇ ਵੱਡਾ ਇਕੱਠ ਬੁਲਾਇਆ। ਅੰਗਰੇਜ਼ ਇਤਿਹਾਸਕਾਰ ਟਰਿੱਪ ਅਨੁਸਾਰ ਖ਼ਾਲਸੇ ਦੀ ਸਾਜਨਾ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੀਹ ਹਜ਼ਾਰ ਲੋਕਾਂ ਨੇ ਅੰਮ੍ਰਿਤਪਾਨ ਕੀਤਾ, ਜਦਕਿ ਦਮਦਮਾ ਸਾਹਿਬ ਦੀ ਵਿਸਾਖੀ ਮੌਕੇ ਅੰਮ੍ਰਿਤ ਛਕਣ ਵਾਲਿਆਂ ਦੀ ਗਿਣਤੀ ਸਵਾ ਲੱਖ ਤੋਂ ਉਪਰ ਸੀ।

ਹੁਣ ਤਲਵੰਡੀ ਸਾਬ੍ਹੋ 'ਚ ਗੁਰਦੁਆਰਾ ਮੰਜੀ ਸਾਹਿਬ ਪਾਤਿਸ਼ਾਹੀ ਨੌਵੀਂ, ਗੁਰਦੁਆਰਾ ਸ੍ਰੀ ਲਿਖਣਸਰ ਸਾਹਿਬ, ਗੁਰਦੁਆਰਾ ਮੰਜੀ ਸਾਹਿਬ ਪਾਤਿਸ਼ਾਹੀ ਨੌਵੀਂ ਅਤੇ ਦਸਵੀਂ, ਗੁਰਦੁਆਰਾ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰ ਕੌਰ, ਗੁਰਦੁਆਰਾ ਜੰਡਸਰ ਸਾਹਿਬ, ਗੁਰਦੁਆਰਾ ਮਹੱਲਸਰ ਸਾਹਿਬ, ਗੁਰਦੁਆਰਾ ਬਾਬਾ ਬੀਰ ਸਿੰਘ ਜੀ, ਬਾਬਾ ਧੀਰ ਸਿੰਘ ਜੀ, ਬੁਰਜ ਬਾਬਾ ਦੀਪ ਸਿੰਘ ਜੀ, ਗੁਰਦੁਆਰਾ ਭੋਰਾ ਬਾਬਾ ਦੀਪ ਸਿੰਘ ਅਤੇ ਗੁਰਦੁਆਰਾ ਬੇਰ ਸਾਹਿਬ ਸੁਸ਼ੋਭਿਤ ਹਨ।

ਦਮਦਮਾ ਸਾਹਿਬ ਵਿਖੇ ਵਿਸਾਖੀ ਦਾ ਜੋੜ-ਮੇਲਾ ਲਗਭਗ ਪੌਣੇ ਦੋ ਸੌ ਸਾਲ ਪਹਿਲਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮਹੰਤ ਗਿਆਨੀ ਭਗਵਾਨ ਸਿੰਘ ਨੇ ਆਰੰਭ ਕਰਵਾਇਆ ਸੀ। ਦੱਸਿਆ ਜਾਂਦਾ ਹੈ ਕਿ ਉਸ ਵੇਲੇ ਇਹ ਸਾਰਾ ਇਲਾਕਾ ਮਾਰੂਥਲ ਹੁੰਦਾ ਸੀ। ਆਵਾਜਾਈ ਦੇ ਸਾਧਨ ਅਤੇ ਸੜਕਾਂ ਨਾ ਹੋਣ ਦੇ ਬਾਵਜੂਦ ਸੰਗਤਾਂ ਬੜੇ ਉਤਸ਼ਾਹ ਨਾਲ ਕੰਡੇਦਾਰ ਝਾੜੀਆਂ, ਰੇਤ ਦੇ ਤਪਦੇ ਟਿੱਬਿਆਂ 'ਚ ਦੀ ਦਮਦਮੇ ਪੁੱਜਦੀਆਂ ਸਨ। ਸ਼ੁਰੂਆਤ ਦੌਰਾਨ ਦਮਦਮਾ ਸਾਹਿਬ ਦੀ ਵਿਸਾਖੀ 'ਤੇ ਸੰਗਤਾਂ ਦਾ ਬਹੁਤਾ ਇਕੱਠ ਨਹੀਂ ਹੁੰਦਾ ਸੀ। ਪਰ ਹੌਲੀ-ਹੌਲੀ ਦੂਰ-ਦੁਰਾਡੇ ਦੀਆਂ ਸੰਗਤਾਂ ਵੀ ਦਮਦਮਾ ਸਾਹਿਬ ਦੀ ਵਿਸਾਖੀ ਦੇਖਣ ਲਈ ਪਹੁੰਚਣ ਲੱਗੀਆਂ। ਵਿਸਾਖੀ ਵਾਲੇ ਦਿਨ ਇੱਥੇ ਯਾਤਰੂ ਵੱਡੀ ਗਿਣਤੀ 'ਚ ਇਸ਼ਨਾਨ ਕਰਦੇ ਸਨ। ਤਖ਼ਤ ਸਾਹਿਬ 'ਤੇ ਦੀਵਾਨ ਸਜਦਾ ਸੀ, ਰਾਗੀ ਕੀਰਤਨ ਕਰਦੇ ਸਨ।

ਵਿਸਾਖੀ ਤੋਂ ਦੂਸਰੇ ਦਿਨ ਮਹੱਲਾ (ਨਗਰ ਕੀਰਤਨ) ਨਿਕਲਦਾ ਸੀ। ਸਾਰੇ ਬੁੰਗਿਆਂ ਦੇ ਸੰਤ, ਮਹੰਤ ਆਪਣੇ-ਆਪਣੇ ਨਿਸ਼ਾਨ ਦੀ ਹਾਜ਼ਰੀ 'ਚ ਮਹੱਲੇ 'ਚ ਸ਼ਾਮਿਲ ਹੁੰਦੇ ਸਨ ਅਤੇ ਬਠਿੰਡਾ ਮਾਰਗ 'ਤੇ ਕੋਈ 1 ਕਿਲੋਮੀਟਰ ਦੀ ਵਿੱਥ 'ਤੇ ਮਹੱਲਸਰ (ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਸ਼ਸਤਰ ਵਿੱਦਿਆ ਦਾ ਅਭਿਆਸ ਕਰਵਾਉਂਦੇ ਸਨ) ਪੁੱਜਦੇ ਸਨ। ਜਦੋਂ ਜਲੂਸ ਮਹੱਲਸਰ ਤੋਂ 200 ਕਦਮ ਰਹਿ ਜਾਂਦਾ ਸੀ ਤਾਂ ਲਕੀਰ ਖਿੱਚ ਕੇ ਨਿਸ਼ਾਨਾਂ ਵਾਲੇ ਸਿੰਘਾਂ ਨੂੰ ਬਰਾਬਰ ਖੜ੍ਹਾ ਕਰ ਕੇ ਇਕੋ ਸਮੇਂ ਭਜਾਇਆ ਜਾਂਦਾ ਸੀ। ਜਿਹੜਾ ਸਿੰਘ ਸਭ ਤੋਂ ਪਹਿਲਾਂ ਮਹੱਲਸਰ ਦੀ ਟਿੱਬੀ 'ਤੇ ਜਾ ਕੇ ਨਿਸ਼ਾਨ ਗੱਡਦਾ, ਉਸ ਨੂੰ ਸਵਾ ਰੁਪਿਆ ਇਨਾਮ ਦਿੱਤਾ ਜਾਂਦਾ ਸੀ। ਮਹੱਲਸਰ ਤੋਂ ਜਲੂਸ ਵਾਪਸ ਜੰਡਸਰ ਆਉਂਦਾ ਸੀ। ਨਿਸ਼ਾਨਾਂ ਵਾਲੇ ਸਿੰਘ ਅੱਗੇ ਹੁੰਦੇ ਸਨ। ਗੁਰਦੁਆਰਾ ਜੰਡਸਰ ਦੀ ਪਰਿਕਰਮਾ ਕਰਕੇ ਸਭ ਜਲ ਛਕਦੇ ਸਨ।

ਵੀਹਵੀਂ ਸਦੀ ਦੇ ਆਰੰਭ 'ਚ ਸੰਤ ਮੰਗਲਦਾਸ ਕੋਟ ਦੁੱਲੇ ਵਾਲੇ ਵੱਡੇ ਖੂਹ 'ਤੇ ਪਿਆਓ ਲਾਇਆ ਕਰਦੇ ਸਨ। ਜਲੂਸ ਸਮੇਂ ਜੰਡਸਰ ਪਹੁੰਚ ਕੇ ਮਿੱਠੇ ਜਲ ਦੇ ਕੜਾਹੇ ਭਰ ਕੇ ਤਿਆਰ ਰੱਖਦੇ ਸਨ ਜੋ ਜਲੂਸ 'ਚੋਂ ਆਈ ਸੰਗਤ ਨੂੰ ਛਕਾਇਆ ਜਾਂਦਾ ਸੀ। ਫ਼ਿਰ ਜਲੂਸ ਤਖ਼ਤ ਸਾਹਿਬ ਪੁੱਜਦਾ ਸੀ। ਇੱਥੇ ਸੋਦਰੁ, ਆਰਤੀ, ਆਰਤੇ ਦਾ ਪਾਠ ਹੁੰਦਾ। ਬੁੰਗਿਆਂ ਦੇ ਸੰਤ, ਮਹੰਤ ਅਤੇ ਹੋਰ ਗੁਣੀ-ਗਿਆਨੀ ਦਸਮ ਬਾਣੀ 'ਚੋਂ ਕਬਿੱਤ, ਸਵੈਯਾਂ ਦਾ ਵਿਸ਼ੇਸ਼ ਸ਼ੈਲੀ ਤੇ ਉੱਚੀ ਸੁਰ ਨਾਲ ਪਾਠ ਕਰਦੇ। ਦਸ ਵਜੇ ਤੱਕ ਦੀਵਾਨ ਸਜਦਾ। ਤਖ਼ਤ ਸਾਹਿਬ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਪਾਵਨ ਬੀੜਾਂ ਦਾ ਪ੍ਰਕਾਸ਼ ਹੁੰਦਾ ਸੀ, ਇਕ ਹੱਥਲਿਖਤ ਅਤੇ ਇਕ ਛਾਪੇ ਵਾਲੀ ਬੀੜ। ਇਕ ਦਸਮ ਗ੍ਰੰਥ ਹੁੰਦਾ ਸੀ। ਤਿੰਨਾਂ 'ਚੋਂ ਕ੍ਰਮਵਾਰ ਗ੍ਰੰਥੀ ਖੜ੍ਹੋਤੇ ਹੋਏ ਹੁਕਮਨਾਮਾ ਲੈਂਦੇ ਸਨ ਅਤੇ ਖੜ੍ਹੋਤੇ ਹੋਏ ਹੀ ਚਵਰ ਕਰਦੇ ਸਨ। ਅਰਦਾਸ ਤੋਂ ਬਾਅਦ ਦੇਗ ਵਰਤਦੀ ਸੀ ਅਤੇ ਵਿਸਾਖੀ ਦਾ ਮੇਲਾ ਸਮਾਪਤ ਹੋ ਜਾਂਦਾ ਸੀ।

ਵੀਹਵੀਂ ਸਦੀ 'ਚ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਨੇ ਦਮਦਮਾ ਸਾਹਿਬ ਦੀ ਜੰਗੀ ਪੱਧਰ 'ਤੇ ਸੇਵਾ ਕੀਤੀ। ਉਨ੍ਹਾਂ ਨੇ ਗੁਰੂਸਰ ਸਰੋਵਰ ਪੱਕਾ ਕਰਵਾਇਆ, ਖੁੱਲ੍ਹੀ ਪਰਿਕਰਮਾ ਬਣਾ ਕੇ ਛਾਂਦਾਰ ਦਰੱਖ਼ਤ ਲਗਾਏ। ਲੱਖਾਂ ਰੁਪਏ ਖ਼ਰਚ ਕੇ ਸੁੰਦਰ ਬੁੰਗੇ ਤਿਆਰ ਕੀਤੇ। ਪ੍ਰਕਾਸ਼ ਸਥਾਨ ਦਾ ਵਿਸ਼ਾਲ ਹਾਲ ਅਤੇ ਖੁੱਲ੍ਹਾ ਲੰਗਰ ਹਾਲ ਬਣਾਇਆ ਗਿਆ। ਸੁੰਦਰ ਪਰਿਕਰਮਾ ਹੋਣ ਕਰਕੇ ਸਾਧੂਆਂ ਦੀਆਂ ਮੰਡਲੀਆਂ ਆ ਕੇ ਇੱਥੇ ਉੱਤਰਦੀਆਂ ਸਨ। ਕਥਾ-ਕੀਰਤਨ, ਗਿਆਨ ਚਰਚਾ ਹੁੰਦੀ। ਰਾਗੀਆਂ-ਢਾਡੀਆਂ ਦੇ ਸਮਾਗਮ, ਕਵੀ ਦਰਬਾਰ, ਰਾਗ ਸਭਾਵਾਂ ਅਤੇ ਗਿਆਨ-ਗੋਸ਼ਟੀਆਂ ਦੇ ਸਮਾਗਮ ਬੜੇ ਰੌਚਕ ਹੋਣ ਲੱਗੇ।

ਇਸ ਤੋਂ ਮਗਰੋਂ ਪਰਿਕਰਮਾ 'ਚ ਕਈ ਧਾਰਮਿਕ ਦੀਵਾਨ ਅਤੇ ਰਾਜਨੀਤਕ ਕਾਨਫਰੰਸਾਂ ਵੀ ਹੋਣ ਲੱਗੀਆਂ। ਸੰਗਤਾਂ ਕੱਚੇ ਰਾਹਾਂ 'ਚੋਂ ਦੀ ਦੋ-ਦੋ ਦਿਨ ਤੁਰ ਕੇ ਪੁੱਜਦੀਆਂ। ਸੰਨ 1957 'ਚ ਬਠਿੰਡੇ ਤੋਂ ਤਲਵੰਡੀ ਸਾਬੋ ਤੱਕ ਪੱਕੀ ਸੜਕ ਬਣਨ ਨਾਲ ਸੰਗਤਾਂ ਦੀ ਆਵਾਜਾਈ ਸੁਖਾਲੀ ਹੋ ਗਈ। ਇਸ ਤਰ੍ਹਾਂ ਹੌਲੀ-ਹੌਲੀ ਦਮਦਮਾ ਸਾਹਿਬ ਦੀ ਵਿਸਾਖੀ ਦੂਰ-ਦੁਰਾਡੇ ਤੱਕ ਮਸ਼ਹੂਰ ਹੋ ਗਈ। ਹੁਣ ਵਿਸਾਖੀ ਸਮੇਂ ਦਮਦਮਾ ਸਾਹਿਬ 'ਚ ਲੱਖਾਂ ਦੀ ਗਿਣਤੀ 'ਚ ਸੰਗਤਾਂ ਦਾ ਇਕੱਠ ਹੁੰਦਾ ਹੈ। ਮੇਲੇ 'ਤੇ ਦੂਰ-ਦੂਰ ਦੇ ਮਹਾਂਪੁਰਖ ਆ ਕੇ ਲੰਗਰ ਲਗਾਉਂਦੇ ਹਨ ਪਰ ਵੱਡਾ ਲੰਗਰ ਬੁੰਗਾ ਮਸਤੂਆਣਾ 'ਚ ਹੁੰਦਾ ਹੈ। ਨਿਹੰਗ ਸਿੰਘ ਸੰਪਰਦਾਵਾਂ ਵੀ ਆਪਣੇ ਰਵਾਇਤੀ ਸ਼ਸਤਰਾਂ, ਬਸਤਰਾਂ 'ਚ ਸਜ ਕੇ ਘੋੜਿਆਂ, ਨਗਾਰਿਆਂ ਸਮੇਤ ਦਮਦਮਾ ਸਾਹਿਬ ਦੀ ਵਿਸਾਖੀ 'ਚ ਸ਼ਾਮਿਲ ਹੋਣ ਲਈ ਕਈ ਦਿਨ ਪਹਿਲਾਂ ਹੀ ਪਹੁੰਚ ਜਾਂਦੀਆਂ ਹਨ। ਵੱਡਾ ਮੇਲਾ ਹੋਣ ਕਰਕੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਵਲੋਂ ਵਿਸਾਖੀ ਮੌਕੇ ਦਮਦਮਾ ਸਾਹਿਬ 'ਚ ਸੂਬਾ ਪੱਧਰੀ ਕਾਨਫ਼ਰੰਸਾਂ ਕੀਤੀਆਂ ਜਾਂਦੀਆਂ ਹਨ। ਭਾਵੇਂ ਕਿ ਪੰਜਾਬ 'ਚ ਸ੍ਰੀ ਅਨੰਦਪੁਰ ਸਾਹਿਬ, ਅੰਮ੍ਰਿਤਸਰ ਅਤੇ ਤਲਵੰਡੀ ਸਾਬੋ 'ਚ ਵਿਸਾਖੀ ਮੌਕੇ ਵੱਡੇ ਮੇਲੇ ਹੁੰਦੇ ਹਨ ਪਰ ਤਿੰਨਾਂ 'ਚੋਂ ਇਕੱਠ ਸਭ ਤੋਂ ਵੱਧ ਤਲਵੰਡੀ ਸਾਬੋ ਦੀ ਵਿਸਾਖੀ 'ਤੇ ਹੀ ਹੁੰਦਾ ਹੈ।

# ਖ਼ਾਲਸਾ ਸਾਜਨਾ ਦਿਵਸ ਦਾ ਇਤਿਹਾਸਕ ਮਹੱਤਵ



**ਐਡਵੋਕੇਟ ਹਰਜਿੰਦਰ ਸਿੰਘ ਧਾਮੀ**



ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਨ 1699 ਦੀ ਵਿਸਾਖੀ ਦਾ ਦਿਨ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਉਘੜਵੇਂ ਰੂਪ ’ਚ ਦਰਜ ਹੈ। ਇਸ ਦਿਨ ਦਸਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਇਕ ਕ੍ਰਾਂਤੀਕਾਰੀ ਅਧਿਆਇ ਜੋੜਿਆ ਸੀ।

ਖ਼ਾਲਸਾ ਸਾਜਨਾ ਦਾ ਇਤਿਹਾਸ ਸਿੱਖ ਕੌਮ ਲਈ ਇਕ ਗੌਰਵਮਈ ਗਾਥਾ ਹੈ, ਜਿਸ ਨਾਲ ਹਰ ਸਿੱਖ ਅੰਦਰ ਵਿਲੱਖਣ ਅਤੇ ਨਿਰਾਲੀ ਹੋਂਦ ਹਸਤੀ ਦਾ ਅਹਿਸਾਸ ਪੈਦਾ ਹੁੰਦਾ ਹੈ। ਖ਼ਾਲਸਾ ਆਦਰਸ਼ਕ ਮਨੁੱਖ ਹੈ, ਜਿਸ ਦਾ ਜੀਵਨ ਸਮਾਜ ਲਈ ਪ੍ਰੇਰਣਾਮਈ ਹੋਣ ਦੇ ਨਾਲ-ਨਾਲ ਹੱਕ ਸੱਚ ਦੀ ਰਖਵਾਲੀ ਲਈ ਵੀ ਮਿਸਾਲੀ ਹੈ। ਖ਼ਾਲਸੇ ਦੀ ਘਾੜਤ ਵਿਚ ਦਸ ਗੁਰੂ ਸਾਹਿਬਾਨ ਦੀ ਪਵਿੱਤਰ ਵਿਚਾਰਧਾਰਾ ਸ਼ਾਮਿਲ ਹੈ। ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖ਼ਾਲਸਾ ਰੂਪੀ ਆਦਰਸ਼ਕ ਮਨੁੱਖ ਲਈ ਪਹਿਲੀ ਸ਼ਰਤ ਇਹ ਨਿਸਚਤ ਕੀਤੀ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥
(ਅੰਗ 1412)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਧਰਮ ਖੇਤਰ ਅੰਦਰ ਪ੍ਰਵਾਨ ਚੜ੍ਹਨ ਵਾਲਿਆਂ ਲਈ ਆਦਰਸ਼ ਹਨ। ਇਸ ’ਚ ਆਪਾ ਨਿਛਾਵਰ ਕਰਨ ਦੀ ਜੁਗਤ ਅਤੇ ਪ੍ਰੇਰਨਾ ਦਰਜ ਹੈ। ਪਹਿਲੇ ਪਾਤਿਸ਼ਾਹ ਤੋਂ ਬਾਅਦ ’ਚ ਬਾਕੀ ਗੁਰੂ ਸਾਹਿਬਾਨ ਨੇ ਵੀ ਸਿੱਖਾਂ ਨੂੰ ਇਹੋ ਪਾਠ ਦ੍ਰਿੜ੍ਹ ਕਰਵਾਇਆ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਵਿਸਾਖੀ ਦੇ ਦਿਹਾੜੇ ’ਤੇ ਖ਼ਾਲਸੇ ਦੀ ਸਿਰਜਣਾ ਕਰ ਕੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਅਰਥ ਪ੍ਰਦਾਨ ਕੀਤੇ। ਦਸਵੇਂ ਪਾਤਿਸ਼ਾਹ ਜੀ ਦੇ ਇਸ ਅਦੁੱਤੀ ਕਾਰਜ ਨੇ ਸਦੀਆਂ ਤੋਂ ਲਿਤਾੜੇ, ਗ਼ੁਲਾਮੀ ਵਾਲਾ ਜੀਵਨ ਜੀਅ ਰਹੇ ਲੋਕਾਂ ਨੂੰ ਆਤਮ ਵਿਸ਼ਵਾਸੀ ਬਣਾ ਕੇ ਅਰਸ਼ ’ਤੇ ਪਹੁੰਚਾ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਦਾ ਇਹ ਦਿਨ ਜਬਰ, ਜ਼ੁਲਮ, ਬੇਇਨਸਾਫ਼ੀ, ਵਿਤਕਰੇ, ਝੂਠ, ਪਾਖੰਡ, ਅਨਿਆਂ ਆਦਿ ਵਿਰੁੱਧ ਇਕ ਵੱਡੇ ਸੰਘਰਸ਼ ਦੀ ਸ਼ੁਰੂਆਤ ਸਿੱਧ ਹੋਇਆ। ਇਹ ਦਿਹਾੜਾ ਅਨੋਖਾ ਨਜ਼ਾਰਾ ਪੇਸ਼ ਕਰਨ ਵਾਲਾ ਵੀ ਸੀ, ਕਿਉਂਕਿ ਇਸ ਦਿਨ ਜਿੱਥੇ ਇਕ ਪਾਸੇ ਗੁਰੂ ਜੀ ਵਲੋਂ ਸਾਜੇ ਪੰਜ ਪਿਆਰੇ ਗੁਰੂ ਸਾਹਿਬ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਨਿਹਾਲ ਹੋਏ, ਉੱਥੇ ਹੀ ਦੂਸਰੇ ਪਾਸੇ ਗੁਰੂ ਸਾਹਿਬ ਜੀ ਨੇ ਵੀ ਖ਼ਾਲਸੇ ਪਾਸੋਂ ਆਪ ਅੰਮ੍ਰਿਤਪਾਨ ਕਰ ਕੇ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਨਿਵੇਕਲੀ ਮਿਸਾਲ ਕਾਇਮ ਕੀਤੀ। ਇਸ ਨਾਲ ਗੁਰੂ ਤੇ ਚੇਲੇ ਦਾ ਅਜਿਹਾ ਨਵਾਂ ਰੂਪ ਸਾਹਮਣੇ ਆਇਆ, ਜਿਸ ’ਚ ਗੁਰੂ-ਚੇਲੇ ’ਚ ਕੋਈ ਭਿੰਨ-ਭੇਦ ਨਹੀਂ ਹੈ। ਭਾਈ ਗੁਰਦਾਸ ਜੀ ਇਸ ਦ੍ਰਿਸ਼ ਨੂੰ ਵਾਹ-ਵਾਹ ਕਹਿ ਕੇ ਵਡਿਆਉਂਦੇ ਹਨ:

ਵਾਹ ਵਾਹ ਗੋਬਿੰਦ ਸਿੰਘ
ਆਪੇ ਗੁਰੁ ਚੇਲਾ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਾਜਿਆ ਖ਼ਾਲਸਾ ਹਰ ਕਿਸਮ ਦੀ ਸ਼ਖ਼ਸੀ ਗ਼ੁਲਾਮੀ ਤੋਂ ਆਜ਼ਾਦ ਹੋ ਕੇ ਅਕਾਲ ਪੁਰਖ ਵਾਹਿਗੁਰੂ ਨਾਲ ਸਿੱਧੇ ਰੂਪ ’ਚ ਸੰਬੰਧਿਤ ਹੈ, ਜੋ ਪਰਮਾਤਮਾ ਦੀ ਆਪਣੀ ਰਜ਼ਾ ’ਚੋਂ ਹੀ ਪ੍ਰਗਟ ਹੋਇਆ ਹੈ:

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ।
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।

ਖ਼ਾਲਸੇ ਦਾ ਅਰਥ ਸ਼ੁੱਧ, ਨਿਰਮਲ ਅਤੇ ਬਿਨਾਂ ਮਿਲਾਵਟ ਤੋਂ ਹੈ। ਖ਼ਾਲਸਾ ਝੂਠ, ਬੇਈਮਾਨੀ, ਵਲ-ਫਰੇਬ ਤੋਂ ਦੂਰ ਮਨੁੱਖਤਾ ਦਾ ਸੱਚਾ ਹਮਦਰਦ ਹੈ। ਇਹ ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਖ਼ਾਲਸਾ ਪੰਜ ਕਕਾਰੀ ਰਹਿਣੀ ਦਾ ਧਾਰਨੀ ਹੈ। ਸੱਚਾ ਤੇ ਧਰਮੀ ਜੀਵਨ ਜਿਊਣਾ ਖ਼ਾਲਸੇ ਦਾ ਨੇਮ ਹੈ। ਧਰਮ ਅਤੇ ਸਦਾਚਾਰ ਦੇ ਸੁਮੇਲ ਖ਼ਾਲਸੇ ਦੀ ਆਵਾਜ਼ ਹਮੇਸ਼ਾ ਹੀ ਹੱਕ ਤੇ ਸੱਚ ਲਈ ਉੱਠਦੀ ਹੈ। ਜਬਰ ਤੇ ਜ਼ੁਲਮ ਵਿਰੁੱਧ ਡਟਣਾ ਖ਼ਾਲਸੇ ਦਾ ਪਰਮ ਧਰਮ ਤੇ ਕਰਤੱਵ ਹੈ। ਉੱਚੀ-ਸੁੱਚੀ ਜੀਵਨ-ਜਾਚ ਇਸ ਦੀ ਲਖਾਇਕ ਹੈ। ਦਸਮੇਸ਼ ਪਿਤਾ ਜੀ ਨੇ ਖ਼ਾਲਸੇ ਦੀ ਸਿਰਜਣਾ ਕਰ ਕੇ ਸੰਸਾਰ ਨੂੰ ਸੰਤ-ਸਿਪਾਹੀ ਦਾ ਅਜਿਹਾ ਨਵੀਨ, ਸ਼ਕਤੀਸ਼ਾਲੀ ਤੇ ਵਿਲੱਖਣ ਜੀਵਨ-ਸਿਧਾਂਤ ਦਿੱਤਾ, ਜਿਹੜਾ ਹੁਣ ਤੱਕ ਸ਼ਹਾਦਤਾਂ ਤੇ ਕੁਰਬਾਨੀਆਂ ਦੀਆਂ ਨਿੱਤ-ਨਵੀਆਂ ਸਿਖ਼ਰਾਂ ਛੋਂਹਦਾ ਆ ਰਿਹਾ ਹੈ।

ਬਾਣੀ ਅਤੇ ਬਾਣੇ ਦੇ ਧਾਰਨੀ ਹੋਣਾ, ਸਿੱਖ ਰਹਿਤ ਦੀ ਪਰਪੱਕਤਾ ਅਤੇ ਗੁਰਮਤਿ ਸਿਧਾਂਤਾਂ ਦੀ ਪਹਿਰੇਦਾਰੀ ਖ਼ਾਲਸਾਈ ਜੀਵਨ ਦਾ ਅਹਿਮ ਵਿਧਾਨ ਹੈ। ਇਸੇ ਰੌਸ਼ਨੀ ’ਚ ਜੀਵਨ ਜਿਊਣਾ ਹਰ ਸਿੱਖ ਦਾ ਫ਼ਰਜ਼ ਹੈ। ਖ਼ਾਲਸਾ ਸਾਜਨਾ ਦਿਵਸ ਦੇ ਇਤਿਹਾਸਕ ਮੌਕੇ ’ਤੇ ਮੈਂ ਸੰਗਤਾਂ ਨੂੰ ਮੁਬਾਰਕਬਾਦ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਆਓ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖ਼ਸ਼ਿਸ਼ ਕੀਤੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਖ਼ਾਲਸਾਈ ਰਹਿਣੀ ਦੇ ਧਾਰਨੀ ਬਣੀਏ, ਕਿਉਂਕਿ ਆਪਣੇ ਇਤਿਹਾਸ ਅਤੇ ਵਿਰਸੇ ਤੋਂ ਟੁੱਟ ਕੇ ਕੋਈ ਵੀ ਆਪਣੀ ਪਛਾਣ ਨਾਲ ਅੱਗੇ ਨਹੀਂ ਵੱਧ ਸਕਦਾ। ਵਿਸ਼ਵ ’ਚ ਵਿਚਰਦਿਆਂ ਆਪਣੇ ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਅਗਵਾਈ ਹੀ ਮਨੁੱਖ ਨੂੰ ਆਪਣੇ ਵਿਸ਼ੇਸ਼ ਹੋਣ ਦਾ ਮਾਣ ਦਿਵਾ ਸਕਦੀ ਹੈ।

ਸਿੱਖ ਕੌਮ ਦੇ ਇਤਿਹਾਸਕ, ਸਿਧਾਂਤਕ ਅਤੇ ਵਿਰਾਸਤੀ ਗੁਣਾਂ ਦੀ ਅਮੀਰੀ ਦਾ ਮਾਣ ਹਰ ਸਿੱਖ ਨੂੰ ਸਵੈਮਾਣ ਅਤੇ ਇੱਜ਼ਤ ਨਾਲ ਜਿਊਣ ਦੀ ਪ੍ਰੇਰਨਾ ਦਿੰਦਾ ਹੈ। ਵੱਖ-ਵੱਖ ਸਮਿਆਂ ’ਚ ਆਈਆਂ ਮੁਸੀਬਤਾਂ ਸਮੇਂ ਸਿੱਖ ਕੌਮ ਨੇ ਪੀੜਤ ਮਾਨਵਤਾ ਨਾਲ ਖੜ੍ਹ ਕੇ ਇਹ ਸਿੱਧ ਕੀਤਾ ਹੈ ਕਿ ਮਨੁੱਖੀ ਬਰਾਬਰਤਾ ਅਤੇ ਇਕਸਾਰਤਾ ਦਾ ਜੋ ਪਾਠ ਖ਼ਾਲਸੇ ਨੂੰ ਗੁਰੂ ਸਾਹਿਬ ਨੇ ਪੜ੍ਹਾਇਆ, ਉਹ ਵਿਸ਼ਵ ਦੇ ਧਰਮ ਇਤਿਹਾਸ ’ਚ ਮੋਹਰੀ ਹੈ, ਵਿਲੱਖਣ ਹੈ। ਅੱਜ ਸਿੱਖ ਨੌਜੁਆਨੀ ਨੂੰ ਆਪਣੇ ਇਸ ਖ਼ਾਲਸਾਈ ਵਿਰਸੇ ਪ੍ਰਤੀ ਜਾਗਰੂਕ ਅਤੇ ਸੁਚੇਤ ਕਰਦੇ ਰਹਿਣਾ ਹੋਰ ਵੀ ਜ਼ਿਆਦਾ ਮਹੱਤਵਪੂਰਨ ਬਣ ਜਾਂਦਾ ਹੈ, ਕਿਉਂਕਿ ਵਰਤਮਾਨ ਸਮੇਂ ਤਕਨੀਕ ਅਤੇ ਸੰਚਾਰ ਸਾਧਨਾ ਦੀ ਤੇਜ਼ੀ ਮਨੁੱਖ ਨੂੰ ਨੈਤਿਕਤਾ ਨਾਲੋਂ ਤੋੜਨ ਵਾਲੇ ਪਾਸੇ ਲਿਜਾ ਰਹੀ ਹੈ। ਸਿੱਖੀ ਦੇ ਵਿਲੱਖਣ ਸਿਧਾਂਤ ਅਤੇ ਮਾਨਵ ਹਿੱਤਕਾਰੀ ਫ਼ਲਸਫ਼ਾ ਅਜੋਕੀਆਂ ਮਨੁੱਖੀ ਚਿੰਤਾਵਾਂ ਦੇ ਖ਼ਾਤਮੇ ਲਈ ਮਾਰਗ ਦਰਸ਼ਕ ਹਨ। ਲੋੜ ਇਸ ਗੱਲ ਹੈ ਕਿ ਅਸੀਂ ਸਮੂਹਕ ਯਤਨਾਂ ਨਾਲ ਖ਼ਾਲਸਾਈ ਵਿਚਾਰਧਾਰਾ ਨੂੰ ਅੱਗੇ ਵਧਾਈਏ।

*-ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

**ਸਿੱਖ ਕੌਮ ਦੇ ਇਤਿਹਾਸਕ, ਸਿਧਾਂਤਕ ਅਤੇ ਵਿਰਾਸਤੀ ਗੁਣਾਂ ਦੀ ਅਮੀਰੀ ਦਾ ਮਾਣ ਹਰ ਸਿੱਖ ਨੂੰ ਸਵੈਮਾਣ ਅਤੇ ਇੱਜ਼ਤ ਨਾਲ ਜਿਊਣ ਦੀ ਪ੍ਰੇਰਨਾ ਦਿੰਦਾ ਹੈ। ਵੱਖ-ਵੱਖ ਸਮਿਆਂ ’ਚ ਆਈਆਂ ਮੁਸੀਬਤਾਂ ਸਮੇਂ ਸਿੱਖ ਕੌਮ ਨੇ ਪੀੜਤ ਮਾਨਵਤਾ ਨਾਲ ਖੜ੍ਹ ਕੇ ਇਹ ਸਿੱਧ ਕੀਤਾ ਹੈ ਕਿ ਮਨੁੱਖੀ ਬਰਾਬਰਤਾ ਅਤੇ ਇਕਸਾਰਤਾ ਦਾ ਜੋ ਪਾਠ ਖ਼ਾਲਸੇ ਨੂੰ ਗੁਰੂ ਸਾਹਿਬ ਨੇ ਪੜ੍ਹਾਇਆ, ਉਹ ਵਿਸ਼ਵ ਦੇ ਧਰਮ ਇਤਿਹਾਸ ’ਚ ਮੋਹਰੀ ਹੈ, ਵਿਲੱਖਣ ਹੈ। ਅੱਜ ਸਿੱਖ ਨੌਜੁਆਨੀ ਨੂੰ ਆਪਣੇ ਇਸ ਖ਼ਾਲਸਾਈ ਵਿਰਸੇ ਪ੍ਰਤੀ ਜਾਗਰੂਕ ਅਤੇ ਸੁਚੇਤ ਕਰਦੇ ਰਹਿਣਾ ਹੋਰ ਵੀ ਜ਼ਿਆਦਾ ਮਹੱਤਵਪੂਰਨ ਬਣ ਜਾਂਦਾ ਹੈ, ਕਿਉਂਕਿ ਵਰਤਮਾਨ ਸਮੇਂ ਤਕਨੀਕ ਅਤੇ ਸੰਚਾਰ ਸਾਧਨਾ ਦੀ ਤੇਜ਼ੀ ਮਨੁੱਖ ਨੂੰ ਨੈਤਿਕਤਾ ਨਾਲੋਂ ਤੋੜਨ ਵਾਲੇ ਪਾਸੇ ਲਿਜਾ ਰਹੀ ਹੈ। ਸਿੱਖੀ ਦੇ ਵਿਲੱਖਣ ਸਿਧਾਂਤ ਅਤੇ ਮਾਨਵ ਹਿੱਤਕਾਰੀ ਫ਼ਲਸਫ਼ਾ ਅਜੋਕੀਆਂ ਮਨੁੱਖੀ ਚਿੰਤਾਵਾਂ ਦੇ ਖ਼ਾਤਮੇ ਲਈ ਮਾਰਗ ਦਰਸ਼ਕ ਹਨ। ਲੋੜ ਇਸ ਗੱਲ ਹੈ ਕਿ ਅਸੀਂ ਸਮੂਹਕ ਯਤਨਾਂ ਨਾਲ ਖ਼ਾਲਸਾਈ ਵਿਚਾਰਧਾਰਾ ਨੂੰ ਅੱਗੇ ਵਧਾਈਏ।**


**ਲੜੀਵਾਰ ਨਾਵਲ**

ਲੇਖਕ
ਗੁਰਨਾਮ ਬਾਵਾ
ਮ +91 83073 6430



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-2

# ਬੰਦੂਕ ਤੋਂ ਕਲਮ ਤੱਕ




**ਇਸ ਸਾਰੇ ਵਰਤਾਰੇ ਵਿੱਚ ਸਭ ਤੋਂ ਜ਼ਿਆਦਾ ਮੁਸੀਬਤ ਮਾਝੇ ਦੇ ਬਾਰਡਰ ਇਲਾਕੇ ਦੇ ਪਿੰਡਾਂ ਵਾਲਿਆਂ ਸਿਰ ਪਈ ਹੋਈ ਸੀ । ਉਨ੍ਹਾਂ ਦੀ ਜਾਨ 'ਤੇ ਬਣੀ ਹੋਈ ਸੀ । ਹਰ ਦੂਜੇ, ਤੀਜੇ ਤੜਕੇ ਸਵੇਰ, ਪੁਲਸ ਅਤੇ ਸੀ· ਆਰ· ਪੀ· ਵਾਲੇ ਆ ਪਿੰਡਾਂ ਨੂੰ ਘੇਰ ਲੈਂਦੇ ਸਨ । ਸਾਰੇ ਪਿੰਡ ਵਾਸੀਆਂ ਨੂੰ ਘਰਾਂ ਵਿੱਚੋਂ ਬਾਹਰ ਕੱਢ ਕੇ ਸਕੂਲ ਦੀ ਗਰਾਊਂਡ ਵਿੱਚ ਇਕੱਠੇ ਕਰ ਲਿਆ ਜਾਂਦਾ, ਘਰਾਂ ਦੀ ਤਲਾਸ਼ੀ ਦੇ ਨਾਂ 'ਤੇ ਸਾਰੇ ਘਰ ਦਾ ਸਮਾਨ ਫਰੋਲ ਦਿੱਤਾ ਜਾਂਦਾ, ਗਰਾਊਂਡ 'ਤੇ ਬਿਠਾਇਆਂ ਦੀ ਮਾਂ-ਭੈਣ ਇਕ ਕੀਤੀ ਜਾਂਦੀ ਜਿਸ ਨੂੰ ਉਨ੍ਹਾਂ ਦਾ ਮਨ ਕਰਦਾ ਉਸ ਨੂੰ ਸਾਰੇ ਪਿੰਡ ਦੇ ਸਾਹਮਣੇ ਕੁੱਟਦੇ, ਗੰਦੀਆਂ ਗਾਲ੍ਹਾਂ ਕੱਢਦੇ, ਜ਼ਲੀਲ ਕਰਦੇ ।**

## ਭਾਗ 3

ਪੰਜਾਬ ਦੇ ਮਾਹੌਲ ਵਿੱਚ ਬੜੀ ਤਲਖੀ ਸੀ। ਦਿਨ ਚੜ੍ਹਦੇ ਅਖ਼ਬਾਰਾਂ ਮਨੁੱਖੀ ਮੌਤਾਂ ਦੀਆਂ ਖ਼ਬਰਾਂ ਨਾਲ ਭਰੀਆਂ ਹੁੰਦੀਆਂ ਸਨ। ਕਿਧਰੇ ਕਿਸੇ ਪੁਲਸ ਮੁਕਾਬਲੇ ਵਿੱਚ ਇਕ, ਦੋ ਜਾਂ ਤਿੰਨ ਤੋਂ ਵੱਧ ਖਾੜਕੂਆਂ ਦੇ ਮਰਨ ਦੀਆਂ ਖ਼ਬਰਾਂ ਵੀ ਆਮ ਹੁੰਦੀਆਂ। ਨਾਲ ਹੀ ਖਾੜਕੂਆਂ ਵੱਲੋਂ ਪੁਲਸ ਵਾਲੇ ਜਾਂ ਉਨ੍ਹਾਂ ਦੇ ਪਰਿਵਾਰਾਂ ਦੇ ਜੀਆਂ ਨੂੰ ਮਾਰਨ ਦੀਆਂ ਖ਼ਬਰਾਂ ਹੁੰਦੀਆਂ। ਕਦੇ ਪਿੰਡਾਂ, ਕਸਬਿਆਂ ਜਾਂ ਸ਼ਹਿਰਾਂ ਦੇ ਵਿੱਚ ਆਮ ਲੋਕਾਂ ਦੇ ਮਰਨ ਦੀਆਂ ਖ਼ਬਰਾਂ ਦੇ ਨਾਲ ਬੱਸਾਂ ਵਿੱਚੋਂ ਲਾਹ ਕੇ ਇਕ ਫਿਰਕੇ ਦੇ ਲੋਕਾਂ ਨੂੰ ਮਾਰਨ ਦੀਆਂ ਖ਼ਬਰਾਂ ਵੀ ਹੁੰਦੀਆਂ ਸਨ।

ਇਕ ਅਜੀਬ ਕਿਸਮ ਦੀ ਜੰਗ ਪੰਜਾਬ ਵਿੱਚ ਚੱਲ ਰਹੀ ਸੀ। ਕੋਈ ਦਾਅਵਾ ਕਰ ਰਿਹਾ ਸੀ ਕਿ ਸਿੱਖ ਇਸ ਦੇਸ਼ ਵਿੱਚ ਗੁਲਾਮ ਹਨ ਤੇ ਉਹ ਆਪਣੀ ਆਜ਼ਾਦੀ ਲਈ ਸਰਕਾਰ ਨਾਲ ਬੰਦੂਕਾਂ ਚੁੱਕ ਕੇ ਲੜ ਰਹੇ ਹਨ। ਕਿਧਰੇ ਕੋਈ ਕਹਿ ਰਿਹਾ ਸੀ ਕਿ ਇਹ ਖਾੜਕੂ ਲਹਿਰ ਫਿਰਕੂ ਰੰਗ ਵਿੱਚ ਰੰਗੀ ਹੋਈ ਹੈ। ਇਸ ਸਭ ਵਿੱਚ ਕਈ ਪੁਲਸ ਵਾਲਿਆਂ ਦੀ ਚਾਂਦੀ ਹੋਈ ਪਈ ਸੀ। ਕਿਧਰੇ ਵੀ ਕਿਸੇ ਬੇਕਸੂਰ ਸਿੱਖ ਨੌਜਵਾਨ ਨੂੰ ਚੁੱਕ ਲਿਆ ਜਾਂਦਾ ਤੇ ਫਿਰ ਉਸ ਦੇ ਘਰਦਿਆਂ ਤੋਂ ਮੋਟੀ ਰਕਮ ਲੈ ਕੇ ਛੱਡ ਦਿੱਤਾ ਜਾਂਦਾ, ਜੇਕਰ ਕੋਈ ਪਰਿਵਾਰ ਮੂੰਹ ਮੰਗੀ ਰਕਮ ਨਾ ਦੇ ਸਕਦਾ ਤਾਂ ਉਸ ਨੌਜਵਾਨ ਨੂੰ ਘੜੀ-ਘੜਾਈ ਕਹਾਣੀ ਦੱਸ ਕੇ ਝੂਠੇ ਪੁਲਸ ਮੁਕਾਬਲੇ ਵਿੱਚ ਇਹ ਕਹਿ ਕੇ ਮਾਰ ਦਿੱਤਾ ਜਾਂਦਾ ਕਿ ਰਾਤ ਨੂੰ ਪੁਲਸ ਵੱਲੋਂ ਲਾਏ ਨਾਕੇ 'ਤੇ ਸਕੂਟਰ 'ਤੇ ਆ ਰਹੇ ਦੋ ਸ਼ੱਕੀ ਸਿੱਖ ਨੌਜਵਾਨਾਂ ਨੂੰ ਰੁਕਣ ਦਾ ਇਸ਼ਾਰਾ ਕਰਨ 'ਤੇ ਉਨ੍ਹਾਂ ਵੱਲੋਂ ਅੱਗੋਂ ਗੋਲੀ ਚਾਲ ਦਿੱਤੀ ਗਈ ਪੁਲਸ ਵੱਲੋਂ ਕੀਤੀ ਜੁਆਬੀ ਫਾਇਰਿੰਗ ਵਿੱਚ ਇਕ ਅਣਪਛਾਤਾ ਅੱਤਵਾਦੀ ਮਾਰਿਆ ਗਿਆ ਤੇ ਉਸ ਦਾ ਦੂਜਾ ਸਾਥੀ ਹਨੇਰੇ ਦਾ ਫਾਇਦਾ ਚੁੱਕ ਕੇ ਭੱਜਣ ਵਿੱਚ ਕਾਮਯਾਬ ਹੋ ਗਿਆ। ਖਾੜਕੂ ਮਾਰਿਆ ਦੱਸ ਕੇ ਤਰੱਕੀਆਂ ਲੈ ਲਈਆਂ ਜਾਂਦੀਆਂ ਸਨ। ਦੂਜੇ ਪਾਸੇ ਖਾੜਕੂਆਂ ਦੇ ਬੇਲਗਾਮ ਹੋਏ ਬੰਦੂਕਧਾਰੀ ਨੌਜਵਾਨ ਆਪਣਿਆਂ ਨੂੰ ਹੀ ਮੁਖ਼ਬਰ ਕਹਿ ਕੇ ਮਾਰੀ ਜਾ ਰਹੇ ਸਨ। ਤੀਜੇ ਪਾਸੇ ਕਾਮਰੇਡ ਕਹਾਉਂਦੇ ਲੋਕ ਵੀ ਕਈ ਥਾਵਾਂ 'ਤੇ ਸਰਕਾਰੀ ਹਥਿਆਰਾਂ ਨਾਲ ਲੈਸ ਹੋ ਕੇ ਖਾੜਕੂਆਂ ਨਾਲ ਲੜ ਰਹੇ ਸਨ। ਉਨ੍ਹਾਂ ਦੇ ਵੀ ਕਈ ਬੰਦੇ ਖਾੜਕੂਆਂ ਵੱਲੋਂ ਕਤਲ ਕੀਤੇ ਜਾ ਚੁੱਕੇ ਸਨ।

ਇਸ ਸਾਰੇ ਵਰਤਾਰੇ ਵਿੱਚ ਸਭ ਤੋਂ ਜ਼ਿਆਦਾ ਮੁਸੀਬਤ ਮਾਝੇ ਦੇ ਬਾਰਡਰ ਇਲਾਕੇ ਦੇ ਪਿੰਡਾਂ ਵਾਲਿਆਂ ਸਿਰ ਪਈ ਹੋਈ ਸੀ। ਉਨ੍ਹਾਂ ਦੀ ਜਾਨ 'ਤੇ ਬਣੀ ਹੋਈ ਸੀ। ਹਰ ਦੂਜੇ, ਤੀਜੇ ਤੜਕੇ ਸਵੇਰ, ਪੁਲਸ ਅਤੇ ਸੀ. ਆਰ. ਪੀ. ਵਾਲੇ ਆ ਪਿੰਡਾਂ ਨੂੰ ਘੇਰ ਲੈਂਦੇ ਸਨ। ਸਾਰੇ ਪਿੰਡ ਵਾਸੀਆਂ ਨੂੰ ਘਰਾਂ ਵਿੱਚੋਂ ਬਾਹਰ ਕੱਢ ਕੇ ਸਕੂਲ ਦੀ ਗਰਾਊਂਡ ਵਿੱਚ ਇਕੱਠੇ ਕਰ ਲਿਆ ਜਾਂਦਾ, ਘਰਾਂ ਦੀ ਤਲਾਸ਼ੀ ਦੇ ਨਾਂ 'ਤੇ ਸਾਰੇ ਘਰ ਦਾ ਸਮਾਨ ਫਰੋਲ ਦਿੱਤਾ ਜਾਂਦਾ, ਗਰਾਊਂਡ 'ਤੇ ਬਿਠਾਇਆਂ ਦੀ ਮਾਂ-ਭੈਣ ਇਕ ਕੀਤੀ ਜਾਂਦੀ ਜਿਸ ਨੂੰ ਉਨ੍ਹਾਂ ਦਾ ਮਨ ਕਰਦਾ ਉਸ ਨੂੰ ਸਾਰੇ ਪਿੰਡ ਦੇ ਸਾਹਮਣੇ ਕੁੱਟਦੇ, ਗੰਦੀਆਂ ਗਾਲ੍ਹਾਂ ਕੱਢਦੇ, ਜ਼ਲੀਲ ਕਰਦੇ।

ਰਾਤ ਨੂੰ ਆ ਕੇ, ਖਾੜਕੂ ਬੂਹਾ ਖੜਕਾਉਂਦੇ, ਰੋਟੀਆਂ ਪਕਾਉਣ ਨੂੰ ਕਹਿੰਦੇ। ਇਹ ਲੋਕ ਮਰਦੇ ਕੀ ਨਾ ਕਰਦੇ, ਜਨਾਨੀਆਂ ਆਟਾ ਗੁੰਨ੍ਹਦੀਆਂ, ਰੋਟੀਆਂ ਪਕਾਉਂਦੀਆਂ। ਹੁਣ ਇਕ ਨਵਾਂ ਵਰਤਾਰਾ ਚੱਲ ਪਿਆ ਸੀ। ਰਾਤ ਨੂੰ ਖਾੜਕੂ ਆਉਂਦੇ, ਰੋਟੀਆਂ ਖਾਂਦੇ, ਧੀਆਂ, ਭੈਣਾਂ ਦੀਆਂ ਇੱਜ਼ਤਾਂ ਨੂੰ ਵੀ ਹੱਥ ਪਾਉਣ ਲੱਗ ਪਏ ਸਨ। ਦਿਨ ਚੜ੍ਹਦਿਆਂ ਉਨ੍ਹਾਂ ਦੇ ਘਰਾਂ ਵਿੱਚ ਪੁਲਸ ਆ ਧਮਕਦੀ, ਸਾਰੇ ਪਰਿਵਾਰ ਨੂੰ ਢਾਹ ਲੈਂਦੀ, ਰਾਤ ਖਾੜਕੂ ਆਏ ਸੀ, ਸਾਨੂੰ ਦੱਸਿਆ ਕਿਉਂ ਨਹੀਂ? ਦੋਵਾਂ ਪਾਸਿਆਂ ਤੋਂ ਸਤਾਏ ਲੋਕ ਸੱਚ ਵਿੱਚ ਆਏ ਖਾੜਕੂਆਂ ਦੀ ਖ਼ਬਰ ਵੀ ਪੁਲਸ ਨੂੰ ਦੇਣ ਲੱਗ ਪਏ। ਮੁਸੀਬਤ ਘਟਣ ਦੀ ਬਜਾਏ ਵੱਧ ਗਈ। ਫੜਵਾਏ ਖਾੜਕੂਆਂ ਦੇ ਸਾਥੀ, ਉਨ੍ਹਾਂ ਦੇ ਪਰਿਵਾਰਾਂ ਨੂੰ ਮਾਰਨ ਲੱਗ ਪਏ। ਅਜੀਬੋ-ਗਰੀਬ ਵਰਤਾਰਾ ਵਰਤ ਰਿਹਾ ਸੀ। ਲੋਕ ਘਰ-ਬਾਰ ਵੇਚ ਸ਼ਹਿਰਾਂ ਵੱਲ ਨੂੰ ਜਾਂ ਦੂਜੇ ਸੂਬਿਆਂ ਵਿੱਚ ਜ਼ਮੀਨਾਂ ਖਰੀਦਣ ਲੱਗ ਪਏ। ਜਿਨ੍ਹਾਂ ਕੋਲ ਚਾਰ ਪੈਸੇ ਚੰਗੇ ਸਨ, ਉਹ ਆਪਣੇ ਮੁੰਡਿਆਂ ਨੂੰ ਸਿੱਧੇ-ਅਸਿੱਧੇ ਢੰਗ ਨਾਲ ਏਜੰਟਾਂ ਦੇ ਰਾਹੀਂ ਬਾਹਰਲੇ ਮੁਲਕਾਂ ਵਿੱਚ ਭੇਜਣ ਲੱਗ ਪਏ। ਕਈ ਚੰਗੇ ਭਲੇ ਗੁਰਸਿੱਖ ਪਰਿਵਾਰਾਂ ਦੇ ਨੌਜਵਾਨ ਮੁੰਡੇ ਕੇਸ ਕਤਲ ਕਰਵਾਉਣ ਲੱਗ ਪਏ ਸਨ।

ਦੂਜੇ ਪਾਸੇ ਖਾੜਕੂਆਂ ਦੇ ਵੀ ਕਈ ਗਰੁੱਪ ਬਣ ਗਏ ਸਨ। ਉਨ੍ਹਾਂ ਵਿੱਚ ਵੀ ਭਰਾ ਮਾਰੂ ਜੰਗ ਸ਼ੁਰੂ ਹੋ ਗਈ ਸੀ। ਕਈ ਨਾਮੀ ਖਾੜਕੂ ਆਪਣਿਆਂ ਵੱਲੋਂ ਹੀ ਮਾਰ ਮੁਕਾਏ ਗਏ ਸਨ। ਕੁੱਲ ਮਿਲਾ ਕੇ, ਸਰਕਾਰ ਆਪਣੇ ਮਨਸੂਬੇ ਵਿੱਚ ਕਾਮਯਾਬ ਹੋ ਰਹੀ ਸੀ। 1989 ਵਿੱਚ ਲੋਕ ਸਭਾ ਦੀਆਂ ਚੋਣਾਂ, ਪੂਰੇ ਦੇਸ਼ ਵਿੱਚ ਕਰਵਾਉਣ ਦਾ ਚੋਣ ਕਮਿਸ਼ਨ ਨੇ ਐਲਾਨ ਕਰ ਦਿੱਤਾ। ਪੰਜਾਬ ਵਿੱਚ ਵੀ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪਿਤਾ ਜੀ ਸ. ਜੋਗਿੰਦਰ ਸਿੰਘ ਦੀ ਅਗਵਾਈ ਵਿੱਚ ਬਣੇ ਸੰਯੁਕਤ ਅਕਾਲੀ ਦਲ ਨੇ ਵੀ ਹਿੱਸਾ ਲਿਆ। ਇਸ ਅਕਾਲੀ ਦਲ ਦੇ 13 ਵਿੱਚੋਂ 12 ਉਮੀਦਵਾਰ ਚੋਣਾਂ ਜਿੱਤ ਗਏ, ਇਥੋਂ ਤੱਕ ਕਿ ਜੇਲ੍ਹ ਵਿੱਚ ਬੰਦ ਸਿਮਰਨਜੀਤ ਸਿੰਘ ਮਾਨ ਅਤੇ ਅਤਿੰਦਰਪਾਲ ਸਿੰਘ ਵਰਗੇ ਵੀ ਚੋਣਾਂ ਜਿੱਤ ਗਏ ਤੇ ਜੇਲ੍ਹਾਂ ਵਿੱਚੋਂ ਬਾਹਰ ਆ ਗਏ ਸਨ। ਪੰਜਾਬ ਦੇ ਸਿੱਖਾਂ ਨੇ ਰਵਾਇਤੀ ਅਕਾਲੀ ਲੀਡਰਸ਼ਿੱਪ ਨੂੰ ਸਿਰੇ ਤੋਂ ਨਕਾਰ ਦਿੱਤਾ ਸੀ।

ਇਸ ਜਿੱਤ ਤੋਂ ਬਾਅਦ ਕਈ ਖਾੜਕੂ ਧਿਰਾਂ ਵਿੱਚ ਵੀ ਚੋਣਾਂ ਵਿੱਚ ਹਿੱਸਾ ਲੈਣ ਦੀ ਚਾਹਤ ਪੈਦਾ ਹੋ ਗਈ ਤੇ ਉਨ੍ਹਾਂ ਨੂੰ ਇਹ ਸਮਝ ਆ ਗਈ ਸੀ ਕਿ ਗੋਲੀ ਕਿਸੇ ਮਸਲੇ ਦਾ ਹੱਲ ਨਹੀਂ ਪਰ ਦੂਜੇ ਪਾਸੇ, ਇਕ ਧੜਾ ਚੋਣਾਂ ਦੇ ਖਿਲਾਫ਼ ਖੜ੍ਹਾ ਹੋ ਗਿਆ ਸੀ। 1991 ਵਿੱਚ ਕੇਂਦਰ ਸਰਕਾਰ ਨੇ ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਧੜੇ ਨੇ ਵੀ ਇਕ ਖਾੜਕੂ ਧੜੇ ਦੇ ਆਗੂ ਜਿਸ ਨੂੰ ਖਾੜਕੂ ਧਿਰਾਂ ਦਾ ਬਾਬਾ ਬੋਹੜ ਵੀ ਕਿਹਾ ਜਾਂਦਾ ਸੀ, ਉਸ ਦੇ ਥਾਪੜੇ ਨਾਲ ਆਪਣੇ ਉਮੀਦਵਾਰ ਪੂਰੇ ਪੰਜਾਬ ਦੇ ਵਿੱਚ ਖੜ੍ਹੇ ਕਰ ਦਿੱਤੇ ਸਨ। ਦੂਜੇ ਪਾਸੇ ਅਕਾਲੀ ਦਲ (ਮਾਨ) ਦੇ ਧੜੇ ਨੇ ਵੀ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰ ਦਿੱਤੇ ਸਨ।

ਦੂਜੇ ਪਾਸੇ ਚੋਣਾਂ ਦਾ ਬਾਈਕਾਟ ਕਰਨ ਵਾਲੀ ਖਾੜਕੂ ਧਿਰ ਜੋ ਕਿ ਡਾ. ਸੋਹਣ ਸਿੰਘ ਦੀ ਅਗਵਾਈ ਵਿੱਚ ਚਾਰ ਜਥੇਬੰਦੀਆਂ ਦੀ ਸਾਂਝੀ ਬਣੀ ਪੰਥਕ ਕਮੇਟੀ ਨੇ, ਇਨ੍ਹਾਂ ਚੋਣਾਂ ਵਿੱਚ ਹਿੱਸਾ ਲੈਣ ਵਾਲੇ ਦੋਵਾਂ ਧੜਿਆਂ ਦੇ, ਚੌਵੀ ਦੇ ਕਰੀਬ ਉਮੀਦਵਾਰਾਂ ਦਾ ਕਤਲ ਕਰ ਦਿੱਤਾ ਸੀ। ਚੋਣਾਂ ਤੋਂ ਇਕ ਰਾਤ ਪਹਿਲਾਂ ਕੇਂਦਰ ਵਿੱਚ ਸਰਕਾਰ ਬਦਲ ਗਈ। ਨਰਸਿਮ੍ਹਾ ਰਾਉ ਦੀ ਸਰਕਾਰ ਬਣ ਗਈ। ਉਸ ਨੇ ਸਭ ਤੋਂ ਪਹਿਲਾਂ ਅਗਲੀ ਸਵੇਰ ਪੰਜਾਬ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਹੀ ਰੱਦ ਕਰ ਦਿੱਤੀਆਂ। ਪੰਜਾਬ ਇਕ ਵਾਰ ਫੇਰ ਗਵਰਨਰੀ ਰਾਜ ਅਧੀਨ ਹੋ ਗਿਆ।

ਇਕ ਸਾਲ ਬਾਅਦ 1992 ਵਿੱਚ ਫਿਰ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦਾ ਕੇਂਦਰ ਵੱਲੋਂ ਐਲਾਨ ਹੋ ਗਿਆ। ਇਸ ਵਾਰ ਫੈਡਰੇਸ਼ਨ ਦਾ ਉਹ ਧੜਾ ਵੀ, ਜੋ 1991 ਦੀਆਂ ਚੋਣਾਂ ਲੜਨ ਲਈ ਪੱਬਾਂ ਭਾਰ ਸੀ, ਉਸ ਧੜੇ ਨੇ ਵੀ ਇਸ ਪੰਥਕ ਕਮੇਟੀ ਦੇ ਦਬਾਅ ਵਿੱਚ ਆ ਕੇ, ਇਸ ਵਾਰ ਚੋਣਾਂ ਦਾ ਬਾਈਕਾਟ ਕਰ ਦਿੱਤਾ। ਦੂਜੇ ਪਾਸੇ ਕੇਂਦਰ ਨੇ ਐਨਾ ਕੁਝ ਹੋਣ ਦੇ ਬਾਵਜੂਦ ਚੋਣਾਂ ਕਰਵਾਈਆਂ ਤੇ ਕੁਝ ਪ੍ਰਤੀਸ਼ਤ ਨਾਲ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣ ਗਈ। ਬੇਅੰਤ ਸਿੰਘ ਨੂੰ ਮੁੱਖ ਮੰਤਰੀ ਬਣਾਇਆ ਗਿਆ। ਹੁਣ ਪੁਲਸ ਨੂੰ ਖਾੜਕੂਆਂ ਦਾ ਖ਼ਾਤਮਾ ਕਰਨ ਲਈ ਹਰ ਤਰ੍ਹਾਂ ਦੀ ਖੁੱਲ੍ਹ ਪੰਜਾਬ ਪੁਲਸ ਦੇ ਡੀ.ਜੀ.ਪੀ. ਕੇ.ਪੀ.ਐਸ. ਗਿੱਲ ਦੀ ਕਮਾਨ ਹੇਠ ਦੇ ਦਿੱਤੀ ਗਈ। ਇਸ ਖੁੱਲ੍ਹ ਨੇ ਖਾੜਕੂ ਲਹਿਰ ਨੂੰ ਬਹੁਤ ਵੱਡੀ ਢਾਹ ਲਾਈ, ਪੁਲਸ ਹੌਲੀ-ਹੌਲੀ ਖਾੜਕੂਆਂ ਉੱਪਰ ਭਾਰੂ ਪੈ ਗਈ ਸੀ।

ਲੋਕਾਂ ਦੇ ਮਨਾਂ ਵਿੱਚੋਂ ਡਰ ਖਤਮ ਕਰਨ ਲਈ, ਉਨ੍ਹਾਂ ਪਿੰਡਾਂ ਵਿੱਚ, ਜਿਥੇ ਕਿਹਾ ਜਾਂਦਾ ਸੀ ਰਾਤ ਨੂੰ ਖਾੜਕੂਆਂ ਦੀ ਆਗਿਆ ਬਿਨਾਂ ਪੱਤਾ ਵੀ ਨਹੀਂ ਹਿਲਦਾ ਜਿਧਰ ਸੁਰੱਖਿਆ ਫੋਰਸਾਂ ਰਾਤ ਨੂੰ ਮੂੰਹ ਵੀ ਨਹੀਂ ਸਨ ਕਰਦੀਆਂ ਜਿਥੇ ਥਾਣਿਆਂ ਦੇ ਗੇਟ ਸ਼ਾਮ ਨੂੰ ਬੰਦ ਹੋ ਜਾਂਦੇ ਸਨ, ਉਥੇ ਉਨ੍ਹਾਂ ਪਿੰਡਾਂ ਵਿੱਚ ਰਾਤਾਂ ਨੂੰ ਰੰਗਾ-ਰੰਗ ਪ੍ਰੋਗਰਾਮ ਕਰਵਾਏ ਜਾਣ ਲੱਗ ਪਏ। ਅਜਿਹੇ ਬਿਖੜੇ ਸਮੇਂ ਵਿੱਚ ਕਈ ਬੱਚੇ ਸਿਆਣੇ ਅਤੇ ਅਸਲ ਖਾੜਕੂ ਸੋਚਣ ਲਈ ਮਜਬੂਰ ਸਨ। ਪਰ ਸਮਝ ਉਨ੍ਹਾਂ ਨੂੰ ਵੀ ਕੁਝ ਨਹੀਂ ਆ ਰਹੀ ਸੀ। ਇਸ ਸਾਰੇ ਵਰਤਾਰੇ ਵਿੱਚ ਦੁਆਬੇ ਦੇ ਬੱਚੇ ਖਾੜਕੂ ਬੜੀ ਦੁਚਿੱਤੀ ਵਿੱਚ ਸਨ। ਦੁਆਬੇ ਦੀ ਵੱਡੀ ਲੀਡਰਸ਼ਿੱਪ ਜਾਂ ਤਾਂ ਪੁਲਸ ਨੇ ਮਾਰ ਮੁਕਾਈ ਸੀ ਜਾਂ ਕਈ ਆਗੂ ਆਪ ਹੀ ਵਿਦੇਸ਼ਾਂ ਵਿੱਚ ਜਾ ਬੈਠੇ ਸਨ।

**ਚਲਦਾ......**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ ! -ਸੰਪਾਦਕ

# ਗੁਰੂ ਬੈਠਾ ਅਮਰੁ ਸਰੂਪ ਹੋਇ


- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743





**ਕਿਸ਼ਤ-32**

ਦੁਤੀਆ ਜਮੁਨ ਗਏ
ਗੁਰਿ ਹਰਿ ਹਰਿ ਜਪਨੁ ਕੀਆ॥
ਜਾਗਾਤੀ ਮਿਲੇ ਦੇ ਭੇਟ
ਗੁਰ ਪਿਛੈ ਲੰਘਾਇ ਦੀਆ॥
ਸਭ ਛੁਟੀ ਸਤਿਗੁਰੂ ਪਿਛੈ
ਜਿਨਿ ਹਰਿ ਹਰਿ ਨਾਮੁ ਧਿਆਇਆ॥
ਗੁਰ ਬਚਨਿ ਮਾਰਗਿ ਜੋ ਭਾਇ ਚਾਲੇ
ਤਿਨ ਜਮੁ ਜਾਗਾਤੀ ਨੇੜਿ ਨ ਆਇਆ॥
ਸਭ ਗੁਰੂ ਗੁਰੂ ਜਗਤੁ ਬੋਲੈ
ਗੁਰ ਕੈ ਨਾਇ ਲਇਐ
ਸੀਭ ਛੁਟਕਿ ਗਇਆ॥
ਦੁਤੀਆ ਜਮੁਨ ਗਏ
ਗੁਰਿ ਹਰਿ ਹਰਿ ਜਪਨੁ ਕੀਆ॥4॥
ਗੁ.ਗ੍ਰ.ਸਾ. ਪੰਨਾ 1116

ਸਾਰਾ ਇਕੱਠ ਹੀ ਸੰਗਤੀ ਰੂਪ ਵਿਚ ਗੁਰੂ ਪਾਤਸ਼ਾਹ ਜੀ ਦਾ ਨਾਮ ਜਪਦਾ ਪਾਰ ਹੋ ਗਿਆ ਪਰ ਕਿਸੇ ਜਾਗਾਤੀ (ਮਹਿਸੂਲੀਏ) ਨੇ ਕਿਸੇ ਨੂੰ ਨਾ ਰੋਕਿਆ, ਨਤੀਜੇ ਵਜੋਂ ਅੱਜ ਉਨ੍ਹਾਂ ਦੀਆਂ ਮਹਿਸੂਲ ਵਾਲੀਆਂ ਸੰਦੂਕੜੀਆਂ ਖਾਲੀ ਹੀ ਰਹਿ ਗਈਆਂ। ਅਗਲੇ ਪੜਾਅ 'ਤੇ ਜੁੜਿਆਂ ਹੋਇਆਂ ਨੂੰ ਗੁਰਦੇਵ ਜੀ ਨੇ ਸਮਝਾਇਆ,

'ਦੇਖੋ ਭਾਈ! ਬਾਦਸ਼ਾਹ ਅਕਬਰ ਦੇ ਹੁਕਮ ਅਨੁਸਾਰ ਹਰੇਕ ਹਿੰਦੂ ਤੀਰਥ ਯਾਤਰੀ ਨੂੰ ਖ਼ਾਸ ਟੈਕਸ ਦੇਣਾ ਜ਼ਰੂਰੀ ਹੈ ਪਰ, ਤੁਸਾਂ ਜਿਨ੍ਹਾਂ ਗੁਰੂ ਨਾਨਕ ਸਾਹਿਬ ਦੇ ਮਾਰਗ 'ਤੇ ਚੱਲਣ ਦਾ ਮਨ ਬਣਾ ਲਿਆ ਤੇ ਗੁਰੂ! ਗੁਰੂ!! ਜਪਣ ਲੱਗ ਪਏ ਉਨ੍ਹਾਂ ਵੱਲ ਜਾਗਾਤੀ ਵੇਖਦੇ ਤਾਂ ਰਹੇ ਪਰ, ਕਿਸੇ ਨੂੰ ਰੋਕ ਨਹੀਂ ਸੱਕੇ। ਇਸੇ ਤਰਹ ਜੇ ਤੁਸੀਂ ਸਦਾ ਗੁਰਮਤ ਅਨੁਸਾਰ ਹੀ ਚੱਲੋਗੇ ਤਾਂ ਜਮ ਰੂਪੀ ਜਾਗਾਤੀ ਕਦੀ ਤੁਹਾਡੇ ਵੱਲ ਵੇਖ ਵੀ ਨਹੀਂ ਸਕੇਗਾ। ਗੁਰੂ-ਬਾਬਾ ਜੀ ਦਾ ਚਲਾਇਆ ਇਹ ਗੁਰਮਤ ਗਾਡੀ ਰਾਹ ਹੈ ਜਿਸ 'ਤੇ ਬਿਨਾਂ ਕਿਸੇ ਵਰਨ-ਵੰਡ ਦੇ ਅਮੀਰ-ਗ਼ਰੀਬ ਅਰ ਰਾਜਾ ਤੇ ਰੰਕ ਭਾਵ ਸਾਰੇ ਹੀ ਚੱਲ ਕੇ ਆਪਣੇ ਜੀਵਨ ਨੂੰ ਸਫ਼ਲ ਕਰ ਸਕਦੇ ਹਨ, ਬੱਸ, ਇਸੇ ਵਿਚ ਹੀ ਗੁਰੂ-ਬਾਬਾ ਜੀ ਦੀਆਂ ਖ਼ੁਸ਼ੀਆਂ ਹਨ, ਉਨ੍ਹਾਂ ਦੇ ਇਨ੍ਹਾਂ ਬਚਨਾਂ ਨੂੰ ਸਦਾ ਯਾਦ ਰੱਖਣਾ ਜੋ ਯਾਦ ਰੱਖ ਕੇ ਚੱਲਣਗੇ ਉਨ੍ਹਾਂ ਦਾ ਵੀ ਭਲਾ ਹੋਵੇਗਾ। ਗੁਰਦੇਵ ਜੀ ਨੇ ਭਾਈ ਬਲਵੰਡ ਹੋਰਾਂ ਨੂੰ ਸਿਰੀ ਰਾਗ ਵਿਚ ਉਚਾਰਿਤ ਇਹ ਬਚਨ ਸਾਰੀ ਸੰਗਤ ਨੂੰ ਸੁਨਾਉਣ ਲਈ ਆਖਿਆ, ਭਾਈ ਜੀ ਨੇ ਸਰਵਣ ਕਰਵਾਇਆ:

ਰਾਮ ਨਾਮਿ ਮਨ ਬੇਧਿਆ
ਅਵਰੁ ਕਿ ਕਰੀ ਵੀਚਾਰੁ॥
ਸਬਦ ਸੁਰਤਿ ਸੁਖੁ ਊਪਜੈ
ਪ੍ਰਭ ਰਾਤਉ ਸੁਖ ਸਾਰੁ॥
ਜਿਉ ਭਾਵੈ ਤਿਉ ਰਾਖੁ ਤੂੰ
ਮੈ ਹਰਿ ਨਾਮੁ ਅਧਾਰੁ॥1॥
ਮਨ ਰੇ ਸਾਚੀ ਖਸਮ ਰਜਾਇ॥
ਜਿਨਿ ਤਨੁ ਮਨੁ ਸਾਜਿ ਸੀਗਾਰਿਆ
ਤਿਸੁ ਸੇਤੀ ਲਿਵਲਾਇ॥1॥ ਰਹਾਉ॥
ਤਨੁ ਬੈਸੰਤਰਿ ਹੋਮੀਐ



ਗੁਰਦੁਆਰਾ ਬਾਉਲੀ ਸਾਹਿਬ, ਪਿਹੋਵਾ ਜਿਥੇ ਗੁਰੂ ਨਾਨਕ ਸਾਹਿਬ ਜੀ ਨੇ ਚਰਨ ਪਾਏ ਉਪਰੰਤ ਕੁਰਖੇਤਰ ਨੂੰ ਜਾਂਦੇ ਗੁਰੂ ਅਮਰਦਾਸ ਜੀ ਨੇ ਠਹਿਰ ਕੇ ਜਗਿਆਸੂਆਂ ਨੂੰ ਸਿੱਧੇ ਰਾਹ ਪਾਇਆ।

ਇਕ ਰਤੀ ਤੋਲਿ ਕਟਾਇ॥
ਤਨੁ ਮਨੁ ਸਮਧਾ ਜੇ ਕਰੀ
ਅਨਦਿਨੁ ਅਗਨਿ ਜਲਾਇ॥
ਹਰਿ ਨਾਮੈ ਤੁਲਿ ਨ ਪੁਜਈ
ਜੇ ਲਖ ਕੋਟੀ ਕਰਮ ਕਮਾਇ॥2॥
ਅਰਧ ਸਰੀਰ ਕਟਾਈਐ
ਸਿਰਿ ਕਰਵਤੁ ਧਰਾਇ॥
ਤਨੁ ਹੈਮੰਚਲਿ ਗਾਲੀਐ
ਭੀ ਮਨ ਤੇ ਰੋਗੁ ਨ ਜਾਇ॥
ਹਰਿ ਨਾਮੈ ਤੁਲਿ ਨ ਪੁਜਈ
ਸਭ ਡਿਠੀ ਠੋਕਿ ਵਜਾਇ॥3॥
ਕੰਚਨ ਕੇ ਕੋਟਿ ਦਤੁ ਕਰੀ
ਬਹੁ ਹੈਵਰ ਗੈਵਰ ਦਾਨੁ॥
ਭੂਮਿ ਦਾਨੁ ਗਊਆ ਘਣੀ
ਭੀ ਅੰਤਰਿ ਗਰਬੁ ਗੁਮਾਨੁ॥
ਰਾਮ ਨਾਮਿ ਮਨੁ ਬੇਧਿਆ
ਗੁਰਿ ਦੀਆ ਸਚੁ ਦਾਨੁ॥4॥
ਮਨਹਠਿ ਬੁਧੀ ਕੇਤੀਆ
ਕੇਤੇ ਬੇਦ ਬੀਚਾਰ॥
ਕੇਤੇ ਬੰਧਨ ਜੀਅ ਕੇ
ਗੁਰਮੁਖਿ ਮੋਖ ਦੁਆਰ॥
ਸਚਹੁ ਓਰੈ ਸਭੁ ਕੋ
ਉਪਰਿ ਸਚੁ ਆਚਾਰੁ॥5॥
ਸਭੁ ਕੋ ਊਚਾ ਆਖੀਐ
ਨੀਚੁ ਨ ਦੀਸੈ ਕੋਇ॥
ਇਕਨੈ ਭਾਂਡੇ ਸਾਜਿਐ
ਇਕੁ ਚਾਨਣੁ ਤਿਹੁ ਲੋਇ॥
ਕਰਮਿ ਮਿਲੈ ਸਚੁ ਪਾਈਐ
ਧੁਰਿ ਬਖਸ ਨ ਮੇਟੈ ਕੋਇ॥6॥
ਸਾਧੁ ਮਿਲੈ ਸਾਧੂ ਜਨੈ
ਸੰਤੋਖੁ ਵਸੈ ਗੁਰ ਭਾਇ॥
ਅਕਥ ਕਥਾ ਵੀਚਾਰੀਐ
ਜੇ ਸਤਿਗੁਰ ਮਾਹਿ ਸਮਾਇ॥
ਪੀ ਅੰਮ੍ਰਿਤੁ ਸੰਤੋਖਿਆ
ਦਰਗਹਿ ਪੈਧਾ ਜਾਇ॥7॥
ਘਟਿ ਘਟਿ ਵਾਜੈ ਕਿੰਗੁਰੀ
ਅਨਦਿਨੁ ਸਬਦਿ ਸੁਭਾਇ॥
ਵਿਰਲੇ ਕਉ ਸੋਝੀ ਪਈ
ਗੁਰਮੁਖਿ ਮਨੁ ਸਮਝਾਇ॥
ਨਾਨਕ ਨਾਮੁ ਨ ਵੀਸਰੈ
ਛੂਟੈ ਸਬਦੁ ਕਮਾਇ॥8॥14॥
ਗੁ.ਗ੍ਰ.ਸਾ. ਪੰਨਾ 62

ਸਤਿਗੁਰਾਂ ਦੇ ਬਚਨ ਸੁਣ ਕੇ ਨਵੇਂ ਰਲੇ ਪਾਂਧੀਆਂ ਨੂੰ ਗੁਰਮਤ ਦੀ ਸੋਝੀ ਹੋ ਆਈ ਅਰ ਉਨ੍ਹਾਂ ਸੰਤੁਸ਼ਟਤਾ ਨਾਲ ਸੀਸ ਨਿਵਾਉਂਦਿਆਂ ਗੁਰੂ ਕੇ ਬਚਨਾਂ ਅਨੁਸਾਰ ਚੱਲ ਕੇ ਸਿਖ ਬਣਨ ਦਾ ਵਾਅਦਾ ਕੀਤਾ। ਹਜ਼ੂਰ ਪਾਤਸ਼ਾਹ ਜੀ ਨੇ ਆਸੀਸ ਦਿੱਤੀ, 'ਕਰਤਾਰ ਚਿੱਤ ਆਵੇ'।

**ਹੋਰ ਇਤਿਹਾਸਕ ਹਵਾਲੇ:**

ਜਾਗਾਤੀਆਂ ਮਨਸਾ ਕੁਛ ਮੰਗਣ ਦੀ ਆਹੀ। ਮੁਹੁ ਪਈ ਮੁੰਦਣ ਮੰਗਣ ਨਾਹੀ। ਲੈ ਆਏ ਜਗਾਤੀ ਹਥਿ ਅਰਦਾਸ। ਸਾਹਿਬ ਲੈਂਦੇ ਹੀ ਤੁਰ ਪਏ ਸਾਰਾ ਸਾਥ।52॥
ਚਰਣ ਤੀਜਾ ਬੰ.ਨਾ.
ਏਕ ਦਾਮ ਗੋਲਕ ਨਹੀ ਪਾਇਆ।
ਗੁਰ ਦਰਸਨ ਕਰਿ ਮਨ ਉਪਜੀ ਦਇਆ।
ਜੋ ਕੋਈ ਗੁਰ ਮਾਰਗ ਚਾਲੇ।
ਜਮ ਜਾਗਾਤੀ ਤਿਸੇ ਨ ਘਾਲੇ।19॥
ਦੋਹਰਾ॥ ਜਿਨ ਜਿਨ ਗੁਰ ਦਰਸਨ
ਕਰਾ ਪਾਇਆ ਪੁਨ ਪ੍ਰਮਾਨ।
ਜਗ ਤਾਰਨ ਕਾਰਨ ਰਚਿਓ ਸਤਿਗੁਰ ਕ੍ਰਿਪਾ ਨਿਧਾਨ॥20॥8॥ ਮ.ਪ੍ਰ.
ਸ੍ਰੀ ਸਤਿਗੁਰ ਸਭਿ ਨਰਨ ਜਨਾਈ।
**(ਸਤਿਗੁਰੂ ਜੀ ਨੇ ਸਾਰਿਆਂ ਨੂੰ ਸਮਝਾਇਆ)**
'ਬਡੇ ਭਾਗ ਜਿਸ ਲੇਹਿ ਸੁ ਪਾਈ।(ਭਾਈ! ਉਹ ਵਡਭਾਗੀ ਹੈ ਜੋ ਸਮਝ ਲਵੇਗਾ)
ਜਮੁ ਜਾਗਾਤੀ ਸਭਿ ਜਗ ਡੰਡੈ। (ਜਮ ਮਸੂਲੀਆ ਸਾਰੇ ਜਗਤ ਨੂੰ ਦੰਡ ਦੇਂਦਾ ਹੈ)
ਗੁਰ ਕੋ ਨਾਮ ਸੁਨਹਿ ਤਿਸ ਛੰਡੈ॥28॥ (ਪਰ, ਜਿਸ ਕੋਲੋਂ ਗੁਰੂ ਕਾ ਨਾਮ ਸੁਣਦਾ ਹੈ,ਉਸ ਨੂੰ ਛੱਡ ਦੇਂਦਾ ਹੈ)
ਯਾਂ ਤੇ ਸਤਿਗੁਰ ਸਰਣੀ ਪਰੈ।(ਇਸ ਲਈ ਜੋ ਗੁਰਮਤ ਅਨੁਸਾਰ ਚਲਦਾ ਹੈ)
ਜਮ ਕੋ ਤ੍ਰਾਸ ਮਹਾਂ ਪਰ ਹਰੈ।(ਉਹ ਜਮ ਤੋਂ ਨਿਰਭੈ ਹੋ ਜਾਂਦਾ ਹੈ)
ਜੈਸੇ ਤੁਰਕ ਜਗਾਤੀ ਅਬੈ।
(ਜਿਵੇਂ ਹੁਣੇ ਤੁਰਕ ਮਸੂਲੀਆਂ ਨੇ)
ਸੁਨਿ ਗੁਰ ਨਾਮ ਤਜੈ ਨਰ ਸਭੈ।29॥49॥
ਰਾਸ 1 (ਗੁਰੂ ਕਾ ਨਾਮ ਸੁਣਦਿਆਂ ਸਭ ਛਡ ਦਿੱਤੇ)

## ਸਤੀਆ ਏਹ ਨ ਆਖੀਅਨਿ

ਗੰਗਾ ਨਦੀ ਦੇ ਨੇੜੇ ਪਹੁੰਚਣ 'ਤੇ ਫਿਰ ਜਾਗਾਤੀ ਬੈਠੇ ਹੋਏ ਮਿਲੇ ਪਰ ਇਥੇ ਵੀ ਯਮੁਨਾ ਪਾਰ ਕਰਨ ਵੇਲੇ ਦਾ ਵਰਤਾਰਾ ਹੀ ਵਰਤਿਆ ਜਿਸ ਨੂੰ ਚੌਥੇ ਪਾਤਸ਼ਾਹ ਜੀ ਨੇ ਇਨ੍ਹਾਂ ਲਫ਼ਜ਼ਾਂ ਵਿਚ ਬਿਆਨਿਆ ਹੈ:

ਤ੍ਰਿਤੀਆ ਆਏ ਸੁਰਸਰੀ
ਤਹ ਕਉਤਕੁ ਚਲਤੁ ਭਇਆ॥
ਸਭ ਮੋਹੀ ਦੇਖਿ ਦਰਸਨੁ
ਕਿਨੈ ਆਢੁ ਨ ਦਾਮੁ ਲਇਆ॥
ਆਢੁ ਦਾਮੁ ਕਿਛੁ ਪਇਆ ਨ ਬੋਲਕ
ਜਾਗਾਤੀਆ ਮੋਹਣ ਮੁੰਦਣਿ ਪਈ॥
**ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ**
**ਸਭ ਭਾਗਿ ਸਤਿਗੁਰ ਪਿਛੈ ਭਈ॥ ਜਾਗਾਤੀਆ**
ਉਪਾਵ ਸਿਆਣਪ ਕਰਿ ਵੀਚਾਰੁ ਡਿਠਾ
ਭੰਨਿ ਬੋਲਕਾ ਸਭਿ ਉਠਿ ਗਇਆ॥
ਤ੍ਰਿਤੀਆ ਆਏ ਸੁਰਸਰੀ
ਤਹ ਕਉਤਕੁ ਚਲਤੁ ਭਇਆ॥5॥

ਚੌਥੇ ਪਾਤਸ਼ਾਹ ਜੀ ਨੇ ਪਹਿਲਾਂ ਵਾਂਗ ਫਿਰ ਹੋਈ ਇਸ ਸਾਰੀ ਘਟਨਾ ਨੂੰ ਗੁਰੂ ਕਾ ਕਉਤਕ ਕਹਿ ਕੇ ਵਰਨਣ ਕੀਤਾ ਹੈ।

ਖ਼ੈਰ, ਸਤਿਗੁਰੂ ਅਮਰਦਾਸ ਜੀ ਸਾਰੀ ਸੰਗਤ ਸਹਿਤ ਕੰਨਖਲ ਦੇ ਇਲਾਕੇ ਵਿਚ, ਗੰਗਾ ਕਿਨਾਰੇ ਸਤੀ ਘਾਟ, ਕੋਲ ਆਣ ਡੇਰਾ ਲਾਇਆ। ਵਰਨਣਯੋਗ ਹੈ ਕਿ ਉਸ ਸਮੇਂ ਤੱਕ ਅਜੇ ਹਰਿਦੁਆਰ ਨਾਂ ਦੀ ਕੋਈ ਆਬਾਦੀ ਹੋਂਦ ਵਿਚ ਨਹੀਂ ਸੀ ਆਈ। ਇਸ ਸਾਰੀ ਆਬਾਦੀ ਨੂੰ ਮਾਇਆਪੁਰੀ ਅਰ ਗੰਗਾ ਦੇ ਮੁਖ ਸਥਾਨ ਨੂੰ ਹਰਿ ਕੀ ਪਉੜੀ ਕਿਹਾ ਜਾਂਦਾ ਸੀ ਜਿਸ ਨੂੰ ਹਰਿ ਕਾ ਦੁਆਰ ਕਹਿ ਕੇ ਮੰਨਿਆ ਜਾਂਦਾ ਹੈ। ਹੌਲੀ ਹੌਲੀ ਹਰਿ ਕੀ ਪਉੜੀ ਜਾਂ ਹਰਿ ਕੇ ਦੁਆਰ ਨੂੰ ਹੀ ਹਰਿਦੁਆਰ ਕਿਹਾ ਜਾਣ ਲੱਗਾ।

ਸਾਡੇ ਇਤਿਹਾਸਕਾਰਾਂ ਦਾ ਕਥਨ ਹੈ ਕਿ ਗੁਰੂ ਪਾਤਸ਼ਾਹ ਜੀ ਇਸ ਯਾਤਰਾ ਦੌਰਾਨ ਸਭ ਤੋਂ ਜ਼ਿਆਦਾ ਦਿਨ ਇਥੇ ਠਹਿਰੇ। ਇਸ ਬਾਬਤ ਇਉਂ ਵਿਚਾਰਿਆ ਜਾ ਸਕਦਾ ਹੈ ਕਿ ਕਾਂਸ਼ੀ ਤੋਂ ਬਾਦ ਪੰਜਾਬ ਦੇ ਨੇੜੇ ਇਹੀ ਉਹ ਸਥਾਨ ਹੈ ਜਿਥੇ ਸੱਤਾਂ ਵਿਚੋਂ ਇਕ ਪੁਰੀ (ਮਾਇਆਪੁਰੀ) ਵੀ ਹੈ ਅਰ ਗੰਗਾ ਦਾ ਉਹ ਕਿਨਾਰਾ ਜਿਸ ਦੇ ਕੰਢੇ 'ਤੇ ਲੰਮੇ ਸਮੇਂ ਤੋਂ ਰਿਸ਼ੀਆਂ ਮੁਨੀਆਂ ਤਪੀਆਂ ਵਿਦਵਾਨਾਂ ਦਾ ਨਿਵਾਸ ਹੋਣਾ ਮੰਨਿਆ ਜਾਂਦਾ ਸੀ। ਧੰਨ ਗੁਰੂ ਨਾਨਕ ਸਾਹਿਬ ਜੀ ਵਾਂਗ ਸ੍ਰੀ ਗੁਰੂ ਅਮਰਦਾਸ ਜੀ ਦੀ ਵੀ ਇੱਛਾ ਸੀ ਕਿ ਇਸ ਵਰਗ ਨਾਲ ਵੱਧ ਤੋਂ ਗੋਸ਼ਟਾਂ ਕੀਤੀਆਂ ਜਾਣ ਤਾਂ ਜੁ ਇਨ੍ਹਾਂ ਤੱਕ ਅਰ ਇਨ੍ਹਾਂ ਰਾਹੀਂ ਆਮ ਲੋਕਾਂ ਤੱਕ ਗੁਰਮਤਿ ਦੀ ਸੋਝੀ ਹੋ ਸੱਕੇ। ਇਸ ਦੇ ਨਾਲ ਹੀ ਸਤਿਗੁਰੂ ਜੋ ਲੰਮਾ ਸਮਾਂ ਇਥੇ ਪਹਿਲਾਂ ਆਉਂਦੇ ਰਹੇ ਸਨ, ਉਨ੍ਹਾਂ ਦੇ ਧਿਆਨ ਵਿਚ ਸੀ ਕਿ ਇਥੇ ਆਉਣ ਵਾਲੇ ਯਾਤ੍ਰੀਆਂ ਨਾਲ ਵੱਧ ਤੋਂ ਵੱਧ ਸਿੱਧਾ ਸੰਪਰਕ ਕੀਤਾ ਜਾਵੇ ਅਰ ਉਨ੍ਹਾਂ ਨੂੰ ਬ੍ਰਾਹਮਣੀ ਭਰਮ-ਜਾਲ 'ਚੋਂ ਬਾਹਰ ਕੱਢਿਆ ਜਾਵੇ।

ਚਲਦਾ.....

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**683. ਹਰੀ ਜਨ ਦੀ ਕੀ ਪ੍ਰਭਾਸ਼ਾ ਹੈ? ਹਰੀ ਜਨ ਕਿਹਨੂੰ ਕਹਿੰਦੇ ਹਨ?**

ਜਿਸ ਮਨੁੱਖ ਨੇ ਪ੍ਰਭੂ ਦਾ ਨਾਮ-ਰਸ ਚਖ ਲਿਆ, ਉਹੀ ਮਨੁੱਖ ਹਰੀ ਦਾ ਜਨ ਹੈ । ਉਸ ਨੂੰ ਸਦਾ ਖੁਸ਼ੀ ਹੁੰਦੀ ਹੈ ਤੇ ਕਦੇ ਸੋਗ ਨਹੀਂ ਹੁੰਦਾ । ਉਹ ਆਪ ਮਾਇਆ ਦੇ ਬੰਧਨਾਂ ਤੋਂ ਮੁਕਤ ਰਹਿੰਦਾ ਹੈ ਤੇ ਹੋਰਨਾਂ ਨੂੰ ਭੀ ਮੁਕਤ ਕਰਾ ਲੈਂਦਾ ਹੈ । ਉਹ ਪ੍ਰਭੂ ਦਾ ਨਾਮ ਜਪਦਾ ਹੈ ਤੇ ਪ੍ਰਭੂ ਤੋਂ ਪਰਮ ਸੁਖ ਪ੍ਰਾਪਤ ਕਰਦਾ ਹੈ । "ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ ॥ ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥ ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥ ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥3॥ ਅੰਗ 664" ।

**684. ਹਰੀ ਜਨ ਕਿਹੋ ਜਿਹਾ ਹੋਣਾ ਚਾਹੀਦਾ ਹੈ?**

ਕਬੀਰ ਜੀ ਨੇਕ ਸਲਾਹ ਦਿੰਦੇ ਹਨ ਕਿ ਮਨ ਦਾ ਹੰਕਾਰ ਛੱਡ ਕੇ ਰਸਤੇ ਦਾ ਰੋੜਾ ਹੋ ਕੇ ਰਹੋ । ਐਸਾ ਕੋਈ ਹਰੀ ਦਾ ਦਾਸ (ਜਨ) ਹੋਇ ਤਾਂ ਉਸਨੂੰ ਸ੍ਰੀ ਭਗਵਾਨ ਦਾ ਮਿਲਾਪ ਹੋਏਗਾ । "ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥ ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥146॥ ਅੰਗ 1372" । ਫਿਰ ਕਬੀਰ ਜੀ ਫੁਰਮਾਉਂਦੇ ਹਨ ਕਿ ਰੋੜਾ ਹੋਇਆ ਤਾਂ ਕੀ ਹੋਇਆ ਜੋ ਰਾਹੀ ਨੂੰ (ਚੁੱਭਣ ਕਰਕੇ) ਦੁੱਖ ਦਿੰਦਾ ਹੈ । ਐਸਾ ਤੇਰਾ ਦਾਸ (ਜਨ) ਹੋਵੇ ਜਿਵੇਂ ਧਰਤੀ ਵਿਚ ਮਿੱਟੀ । ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ ॥ ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥147॥ ਅੰਗ 1372"। ਕਬੀਰ ਜੀ ਦੇ ਮਨ 'ਚ ਫਿਰ ਖਿਆਲ ਆਉਂਦਾ ਹੈ ਕਿ ਮਿੱਟੀ ਹੋਇਆ ਤਾਂ ਕੀ ਹੋਇਆ ਜੋ ਕਿ ਉੱਡ ਕੇ ਸਰੀਰ ਦੇ ਅੰਗਾਂ ਨੂੰ ਲੱਗਕੇ ਗੰਦਾ ਕਰਦੀ ਹੈ । ਹਰੀ ਜਨ ਪਾਣੀ ਵਰਗਾ ਹੋਣਾ ਚਾਹੀਦਾ ਹੈ ਜੋ ਕਿ ਸਾਰੇ ਅੰਗਾਂ ਵਾਸਤੇ ਬਰਾਬਰ ਹੁੰਦਾ ਹੈ; ਭਾਵ ਸਾਰੇ ਅੰਗਾਂ ਦੀ ਮੈਲ਼ ਧੋਂਦਾ ਹੈ । ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ ॥ ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ ॥148॥ ਅੰਗ 1372" । ਲੇਕਿਨ ਇੱਥੇ ਵੀ ਕਬੀਰ ਜੀ ਦੀ ਤਸੱਲੀ ਨਹੀਂ ਹੁੰਦੀ, ਉਹ ਕਹਿੰਦੇ ਹਨ ਕਿ ਪਾਣੀ ਹੋ ਗਿਆ ਤਾਂ ਕੀ ਹੋਇਆ, ਪਾਣੀ ਤਾਂ ਠੰਡਾ ਤੇ ਗਰਮ ਹੁੰਦਾ ਹੈ । ਹਰੀ ਜਨ ਐਸਾ ਚਾਹੀਦਾ ਹੈ ਜੈਸਾ ਕਿ ਹਰੀ (ਖੁਦ) ਹੈ । ਭਾਵ ਹਰੀ ਜਨ ਹਰੀ ਦਾ ਹੀ ਰੂਪ ਹੋਣਾ ਚਾਹੀਦਾ ਹੈ! ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ ॥ ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥149॥ ਅੰਗ 1372" ।

**685. ਦੁਨਿਆਵੀ ਕੰਮ ਕਾਰ ਕਰਨ ਵਾਲ਼ਿਆਂ ਦੇ ਮੁਕਾਬਲੇ ਹਰੀ ਦੇ ਜਨ (ਪ੍ਰਭੂ ਦੇ ਸੇਵਕ) ਕੀ ਕਰਦੇ ਹਨ?**

ਹਰੀ ਜਨ ਪ੍ਰਭੂ ਦਾ ਜਾਪ ਕਰਦਾ ਹੈ ਪ੍ਰਭੂ ਦਾ ਨਾਮ ਉਚਾਰਨ ਕਰਦਾ ਹੈ ਤੇ ਨਾਮ ਧਨ ਹੀ ਇਕੱਠਾ ਕਰਦਾ ਹੈ । ਕਿਸਾਨ ਖੇਤੀ ਦਾ ਕੰਮ ਜੀ ਲਾ ਕੇ ਕਰਦਾ ਹੈ, ਹਲ ਵਾਹੁੰਦਾ ਹੈ ਉੱਦਮ ਕਰਦਾ ਹੈ ਤੇ ਤਾਂਘ ਕਰਦਾ ਹੈ (ਕਿ ਫ਼ਸਲ ਚੰਗੀ ਹੋਵੇ, ਤਾਂ ਕਿ) ਮੇਰਾ ਪੁੱਤਰ ਤੇ ਮੇਰੀ ਧੀ ਖਾਏ । ਇਸੇ ਤਰ੍ਹਾਂ ਪ੍ਰਭੂ ਦਾ ਦਾਸ ਪ੍ਰਭੂ ਦੇ ਨਾਮ ਦਾ ਜਾਪ ਕਰਦਾ ਹੈ ਜੋ ਉਸਨੂੰ ਅੰਤ ਵੇਲੇ (ਜਮਾਂ ਦੇ ਪੰਜੇ ਤੋਂ) ਛੁਡਾ ਲੈਂਦਾ ਹੈ । "ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ ॥ ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥ ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ ॥1॥ ਅੰਗ 166" । ਸੌਦਾਗਰ ਸੌਦਾਗਰੀ ਕਰਨ ਵਾਸਤੇ ਘੋੜੇ ਲੈ ਕੇ ਤੁਰ ਪੈਂਦਾ ਹੈ, ਉਹ ਧਨ ਖੱਟਦਾ ਹੈ (ਹੋਰ ਧਨ ਦੀ) ਆਸ ਕਰਦਾ ਹੈ ਤੇ ਮਾਇਆ ਦਾ ਮੋਹ ਵਧਾਉਂਦਾ ਜਾਂਦਾ ਹੈ। ਇਸੇ ਤਰ੍ਹਾਂ ਪ੍ਰਭੂ ਦਾ ਦਾਸ ਪ੍ਰਭੂ ਦਾ ਨਾਮ ਉਚਾਰਨ ਕਰਦਾ ਹੈ ਤੇ ਨਾਮ ਉਚਾਰਨ ਕਰਕੇ ਸਦੀਵੀ ਸੁਖ ਪਾਉਂਦਾ ਹੈ । "ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ ॥ ਧਨੁ ਖਟੈ ਆਸਾ ਕਰੈ ਮਾਇਆ ਮੋਹੁ ਵਧਾਵੈ ॥ ਤਿਉ ਹਰਿਜਨੁ ਹਰਿ ਹਰਿ ਬੋਲਤਾ ਹਰਿ ਬੋਲਿ ਸੁਖੁ ਪਾਵੈ ॥2॥ ਅੰਗ 166" । ਦੁਕਾਨਦਾਰ ਦੁਕਾਨ ਵਿਚ ਬੈਠ ਕੇ ਜ਼ਹਿਰ ਰੂਪੀ ਮਾਇਆ ਇਕੱਠੀ ਕਰਦਾ ਹੈ; ਜੋ ਕਿ ਮੋਹ ਦਾ ਝੂਠਾ ਪਸਾਰਾ ਹੈ, ਝੂਠ ਨਾਲ ਹੀ ਉਹ ਲਪਟਦਾ ਹੈ । ਇਸੇ ਤਰ੍ਹਾਂ ਪ੍ਰਭੂ ਦਾ ਦਾਸ ਪ੍ਰਭੂ ਦਾ ਨਾਮ ਧਨ ਜਮ੍ਹਾਂ ਕਰਦਾ ਹੈ, ਜੋ ਕਿ ਉਹ (ਨਾਮ-ਧਨ) ਆਪਣੇ ਪ੍ਰਲੋਕ ਦੇ ਸਫ਼ਰ ਵਾਸਤੇ ਆਪਣੇ ਨਾਲ ਲੈ ਜਾਂਦਾ ਹੈ । ਜਦ ਕਿ ਦੁਨਿਆਵੀ ਧਨ ਇੱਥੇ ਹੀ ਰਹਿ ਜਾਂਦਾ ਹੈ; ਮੌਤ ਉਪਰੰਤ ਨਾਲ਼ ਨਹੀਂ ਜਾਂਦਾ। "ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ ॥ ਮੋਹ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ ॥ ਤਿਉ ਹਰਿਜਨਿ ਹਰਿਧਨੁ ਸੰਚਿਆ ਹਰਿ ਖਰਚੁ ਲੈ ਜਾਇ ॥3॥ ਅੰਗ 166" । ਜਿਵੇਂ ਕੋਈ ਦੁਕਾਨਦਾਰ ਮਾਲ-ਧਨ ਦੀ ਦੁਕਾਨ ਕਰਦਾ ਹੈ, ਜਿਵੇਂ ਕਿਸੇ ਜੁਆਰੀਏ ਦਾ ਮਨ ਜੂਏ ਵਿਚ ਮਗਨ ਰਹਿੰਦਾ ਹੈ, ਜਿਵੇਂ ਕੋਈ ਅਮਲੀ ਅਮਲ ਖਾ ਕੇ ਜਿਉਂਦਾ ਹੈ, ਤਿਵੇਂ ਹਰੀ ਜਨ ਪ੍ਰਭੂ ਦਾ ਨਾਮ ਧਿਆ ਕੇ ਜਿਉਂਦਾ ਹੈ । "ਹਟਵਾਣੀ ਧਨ ਮਾਲ ਹਾਟੁ ਕੀਤੁ ॥ ਜੂਆਰੀ ਜੂਏ ਮਾਹਿ ਚੀਤੁ ॥ ਅਮਲੀ ਜੀਵੈ ਅਮਲੁ ਖਾਇ॥ ਤਿਉ ਹਰਿ ਜਨੁ ਜੀਵੈ ਹਰਿ ਧਿਆਇ ॥1॥ ਅੰਗ 1180" । ਜਦੋਂ ਘਟਾਂ ਚੜ੍ਹਦੀਆਂ ਹਨ ਤਾਂ ਮੋਰ ਪੈਲਾਂ ਪਾਉਂਦੇ ਹਨ, ਚੰਦ ਨੂੰ ਵੇਖ ਕੇ ਕੰਮੀਆਂ ਖਿੜਦੀਆਂ ਹਨ, ਆਪਣੇ ਬੱਚੇ ਨੂੰ ਵੇਖ ਕੇ ਮਾਂ ਖ਼ੁਸ਼ ਹੁੰਦੀ ਹੈ, ਤਿਵੇਂ ਹਰੀ ਦਾ ਜਨ ਗੋਬਿੰਦ ਦਾ ਨਾਮ ਜਪ ਕੇ ਜਿਉਂਦਾ ਹੈ । "ਮੇਘ ਸਮੈ ਮੋਰ ਨਿਰਤਿਕਾਰ ॥ ਚੰਦ ਦੇਖਿ ਬਿਗਸਹਿ ਕਉਲਾਰ ॥ ਮਾਤਾ ਬਾਰਿਕ ਦੇਖਿ ਅਨੰਦ॥ ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ॥2॥ ਅੰਗ 1180" । ਸ਼ੇਰ ਦੀ ਰੁਚੀ ਸਦਾ ਮਾਸ ਦੇ ਭੋਜਨ ਵਿਚ ਹੁੰਦੀ ਹੈ, ਜੁੱਧ ਦੇ ਮੈਦਾਨ ਨੂੰ ਵੇਖ ਕੇ ਸੂਰਮੇ ਦੇ ਚਿੱਤ ਨੂੰ ਜੋਸ਼ ਆਉਂਦਾ ਹੈ, ਕੰਜੂਸ ਨੂੰ ਧਨ ਨਾਲ਼ ਬਹੁਤ ਮੋਹ ਹੁੰਦਾ ਹੈ । ਇਸੇ ਤਰ੍ਹਾਂ ਹਰੀ ਜਨ ਨੂੰ ਹਰੀ ਪ੍ਰਭੂ ਦਾ ਆਸਰਾ ਹੁੰਦਾ ਹੈ । "ਸਿੰਘ ਰੁਚੈ ਸਦ ਭੋਜਨੁ ਮਾਸ ॥ ਰਣੁ ਦੇਖਿ ਸੂਰੇ ਚਿਤ ਉਲਾਸ ॥ ਕਿਰਪਨ ਕਉ ਅਤਿ ਧਨ ਪਿਆਰੁ ॥ ਹਰਿ ਜਨ ਕਉ ਹਰਿ ਹਰਿ ਆਧਾਰੁ ॥3॥ ਅੰਗ 1180" ।

ਚਲਦਾ...

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.......................................................................
ADDRESS....................................................................
.....................................POST CODE..............................
TEL........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
www.panjabtimes.uk Email: Panjabtimes@aol.com

ਗੁਰਦਆਰਾ ਰਾਮਗੜ੍ਹੀਆ ਸਭਾ ਡਰਬੀ ਵਿਖੇ
ਇਕ ਧਾਰਮਿਕ ਸੇਵਾਦਾਰ ਦੀ ਲੋੜ

ਕੰਮ – ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਕੀਰਤਨ ਕਰਨਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ ।

ਤਜ਼ਰਬਾ ਅਤੇ ਸ਼ਰਤਾਂ: ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ । ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ ।

ਤਨਖਾਹ: ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ ।

ਉਮੀਦਵਾਰ ਆਪਣੀ ਅਰਜ਼ੀਆਂ ਪੂਰੇ ਵੇਰਵੇ ਸਮੇਤ ਲਿਖ ਕੇ) ਹੇਠਾਂ ਦਿੱਤੇ ਪਤੇ ਉੱਤੇ 24 ਅਪ੍ਰੈਲ 2026 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

VACANCY for Tier-5 Religious Worker

***1 Religious Worker Required:*** Role includes reciting from Guru Granth Sahib Ji. Perform Keertan (Singing Hymns), Serving Langer within gurmeryadha, Leading prayers at weddings and other special occasions.

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have 3 years experience.

***Pay and Conditions:*** Required to be residing within the Gurdwara. Work 25 hours per week, pay is national living wage and Statuary holiday pay. ***Closing Date 24th APRIL 2026***

*For further information please contact* Ranjit singh Seehra
RAMGARHIA SABHA DERBY
278 ST. THOMAS ROAD, DERBY, DE23 8SY (U.K.)

For more information please contact : Ranjit singh Seehra 07729755864
Email: ranjitseehra2@gmail.com

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਤਿਕਾਰਯੋਗ ਭੈਣ:-ਬੇਬੇ ਨਾਨਕੀ ਜੀ

**ਰਮੇਸ਼ ਬੱਗਾ ਚੋਹਲਾ**



ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਨਿਰਮਲ ਪੰਥ ਦੇ ਸ਼ੁਰੂਆਤੀ ਸਮੇਂ ਵਿਚ ਇਸ (ਪੰਥ) ਦੇ ਪ੍ਰਤੀ ਸੰਸਾਰਿਕ ਪੱਖ ਤੋਂ ਹੁੰਗਾਰਾ ਭਰਨ ਵਾਲਿਆਂ ਵਿਚ ਜਿਥੇ ਚੌਧਰੀ ਰਾਇ ਬੁਲਾਰ ਭੱਟੀ ਦਾ ਨਾਮ ਵਰਨਣਯੋਗ ਹੈ ਉਥੇ ਪਰਿਵਾਰਕ ਪੱਖੋਂ ਹਾਮੀ ਭਰਨ ਵਾਲਿਆਂ ਵਿਚ ਗੁਰੂ ਸਾਹਿਬ ਦੀ ਵੱਡੀ ਭੈਣ ਬੇਬੇ ਨਾਨਕੀ ਦਾ ਨਾਮ ਵੀ ਬੜੇ ਅਦਬ ਨਾਲ ਲਿਆ ਜਾਂਦਾ ਹੈ। ਉਮਰ ਵਿਚ ਪੰਜ ਸਾਲ ਵੱਡੀ ਹੋਣ ਦੇ ਬਾਵਜੂਦ ਬੇਬੇ ਨਾਨਕੀ ਨੇ ਆਪਣੇ ਵੀਰ ਨਾਨਕ ਨੂੰ ਵੀਰ ਨਾਲੋਂ ਕਿਤੇ ਵੱਧ ਪੀਰ ਕਰਕੇ ਸਤਿਕਾਰਿਆ ਹੈ। ਪਰਿਵਾਰ ਵਿਚੋਂ ਗੁਰੂ ਸਾਹਿਬ ਦੀਆਂ ਇਲਾਹੀ ਰਮਜਾਂ ਨੂੰ ਸਮਝਣ ਵਿਚ ਪਹਿਲ ਕਰਨ ਵਾਲੀ ਬੇਬੇ ਨਾਨਕੀ ਨੂੰ ਹੀ ਮੰਨਿਆ ਜਾਂਦਾ ਹੈ। ਇੱਕ ਇਤਿਹਾਸਕ ਹਵਾਲੇ ਅਨੁਸਾਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮੋਦੀ ਦਾ ਕਾਰਜ ਨਿਭਾਉਣ ਹਿੱਤ ਸੁਲਤਾਨਪੁਰ ਲੋਧੀ ਵਿਚ ਬੇਬੇ ਨਾਨਕੀ ਦੇ ਗ੍ਰਹਿ ਵਿਖੇ ਆਏ ਤਾਂ ਉਹ (ਨਾਨਕੀ) ਗੁਰੂ ਸਾਹਿਬ ਦੇ ਚਰਨੀ ਪੈ ਗਏ। ਗੁਰੂ ਸਾਹਿਬ ਨੇ ਬੇਬੇ ਨੂੰ ਅਦਬ ਨਾਲ ਉਪਰ ਉਠਾਇਆ ਤੇ ਫ਼ੁਰਮਾਇਆ:-"ਬੇਬੇ ! ਤੂੰ ਵੱਡੀ ਏਂ, ਪੈਰੀਂ ਤਾਂ ਮੈਨੂੰ ਪੈਣਾ ਚਾਹੀਦਾ ਹੈ।" ਸ਼ਰਧਾ ਅਤੇ ਸਤਿਕਾਰਮਈ ਭਾਵਨਾ ਨਾਲ ਭੈਣ ਨਾਨਕੀ ਬੋਲੀ-"ਸੱਚ ਆਖਦਾ ਭਾਈ, ਪਰ ਤੂੰ ਆਦਮੀ ਹੋਵੇ ਤੇ ਤਾਂ, ਮੈਨੂੰ ਤਾਂ ਤੇਰੇ ਵਿਚੋਂ ਰੱਬ ਨਜ਼ਰ ਆਉਂਦਾ ਹੈ।"

ਭਾਈ ਕਾਹਨ ਸਿੰਘ ਨਾਭਾ ਅਨੁਸਾਰ:- "ਬੇਬੇ ਨਾਨਕੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੈਣ ਹੋਣ ਦੇ ਨਾਲ-ਨਾਲ ਉਨ੍ਹਾਂ ਦੇ ਧਰਮ (ਸਿੱਖੀ) ਨੂੰ ਧਾਰਨ ਕਰਨ ਵਾਲੀ ਪਹਿਲੀ ਇਸਤਰੀ ਸਿੱਖ ਸੀ।"

ਬੇਬੇ ਨਾਨਕੀ ਦਾ ਜਨਮ 2 ਅਪ੍ਰੈਲ 1464 ਈ. ਨੂੰ ਨਾਨਕੇ ਪਿੰਡ ਚਾਹਲ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਖੇ ਹੋਇਆ ਭਾਈ ਰਾਮਾ ਜੀ, ਕ੍ਰਿਸ਼ਨਾ ਜੀ ਅਤੇ ਮਾਤਾ ਭਿਰਾਈ ਜੀ (ਨਾਨਕਾ ਪਰਿਵਾਰ) ਵੱਲੋਂ ਆਪਣੀ ਲਾਡਲੀ ਦੋਹਤੀ ਨੂੰ ਰੱਜਵੇਂ ਲਾਡ ਲਡਾਏ ਗਏ। ਇਸ ਲਾਡ-ਪਿਆਰ ਸਦਕਾ ਹੀ ਨਵ-ਜਨਮੀ ਬੱਚੀ ਨੂੰ ਨਾਨਕਿਆਂ ਦੀ ਨਾਮ ਨਾਲ ਜਾਣਿਆਂ ਜਾਣ ਲੱਗਾ, ਬਾਅਦ ਵਿਚ ਇਹ ਨਾਮ ਹੀ ਨਾਨਕੀ ਕਰਕੇ ਪ੍ਰਚਲਿਤ ਹੋ ਗਿਆ। ਜਦੋਂ 15 ਅਪ੍ਰੈਲ 1469 ਈ. ਨੂੰ ਰਾਇ-ਭੋਇ ਦੀ ਤਲਵੰਡੀ ਉਰਫ਼ ਸ੍ਰੀ ਨਨਕਾਣਾ ਸਾਹਿਬ ਵਿਖੇ ਜਗਤ ਗੁਰੂ ਦਾ ਆਗਮਨ ਹੋਇਆ ਤਾਂ ਉਨ੍ਹਾਂ ਨੂੰ ਵੀ ਨਾਨਕੀ ਦਾ ਨਾਨਕ ਕਿਹਾ ਜਾਣ ਲੱਗਾ ਪਿਆ। ਫਿਰ ਇਹ ਹੀ ਨਾਮਕਰਣ ਵਿਸ਼ਵ ਪ੍ਰਸਿੱਧ ਹੋ ਗਿਆ।

11 ਸਾਲ ਦੀ ਉਮਰ ਵਿਚ ਬੇਬੇ ਨਾਨਕੀ ਦਾ ਆਨੰਦ-ਕਾਰਜ ਸੁਲਤਾਨਪੁਰ ਲੋਧੀ ਦੇ ਵਸਨੀਕ ਭਾਈ ਜੈ ਰਾਮ ਨਾਲ ਹੋਇਆ ਜਿਹੜੇ ਨਵਾਬ ਦੌਲ਼ਤ ਖਾਂ ਦੇ ਆਮਿਲ ਸਨ। ਇਸ ਵਿਆਹ ਲਈ ਵਿਚੋਲੇ ਦੀ ਭੂਮਿਕਾ ਰਾਇ ਬੁਲਾਰ ਭੱਟੀ ਸਾਹਿਬ ਨੇ ਨਿਭਾਈ ਸੀ। ਵਿਆਹ ਤੋਂ ਬਾਅਦ ਬੇਬੇ ਨਾਨਕੀ ਦਾ ਪੱਕਾ ਟਿਕਾਣਾ ਭਾਵੇਂ ਸੁਲਤਾਨਪੁਰ ਬਣ ਗਿਆ ਸੀ ਪਰ ਆਪਣੇ ਮਾਪਿਆਂ (ਵਿਸ਼ੇਸ਼ ਕਰਕੇ ਰੱਬੀ ਰੂਪ ਵੀਰ) ਨੂੰ ਮਿਲਣ ਲਈ ਉਹ ਅਕਸਰ ਤਲਵੰਡੀ ਆਉਂਦੇ ਰਹਿੰਦੇ ਸਨ ਭੈਣ ਨਾਨਕੀ ਦੇ ਯਾਦ ਕਰਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਆਪਣੇ ਪੱਕੇ ਸਾਥੀ ਭਾਈ ਮਰਦਾਨੇ ਸਮੇਤ ਉਨ੍ਹਾਂ ਕੋਲ ਸੁਲਤਾਨਪੁਰ ਲੋਧੀ ਵਿਖੇ ਆਉਂਦੇ-ਜਾਂਦੇ ਰਹਿੰਦੇ ਸਨ। ਇਸ ਮੇਲ-ਮਿਲਾਪ ਨਾਲ ਭੈਣ-ਭਰਾ ਦਾ ਸੰਸਾਰੀ ਅਤੇ ਨਿਰੰਕਾਰੀ ਪਿਆਰ ਸੰਘਣਾ ਹੁੰਦਾ ਰਹਿੰਦਾ ਸੀ। ਪਿਆਰ ਦੀ ਇਸ ਸੰਘਣਤਾ ਕਰਕੇ ਹੀ ਮਹਿਤਾ ਕਾਲੂ ਜੀ ਵੀ ਸਮਝਣ ਲੱਗ ਪਏ ਸਨ ਕਿ ਗੁਰੂ ਨਾਨਕ ਦੇਵ ਨੂੰ ਜੇ ਕੋਈ ਗੱਲ ਮੰਨਵਾ ਸਕਦਾ ਹੈ ਤਾਂ ਉਹ ਨਾਨਕੀ ਅਤੇ ਉਸ ਦਾ ਖ਼ਾਵੰਦ ਭਾਈ ਜੈ ਰਾਮ ਹੀ ਹਨ। ਇਸ ਕਰਕੇ ਆਪਣੇ ਧੀ-ਜਵਾਈ ਨਾਲ ਉਹ ਮਨ ਦੀ ਗੱਲ ਵੀ ਕਰ ਲਿਆ ਕਰਦੇ ਸਨ। ਇਕ ਦਿਨ ਮਹਿਤਾ ਕਾਲੂ ਜੀ ਨੇ ਆਪਣੇ ਦਮਾਦ ਜੈ ਰਾਮ ਨੂੰ ਕਿਹਾ, "ਪੁੱਤਰ, ਜੈ ਰਾਮ! ਨਾਨਕੀ ਦਾ ਸੁੱਖ ਦੇਖਦਾ ਹਾਂ ਤਾਂ ਹਿਰਦੇ ਠੰਢ ਪੈਂਦੀ ਹੈ, ਹੁਣ ਮੈਂ ਆਪਣੇ ਜੀਂਦੇ ਜੀ ਨਾਨਕ ਦਾ ਸੁੱਖ (ਵਿਆਹ ਕਰਕੇ) ਵੀ ਦੇਖ ਜਾਵਾਂ ਤਾਂ ਮਨ ਤ੍ਰਿਪਤ ਹੋ ਜਾਵੇ।"

ਬੇਬੇ ਨਾਨਕੀ ਅਤੇ ਭਾਈ ਜੈ ਰਾਮ ਦੇ ਵਿਸ਼ੇਸ਼ ਉਪਰਾਲੇ ਸਦਕਾ ਗੁਰੂ ਨਾਨਕ ਦੇਵ ਜੀ ਦਾ ਵਿਆਹ ਬਟਾਲਾ (ਗੁਰਦਾਸਪੁਰ) ਸ਼ਹਿਰ ਦੇ ਬਸ਼ਿੰਦੇ ਭਾਈ ਮੂਲ ਚੰਦ ਦੀ ਲੜਕੀ ਬੀਬੀ ਸੁਲੱਖਣੀ ਨਾਲ ਤੈਅ ਹੋ ਗਿਆ। ਜਦੋਂ ਬਰਾਤ ਬਟਾਲੇ ਸ਼ਹਿਰ ਨੂੰ ਰਵਾਨਾ ਹੋਈ ਤਾਂ ਇੱਕ ਪਾਸੇ ਤੋਂ ਪੈਸੇ ਪਿਤਾ ਕਾਲੂ ਤੇ ਚਾਚਾ ਲਾਲੂ ਜੀ ਸੁੱਟ ਰਹੇ ਸਨ ਅਤੇ ਦੂਜੇ ਪਾਸੇ ਤੋਂ ਪੈਸਿਆਂ ਦੀ ਸੋਟ ਭਾਈ ਜੈ ਰਾਮ ਜੀ ਕਰ ਰਹੇ ਸਨ। ਉਸ ਦਿਨ ਆਪਣੇ ਵੀਰ ਦੇ ਵਿਆਹ ਵਿਚ ਖੀਵੀ ਹੋਈ ਭੈਣ ਨਾਨਕੀ ਦੀ ਅੱਡੀ ਵੀ ਭੁੰਝੇ ਨਹੀਂ ਲੱਗ ਰਹੀ ਸੀ।

ਬੇਬੇ ਨਾਨਕੀ ਦੀ ਵਡਿਆਈ ਇਸ ਗੱਲ ਵਿਚ ਵੀ ਹੈ ਕਿ ਉਨ੍ਹਾਂ ਦੀ ਸਲਾਹ ਤੋਂ ਬ਼ਗੈਰ ਭਾਈਆ ਜੈ ਰਾਮ ਜੀ ਕੋਈ ਗੱਲ/ਕੰਮ ਨਹੀਂ ਸਨ ਕਰਦੇ। ਉਹ ਜਾਣਦੇ ਸਨ ਕਿ ਉਨ੍ਹਾਂ ਦੀ ਧਰਮ ਪਤਨੀ ਦੀ ਸਲਾਹ ਹਮੇਸ਼ਾਂ ਹੀ ਨੇਕ ਅਤੇ ਮਾਰਗਦਰਸ਼ਕ ਸਾਬਤ ਹੁੰਦੀ ਹੈ। ਇੱਕ ਚੰਗੀ ਸੁਆਣੀ ਅਤੇ ਭਲੀ ਸਲਾਹਕਾਰ ਹੋਣ ਕਰਕੇ ਉਹ ਆਪਣੀ ਸ਼ਰੀਕ-ਏ-ਹਯਾਤ ਪ੍ਰਤੀ ਅਤਿ ਸਤਿਕਾਰਤ ਸ਼ਬਦਾਂ ਦੀ ਵਰਤੋਂ ਕਰਦੇ ਸਨ ਜਿਸ ਦਾ ਇੱਕ ਨਮੂਨਾ ਹੈ:-"ਬਹੁ ਜੀ ਤੂੰ ਨਾਨਕ ਦੀ ਭੈਣ ਹੈਂ। ਤੈਨੂੰ ਵੀ ਇਸ ਦਾ ਕੁਝ ਅਸਰ ਹੈ ਅਤੇ ਅਸੀਂ ਵੀ ਈਵੇਂ ਭਰਮ ਵਿਚ ਭਟਕਦੇ ਹਾਂ। ਧੰਨ ਪ੍ਰਮੇਸ਼ਰ ਜੀ ਹੈ ਅਤੇ ਧੰਨ ਨਾਨਕ ਜੀ ਹੈ ਅਤੇ ਤੂੰ ਵੀ ਧੰਨ ਹੈਂ ਜੋ ਇਸ ਦੀ ਭੈਣ ਹੈਂ ਅਤੇ ਥੋੜ੍ਹੇ-ਥੜ੍ਹੇ ਅਸੀਂ ਵੀ ਧੰਨ ਹਾਂ ਜੋ ਤੇਰੇ ਨਾਲ ਸਾਡਾ ਸੰਯੋਗ ਹੈ।"

(ਪ੍ਰਿੰਸੀਪਲ ਸਤਿਬੀਰ ਸਿੰਘ)

ਆਪਣੇ ਸਹੁਰੇ ਘਰ (ਸੁਲਤਾਨਪੁਰ ਲੋਧੀ) ਵਿਖੇ ਬੇਬੇ ਨਾਨਕੀ ਜੀ ਦਾ ਲਗਭਗ ਅੱਧੀ ਸਦੀ ਤੱਕ ਵਸੇਬਾ ਰਿਹਾ ਹੈ। 1518 ਈ. ਦੇ ਅਖੀਰ ਵਿਚ ਉਹ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ। ਉਨ੍ਹਾਂ ਦੇ ਚਲਾਣੇ ਤੋਂ ਤੀਸਰੇ ਦਿਨ ਮਗਰੋਂ ਭਾਈਆ ਜੈ ਰਾਮ ਜੀ ਵੀ ਆਪਣੀ ਸਦੀਵੀਂ ਅਲਵਿਦਾ ਕਹਿ ਗਏ। ਦੋਹਾਂ ਜੀਆਂ ਦਾ ਅੰਤਿਮ ਸਸਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਕੀਤਾ ਸੀ।

*ਗਲੀ ਨੰ: 8 ਰਿਸ਼ੀ ਨਗਰ ਐਕਸਟੈਂਸ਼ਨ*
*(ਲੁਧਿਆਣਾ) ਮੋਬ:9463132719*

# ਜਦੋਂ ਰੇਲਵੇ ਵਾਲਿਆਂ ਮਾਸਟਰ ਲਾਚੀ ਰਾਮ ਭਰੋਸਾ ਤੋੜਿਆ

## ਵਿਅੰਗ

**ਰਮੇਸ਼ ਬੱਗਾ ਚੋਹਲਾ**

ਜਿਸ ਤਰ੍ਹਾਂ ਬਾਕੀ ਦੇ ਅਹਿਮ/ਵਿਸ਼ੇਸ਼ ਦਿਹਾੜੇ ਮਨਾਏ ਜਾਂਦੇ ਹਨ ਉਸੇ ਤਰ੍ਹਾਂ ਹੀ ਇੱਕ ਅਪ੍ਰੈਲ ਨੂੰ ਮੂਰਖ ਪ੍ਰਾਣੀਆਂ ਦਾ ਰਾਖਵਾਂ ਦਿਨ ਕਰਕੇ ਮਨਾਇਆ ਜਾਂਦਾ ਹੈ। ਲੋਕ ਮਾਨਤਾ ਭਾਵੇਂ ਇੱਕ ਅਪ੍ਰੈਲ ਨੂੰ ਮਿਲੀ ਹੋਈ ਹੈ ਪਰ ਮਹੀਨੇ/ਸਾਲ ਦੇ ਬਾਕੀ ਦਿਨਾਂ ਵਿਚ ਵੀ ਮੂਰਖ ਬਣਿਆ ਜਾਂ ਕਿਸੇ ਨੂੰ ਬਣਾਇਆ ਜਾ ਸਕਦਾ ਹੈ। ਇਸ ਕਥਨ ਦੀ ਗਵਾਹੀ ਮਾਸਟਰ ਲਾਚੀ ਰਾਮ ਜੀ ਆਪਣੀ ਇੱਕ ਹੱਡ-ਬੀਤੀ ਦਾ ਵਰਨਣ ਕਰਕੇ ਇੰਜ ਭਰ ਰਹੇ ਹਨ:-ਉਂਝ ਤਾਂ ਮਾਸਟਰ ਲਾਚੀ ਰਾਮ ਨੇ ਪੜ੍ਹ-ਪੜ੍ਹ ਕੇ ਗੱਡੇ ਲੱਦੇ ਹੋਏ ਹਨ ਭਾਵ ਉਹ ਕਈ ਉੱਚ ਦਰਜੇ ਦੀਆਂ ਡਿਗਰੀਆਂ-ਡਿਪਲੋਮਿਆਂ ਦੀ ਮਲਕੀਅਤ ਰੱਖਦਾ ਪਰ ਅਕਲ ਪੱਖੋਂ ਕਈ ਵਾਰ ਪੈਦਲ ਹੀ ਹੋ ਤੁਰਦਾ ਹੈ। ਸਿਆਣਪ ਪੱਖੋਂ ਵੀ ਉਹ ਆਪਣੇ ਆਪ ਨੂੰ ਕਿਸੇ ਦੀ "ਨੂੰਹ-ਧੀ ਨਾਲੋਂ ਘੱਟ" ਨਹੀਂ ਗਿਣਦਾ ਪਰ ਹਕੀਕਤਾਂ ਦੇ ਅੰਗ-ਸੰਗ ਰਹਿ ਕੇ ਉਸ ਨੂੰ ਪਤਾ ਲੱਗਦਾ ਹੈ ਕਿ ਅਕਲ ਤੇ ਪੜ੍ਹਾਈ ਵਾਲਾ ਖ਼ਾਨਾ ਅੱਡੋ-ਅੱਡੀ ਹੁੰਦਾ ਹੈ ਤੇ ਇਕ ਦਿਨ ਇਹ ਗੱਲ ਸਾਬਤ ਵੀ ਹੋ ਗਈ।

ਹੋਇਆ ਇਸ ਤਰ੍ਹਾਂ ਕਿ ਇਕ ਦਿਨ ਮਾਸਟਰ ਲਾਚੀ ਨੇ ਆਪਣੀ ਕਰਮ-ਭੂਮੀ (ਵੇਰਕਾ) ਪਹੁੰਚਣ ਲਈ ਆਪਣੇ ਘਰੇਲੂ ਜ਼ਿਲ੍ਹਾ ਲੁਧਿਆਣਾ ਤੋਂ ਪੱਛਮ ਨਾਮੀ ਟ੍ਰੇਨ ਦੀ ਸਵਾਰੀ ਕੀਤੀ ਅਤੇ ਅੰਮ੍ਰਿਤਸਰ ਸਟੇਸ਼ਨ 'ਤੇ ਪਹੁੰਚ ਗਿਆ। ਭਾਵੇਂ ਲਾਚੀ ਰਾਮ ਸਮੇਂ ਸਿਰ ਅੰਮ੍ਰਿਤਸਰ ਸਟੇਸ਼ਨ 'ਤੇ ਪਹੁੰਚ ਗਿਆ ਸੀ ਪਰ ਉਸ ਦੀ ਮੰਜ਼ਿਲ ਅਜੇ ਅਧੂਰੀ ਪਈ ਸੀ। ਕਿਉਂਕਿ ਅਜੇ ਅੱਠ ਕਿਲੋਮੀਟਰ ਦਾ ਫ਼ਾਸਲਾ ਤੈਅ ਕਰਨਾ ਬਾਕੀ ਪਿਆ ਸੀ। ਇਹ ਫ਼ਾਸਲਾ ਭਾਵੇਂ ਆਟੋ-ਰਿਕਸ਼ੇ ਨਾਲ ਵੀ ਮੁਕਾਇਆ ਜਾ ਸਕਦਾ ਸੀ ਪਰ ਲਾਚੀ ਰਾਮ ਆਪਣੀ ਜੇਬ 'ਤੇ ਬਹੁਤਾ ਭਾਰ ਪਾਉਣ ਵਿਚ ਵਿਸ਼ਵਾਸ ਨਹੀਂ ਰੱਖਦਾ ਸੀ। ਨਿੱਕੀਆਂ ਬੱਚਤਾਂ ਦੇਸ਼ ਦੀ ਖ਼ੁਸ਼ਹਾਲੀ ਵਾਲੇ ਵਿਚਾਰ ਦਾ ਹਾਮੀ ਹੋਣ ਕਰਕੇ ਕਿ ਉਸ ਨੇ ਇਸ ਫ਼ਾਸਲੇ ਨੂੰ ਤੈਅ ਕਰਨ ਲਈ ਪਠਾਨਕੋਟ ਸ਼ਹਿਰ ਨੂੰ ਜਾਣ ਵਾਲੀ ਟ੍ਰੇਨ (ਜਿਹੜੀ ਵੇਰਕਾ ਸਟੇਸ਼ਨ 'ਤੇ ਰੁੱਕ ਜਾਂਦੀ ਹੈ) ਲੈਣੀ ਹੀ ਭਲੀ ਸਮਝੀ। ਰੇਲਵੇ ਐਪ ਅਤੇ ਡਿਸਪਲੇਅ ਮੁਤਾਬਿਕ ਇਸ ਗੱਡੀ ਦੀ ਰਵਾਨਗੀ ਦਾ ਸਮਾਂ ਰਾਤ 8:35 ਦਾ ਸੀ ਅਤੇ ਖੜ੍ਹਨ ਵਾਲਾ ਪਲੇਟਫਾਰਮ ਨੰ. 1 ਸੀ। ਲਾਚੀ ਰਾਮ ਨੇ ਜਦੋਂ ਆਪਣੀ ਘੜੀ ਨਾਲ ਅੱਖ ਮਿਲਾਈ ਤਾਂ ਉਹ ਅਜੇ ਮੁਸ਼ਕਿਲ ਨਾਲ 8 ਹੀ ਵਜਾ ਰਹੀ ਸੀ। ਰਹਿੰਦੇ ਸਮੇਂ ਨੂੰ ਲੇਖੇ ਵਿਚ ਲਾਉਣ ਲਈ ਮਾਸਟਰ ਜੀ ਨੇ ਪ੍ਰਸ਼ਾਦੇ-ਪਾਣੀ ਦਾ ਆਨੰਦ ਮਾਣਿਆ। ਪ੍ਰਸ਼ਾਦਾ-ਪਾਣੀ ਛੱਕ ਕੇ ਉਹ ਉਸ ਥੜ੍ਹੇ ਵੱਲ ਨੂੰ ਹੋ ਤੁਰਿਆ ਜਿਥੋਂ ਉਸ ਦੇ ਟਿਕਾਣੇ ਦੀ ਟ੍ਰੇਨ ਚੱਲਣੀ ਸੀ।

ਮਾਸਟਰ ਲਾਚੀ ਰਾਮ ਨੇ ਨਜ਼ਰ ਭਰ ਕੇ ਦੇਖਿਆ ਤਾਂ ਇਥੇ ਕੋਈ ਲੰਮੇ ਅਤੇ ਕਿਸੇ ਹੋਰ ਸਫ਼ਰ ਉਪਰ ਜਾਣ ਵਾਲੀ ਟ੍ਰੇਨ ਖੜ੍ਹੀ ਹੋਈ ਸੀ। ਸਮਾਂ ਤੇ ਪਲੇਟਫਾਰਮ ਭਾਵੇਂ ਉਸ ਦੇ ਰੂਟ 'ਤੇ ਜਾਣ ਵਾਲੀ ਗੱਡੀ ਦਾ ਸੀ ਪਰ ਉਸ ਦੇ ਅਜੇ ਦਰਸ਼ਨ-ਦੀਦਾਰ ਨਹੀਂ ਹੋ ਰਹੇ ਸਨ।

ਆਪਣੀ ਸ਼ੰਕਾ ਨਿਵਿਰਤੀ ਲਈ ਮਾਸਟਰ ਲਾਚੀ ਰਾਮ ਨੇ ਨਾਲ ਲੱਗਵੇਂ ਦੂਸਰੇ ਪਲੇਟਫਾਰਮਾਂ ਉਪਰ ਇੱਕ ਪੰਛੀ-ਝਾਤ ਮਾਰੀ ਪਰ ਉਹ ਅਜੇ ਸੁੰਨੇ ਹੀ ਪਏ ਸਨ। ਮਾਸਟਰ ਸਾਹਿਬ ਨੇ ਇੱਕ ਅਨਮਾਨ ਲਗਾਇਆ ਕਿ ਇਸ ਖੜ੍ਹੀ ਹੋਈ ਟ੍ਰੇਨ ਦੇ ਚੱਲਣ ਤੋਂ ਬਾਅਦ ਉਸ ਵਾਲੀ ਟ੍ਰੇਨ ਵੀ ਚੱਲੇ ਗੀ।

ਪਿਛਲੇ ਲੰਮੇ ਸਮੇਂ ਤੋਂ ਰੇਲਵੇ-ਯਾਤਰਾ ਕਰਕੇ ਮਾਸਟਰ ਲਾਚੀ ਰਾਮ ਨੇ ਜਾਣ ਲਿਆ ਸੀ ਕਿ ਰੇਲਵੇ ਵਾਲਿਆਂ ਦੇ 'ਖਾਣ ਵਾਲੇ ਦੰਦ ਹੋਰ ਅਤੇ ਦਿਖਾਉਣ ਵਾਲੇ ਹੋਰ' ਹੁੰਦੇ ਹਨ। ਭਾਵ ਇਨ੍ਹਾਂ ਦੀ ਕਹਿਣੀ ਤੇ ਕਰਨੀ ਵਿਚ ਵੱਡੀ ਵਿੱਥ ਹੁੰਦੀ ਹੈ ਤੇ ਇਸ ਵਿੱਥ ਲਈ ਉਹ ਅਕਸਰ ਖੇਦ ਪ੍ਰਗਟ ਕਰਦੇ ਹੀ ਰਹਿੰਦੇ ਹਨ। ਫਿਰ ਉਨ੍ਹਾਂ ਨੂੰ ਪਤਾ ਲੱਗਾ ਕਿ ਜਿਹੜੀ ਟ੍ਰੇਨ ਉਨ੍ਹਾਂ ਵਾਲੀ ਟ੍ਰੇਨ ਦੇ ਪਲੇਟਫਾਰਮ ਉਪਰ ਠਹਿਰੀ ਹੈ ਉਹ ਥੋੜ੍ਹ-ਚਿਰੀ ਠਹਿਰ ਵਾਲੀ ਨਾ ਹੋ ਕੇ ਲੰਮੀ ਠਹਿਰ ਵਾਲੀ ਹੈ। ਇੱਧਰ ਘੜੀ ਦੀਆਂ ਸੂਈਆਂ ਰੇਲਵੇ ਵੱਲੋਂ ਦਿੱਤੇ ਸਮੇਂ ਤੋਂ ਕਾਫੀ ਅੱਗੇ ਨਿਕਲ ਚੁੱਕੀਆਂ ਸਨ। ਇਸ ਸਮੇਂ ਦੌਰਾਨ ਰੇਲਵੇ ਅਨਾਊਂਸਮੈਂਟਾਂ ਕਰਨ ਵਾਲੀ ਬੀਬੀ ਨੇ ਵੀ ਚੁੱਪ ਧਾਰੀ ਹੋਈ ਸੀ। ਮਾਸਟਰ ਲਾਚੀ ਰਾਮ ਨੂੰ ਮੰਜ਼ਿਲ ਤੱਕ ਪਹੁੰਚਾਉਣ ਵਾਲੀ ਟ੍ਰੇਨ ਬਾਬਤ ਹੁਣ ਉਹ ਵੀ ਕੋਈ ਸੂਹ ਨਹੀਂ ਦੇ ਰਹੀ ਸੀ। ਇਸ ਲੰਮੀ ਉਡੀਕ ਨੇ ਮਾਸਟਰ ਜੀ ਨੂੰ ਫਿਕਰ ਵਿਚ ਪਾ ਦਿੱਤਾ ਕਿਉਂਕਿ ਸਿਆਲੀ ਰੁੱਤ ਹੋਣ ਕਰਕੇ ਠੰਡ ਅਤੇ ਹਨੇਰਾ ਦੋਵੇਂ ਸੰਘਣੇ ਹੋ ਰਹੇ ਸਨ। ਇਸ ਫ਼ਿਕਰਮੰਦੀ ਵਾਲੀ ਸੂਰਤ-ਏ-ਹਾਲ ਨੇ ਮਾਸਟਰ ਲਾਚੀ ਰਾਮ ਦੀ ਪ੍ਰੇਸ਼ਾਨੀ ਨੂੰ ਵਧਾ ਦਿੱਤਾ ਜਿਸ ਵਿਚੋਂ ਬਾਹਰ ਆਉਣ ਲਈ ਉਹ ਰੇਲਵੇ ਦੇ ਪੁੱਛ-ਗਿੱਛ ਵਿਭਾਗ ਕੋਲ ਪਹੁੰਚ ਗਿਆ। ਪੁੱਛਣ ਤੇ ਮਾਸਟਰ ਜੀ ਨੂੰ ਪਤਾ ਲੱਗਾ ਕਿ ਪਠਾਨਕੋਟ/ਵੇਰਕਾ ਨੂੰ ਜਾਣ ਵਾਲੀ ਟ੍ਰੇਨ ਤਾਂ ਪਲੇਟਫਾਰਮ ਨੰ: 6 ਤੋਂ 15 ਕੁ ਮਿੰਟ ਪਹਿਲਾਂ ਰਵਾਨਾ ਹੋ ਚੁੱਕੀ ਹੈ।ਤੇ ਸੱਚਮੁੱਚ ਉਹ ਟ੍ਰੇਨ ਮਾਸਟਰ ਲਾਚੀ ਰਾਮ ਨੂੰ ਝਕਾਨੀ ਦੇ ਕੇ ਜਾ ਚੁੱਕੀ ਸੀ। ਇਸ ਤਰ੍ਹਾਂ ਕਰਕੇ ਰੇਲਵੇ ਵਾਲਿਆਂ ਨੇ ਨਾ ਸਿਰਫ ਮਾਸਟਰ ਲਾਚੀ ਰਾਮ ਦਾ ਭਰੋਸਾ ਹੀ ਤੋੜਿਆ ਹੈ ਸਗੋਂ ਉਸ ਨੂੰ ਮੂਰਖਾਂ ਦੀ ਸ਼੍ਰੇਣੀ ਵਿਚ ਵੀ ਸ਼ਾਮਿਲ ਕਰ ਦਿੱਤਾ ਸੀ।

*ਗਲੀ ਨੰ: 8 ਰਿਸ਼ੀ ਨਗਰ ਐਕਸਟੈਂਸ਼ਨ*
*(ਲੁਧਿਆਣਾ) ਮੋਬ:9463132719*

# ਨਾਮਧਾਰੀ ਦਲੀਪ ਸਿੰਘ ਵਲੋਂ ਗੁਰੂ ਗ੍ਰੰਥ ਸਾਹਿਬ' ਨੂੰ 'ਕਿਤਾਬ' ਕਹਿਣਾ ਸਿੱਖੀ ਦੀ ਰੂਹ 'ਤੇ ਹਮਲਾ

**ਬਘੇਲ ਸਿੰਘ ਧਾਲੀਵਾਲ**
99142-58142



ਨਾਮਧਾਰੀ ਸੰਪਰਦਾਇ ਦੇ ਮੌਜੂਦਾ ਦੌਰ ਦੇ ਮੁਖੀ ਅਕਸਰ ਹੀ ਸਿੱਖੀ ਸਿਧਾਂਤਾਂ ਦੇ ਖ਼ਿਲਾਫ਼ ਟਿੱਪਣੀਆਂ ਕਾਰਨ ਚਰਚਾ ਵਿੱਚ ਰਹਿੰਦੇ ਹਨ। ਹੁਣ ਇਸ ਸੰਸਥਾ ਦੇ ਇੱਕ ਧੜੇ ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਆਪਣੀ ਸੰਪਰਦਾਇ ਵੱਲੋਂ ਚਲਾਈ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਸਹੀ ਸਾਬਤ ਕਰਦਿਆਂ ਕਿਹਾ ਕਿ ਦੇਹਧਾਰੀ ਗੁਰੂ ਹੀ ਗਿਆਨ ਦੇ ਸਕਦਾ ਹੈ, ਕੋਈ ਧਾਰਮਿਕ ਪੁਸਤਕ ਆਪਣੇ ਆਪ ਗਿਆਨ ਨਹੀਂ ਦੇ ਸਕਦੀ। ਸੋ, ਇੱਥੇ ਆਪਣੀ ਦੇਹਧਾਰੀ ਗੱਦੀ ਨੂੰ ਸਲਾਮਤ ਰੱਖਣ ਖ਼ਾਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਧਾਰਮਿਕ ਕਿਤਾਬ ਕਹਿਣਾ ਸਿਰਫ਼ ਇੱਕ ਬਿਆਨ ਨਹੀਂ, ਸਗੋਂ ਸਿੱਖ ਇਤਿਹਾਸ, ਸਿੱਖ ਆਤਮਿਕਤਾ ਅਤੇ ਸਿੱਖਾਂ ਦੀ ਆਪਣੇ ਜੁਗੋ ਜੁਗ ਅਟੱਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਂਦ, ਆਸਥਾ 'ਤੇ ਸਿੱਧਾ ਵਾਰ ਹੈ।

ਇਹ ਗੱਲ ਇੰਨੀ ਸੌਖੀ ਨਹੀਂ ਕਿ ਇਸ ਨੂੰ ਕਿਸੇ ਨਿੱਜੀ ਵਿਚਾਰ ਕਹਿ ਕੇ ਛੱਡ ਦਿੱਤਾ ਜਾਵੇ। ਇਹ ਉਹ ਮਸਲਾ ਹੈ ਜਿਸ ਦਾ ਸਬੰਧ ਸਿੱਖ ਅਤੇ ਸਿੱਖੀ ਦੀ ਰੂਹ ਨਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਾਨਕ ਨਾਮ ਲੇਵਾ ਸਿੱਖਾਂ ਦੇ ਜਾਗਤ ਜੋਤ ਸਦੀਵੀ ਗੁਰੂ ਹਨ, ਜਿਸ ਨੂੰ ਸਿੱਖ ਕੌਮ ਸਦੀਆਂ ਤੋਂ ਆਪਣੇ ਮਨੁੱਖਾ ਜੀਵਨ ਲਈ ਸ਼ਕਤੀ ਦਾ ਸੋਮਾ ਅਤੇ ਅਤੀਤ, ਵਰਤਮਾਨ ਅਤੇ ਭਵਿੱਖ ਦਾ ਮਾਰਗ ਦਰਸ਼ਕ ਮੰਨ ਕੇ ਜੀਵਨ-ਜਾਚ ਸਿੱਖਦੀ ਆ ਰਹੀ ਹੈ। ਸਰਬੱਤ ਦਾ ਭਲਾ, ਸਰਬ-ਸਾਂਝੀਵਾਲਤਾ ਅਤੇ ਊਚ-ਨੀਚ ਦੇ ਭਿੰਨ-ਭੇਦ ਨੂੰ ਅਸਲੋਂ ਹੀ ਰੱਦ ਕਰਨ ਵਰਗੇ ਸਦਗੁਣ ਇਸ ਜਾਗਤ ਜੋਤ ਗੁਰੂ ਗ੍ਰੰਥ ਸਾਹਿਬ ਜੀ ਦੀ ਬਖ਼ਸ਼ਿਸ਼ ਕਰਕੇ ਹੀ ਸੰਭਵ ਹਨ।

ਸਭ ਤੋਂ ਪਹਿਲਾਂ ਇਹ ਸਮਝਣਾ ਲਾਜ਼ਮੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਲਈ ਕੀ ਹਨ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਸ਼ਬਦਾਂ ਦਾ ਭੰਡਾਰ ਨਹੀਂ, ਨਾ ਹੀ ਇਹ ਕਾਗਜ਼ਾਂ 'ਤੇ ਲਿਖਿਆ ਹੋਇਆ ਦੁਨਿਆਵੀ ਸਾਹਿਤ ਹੈ, ਬਲਕਿ ਇਹ ਤਾਂ ਉਹ "ਸ਼ਬਦ ਗੁਰੂ" ਹਨ, ਜਿਸ ਦੀ ਸਥਾਪਨਾ ਖ਼ੁਦ ਗੁਰੂ ਸਾਹਿਬਾਨ ਨੇ ਕੀਤੀ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ 1604 ਵਿੱਚ ਆਦਿ ਗ੍ਰੰਥ ਦੀ ਸੰਪਾਦਨਾ ਕਰਕੇ ਇਸ ਨੂੰ ਦਰਬਾਰ ਸਾਹਿਬ ਵਿੱਚ ਪੋਥੀ ਸਾਹਿਬ ਦੇ ਰੂਪ ਵਿੱਚ ਸਥਾਪਿਤ ਕੀਤਾ। ਇਹ ਸੰਪਾਦਨਾ ਸਿਰਫ਼ ਰਚਨਾਵਾਂ ਨੂੰ ਇਕੱਠਾ ਕਰਨ ਦਾ ਕੰਮ ਨਹੀਂ ਸੀ, ਸਗੋਂ ਸੱਚ ਦੀ ਪਰਖ ਦਾ ਇੱਕ ਵੱਡਾ ਮਾਪਦੰਡ ਸੀ। ਗੁਰੂ ਅਰਜਨ ਦੇਵ ਜੀ ਨੇ ਸਿਰਫ਼ ਸਿੱਖ ਗੁਰੂਆਂ ਦੀ ਬਾਣੀ ਹੀ ਨਹੀਂ, ਸਗੋਂ 15 ਭਗਤਾਂ, 11 ਭੱਟਾਂ ਅਤੇ ਤਿੰਨ ਗੁਰਸਿੱਖਾਂ ਦੀ ਬਾਣੀ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ। ਇਹ ਗੱਲ ਸਪਸ਼ਟ ਕਰਦੀ ਹੈ ਕਿ ਇਹ ਗ੍ਰੰਥ ਕੋਈ ਆਮ ਵਿਚਾਰ ਨਹੀਂ, ਸਗੋਂ ਸੱਚ ਦੀ ਸਰਬਵਿਆਪੀ ਆਵਾਜ਼ ਹੈ।

ਜੇ ਇਹ ਸਿਰਫ਼ ਇੱਕ "ਕਿਤਾਬ" ਹੁੰਦੀ, ਤਾਂ ਕੀ ਗੁਰੂ ਸਾਹਿਬ ਇਸ ਨੂੰ ਇੰਨੀ ਮਹੱਤਤਾ ਦਿੰਦੇ? ਕੀ ਹਰਿਮੰਦਰ ਸਾਹਿਬ ਵਿੱਚ ਇਸ ਦੀ ਪ੍ਰਕਾਸ਼ਤਾ ਕੀਤੀ ਜਾਂਦੀ? ਕੀ ਇਸ ਦੇ ਅੱਗੇ ਸਿਰ ਨਿਵਾਇਆ ਜਾਂਦਾ? ਇਹ ਸਵਾਲ ਹਰ ਉਹ ਵਿਅਕਤੀ ਆਪਣੇ ਆਪ ਤੋਂ ਪੁੱਛੇ ਜੋ ਇਸ ਜੁੱਗੋ ਜੁੱਗ ਅਟੱਲ ਗੁਰੂ ਨੂੰ ਸਾਧਾਰਨ ਧਾਰਮਿਕ ਪੁਸਤਕ ਕਹਿਣ ਦੀ ਮੂਰਖਤਾ ਕਰਦਾ ਹੈ। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਆਸਥਾ ਲਈ ਸਿੱਖਾਂ ਨੇ ਆਪਣੇ ਸਿਰ ਤੱਕ ਵਾਰ ਦਿੱਤੇ। 18ਵੀਂ ਸਦੀ ਦੇ ਮੁਸ਼ਕਲ ਸਮਿਆਂ ਵਿੱਚ ਜਦੋਂ ਸਿੱਖਾਂ 'ਤੇ ਜ਼ੁਲਮਾਂ ਦੀਆਂ ਹੱਦਾਂ ਪਾਰ ਹੋ ਰਹੀਆਂ ਸਨ, ਉਸ ਵੇਲੇ ਵੀ ਸਿੱਖ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਅਤੇ ਸਤਿਕਾਰ ਨੂੰ ਕਦੇ ਨਹੀਂ ਛੱਡਿਆ। ਜੰਗ ਦੇ ਮੈਦਾਨਾਂ ਵਿੱਚ ਵੀ ਇਸ ਦੀ ਸੁਰੱਖਿਆ ਲਈ ਜਾਨਾਂ ਦਿੱਤੀਆਂ ਗਈਆਂ। ਕੀ ਆਮ ਕਿਤਾਬ ਪ੍ਰਤੀ ਐਨੀ ਸ਼ਰਧਾ ਰੱਖੀ ਜਾ ਸਕਦੀ ਹੈ?

ਸਿੱਖੀ ਵਿੱਚ "ਗੁਰੂ" ਦਾ ਅਰਥ ਸਿਰਫ਼ ਸਿੱਖਿਆ ਦੇਣ ਵਾਲਾ ਨਹੀਂ, ਸਗੋਂ ਅੰਧਕਾਰ ਤੋਂ ਪ੍ਰਕਾਸ਼ ਵੱਲ ਲੈ ਕੇ ਜਾਣ ਵਾਲਾ ਅਕਾਲ ਪੁਰਖ ਵਿੱਚ ਅਭੇਦ ਹੋਣ ਦੀ ਸਮਰੱਥਾ ਰੱਖਣ ਵਾਲਾ ਮਹਾਨ ਪੁਰਸ਼ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਉਹ ਸਦੀਵੀ ਰੌਸ਼ਨੀ ਹੈ ਜੋ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਤੋਂ ਗਿਆਨ ਦੇ ਪ੍ਰਕਾਸ਼ ਵੱਲ ਲੈ ਜਾਂਦੀ ਹੈ। ਇਹ ਸਿਰਫ਼ ਪੜ੍ਹਨ ਲਈ ਨਹੀਂ, ਸਗੋਂ ਜਿਉਣ ਲਈ ਹਨ। ਇਸ ਦੀ ਬਾਣੀ ਮਨੁੱਖ ਦੇ ਅੰਦਰੂਨੀ ਬਦਲਾਅ ਦੀ ਗੱਲ



ਕਰਦੀ ਹੈ, ਉਸ ਨੂੰ ਅਹੰਕਾਰ ਤੋਂ ਦੂਰ ਕਰਕੇ ਨਾਮ ਨਾਲ ਜੋੜਦੀ ਹੈ।

ਠਾਕੁਰ ਦਲੀਪ ਸਿੰਘ ਦਾ ਉਕਤ ਬਿਆਨ ਸਿੱਖ ਦਰਸ਼ਨ ਦੀ ਮੂਲ ਸਮਝ ਤੋਂ ਬਿਲਕੁਲ ਕੋਰਾ ਅਤੇ ਵੱਖਰਾ ਹੈ। ਇਹ ਗੱਲ ਸਿਰਫ਼ ਅਗਿਆਨਤਾ ਨਹੀਂ ਦਿਖਾਉਂਦੀ, ਸਗੋਂ ਇੱਕ ਜਾਣ-ਬੁੱਝ ਕੇ ਕੀਤਾ ਗਿਆ ਗੁਨਾਹ ਜਾਪਦਾ ਹੈ। ਜੇ ਉਹ ਸਿੱਖ ਇਤਿਹਾਸ ਨੂੰ ਪੜ੍ਹਦੇ ਹਨ, ਗੁਰਬਾਣੀ ਦੀ ਅਸਲ ਵਿਚਾਰਧਾਰਾ ਨੂੰ ਸਮਝਦੇ ਹਨ, ਤਾਂ ਫਿਰ ਉਹ ਐਨੀ ਵੱਡੀ ਗੁਸਤਾਖ਼ੀ ਕਰਨ ਦੀ ਜੁਰਅਤ ਕਿਵੇਂ ਕਰ ਸਕਦੇ ਹਨ? ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਿੱਖ ਮਰਯਾਦਾ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਵੰਤ ਗੁਰੂ ਵਜੋਂ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਉਹਨਾਂ ਦਾ ਸੁਖਾਸਨ, ਉਹਨਾਂ ਦੇ ਪ੍ਰਕਾਸ਼ 'ਤੇ ਚੌਰ ਸਾਹਿਬ ਦੀ ਸੇਵਾ, ਇਹ ਸਾਰੇ ਪ੍ਰਮਾਣ ਹਨ ਕਿ ਇਹ ਸਿਰਫ਼ ਇੱਕ ਪੁਸਤਕ ਨਹੀਂ, ਬਲਕਿ ਤਖ਼ਤ ਚੌਰ ਦੇ ਮਾਲਕ, ਜਾਗਤ ਜੋਤ ਗੁਰੂ ਗ੍ਰੰਥ ਸਾਹਿਬ ਜੀ ਹਨ।

ਇਸ ਤੋਂ ਇਲਾਵਾ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤ ਜੋਤ ਗੁਰੂ ਮੰਨਿਆ ਹੈ। ਜੇਕਰ ਫਿਰ ਵੀ ਇੱਕ ਵੱਡੀ ਸੰਸਥਾ ਦੇ ਇੱਕ ਧੜੇ ਦੇ ਮੁਖੀ ਵੱਲੋਂ ਅਜਿਹਾ ਬੋਲਿਆ ਗਿਆ ਹੈ, ਤਾਂ ਇਹ ਬੇਹੱਦ ਮੰਦਭਾਗਾ ਅਤੇ ਨਿੰਦਣਯੋਗ ਹੈ। ਇਸ ਮਸਲੇ ਨੂੰ ਸਿਰਫ਼ ਭਾਵਨਾਤਮਕ ਰੂਪ ਵਿੱਚ ਨਹੀਂ, ਸਗੋਂ ਤਰਕਸੰਗਤ ਢੰਗ ਨਾਲ ਵੀ ਦੇਖਣ ਦੀ ਲੋੜ ਹੈ। ਇੱਕ ਧਾਰਮਿਕ ਕਿਤਾਬ ਸਿਰਫ਼ ਜਾਣਕਾਰੀ ਦੇ ਸਕਦੀ ਹੈ, ਪਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੀਵਨ ਨੂੰ ਦਿਸ਼ਾ ਦਿੰਦੇ ਹਨ। ਇੱਕ ਕਿਤਾਬ ਸਮੇਂ ਦੇ ਨਾਲ ਬਦਲ ਸਕਦੀ ਹੈ, ਪਰ ਗੁਰਬਾਣੀ ਸਦੀਵੀ ਹੈ। ਇੱਕ ਕਿਤਾਬ ਕਿਸੇ ਲੇਖਕ ਦੀ ਸੋਚ ਹੁੰਦੀ ਹੈ, ਪਰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਸ ਅਕਾਲ ਜੋਤ ਦੀ ਆਵਾਜ਼ ਹੈ। ਇਸ ਲਈ, ਜਦੋਂ ਕੋਈ ਇਸ ਨੂੰ ਸਿਰਫ਼ ਧਾਰਮਿਕ ਕਿਤਾਬ ਕਹਿੰਦਾ ਹੈ, ਤਾਂ ਉਹ ਸਿੱਖੀ ਦੀ ਪੂਰੀ ਆਤਮਿਕ ਰਚਨਾ ਨੂੰ ਹੀ ਨਜ਼ਰਅੰਦਾਜ਼ ਕਰਦਾ ਹੈ।

ਇਸ ਵਰਤਾਰੇ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹੱਤਵ ਨੂੰ ਘਟਾਉਣ ਦੀ ਕੋਸ਼ਿਸ਼ ਵਜੋਂ ਦੇਖੇ ਜਾਣ ਦੀ ਜ਼ਰੂਰਤ ਹੈ। ਇਹ ਸਪਸ਼ਟ ਕਰਨਾ ਬੇਹੱਦ ਜ਼ਰੂਰੀ ਹੈ ਕਿ ਸਿੱਖ ਕੌਮ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਧਾਰਮਿਕ ਗ੍ਰੰਥ ਨਹੀਂ, ਸਗੋਂ ਜੀਵਨ ਦਾ ਮੂਲ ਆਧਾਰ ਹਨ। ਇਹ ਉਹ ਜੋਤ ਹਨ ਜੋ ਸਦੀਆਂ ਤੋਂ ਸਿੱਖਾਂ ਨੂੰ ਰਾਹ ਦਿਖਾ ਰਹੀ ਹੈ ਅਤੇ ਅੱਗੇ ਵੀ ਦਿਖਾਉਂਦੀ ਰਹੇਗੀ। ਇਸ ਨੂੰ ਧਾਰਮਿਕ ਕਿਤਾਬ ਕਹਿਣਾ ਨਾ ਸਿਰਫ਼ ਗ਼ਲਤੀ ਹੈ, ਸਗੋਂ ਇਤਿਹਾਸਕ ਸੱਚਾਈ ਅਤੇ ਆਸਥਾ ਦੇ ਖ਼ਿਲਾਫ਼ ਇੱਕ ਵੱਡਾ ਅਪਰਾਧ ਹੈ। ਜੇ ਕਿਸੇ ਨੂੰ ਸੱਚਮੁੱਚ ਲੋਕ-ਪਰਲੋਕ ਦੇ ਰਹੱਸ ਨੂੰ ਸਮਝਣ ਦੀ ਇੱਛਾ ਹੈ, ਤਾਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਿਧੀ ਅਤੇ ਸਤਿਕਾਰ ਸਹਿਤ ਅਧਿਐਨ ਕਰਨਾ ਅਤੇ ਆਪਣੇ ਜੀਵਨ ਵਿੱਚ ਲਾਗੂ ਕਰਨਾ ਹੋਵੇਗਾ, ਫਿਰ ਖ਼ੁਦ-ਬ-ਖ਼ੁਦ ਪਤਾ ਲੱਗ ਜਾਵੇਗਾ ਕਿ ਇਹ ਮਹਿਜ਼ ਲਫ਼ਜ਼ਾਂ ਦਾ ਭੰਡਾਰ ਨਹੀਂ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 1708 ਵਿੱਚ ਨਾਂਦੇੜ ਦੀ ਧਰਤੀ 'ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇ ਕੇ ਸਮੁੱਚੇ ਸਿੱਖ ਜਗਤ ਨੂੰ "ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ" ਦਾ ਸਦੀਵੀ ਹੁਕਮ ਦਿੱਤਾ, ਜਿਹੜਾ ਸਿੱਖ ਅਤੇ ਗੁਰੂ ਦੇ ਆਪਸੀ ਰਿਸ਼ਤੇ ਅਤੇ ਆਤਮਿਕ ਰਾਹਦਾਰੀ ਦਾ ਅੰਤਿਮ ਫੈਸਲਾ ਸੀ। ਗੁਰੂ ਸਾਹਿਬ ਦੇ ਇਸ ਹੁਕਮ ਨਾਲ ਸਿੱਖਾਂ ਲਈ ਮਨੁੱਖੀ ਸਰੀਰ ਵਾਲੇ ਗੁਰੂਆਂ ਦੀ ਲੜੀ ਖ਼ਤਮ ਹੋ ਗਈ ਅਤੇ ਸਦੀਵੀ ਗੁਰੂ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਕਾਸ਼ ਕੀਤਾ ਗਿਆ, ਜਿਸ ਦੀ ਰੌਸ਼ਨੀ ਹਮੇਸ਼ਾ ਦੁਨੀਆ ਦਾ ਰਾਹ ਰੁਸ਼ਨਾਉਂਦੀ ਰਹੇਗੀ।

## ਰਾਮਾਇਣ ਦੇ 'ਹਨੂਮਾਨ' ਦਾ ਅਟੁੱਟ ਸਮਰਪਣ

**○ 9 ਘੰਟੇ ਭੁੱਖੇ ਰਹਿ ਕੇ ਦਾਰਾ ਸਿੰਘ ਕਰਦੇ ਸਨ ਸ਼ੂਟਿੰਗ, ਪੂਛ ਲਈ ਬਣਿਆ ਸੀ ਖ਼ਾਸ ਸਟੂਲ**

ਨਵੀਂ ਦਿੱਲੀ-ਰਾਮਾਨੰਦ ਸਾਗਰ ਦੀ 'ਰਾਮਾਇਣ' ਸੀਰੀਅਲ ਵਿੱਚ ਭਗਵਾਨ ਹਨੂਮਾਨ ਦਾ



ਕਿਰਦਾਰ ਨਿਭਾਉਣ ਵਾਲੇ ਦਿੱਗਜ ਪਹਿਲਵਾਨ ਅਤੇ ਅਦਾਕਾਰ ਦਾਰਾ ਸਿੰਘ ਨੇ ਆਪਣੀ ਅਦਾਕਾਰੀ ਨਾਲ ਅਜਿਹੀ ਛਾਪ ਛੱਡੀ ਕਿ ਉਹ ਘਰ-ਘਰ ਵਿੱਚ ਹਨੂਮਾਨ ਦੇ ਰੂਪ ਵਿੱਚ ਪੂਜੇ ਜਾਣ ਲੱਗੇ। ਪਰ ਇਸ ਆਈਕਾਨਿਕ ਲੁੱਕ ਦੇ ਪਿੱਛੇ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਕੁਰਬਾਨੀ ਦੀ ਇੱਕ ਵੱਖਰੀ ਕਹਾਣੀ ਹੈ। ਰਾਮਾਨੰਦ ਸਾਗਰ ਦੇ ਬੇਟੇ ਪ੍ਰੇਮ ਸਾਗਰ ਨੇ ਇੱਕ ਇੰਟਰਵਿਊ ਦੌਰਾਨ ਦੱਸਿਆ ਕਿ ਉਸ ਦੌਰ ਵਿੱਚ ਅੱਜ ਵਾਂਗ ਪ੍ਰੋਸਥੈਟਿਕ ਮੇਕਅੱਪ ਦੀ ਸਹੂਲਤ ਨਹੀਂ ਸੀ। ਦਾਰਾ ਸਿੰਘ ਨੂੰ ਹਨੂਮਾਨ ਬਣਾਉਣ ਲਈ ਮੇਕਅੱਪ ਆਰਟਿਸਟਾਂ ਨੂੰ ਤਿੰਨ ਤੋਂ ਚਾਰ ਘੰਟੇ ਦਾ ਸਮਾਂ ਲੱਗਦਾ ਸੀ। ਉਨ੍ਹਾਂ ਦੇ ਚਿਹਰੇ 'ਤੇ ਬਣਾਇਆ ਗਿਆ 'ਸਾਂਚਾ' ਇੰਨਾ ਗੁੰਝਲਦਾਰ ਹੁੰਦਾ ਸੀ ਕਿ ਉਸ ਨੂੰ ਲਗਾਉਣ ਤੋਂ ਬਾਅਦ ਹਟਾਉਣਾ ਆਸਾਨ ਨਹੀਂ ਸੀ। ਦਾਰਾ ਸਿੰਘ ਦੇ ਸਮਰਪਣ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇੱਕ ਵਾਰ ਮੇਕਅੱਪ ਹੋ ਜਾਣ ਤੋਂ ਬਾਅਦ ਉਹ ਕੁਝ ਵੀ ਖਾ-ਪੀ ਨਹੀਂ ਸਕਦੇ ਸਨ। ਮੇਕਅੱਪ ਦਾ ਸਮਾਂ 3-4 ਘੰਟੇ ਹੁੰਦਾ ਸੀ। ਕਈ ਘੰਟੇ ਲਗਾਤਾਰ ਸ਼ੂਟਿੰਗ ਚਲਦੀ ਸੀ। ਉਹ ਲਗਭਗ 8 ਤੋਂ 9 ਘੰਟੇ ਤੱਕ ਭੁੱਖੇ ਪਿਆਸੇ ਰਹਿ ਕੇ ਸ਼ੂਟਿੰਗ ਪੂਰੀ ਕਰਦੇ ਸਨ।

ਸ਼ੂਟਿੰਗ ਦੌਰਾਨ ਸਭ ਤੋਂ ਵੱਡੀ ਮੁਸ਼ਕਲ ਹਨੂਮਾਨ ਜੀ ਦੀ ਪੂਛ ਕਾਰਨ ਆਉਂਦੀ ਸੀ। ਪੂਛ ਲੱਗੀ ਹੋਣ ਕਾਰਨ ਦਾਰਾ ਸਿੰਘ ਆਮ ਕੁਰਸੀ 'ਤੇ ਨਹੀਂ ਬੈਠ ਸਕਦੇ ਸਨ। ਇਸ ਸਮੱਸਿਆ ਦੇ ਹੱਲ ਲਈ ਸੈੱਟ 'ਤੇ ਇੱਕ ਵਿਸ਼ੇਸ਼ ਸਟੂਲ ਤਿਆਰ ਕਰਵਾਇਆ ਗਿਆ ਸੀ। ਇਸ ਸਟੂਲ ਵਿੱਚ ਇੱਕ ਖ਼ਾਸ 'ਕੱਟ' ਰੱਖਿਆ ਗਿਆ ਸੀ, ਤਾਂ ਜੋ ਪੂਛ ਉਸ ਵਿੱਚੋਂ ਆਰਾਮ ਨਾਲ ਨਿਕਲ ਸਕੇ ਅਤੇ ਦਾਰਾ ਸਿੰਘ ਬਿਨਾਂ ਕਿਸੇ ਤਕਲੀਫ਼ ਦੇ ਬੈਠ ਸਕਣ। ਦਾਰਾ ਸਿੰਘ ਲਈ ਰਾਮਾਇਣ ਸਿਰਫ਼ ਇੱਕ ਸੀਰੀਅਲ ਨਹੀਂ, ਸਗੋਂ ਇੱਕ 'ਸੰਜੀਵਨੀ ਬੂਟੀ' ਵਾਂਗ ਸੀ ਜਿਸ ਨੇ ਉਨ੍ਹਾਂ ਦੇ ਕਰੀਅਰ ਨੂੰ ਅਮਰ ਕਰ ਦਿੱਤਾ। ਅੱਜ ਵੀ ਜਦੋਂ ਹਨੂਮਾਨ ਜੀ ਦਾ ਜ਼ਿਕਰ ਹੁੰਦਾ ਹੈ, ਤਾਂ ਸਭ ਤੋਂ ਪਹਿਲਾਂ ਦਾਰਾ ਸਿੰਘ ਦਾ ਚਿਹਰਾ ਹੀ ਅੱਖਾਂ ਸਾਹਮਣੇ ਆਉਂਦਾ ਹੈ।

# ਸਿੱਖ ਪੰਥ ਨੂੰ ਪੜਚੋਲ ਕਰ, ਨੀਤੀ ਬਣਾ ਕੇ ਅੱਗੇ ਵਧਣ ਦੀ ਲੋੜ

ਇਕਬਾਲ ਸਿੰਘ ਲਾਲਪੁਰਾ
+91 98773 53321



21ਵੀਂ ਸਦੀ ਦੀ ਇੱਕ ਚੌਥਾਈ ਗੁਜ਼ਰ ਚੁੱਕੀ ਹੈ। ਸਿੱਖ ਪੰਥ, ਜਿਸ ਨੂੰ ਦੇਵਤਾ ਰੂਪ ਵਿੱਚ ਪ੍ਰਗਟ ਕੀਤਾ ਗਿਆ ਸੀ, ਦਾ ਇਤਿਹਾਸ ਕਰੀਬ 556 ਸਾਲ ਪੁਰਾਣਾ ਹੋ ਚੁੱਕਾ ਹੈ। ਅੱਜ ਵੀ ਇਹ ਗੁਰੂ ਨਾਨਕ ਸਾਹਿਬ ਦੇ ਘੜੇ ਦੇਵਤੇ ਅਰਥਾਤ ਗੁਰਮੁਖ ਵਿਸ਼ਵ ਭਰ ਵਿੱਚ ਲੋਕਾਈ ਦੀ ਸੇਵਾ ਕਰਦੇ ਵੇਖੇ ਜਾ ਸਕਦੇ ਹਨ। ਰਾਜਨੀਤਿਕ ਰੂਪ ਵਿੱਚ 1710 ਈ. ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫ਼ਤਿਹ ਨਾਲ ਰਾਜ ਸਥਾਪਤ ਕੀਤਾ ਸੀ। 1783 ਈ. ਨੂੰ ਦਿੱਲੀ ਫ਼ਤਿਹ ਕਰਕੇ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਝੁਲਾਇਆ ਸੀ। ਅੱਜ ਵੀ ਮੇਰਠ ਲਾਗੇ 800 ਪਿੰਡਾਂ ਵਿੱਚ 250 ਸਾਲਾਂ ਤੋਂ ਵੱਸਦੇ ਸਿੱਖ ਇਨ੍ਹਾਂ ਜਿੱਤਾਂ ਦਾ ਇਤਿਹਾਸ ਸਾਂਭ ਕੇ ਬੈਠੇ ਹਨ। ਅਠਾਰਵੀਂ ਸਦੀ ਦੇ ਅੰਤ ਤੱਕ ਲਾਹੌਰ 'ਤੇ ਖਾਲਸਾ ਰਾਜ ਸਥਾਪਿਤ ਹੋ ਚੁੱਕਾ ਸੀ, ਜਿਸ ਦੀ ਹੋਂਦ ਸਤਲੁਜ ਤੋਂ ਕਾਬੁਲ ਤੱਕ ਸੀ।

ਆਪਸੀ ਫੁੱਟ ਤੇ ਲਾਲਚ ਨੇ ਖਾਲਸਾ ਰਾਜ ਦੀ ਆਜ਼ਾਦ ਸੋਚ ਦਾ ਅੰਤ 1849 ਈ. ਵਿੱਚ ਕਰ ਦਿੱਤਾ। ਇਤਿਹਾਸ ਦੀ ਪੜਚੋਲ ਕਰਨਾ ਗਲਤੀਆਂ ਤੋਂ ਜਾਣੂ ਹੋਣ ਅਤੇ ਅਗਲੀ ਨੀਤੀ ਬਣਾਉਣ ਲਈ ਰਾਹ-ਦਸੇਰਾ ਹੁੰਦਾ ਹੈ। ਇਸ 176 ਸਾਲਾਂ ਵਿੱਚੋਂ ਜੇਤੂ ਅੰਗਰੇਜ਼ ਨੇ ਕਰੀਬ 98 ਸਾਲ (1947 ਤੱਕ) ਸਿੱਖ ਕੌਮ ਨੂੰ ਆਗੂ-ਰਹਿਤ ਤੇ ਕਮਜ਼ੋਰ ਕੀਤਾ ਅਤੇ ਅੰਗਰੇਜ਼-ਪੱਖੀ ਸਿੱਖ ਸੰਸਥਾਵਾਂ ਤੇ ਆਗੂ ਅੱਗੇ ਕੀਤੇ ਜੋ ਅੱਜ ਵੀ ਤਾਕਤਵਰ ਹਨ। ਕਿਵੇਂ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਧਾਰਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਜਾਤ-ਪਾਤ ਦੇ ਨਾਗ-ਵਲ ਵਿੱਚ ਬੱਝੇ ਹੋਏ ਆਪਣੀ ਵਿਲੱਖਣਤਾ ਗੁਆ ਚੁੱਕੇ ਹਨ। ਰੰਘਰੇਟੇ 'ਗੁਰੂ ਕੇ ਬੇਟੇ' ਹੁਣ ਚੌਥੇ ਪੌੜੇ ਵਾਲੇ ਬਣਾ ਦਿਤੇ ਗਏ ਹਨ। ਅੰਗਰੇਜ਼ ਨੇ ਧਰਮ-ਪਰਿਵਰਤਨ ਵਿਰੁੱਧ ਅੱਗੇ ਆਈ ਸਿੰਘ ਸਭਾ ਲਹਿਰ ਨੂੰ ਖ਼ਤਮ ਕਰਨ ਲਈ ਚੀਫ਼ ਖ਼ਾਲਸਾ ਦੀਵਾਨ ਬਣਾ ਦਿੱਤਾ। ਉਸ ਦੇ ਉਦੇਸ਼ ਵੀ ਧਰਮ ਪ੍ਰਚਾਰ, ਵਿੱਦਿਆ ਤੇ ਆਰਥਿਕ ਤਰੱਕੀ ਰੱਖੇ, ਪਰ ਕਰੀਬ 124 ਸਾਲਾਂ ਵਿੱਚ ਵੀ ਇਹ ਸੰਸਥਾ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਵੱਲ ਕੋਈ ਮਹੱਤਵਪੂਰਨ ਕੰਮ ਨਹੀਂ ਕਰ ਸਕੀ।

1920-1925 ਦੀ ਗੁਰਦੁਆਰਾ ਸੁਧਾਰ ਲਹਿਰ ਵੀ ਪਹਿਲਾਂ ਅੰਗਰੇਜ਼-ਪੱਖੀ ਤੇ ਫਿਰ ਕਾਂਗਰਸ-ਪੱਖੀ ਨੇਤਾਵਾਂ ਵਿੱਚ ਵੰਡੀ ਜਾਣ ਕਾਰਨ ਧਰਮ ਦੇ ਪ੍ਰਚਾਰ-ਪ੍ਰਸਾਰ ਤੇ ਗੁਰਦੁਆਰਾ ਪ੍ਰਬੰਧ ਵਿੱਚ ਕੋਈ ਤਬਦੀਲੀ ਨਹੀਂ ਲਿਆ ਸਕੀ, ਨਾ ਹੀ ਕੋਈ ਲੰਬੀ ਨੀਤੀ ਬਣਾ ਸਕੀ। ਗੁਰੂ-ਘਰ ਰਾਜਨੀਤੀ ਦਾ ਅੱਡਾ ਬਣ ਚੁੱਕੇ ਹਨ। ਇਸ ਕਾਰਨ ਹੀ ਪੰਜਾਬ, ਹਰਿਆਣਾ, ਦਿੱਲੀ ਤੇ ਹੋਰ ਕਮੇਟੀਆਂ ਵਿੱਚ ਵੰਡ ਜਾਣ ਅਤੇ ਰਾਜਨੀਤੀ ਵੱਲ ਪ੍ਰੇਰਿਤ ਹੋਣ ਕਰਕੇ 'ਕੌਮੀ ਆਗੂ' ਪੈਦਾ ਨਹੀਂ ਹੋ ਸਕੇ। ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਵੀ ਇਨ੍ਹਾਂ ਕਮੇਟੀਆਂ ਤੇ ਸੰਸਥਾਵਾਂ ਨੇ ਕੁਝ ਵੀ ਨਹੀਂ ਕੀਤਾ।

ਸਿੰਘ ਸਭਾ ਲਹਿਰ ਦਾ ਗਠਨ ਮਿਸ਼ਨ ਸਕੂਲ ਅੰਮ੍ਰਿਤਸਰ ਵੱਲੋਂ ਚਾਰ ਸਿੱਖ ਵਿਦਿਆਰਥੀਆਂ ਨੂੰ ਈਸਾਈ ਬਣਾਉਣ ਵਿਰੁੱਧ ਹੋਇਆ ਸੀ। ਇਹ ਗੱਲ 1873 ਈ. ਦੀ ਹੈ। ਇਸ ਤੋਂ ਪਹਿਲਾਂ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾ ਲਿਆ ਗਿਆ ਸੀ। ਫਿਰ ਹਰਨਾਮ ਸਿੰਘ ਆਹਲੂਵਾਲੀਆ ਈਸਾਈ ਬਣਿਆ ਤੇ ਅੱਜ ਵੀ ਉਸ ਦਾ ਪਰਿਵਾਰ ਈਸਾਈ ਧਰਮ ਦੀ ਹੀ ਪਾਲਣਾ ਕਰਦਾ ਹੈ। ਅੱਜ ਵੀ ਪੰਜਾਬ ਦੇ ਪਿੰਡਾਂ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਸਿੱਖ ਆਪਣਾ ਧਰਮ ਬਦਲ ਰਹੇ ਹਨ। ਸਿੱਖ ਡੇਰੇਦਾਰ ਬਾਬੇ ਤਾਂ ਗੁਰੂ ਦਾ ਮੁਕਾਬਲਾ ਕਰਦੇ ਮੱਥੇ ਟਿਕਾਉਂਦੇ ਹਨ ਅਤੇ ਕਾਰ-ਸੇਵਾ ਦੇ ਨਾਂ 'ਤੇ ਇਮਾਰਤਾਂ ਢਾਹੁਣ-ਬਣਾਉਣ ਦੇ ਕੰਮ ਲੱਗੇ ਹੋਏ ਹਨ। ਇਸ 'ਠੇਕੇਦਾਰੀ' ਲਈ ਕਿਸ ਨਾਲ ਕਿੰਨੀਆਂ ਸ਼ਰਤਾਂ ਤੇ ਸਮਝੌਤੇ ਕਰਨੇ ਪੈਂਦੇ ਹਨ, ਸਭ ਦੇ ਧਿਆਨ ਵਿੱਚ ਹੈ। ਪਾਠ, ਕਥਾ ਤੇ ਕੀਰਤਨ ਉਜਰਤ ਲੈ ਕੇ ਹੁੰਦੇ ਹਨ। ਸਿੱਖ ਮਾਨਸ ਤੋਂ ਦੇਵਤਾ ਕਿਵੇਂ ਬਣੇ, ਆਪਣੇ ਅੰਦਰ ਗੁਰੂ ਗਿਆਨ ਦੀ ਜੋਤਿ ਕਿਵੇਂ ਜਗਾਏ- ਇਸ ਬਾਰੇ ਨਾ ਖੋਜ ਕੀਤੀ ਗਈ ਹੈ, ਨਾ ਸੋਚਿਆ ਜਾਂਦਾ ਹੈ। ਸੰਸਥਾਵਾਂ 'ਤੇ ਭ੍ਰਿਸ਼ਟਾਚਾਰ, ਰਾਜਨੀਤੀ ਜਾਂ ਕੇਵਲ ਕਰਮ-ਕਾਂਡ ਉਤਸ਼ਾਹਿਤ ਕਰਨ ਦੇ ਦੋਸ਼ ਹਨ; ਫਿਰ ਆਮ ਸਿੱਖ ਦਾ ਵਿਸ਼ਵਾਸ ਕਿਵੇਂ ਬਣ ਸਕਦਾ ਹੈ? ਇਸ ਬਾਰੇ ਗੁਰਮਤਿ ਸਪਸ਼ਟ ਹੈ: ਸੂਹੀ ਮਹਲਾ 5 ॥ ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥1 ॥ ਸੰਤਹੁ ਸਾਗਰੁ ਪਾਰਿ ਉਤਰੀਐ ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ ॥1 ॥ ਰਹਾਉ ॥

ਫਿਰ ਇਹ ਕਰਮ-ਕਾਂਡ ਗੁਰੂ-ਘਰਾਂ ਵਿੱਚ ਕਿਉਂ ਹੋ ਰਹੇ ਹਨ? 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸਾ ਕਾ' ਦਾ ਰਾਹ ਗੁਰੂ ਪਿਤਾ ਨੇ ਸਪਸ਼ਟ ਕੀਤਾ ਸੀ, ਜੋ ਸਿੱਖ ਧਰਮ ਅਸਥਾਨਾਂ ਵਿੱਚ ਅੱਜ ਨਜ਼ਰ ਨਹੀਂ ਆ ਰਿਹਾ। ਅੰਗਰੇਜ਼ ਨੇ ਤਨਖ਼ਾਹਦਾਰ ਪੁਜਾਰੀਆਂ ਦੀ ਸੰਸਥਾ ਬਣਾਈ, ਜਿਸ ਨੂੰ ਉਸ ਦੇ ਪਿੱਠੂ ਚਲਾਉਂਦੇ ਸਨ। ਉਸ ਰਾਹੀਂ ਜਨਰਲ ਡਾਇਰ ਵੀ ਸਨਮਾਨਿਤ ਹੁੰਦਾ ਰਿਹਾ ਅਤੇ ਕਿਸੇ ਨੂੰ ਵੀ ਪੰਥ ਵਿੱਚੋਂ ਖ਼ਾਰਜ ਕੀਤਾ ਜਾ ਸਕਦਾ ਸੀ; ਹੁਣ ਵੀ ਇਸ ਬਾਰੇ ਕੁਝ ਨਹੀਂ ਬਦਲਿਆ। ਇਸ ਬਾਰੇ ਸਿੱਖ ਪੰਥ ਨੂੰ ਗੁਰਮਤਿ ਨਜ਼ਰੀਏ ਤੋਂ ਤਬਦੀਲੀਆਂ ਲਿਆਉਣ ਦੀ ਲੋੜ ਹੈ।

ਆਰਥਿਕ ਰੂਪ ਵਿੱਚ ਕੁਝ ਵਿਅਕਤੀਆਂ ਤੇ ਪਰਿਵਾਰਾਂ ਨੇ ਤਰੱਕੀ ਜ਼ਰੂਰ ਕੀਤੀ ਹੈ, ਪਰ ਉਨ੍ਹਾਂ ਵਿੱਚੋਂ ਬਹੁਤੇ ਧਰਮ ਤੋਂ ਦੂਰ ਹੋ ਚੁੱਕੇ ਹਨ। ਕੌਮ ਮੂਲ ਰੂਪ ਵਿੱਚ ਆਰਥਿਕ ਪੱਖੋਂ ਕਮਜ਼ੋਰ ਹੋਈ ਹੈ। ਕਿਉਂਕਿ ਸਿੱਖਾਂ ਦੀ ਬਹੁਗਿਣਤੀ ਵਾਲੇ ਪ੍ਰਦੇਸ਼ ਪੰਜਾਬ ਵਿੱਚ ਕਾਰਖਾਨੇ ਜਾਂ ਤਾਂ ਬੰਦ ਹੋ ਗਏ ਹਨ ਜਾਂ ਅਮਨ-ਕਾਨੂੰਨ ਦੀ ਮਾੜੀ ਹਾਲਤ ਨੇ ਨਵੇਂ ਲੱਗਣ ਨਹੀਂ ਦਿੱਤੇ। 'ਉੱਤਮ ਖੇਤੀ' ਵਾਲੇ ਲੋਕ ਖ਼ੁਦਕੁਸ਼ੀਆਂ ਕਰ ਰਹੇ ਹਨ ਜਾਂ ਸੜਕਾਂ 'ਤੇ ਅੰਦੋਲਨ ਕਰਦੇ ਜਾਨਾਂ ਗੁਆ ਰਹੇ ਹਨ।

ਆਜ਼ਾਦੀ ਦੀ ਲੜਾਈ ਦੇ ਮੋਹਰੀ ਬਣੇ ਸਿੱਖ ਨੇਤਾ ਕੁਰਸੀਆਂ ਲਈ ਕਾਂਗਰਸ ਨਾਲ ਜੁੜ ਗਏ ਸਨ ਅਤੇ ਆਪਣੀ ਕੌਮ ਦੇ ਉਨ੍ਹਾਂ ਆਗੂਆਂ 'ਤੇ ਹੀ ਤਸ਼ੱਦਦ ਕਰਨ ਵਾਲੇ ਬਣ ਗਏ ਜਿਨ੍ਹਾਂ ਨੇ ਪੰਥਕ ਰਾਜਨੀਤੀ ਦਾ ਰਾਹ ਚੁਣਿਆ ਸੀ। ਰਾਜਨੀਤਕ ਖੇਤਰ ਵਿੱਚ ਇਸ ਛੋਟੀ ਕੌਮ ਦੇ ਕਈ ਆਗੂ ਤੇ ਧੜੇ ਬਣ ਗਏ ਹਨ। ਸਿੱਖ ਪੰਥ ਦੀ ਪ੍ਰਾਪਤੀ ਸਿਫ਼ਰ ਹੀ ਰਹੀ। ਇਹ ਨਹੀਂ ਕਿ ਆਜ਼ਾਦ ਭਾਰਤ ਵਿੱਚ ਸਿੱਖ ਆਗੂਆਂ ਨੂੰ ਕੁਰਸੀਆਂ ਤੇ ਅਹੁਦੇ ਨਹੀਂ ਮਿਲੇ, ਪਰ ਕੁਰਸੀ ਮਿਲਦਿਆਂ ਹੀ ਗੱਲ 'ਮੈਂ ਤੇ ਮੇਰੇ ਪਰਿਵਾਰ' ਤੱਕ ਹੀ ਸੀਮਤ ਰਹੀ।

ਆਪਣਾ ਧਰਮ ਅਰਥਾਤ ਗੁਰੂ ਗ੍ਰੰਥ ਸਾਹਿਬ ਦਾ ਫਲਸਫਾ (ਜੋ ਮਾਨਸ ਨੂੰ ਦੇਵਤਾ ਬਣਾਉਣ ਦੀ ਸਮਰੱਥਾ ਰੱਖਦਾ ਹੈ) ਦੇ ਪ੍ਰਚਾਰ ਵਿੱਚ ਨਾਕਾਮ ਰਹਿਣ ਤੋਂ ਬਾਅਦ, 1970 ਦੇ ਦਹਾਕੇ ਵਿੱਚ ਨਿਰੰਕਾਰੀਆਂ ਨਾਲ ਝਗੜਾ ਸ਼ੁਰੂ ਹੋਇਆ। ਗੱਲ ਤਕਰਾਰ ਤੋਂ ਕਤਲਾਂ ਤੱਕ ਜਾ ਪਹੁੰਚੀ, ਵਕਤ ਦੀ ਸਰਕਾਰ ਤਮਾਸ਼ਬੀਨ ਬਣੀ ਰਹੀ ਅਤੇ ਕਾਂਗਰਸ ਨੇ ਸਿੱਖਾਂ ਨਾਲ ਕੋਈ ਇਨਸਾਫ਼ ਨਹੀਂ ਕੀਤਾ। ਪੰਜਾਬ ਦੇ ਮਸਲੇ ਉਲਝਾਏ ਗਏ। ਅਕਾਲੀ ਲੀਡਰਸ਼ਿਪ ਨੇ ਪੰਜਾਬ ਤੇ ਸਿੱਖ ਨੌਜਵਾਨਾਂ ਪ੍ਰਤੀ ਜ਼ਿੰਮੇਵਾਰੀ ਨਹੀਂ ਸੰਭਾਲੀ। ਇਸ ਕਾਰਣ ਸਿੱਖ ਨੌਜਵਾਨੀ ਦਾ ਘਾਣ ਹੋਇਆ। ਅਕਾਲੀ ਲੀਡਰਸ਼ਿਪ ਕਾਂਗਰਸ ਸਰਕਾਰ ਤੋਂ ਕੋਈ ਪੰਥਕ ਤੇ ਪੰਜਾਬ ਮੰਗ ਨਹੀਂ ਮਨਾ ਸਕੀ।

ਸਿੱਖ ਧਰਮ ਵਿੱਚ ਗੁਰਮਤਿ ਅਨੁਸਾਰ 'ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ॥' ਦੀ ਜੀਵਨ-ਜੁਗਤ ਨਾਲ ਸਿੱਖ ਪਾਰਸ ਬਣ ਕੇ ਹੋਰਾਂ ਨੂੰ ਕੰਚਨ ਤੇ ਪਾਰਸ ਬਣਾਉਣ ਦੀ ਸਮਰੱਥਾ ਰੱਖਦਾ ਹੈ। ਇਨ੍ਹਾਂ ਗੁਰਮੁਖਾਂ ਦੇ ਜੀਵਨ ਨੇ ਹੋਰਾਂ ਨੂੰ ਵੀ ਇਸ ਮਾਰਗ 'ਤੇ ਤੋਰਿਆ। ਗੁਰੂ ਕਾਲ ਵਿੱਚ ਮੰਜੀਆਂ ਅਤੇ ਮਸੰਦ ਪ੍ਰਚਾਰਕ ਥਾਪੇ ਗਏ। ਫਿਰ ਖਾਲਸਾ ਨੂੰ ਗੁਰੂ ਨਾਲ ਜੁੜਨ ਦਾ ਹੁਕਮ ਹੋਇਆ। ਇਸ ਕਾਲ ਵਿੱਚ ਹੀ ਉਦਾਸੀ ਤੇ ਨਿਰਮਲ ਸੰਪਰਦਾਵਾਂ ਨੇ ਲੋਕਾਈ ਨੂੰ ਗੁਰਮਤਿ ਨਾਲ ਜੋੜਿਆ ਸੀ। ਜਦੋਂ ਅੰਗਰੇਜ਼ ਸਰਕਾਰ ਨੇ ਸਿੱਖ ਆਗੂ ਕਬਜ਼ੇ ਵਿੱਚ ਕੀਤੇ ਤਾਂ ਇਨ੍ਹਾਂ ਸੰਸਥਾਵਾਂ ਦੇ ਕੁਝ ਆਗੂ ਵੀ ਕਮਜ਼ੋਰ ਹੋ ਕੇ ਅੰਗਰੇਜ਼ਾਂ ਨਾਲ ਜੁੜ ਗਏ। ਪਰ ਅੰਗਰੇਜ਼ਾਂ ਤੋਂ ਬਾਅਦ ਵੀ ਇਨ੍ਹਾਂ ਸੰਸਥਾਵਾਂ ਨੇ ਚੰਗੇ ਕੰਮ ਨੂੰ ਮੁੜ ਸੁਰਜੀਤ ਕਰਨ ਦੀ ਥਾਂ, ਕੁਝ ਆਪੇ ਬਣੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀਆਂ' ਦੇ ਆਗੂਆਂ ਨੇ ਇਨ੍ਹਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਹੀ ਚੁੱਕਣੇ ਸ਼ੁਰੂ ਕਰ ਦਿੱਤੇ। ਇਸ ਨਾਲ ਪੰਥਕ ਸੰਸਥਾਵਾਂ ਤੇ ਜਾਇਦਾਦਾਂ ਪੰਥ ਤੋਂ ਦੂਰ ਹੋ ਗਈਆਂ ਹਨ। ਇਹ 'ਮੋਰਲ ਪੁਲੀਸਿੰਗ' ਦਾ ਅਧਿਕਾਰ ਇਨ੍ਹਾਂ ਨੂੰ ਕਿਸ ਨੇ ਦਿੱਤਾ ਹੈ? ਧਰਮ ਪ੍ਰਚਾਰ ਦੇ ਨਾਂ 'ਤੇ ਹੋਂਦ ਵਿੱਚ ਆਏ ਬਾਬੇ, ਟਕਸਾਲਾਂ ਤੇ ਜਥੇ ਪੇਸ਼ੇਵਰ ਕਰਮ-ਕਾਂਡ ਕਰਵਾ ਕੇ ਸਿੱਖਾਂ ਨੂੰ ਭੰਬਲਭੂਸੇ ਵਿਚ ਪਾ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਦੇਵਤਾ' ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਅਕਾਲ ਪੁਰਖ ਕੀ ਫੌਜ' ਦੇ ਸੰਤ-ਸਿਪਾਹੀ ਦਾ ਫ਼ਲਸਫ਼ਾ ਹੀ ਧੁੰਦਲਾ ਕਰ ਦਿੱਤਾ ਗਿਆ ਹੈ।

ਸਿੱਖ ਰਾਜਸੀ ਆਗੂ ਸਿੱਖ ਫ਼ਲਸਫ਼ੇ ਵਾਲੇ ਜੀਵਨ ਤੋਂ ਕੋਹਾਂ ਦੂਰ, ਰਾਜਨੀਤਕ ਲਾਭ ਲਈ ਕੁਝ ਵੀ ਕਰਨ ਨੂੰ ਤਿਆਰ ਨਜ਼ਰ ਆਉਂਦੇ ਹਨ। ਧਰਮ ਪ੍ਰਚਾਰ ਕੇਵਲ ਰੋਟੀ-ਰੋਜ਼ੀ ਦਾ ਸਾਧਨ ਬਣ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਜਨਮ ਅਸਥਾਨ ਸਮੇਤ ਅਨੇਕਾਂ ਇਤਿਹਾਸਕ ਗੁਰਦੁਆਰਾ ਸਾਹਿਬਾਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਪਾਕਿਸਤਾਨ ਵਿੱਚ ਰਹਿ ਗਏ ਹਨ। ਬਹੁਤੇ ਅਸਥਾਨ ਸਥਾਨਕ ਲੋਕਾਂ ਨੇ ਢਾਹ ਦਿੱਤੇ ਹਨ ਅਤੇ ਕਈਆਂ ਵਿੱਚ ਡੰਗਰ ਬੰਨ੍ਹੇ ਜਾਣ ਦੀਆਂ ਤਸਵੀਰਾਂ ਮਿਲਦੀਆਂ ਹਨ। ਪਾਕਿਸਤਾਨ ਸਰਕਾਰ ਦੀ ਸਰਪ੍ਰਸਤੀ ਹੇਠ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਲਈ ਗਈ ਹੈ। ਸਿੱਖ ਕੇਵਲ ਵਿਖਾਵੇ ਲਈ ਪ੍ਰਬੰਧਕ ਨਜ਼ਰ ਆਉਂਦੇ ਹਨ, ਪਰ ਜ਼ਮੀਨ ਦੀ ਮਾਲਕੀ ਤੇ ਪ੍ਰਬੰਧ ਦੇ ਅਸਲ ਅਧਿਕਾਰ ਸਿੱਖਾਂ ਕੋਲ ਨਹੀਂ ਹਨ। ਭਾਰਤੀ ਪੰਜਾਬ ਦੀ ਸ਼੍ਰੋਮਣੀ ਕਮੇਟੀ ਕੋਲ 481, ਹਰਿਆਣਾ ਕੋਲ 52 ਅਤੇ ਦਿੱਲੀ ਕਮੇਟੀ ਕੋਲ ਕੇਵਲ 10 ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਹੈ। ਬਾਕੀ ਦੁਨੀਆ ਭਰ ਦੇ ਹਜ਼ਾਰਾਂ ਗੁਰਦੁਆਰੇ ਇੱਕ ਮਰਿਆਦਾ ਵਿੱਚ ਕਿਵੇਂ ਆਉਣਗੇ? ਪੰਜਾਬ ਤੋਂ ਬਾਹਰਲੇ ਇਤਿਹਾਸਕ ਗੁਰਦੁਆਰਿਆਂ ਦੀ ਜ਼ਿੰਮੇਵਾਰੀ ਕਿਸ ਦੀ ਹੈ? ਹੁਣ ਪੰਜਾਬ ਵਾਲੇ ਆਗੂ 'ਆਲ ਇੰਡੀਆ ਗੁਰਦੁਆਰਾ ਐਕਟ' ਦੇ ਵੀ ਹਮਾਇਤੀ ਨਹੀਂ ਰਹੇ, ਜਿਸ ਦੀ ਮੰਗ ਉਹ 1956 ਤੋਂ ਕਰਦੇ ਆ ਰਹੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਸਥਿਤੀ ਬਾਰੇ ਸਪੱਸ਼ਟ ਕਰਦੇ ਹਨ: "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥" ਜਿਸ ਪੰਥ ਕੋਲ ਉੱਤਮ ਫ਼ਲਸਫ਼ਾ ਤੇ ਇਤਿਹਾਸ ਹੈ, ਉਸ ਨੂੰ ਕੋਈ ਕਮਜ਼ੋਰ ਨਹੀਂ ਕਰ ਸਕਦਾ। ਗੱਲ ਤਾਂ ਮੁੜ ਲੀਹ 'ਤੇ ਆਉਣ ਦੀ ਹੈ। ਇਸ ਬਾਰੇ ਵਿਚਾਰ ਪੰਥ-ਦਰਦੀ ਗੁਰਮੁਖਾਂ ਵੱਲੋਂ ਗੁਰਮਤਿ ਦੀ ਰੋਸ਼ਨੀ ਵਿੱਚ ਕਰਨਾ ਜ਼ਰੂਰੀ ਹੈ। ਸਿੱਖ ਫ਼ਲਸਫ਼ਾ ਤੇ ਇਤਿਹਾਸ 'ਵਿਚਾਰ ਪ੍ਰਧਾਨ' ਹੈ, ਜ਼ਰੂਰਤ ਕੇਵਲ ਸਿਰ ਜੋੜਨ ਦੀ ਹੈ। ਸਮਾਜ ਇਕੱਠਾ ਕਿਵੇਂ ਹੋਵੇ? ਧਰਮ ਦੇ ਕੁੰਡੇ ਹੇਠ ਰਾਜਨੀਤੀ ਕਿਵੇਂ ਚੱਲੇ? ਕੀ ਨਵੀਂ ਸਿੰਘ ਸਭਾ ਲਹਿਰ ਦੀ ਲੋੜ ਹੈ? ਇਸ ਦੀ ਅਗਵਾਈ ਕੌਣ ਕਰੇ? ਕੀ ਸਾਨੂੰ 'ਰਹਿਤ' ਪਿਆਰੀ ਹੈ ਜਾਂ ਸਿਰਫ਼ 'ਸਿੱਖ'? ਧਰਮ-ਪਰਿਵਰਤਨ ਕਿਵੇਂ ਰੋਕਿਆ ਜਾਵੇ? ਨੌਜਵਾਨਾਂ ਲਈ ਵਿੱਦਿਆ ਤੇ ਰੋਜ਼ਗਾਰ ਦਾ ਪ੍ਰਬੰਧ ਕੌਣ ਕਰੇਗਾ? ਸਿੱਖ ਨੌਜਵਾਨੀ ਨੂੰ ਅਤਿਵਾਦ ਦੇ ਰਾਹ ਤੋਂ ਕਿਵੇਂ ਮੋੜਿਆ ਜਾਵੇ? ਸਿੱਖ ਕੌਮ ਦੇ ਅਸਲ ਦੋਸਤ ਕੌਣ ਹਨ? ਇਹ ਸਵਾਲ ਜਵਾਬ ਮੰਗਦੇ ਹਨ।

ਪਿਛਲੇ ਸੌ ਸਾਲਾਂ ਵਿੱਚ ਸਿੱਖ ਲੀਡਰਸ਼ਿਪ ਸ਼੍ਰੋਮਣੀ ਅਕਾਲੀ ਦਲ ਕੋਲ ਰਹੀ ਹੈ। ਉਨ੍ਹਾਂ ਨੇ ਹੀ ਪੰਜਾਬੀ ਸੂਬੇ ਤੇ ਧਰਮ ਯੁੱਧ ਮੋਰਚੇ ਲਾਏ ਅਤੇ ਪੰਜਾਬ ਤੇ ਕੇਂਦਰ ਵਿੱਚ ਸੱਤਾ ਦਾ ਹਿੱਸਾ ਰਹੇ। ਪਰ ਤਾਕਤ ਵਿੱਚ ਹੁੰਦਿਆਂ ਉਨ੍ਹਾਂ ਨੇ ਕੌਮ ਦੇ ਕਿਹੜੇ ਮਸਲੇ ਹੱਲ ਕੀਤੇ? ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਜਥੇਦਾਰ ਵੀ ਰਾਜ ਸਭਾ/ਲੋਕ ਸਭਾ ਮੈਂਬਰ ਜਾਂ ਮੰਤਰੀ ਬਣਦੇ ਰਹੇ। ਜੇਕਰ ਸਾਰੇ ਰਾਜਨੀਤੀ ਵੱਲ ਵੇਖਣਗੇ, ਤਾਂ ਧਰਮ ਦੀ ਸੇਵਾ ਲਈ ਕੌਣ ਬਚੇਗਾ? ਰਾਜਨੀਤੀ ਲਈ ਗੁਰੂ-ਘਰਾਂ ਦੀ ਵਰਤੋਂ ਕਾਰਨ ਸਿੱਖ ਧਰਮ ਤੇ ਰਾਜਨੀਤੀ ਦੋਵਾਂ ਦਾ ਨੁਕਸਾਨ ਹੋਇਆ ਹੈ। ਇਸ ਨੂੰ ਬਦਲਣ ਦੀ ਲੋੜ ਹੈ। ਕੀ ਸਿੱਖ ਧਰਮ ਵਿੱਚ ਬਿਨਾਂ ਤਨਖ਼ਾਹ ਲਏ ਸੇਵਾ ਕਰਨ ਵਾਲੇ ਵਿਅਕਤੀਆਂ ਦੀ ਸੰਸਥਾ ਨਹੀਂ ਬਣਨੀ ਚਾਹੀਦੀ? ਜੋ ਲੋਕ ਰਾਜਨੀਤੀ ਵਿੱਚ ਹੁੰਦਿਆਂ ਗੁਰੂ ਸਾਹਿਬਾਨ ਦੀ ਬਰਾਬਰੀ ਕਰਨ ਵਾਲਿਆਂ ਨਾਲ ਖੜ੍ਹੇ ਹੋਏ ਅਤੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿਵਾਈ, ਕੀ ਉਹ ਕੌਮ ਦੇ ਆਗੂ ਹੋ ਸਕਦੇ ਹਨ?

ਸਿੱਖ ਸਮਾਜ ਵਿੱਚ ਗਿਆਨਵਾਨ, ਇਮਾਨਦਾਰ ਤੇ ਦੂਰ-ਅੰਦੇਸ਼ ਸਾਬਕਾ ਅਫ਼ਸਰਾਂ, ਜਰਨੈਲਾਂ, ਜੱਜਾਂ ਤੇ ਸਮਾਜ ਸੇਵੀਆਂ ਦੀ ਕਮੀ ਨਹੀਂ। ਸਮੱਸਿਆ ਉਨ੍ਹਾਂ ਨੂੰ ਇੱਕ ਮੰਚ 'ਤੇ ਇਕੱਠੇ ਕਰਨ ਦੀ ਹੈ। ਜੈਨ ਤੇ ਯਹੂਦੀ ਧਰਮਾਂ ਵਾਂਗ ਅਜਿਹੀਆਂ ਸੰਸਥਾਵਾਂ ਬਣਾਉਣੀਆਂ ਚਾਹੀਦੀਆਂ ਹਨ ਜੋ ਸਮਾਜ ਨੂੰ ਮਜ਼ਬੂਤ ਕਰਨ। ਸਿੱਖ ਵਿਦਵਾਨਾਂ ਨੂੰ ਇਸ ਬਾਰੇ ਹਿੰਮਤ ਕਰਨੀ ਚਾਹੀਦੀ ਹੈ। ਸਭ ਤੋਂ ਵੱਡਾ ਉੱਦਮ ਕੌਮ ਨੂੰ ਗੁਰਦੁਆਰਿਆਂ ਦੀ ਚਾਰਦੀਵਾਰੀ ਤੋਂ ਬਾਹਰ 'ਸਿੱਖ ਕਲਚਰਲ ਸੈਂਟਰ' ਸਥਾਪਤ ਕਰਨ ਦਾ ਕਰਨਾ ਚਾਹੀਦਾ ਹੈ। ਇਸ ਵਿੱਚ ਸਿੱਖ ਕਾਰੋਬਾਰੀਆਂ ਨੂੰ ਪਹਿਲ ਕਰਨੀ ਚਾਹੀਦੀ ਹੈ ਤਾਂ ਜੋ ਨੌਜਵਾਨਾਂ ਨੂੰ ਅੱਗੇ ਵਧਾਉਣ ਲਈ ਗੈਰ-ਰਸਮੀ ਰੂਪ ਵਿੱਚ ਵਿਚਾਰ ਹੋ ਸਕੇ।

*ਸਾਬਕਾ ਚੇਅਰਮੈਨ, ਕੌਮੀ ਘੱਟ-ਗਿਣਤੀ ਕਮਿਸ਼ਨ, ਭਾਰਤ ਸਰਕਾਰ*

# ਪੱਕ ਪਈਆਂ ਕਣਕਾਂ, ਲੁਕਾਠ ਰਸਿਆ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਅਗਿਆਤ ਨੇ ਕਿਹਾ ਸੀ "ਕਿ ਕਿਸਾਨ ਨੂੰ ਆਸ਼ਾਵਾਦੀ ਹੋਣਾ ਹੀ ਪਵੇਗਾ ਨਹੀਂ ਤਾਂ ਉਹ ਖੇਤੀਬਾੜੀ ਨਹੀਂ ਕਰ ਸਕਦਾ" ਇਸ ਕਰਕੇ ਕਿਸਾਨ ਵਿਚਾਰਾ ਆਪਣੀ ਹੱਡ-ਭੰਨਵੀਂ ਮਿਹਨਤ ਤੋਂ ਬਾਅਦ ਛਿਮਾਹੀ ਦੀ ਉਡੀਕ ਕਰਦਾ ਰਹਿੰਦਾ ਹੈ। ਹਰੀ ਕ੍ਰਾਂਤੀ ਤੋਂ ਬਾਅਦ ਕਣਕ ਨੇ ਕਿਸਾਨ ਦੀ ਗਰਜ ਪੂਰੀ ਕੀਤੀ ਹੈ। ਆਸਾ ਸਿੰਘ ਮਸਤਾਨਾ ਨੇ ਚਾਰ ਚੁਫੇਰੇ ਕਣਕਾਂ ਦੇਖ ਕੇ ਗਾਣਾ ਵੀ ਗਾਇਆ ਸੀ, "ਇੱਧਰ ਕਣਕਾਂ ਉੱਧਰ ਕਣਕਾਂ, ਵਿੱਚ ਕਣਕਾਂ ਦੇ ਬੂਰ ਪਿਆ, ਮੁਟਿਆਰੇ ਜਾਣਾ ਦੂਰ ਪਿਆ" ਖੇਤੀਬਾੜੀ ਜ਼ਰੀਏ ਕਣਕ ਨੇ ਸਭ ਤੋਂ ਪਹਿਲਾਂ ਪੰਜਾਬ ਰਾਹੀਂ ਦੇਸ਼ ਦੇ ਅੰਨ ਭੰਡਾਰ ਭਰੇ। ਹਰੀ ਕ੍ਰਾਂਤੀ ਤੋਂ ਪਹਿਲਾਂ ਕਣਕਾਂ ਮਾਰੂ ਹੁੰਦੀਆਂ ਸਨ। ਜਿਨਾਂ ਦਾ ਰਹਿਮੋ ਕਰਮ ਕੁਦਰਤ ਤੇ ਨਿਰਭਰ ਹੁੰਦਾ ਸੀ। ਮੀਂਹ ਪੈ ਜਾਵੇ ਤਾਂ ਬਾਰੇ ਨਿਆਰੇ ਨਹੀਂ ਤਾਂ ਕਾਲ ਪੈਣ ਦੀ ਨੌਬਤ ਆ ਜਾਂਦੀ ਸੀ।

1970 ਤੋਂ 1980 ਤੱਕ ਸ਼ੁਰੂਆਤੀ ਹਰੀ ਕ੍ਰਾਂਤੀ ਨਾਲ ਪੰਜਾਬ ਨੇ ਕੇਂਦਰੀ ਪੂਲ ਚ ਕਣਕ ਦਾ ਹਿੱਸਾ 40.45% ਸੀ। 2009 ਤੱਕ ਇਹ ਹਿੱਸਾ 43.73 ਹੋ ਗਿਆ ਸੀ। ਅੱਜ ਕਣਕ ਹੇਠ 34.90 ਲੱਖ ਹੈਕਟੇਅਰ ਰਕਬਾ ਆਉਂਦਾ ਹੈ। ਇਸੇ ਲੜੀ ਤਹਿਤ 1970-71 ਵਿੱਚ ਕਣਕ ਹੇਠ 3.90 ਲੱਖ ਹੈਕਟੇਅਰ ਰਕਬਾ ਸੀ,



ਜੋ ਕਿ 2009 ਵਿੱਚ ਵੱਧ ਕੇ 31.90 ਲੱਖ ਹੈਕਟੇਅਰ ਹੋ ਗਿਆ ਸੀ। ਕਣਕ ਦਾ ਔਸਤ ਝਾੜ 27.70 ਕੁਇੰਟਲ ਪ੍ਰਤੀ ਕਿਲਾ ਰਹਿੰਦਾ ਹੈ।

ਕਣਕ ਦੀ ਫਸਲ ਦੀ ਆਮਦ ਦੇ ਸਿਰ ਤੇ ਕਿਸਾਨ ਤਰ੍ਹਾਂ-ਤਰ੍ਹਾਂ ਦੇ ਸੱਭਿਆਚਾਰਕ ਅਤੇ ਆਰਥਿਕ ਹੁਲਾਰੇ ਲੈਂਦਾ ਹੈ। ਇਸੇ ਫਸਲ ਉੱਤੇ ਨਿਰਭਰ ਕਿਸਾਨ ਦਾ ਦਾਰੋਮਦਾਰ ਟਿਕਿਆ ਹੋਇਆ ਹੈ। 40 ਕਿਲੋ ਬੀਜ ਤੋਂ ਔਸਤ 27.28 ਕੁਇੰਟਲ ਹੋ ਕੇ ਕਿਸਾਨ ਦੇ ਰਿਸ਼ਤੇ ਨੂੰ ਆੜਤੀ ਨਾਲ ਹੋਰ ਵੀ ਗੂੜਾ ਰੰਗ ਕਰਦੀ ਹੈ।

ਕਣਕ ਦੀ ਫਸਲ ਹਰੀ ਤੋਂ ਸੁਨਹਿਰੀ ਹੋਣ ਦੇ ਨਾਲ ਦਾਤੀ ਨੂੰ ਦੰਦੇ ਲਗਵਾ ਕੇ ਘੁੰਗਰੂ ਲਵਾਏ ਜਾਂਦੇ ਹਨ "ਹਾੜ੍ਹੀ ਵੱਢੂੰਗੀ ਬਰਾਬਰ ਤੇਰੇ, ਦਾਤੀ ਨੂੰ ਲਵਾ ਦੇ ਘੁੰਗਰੂ" ਕਣਕ ਦੀ ਵਾਢੀ ਦੇ ਨਾਲ ਹੀ ਵਿਸਾਖੀ ਦੀ ਆਮਦ ਸ਼ੁਰੂ ਹੋ ਜਾਂਦੀ ਹੈ। ਚੇਤ ਨੂੰ ਵਿਸਾਖ ਆਪਣੀ ਚਾਦਰ ਵਿੱਚ ਵਲੇਟ ਲੈਂਦਾ ਹੈ। ਇਸ ਨੂੰ ਲਾਲਾ ਧਨੀਰਾਮ ਚਾਤਰਿਕ ਨੇ ਇਉਂ ਵਰਣਨ ਕੀਤਾ ਹੈ, "ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ, ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ, ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ, ਮਾਲ ਢਾਂਡਾ ਸਾਂਭਣੇ ਨੂੰ ਬੰਦਾ ਰੱਖ ਕੇ, ਪੱਗ ਝੱਗਾ ਚਾਦਰਾ ਨਵਾਂ ਸਿਵਾਏ ਕੇ, ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ, ਕੱਛੇ ਮਾਰ ਵੰਝਲੀ ਅਨੰਦ ਛਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ"

ਅਕਤੂਬਰ-ਨਵੰਬਰ ਚ ਬੀਜੀ ਕਣਕ ਅਪ੍ਰੈਲ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ। 40 ਕਿਲੋ ਤੋਂ 30 ਕੁਇੰਟਲ ਬਣ ਜਾਂਦੀ ਹੈ। ਕਣਕ ਦੀ ਫਸਲ ਸਾਡੇ ਗੌਰਮਈ ਵਿਰਸੇ ਦੀ ਖੁਸ਼ਬੂ ਖਿਲਾਰਦੀ ਹੈ। ਪੰਜਾਬੀ ਕਿਸਾਨ ਦੀ ਆਰਥਿਕਤਾ ਦਾ ਮੁੱਖ ਸਰੋਤ ਵੀ ਕਣਕ ਹੀ ਹੈ। ਕਣਕ ਦੇ ਪੱਕਣ ਦੇ ਨਾਲ ਸਾਰੀ ਪ੍ਰਕਿਰਤੀ ਪੁੰਗਰ ਜਾਂਦੀ ਹੈ। ਫਸਲਾਂ ਤੇ ਬੂਟਿਆਂ ਉੱਤੇ ਜੋਬਨ ਆ ਜਾਂਦਾ ਹੈ। ਹਾੜ੍ਹੀ ਦੀ ਰਾਣੀ ਕਣਕ ਦੇ ਪੱਕਣ ਸਮੇਂ 20 ਕੁ ਦਿਨਾਂ ਦਾ ਖੇਲ ਹੁੰਦਾ ਹੈ। ਕਣਕ ਦੀ ਫਸਲ ਚੱਕਣ ਤੋਂ ਬਾਅਦ ਖੇਤ ਰੁੰਡ-ਮੁੰਡ ਹੋ ਜਾਂਦੇ ਹਨ। ਪੱਕਦੀ ਫਸਲ ਦੇਖ ਕੇ ਕਿਸਾਨ ਖੁਸ਼ੀ ਨਾਲ ਝੂੰਮਦਾ ਹੈ। ਅੱਜ ਵੀ ਇਹੀ ਨਿਜ਼ਾਮ ਦੇਖਣ ਨੂੰ ਮਿਲਦਾ ਹੈ। ਆਲੇ ਦੁਆਲੇ ਦਾ ਨਕਸ਼ਾ ਇਉ ਬੋਲਦਾ ਹੈ,

"ਪੱਕ ਪਈਆਂ ਕਣਕਾਂ ਲੁਗਾਠ ਰਸਿਆ, ਬੂਰ ਪਿਆ ਅੰਬਾਂ ਨੂੰ ਗੁਲਾਬ ਹੱਸਿਆ, ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ, ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ, ਪੁੰਗਰੀਆਂ ਵੇਲਾਂ, ਵੇਲਾਂ ਰੁੱਖੀ ਚੜ੍ਹੀਆਂ, ਫਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ, ਸਾਈ ਦੀ ਨਿਗਹਾ ਜੱਗ ਤੇ ਸਵੱਲੀ ਏ, ਚਲ ਨੀ ਪ੍ਰੇਮੀਏ ਵਿਸਾਖੀ ਚੱਲੀਏ"

*******

## ਮਹਿੰਦਰ ਸਿੰਘ ਮਾਨ ਦੀਆਂ ਮਿੰਨੀ ਕਹਾਣੀਆਂ

### ਸੋਹਣੇ, ਸੁਨੱਖੇ ਮੁੰਡੇ

ਗੁਰਵਿੰਦਰ ਦੀ ਇਹ ਦਿਲੀ ਇੱਛਾ ਸੀ ਕਿ ਉਸ ਦਾ ਵਿਆਹ ਕਿਸੇ ਸੋਹਣੇ, ਸੁਨੱਖੇ ਮੁੰਡੇ ਨਾਲ ਹੋਵੇ। ਆਖਰ ਉਸ ਦੀ ਇਹ ਇੱਛਾ ਪੂਰੀ ਹੋ ਗਈ। ਉਸ ਦਾ ਵਿਆਹ ਕੁੱਲੇਵਾਲ ਪਿੰਡ ਵਿੱਚ ਸੋਹਣੇ, ਸੁਨੱਖੇ ਸ਼ਾਮ ਨਾਲ ਹੋ ਗਿਆ। ਉਸ ਨੇ ਸ਼ਾਮ ਦਾ ਘਰ ਬਾਰ ਦੇਖਣ ਦੀ ਵੀ ਲੋੜ ਨਹੀਂ ਸੀ ਸਮਝੀ। ਉਸ ਦਾ ਵਿਆਹ ਹੋਏ ਨੂੰ ਤਿੰਨ ਮਹੀਨੇ ਹੀ ਹੋਏ ਸਨ ਕਿ ਉਸ ਨੂੰ ਸ਼ਾਮ ਦੇ ਘਰ ਦੀ ਅਸਲੀਅਤ ਦਾ ਪਤਾ ਲੱਗ ਗਿਆ। ਸ਼ਾਮ ਆਪਣੇ ਵੱਡੇ ਭਰਾ ਅਤੇ ਛੋਟੇ ਭਰਾ ਨਾਲ ਮਿਲ ਕੇ ਕੰਮ ਕਰਦਾ ਸੀ। ਤਿੰਨਾਂ ਨੂੰ ਜੋ ਕੁੱਝ ਮਿਲਦਾ, ਉਹ ਵੱਡਾ ਭਰਾ ਰੱਖ ਲੈਂਦਾ ਤੇ ਅੱਗੇ ਆਪਣੀ ਪਤਨੀ ਨੂੰ ਦੇ ਦਿੰਦਾ। ਉਹ ਰੱਜ ਕੇ ਕੰਜੂਸ ਸੀ। ਉਹ ਨਿੱਤ ਵਰਤੋਂ ਦੀਆਂ ਚੀਜ਼ਾਂ ਲੈਣ ਨੂੰ ਵੀ ਪੈਸੇ ਨਹੀਂ ਸੀ ਦਿੰਦੀ। ਉਹ ਮੰਗਣ ਤੇ ਸ਼ਾਮ ਨੂੰ ਵੀ ਕੁੱਝ ਨਹੀਂ ਸੀ ਦਿੰਦੀ ਪਰ ਕਹਿੰਦਾ ਕੁੱਝ ਨਾ ਕਿਉਂਕਿ ਉਸ ਦਾ ਆਪਣਾ ਦਿਮਾਗ਼ ਕੰਮ ਨਹੀਂ ਸੀ ਕਰਦਾ। ਜੇ ਗੁਰਵਿੰਦਰ ਸ਼ਾਮ ਨੂੰ ਕੁੱਝ ਕਹਿੰਦੀ, ਤਾਂ ਉਹ ਜਾ ਕੇ ਆਪਣੀ ਵੱਡੀ ਭਰਜਾਈ ਨੂੰ ਦੱਸ ਦਿੰਦਾ। ਵੱਡੀ ਭਰਜਾਈ ਗੁਰਵਿੰਦਰ ਨੂੰ ਵੱਧ, ਘੱਟ ਬੋਲ ਕੇ ਚੁੱਪ ਕਰਾ ਦਿੰਦੀ। ਇਸ ਤਰ੍ਹਾਂ ਬਹੁਤਾ ਸਮਾਂ ਨਾ ਲੰਘਿਆ। ਗੁਰਵਿੰਦਰ ਆਪਣੇ ਪੇਕੇ ਆ ਕੇ ਆਪਣੀ ਮੰਮੀ ਕੋਲ ਰਹਿਣ ਲੱਗ ਪਈ। ਅੱਜ ਜਦੋਂ ਗੁਰਵਿੰਦਰ ਦੀ ਭਾਣਜੀ ਮਨਜੀਤ ਦਾ ਫੋਨ ਆਇਆ ਕਿ ਉਸ ਦਾ ਰਿਸ਼ਤਾ ਸੋਹਣੇ, ਸੁਨੱਖੇ ਮੁੰਡੇ ਨਾਲ ਹੁੰਦਾ ਆ,ਤਾਂ ਉਸ ਨੇ ਮਨਜੀਤ ਨੂੰ ਝੱਟ ਆਖਿਆ, "ਮਨਜੀਤ ਮੁੰਡਿਆਂ ਦੇ ਰੰਗ, ਰੂਪ ਨ੍ਹੀ ਦੇਖੀਦੇ। ਸਗੋਂ ਕੰਮ, ਅਕਲ ਤੇ ਘਰ, ਬਾਰ ਦੇਖੀਦੇ ਆ। ਮੈਂ ਸੋਹਣੇ, ਸੁਨੱਖੇ ਨਾਲ ਵਿਆਹ ਕਰਵਾ ਕੇ ਪਛਤਾ ਰਹੀ ਆਂ। ਉਸ ਵੇਲੇ ਜੇਕਰ ਮੈਂ ਇਹ ਸਭ ਕੁੱਝ ਦੇਖਿਆ ਹੁੰਦਾ, ਤਾਂ ਅੱਜ ਪੇਕੀਂ ਨਾ ਬੈਠੀ ਹੁੰਦੀ।" ਮਨਜੀਤ ਨੂੰ ਗੱਲ ਸਮਝ ਆ ਗਈ ਤੇ ਉਸ ਨੇ ਗੁਰਵਿੰਦਰ ਦੀ ਹਾਂ ਵਿੱਚ ਹਾਂ ਮਿਲਾ ਕੇ ਫੋਨ ਬੰਦ ਕਰ ਦਿੱਤਾ।

### ਆਖਰੀ ਇੱਛਾ

ਦਸੰਬਰ ਦਾ ਮਹੀਨਾ ਸੀ। ਠੰਢ ਤੇ ਧੁੰਦ ਦਾ ਜ਼ੋਰ ਸੀ। ਬਲਵਿੰਦਰ ਦਾ ਡੈਡੀ ਕੁੱਝ ਦਿਨ ਬੀਮਾਰ ਰਹਿਣ ਪਿੱਛੋਂ ਅੱਜ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਿਆ ਸੀ। ਬਲਵਿੰਦਰ ਨੇ ਆਪਣੇ ਡੈਡੀ ਦੇ ਸਸਕਾਰ ਤੇ ਸਾਰੇ ਰਿਸ਼ਤੇਦਾਰਾਂ ਨੂੰ ਟੈਲੀਫੋਨ ਕਰਕੇ ਸੱਦ ਲਿਆ ਸੀ। ਬਲਵਿੰਦਰ ਤੇ ਦੋ ਹੋਰ ਜਣੇ ਸਸਕਾਰ ਤੋਂ ਪਹਿਲਾਂ ਉਸ ਨੂੰ ਨਹਾਉਣ ਦਾ ਪ੍ਰਬੰਧ ਕਰਨ ਲੱਗੇ। ਬਲਵਿੰਦਰ ਨੇ ਆਪਣੇ ਡੈਡੀ ਦੇ ਸਾਰੇ ਕਪੜੇ ਹੌਲੀ, ਹੌਲੀ ਉਤਾਰੇ। ਉਸ ਦੇ ਡੈਡੀ ਦੀ ਕਮੀਜ਼ ਦੀ ਜੇਬ ਵਿਚੋਂ ਇਕ ਪਰਚੀ ਨਿਕਲ ਕੇ ਥੱਲੇ ਡਿੱਗ ਪਈ। ਜਦੋਂ ਉਸ ਨੇ ਪਰਚੀ ਨੂੰ ਖੋਲ੍ਹ ਕੇ ਦੇਖਿਆ, ਉਸ ਵਿੱਚ ਲਿਖਿਆ ਹੋਇਆ ਸੀ: ਬਲਵਿੰਦਰ, ਮੇਰੇ ਸਸਕਾਰ ਕਰਨ ਤੋਂ ਬਾਅਦ ਜਦ ਤੂੰ ਬਾਕੀਆਂ ਨਾਲ ਦੂਜੇ ਦਿਨ ਮੇਰੇ ਅਸਤ ਚੁਗਣ ਜਾਣਾ, ਤਾਂ ਮੇਰੇ ਅਸਤ ਚੁਗ ਕੇ ਤੇ ਰਾਖ਼ ਇਕੱਠੀ ਕਰਕੇ ਇਨ੍ਹਾਂ ਨੂੰ ਜਲ ਪ੍ਰਵਾਹ ਕਰਨ ਲਈ ਕੀਰਤ ਪੁਰ ਸਾਹਿਬ ਜਾਂ ਕਿਸੇ ਹੋਰ ਥਾਂ ਨਾ ਜਾਈਂ ਸਗੋਂ ਆਪਣੇ ਖੇਤ ਵਿੱਚ ਜਾ ਕੇ ਅਸਤ ਡੂੰਘਾ ਟੋਆ ਪੁੱਟ ਕੇ ਦੱਬ ਦੇਈਂ ਤੇ ਰਾਖ਼ ਨੂੰ ਸਾਰੇ ਖੇਤ ਵਿੱਚ ਖਲਾਰ ਦੇਈਂ ਤਾਂ ਜੋ ਕਿਸੇ ਨਹਿਰ ਦਾ ਪਾਣੀ ਹੋਰ ਪ੍ਰਦੂਸ਼ਿਤ ਹੋਣ ਤੋਂ ਬਚ ਸਕੇ। ਨਹਿਰਾਂ ਦੇ ਪਾਣੀ ਤਾਂ ਪਹਿਲਾਂ ਹੀ ਲੋਕਾਂ ਨੇ ਕੂੜਾ-ਕਰਕਟ ਤੇ ਲਿਫਾਫੇ ਸੁੱਟ ਕੇ ਪ੍ਰਦੂਸ਼ਿਤ ਕੀਤੇ ਹੋਏ ਆ। ਇਹ ਮੇਰੀ ਆਖ਼ਰੀ ਇੱਛਾ ਹੈ। ਇਸ ਨੂੰ ਹਰ ਹੀਲੇ ਪੂਰਾ ਕਰੀਂ। ਇਹ ਸਭ ਕੁੱਝ ਪੜ੍ਹ ਕੇ ਬਲਵਿੰਦਰ ਦੀਆਂ ਅੱਖਾਂ ਭਰ ਆਈਆਂ ਤੇ ਕਹਿਣ ਲੱਗਾ, "ਡੈਡੀ ਜੀ, ਤੁਹਾਡੀ ਵਧੀਆ ਸੋਚ ਨੂੰ ਮੇਰਾ ਸਲਾਮ ਆਂ। ਮੈਂ ਤੁਹਾਡੀ ਆਖ਼ਰੀ ਇੱਛਾ ਜ਼ਰੂਰ ਪੂਰੀ ਕਰਾਂਗਾ।"



### ਜ਼ਲੀਲ

ਲਕਸ਼ਮੀ ਕਰਿਆਨਾ ਸਟੋਰ ਤੇ ਕੰਮ ਕਰਦੇ ਨੂੰ ਸੋਢੀ ਨੂੰ ਇੱਕ ਸਾਲ ਹੋ ਚੱਲਿਆ ਸੀ। ਕਰਿਆਨੇ ਸਟੋਰ ਦੇ ਮਾਲਕ ਹਰੀਸ਼ ਨੇ ਸੋਢੀ ਨੂੰ ਛੇ ਕੁ ਮਹੀਨਿਆਂ ਦੀ ਤਨਖਾਹ ਬੜੀ ਮੁਸ਼ਕਲ ਨਾਲ ਦਿੱਤੀ ਸੀ। ਜੇਬ ਚੋਂ ਪੈਸੇ ਕੱਢਣ ਵੇਲੇ ਜਿਵੇਂ ਉਸ ਨੂੰ ਸੱਪ ਹੀ ਸੁੰਘ ਜਾਂਦਾ ਸੀ। ਅੱਜ ਮਹੀਨੇ ਦੀ ਦਸ ਤਰੀਕ ਹੋ ਗਈ ਸੀ, ਪਰ ਹਰੀਸ਼ ਨੇ ਸੋਢੀ ਨੂੰ ਤਨਖਾਹ ਨਹੀਂ ਦਿੱਤੀ ਸੀ। ਸੋਢੀ ਨੇ ਹੌਸਲਾ ਕਰਕੇ ਹਰੀਸ਼ ਨੂੰ ਆਖਿਆ, "ਅੰਕਲ ਜੀ, ਮੇਰੇ ਡੈਡੀ ਨੇ ਕੁੱਝ ਦਿਨ ਹੋਏ, ਪੇਟ ਦੀ ਸਕੈਨਿੰਗ ਕਰਵਾਈ ਸੀ। ਉਸ ਦੇ ਪਿੱਤੇ 'ਚ ਪੱਥਰੀ ਆ। ਮੇਰੇ ਡੈਡੀ ਨੇ ਅਪਰੇਸ਼ਨ ਕਰਵਾਣਾ ਆਂ। ਮੈਨੂੰ ਬਾਕੀ ਰਹਿੰਦੇ ਮਹੀਨਿਆਂ ਦੀ ਤਨਖਾਹ ਦੇ ਦਿਉ, ਤਾਂ ਕਿ ਮੇਰਾ ਡੈਡੀ ਅਪਰੇਸ਼ਨ ਕਰਵਾ ਸਕੇ।"

"ਤੂੰ ਹਰ ਵੇਲੇ ਤਨਖਾਹ, ਤਨਖਾਹ ਕਰੀ ਜਾਇਆ ਕਰ। ਤੇਰੀ ਤਨਖਾਹ ਦੇ ਪੈਸਿਆਂ ਨਾਲ ਕਿਹੜਾ ਤੇਰੇ ਡੈਡੀ ਦਾ ਅਪਰੇਸ਼ਨ ਹੋ ਜਾਣਾ। ਨਾਲੇ ਪੈਸੇ ਮੈਂ ਤੈਨੂੰ ਉਦੋਂ ਦੇਵਾਂਗਾ, ਜਦੋਂ ਮੇਰੇ ਕੋਲ ਹੋਣਗੇ। ਹਾਲੇ ਚੁੱਪ ਕਰਕੇ ਏਦਾਂ ਹੀ ਕੰਮ ਕਰੀ ਜਾਹ। ਜੇ ਨਹੀਂ ਕੰਮ ਕਰਨਾ, ਤਾਂ ਇੱਥੋਂ ਚੱਲਦਾ ਬਣ।" ਹਰੀਸ਼ ਨੇ ਗੁੱਸੇ 'ਚ ਆਖਿਆ।

"ਪੈਸੇ ਤਾਂ ਮੈਂ ਲੈ ਕੇ ਹੀ ਜਾਊਂਗਾ, ਚਾਹੇ ਜੋ ਮਰਜ਼ੀ ਹੋ ਜਾਵੇ।"

"ਅੱਛਾ, ਹੁਣ ਤੇਰੇ 'ਚ ਆਕੜ ਵੀ ਆ ਗਈ ਆ। ਇਸ ਤੋਂ ਪਹਿਲਾਂ ਕਿ ਮੈਂ ਤੈਨੂੰ ਧੱਕੇ ਮਾਰ ਕੇ ਕੱਢਾਂ, ਚੁੱਪ ਕਰਕੇ ਇੱਥੋਂ ਦਫਾ ਹੋ ਜਾ।" ਹਰੀਸ਼ ਨੇ ਹੋਰ ਤਲਖੀ ਨਾਲ ਕਿਹਾ।

ਹੋਰ ਜ਼ਲੀਲ ਹੋਣ ਨਾਲੋਂ ਸੋਢੀ ਨੇ ਉੱਥੋਂ ਜਾਣਾ ਹੀ ਠੀਕ ਸਮਝਿਆ। ਉਹ ਨਿਰਾਸ਼ ਹੋ ਕੇ ਹੌਲੀ, ਹੌਲੀ ਆਪਣੇ ਘਰ ਨੂੰ ਤੁਰ ਪਿਆ। ਉਹ ਘਰ ਪਹੁੰਚਣ ਹੀ ਵਾਲਾ ਸੀ ਕਿ ਪਿੱਛੋਂ ਸਾਈਕਲ ਤੇ ਆ ਰਹੇ ਉਸ ਦੇ ਗੁਆਂਢੀ ਭੀਰੇ ਨੇ ਆਖਿਆ, "ਮੈਂ ਲਕਸ਼ਮੀ ਕਰਿਆਨਾ ਸਟੋਰ ਤੋਂ ਖਾਣ-ਪੀਣ ਦਾ ਸਾਮਾਨ ਲੈਣ ਗਿਆ ਸੀ। ਮੈਨੂੰ ਸਾਮਾਨ ਦਿੰਦਾ, ਦਿੰਦਾ ਹਰੀਸ਼ ਠਾਹ ਕਰਦਾ ਥੱਲੇ ਡਿੱਗ ਪਿਆ। ਹੁਣ ਉਸ ਨੂੰ ਗੱਡੀ 'ਚ ਪਾ ਕੇ ਰਾਜਾ ਹਸਪਤਾਲ ਲੈ ਗਏ ਆ। ਪਤਾ ਨ੍ਹੀ ਹੁਣ ਵਿਚਾਰੇ ਦਾ ਕੀ ਹਾਲ ਆ?"

"ਇਹ ਤਾਂ ਬਹੁਤ ਮਾੜਾ ਹੋਇਆ।" ਏਨਾ ਕਹਿ ਕੇ ਸੋਢੀ ਆਪਣੇ ਘਰ ਅੰਦਰ ਚਲਾ ਗਿਆ। ਫਿਰ ਪਤਾ ਨਹੀਂ ਕੀ ਸੋਚ ਕੇ ਉਸ ਨੇ ਆਪਣੇ ਡੈਡੀ ਵਾਲਾ ਸਾਈਕਲ ਚੁੱਕਿਆ ਤੇ ਰਾਜਾ ਹਸਪਤਾਲ ਨੂੰ ਤੁਰ ਪਿਆ, ਜੋ ਕਿ ਉਸ ਦੇ ਘਰ ਤੋਂ ਬਾਰਾਂ ਕੁ ਕਿਲੋਮੀਟਰ ਦੂਰ ਸੀ।

## ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥

## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ, ਗ੍ਰੇਟ ਬਾਰ, ਬਰਮਿੰਘਮ ਦੇ ਸੇਵਾਦਾਰਾਂ ਵੱਲੋਂ

# ਖਾਲਸਾ ਪੰਥ ਦੇ ਸਾਜਨਾ ਦਿਵਸ ਤੇ ਵਿਸਾਖੀ ਦੀ ਵਧਾਈ





ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਪਿਆਰੀ ਸਾਧ ਸੰਤ ਜੀ, ੧੬੯੯ ਦੀ ਵਿਸਾਖੀ ਨੂੰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਖੰਡੇ ਬਾਟੇ ਦੀ ਪਹੁਲ ਛਕਾ ਕੇ ਸਭ ਊਚ ਨੀਚ ਦੇ ਭੇਦ ਮਿਟਾ ਕੇ ਖਾਲਸਾ ਸਜਾ ਦਿੱਤਾ ਅਤੇ ਖਾਲਸੇ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਲੜ ਲਾ ਕੇ ਸਿੱਧਾ ਅਕਾਲ ਪੁਰਖ ਨਾਲ ਜੋੜ ਦਿੱਤਾ। ਸਿੱਖਾਂ ਨੂੰ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕਣ ਦੇ ਇਲਾਵਾ ਕਿਸੇ ਹੋਰ ਦੇਹਧਾਰੀ ਕੋਲ ਜਾਣ ਦੀ ਲੋੜ ਨਹੀਂ ਹੈ। ਆਓ ਇਸ ਵਿਸਾਖੀ ਤੇ ਵੱਧ ਤੋਂ ਵੱਧ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ ਅਤੇ ਜਨਮ ਸਫ਼ਲਾ ਕਰੋ ਜੀ। ਗੁਰਦੁਆਰਾ ਸਿੰਘ ਸਭਾ ਗ੍ਰੇਟ ਬਾਰ, ਬ੍ਰਮਿੰਘਮ ਵਿਖੇ ਖਾਲਸਾ ਸਾਜਨਾ ਦਿਵਸ ਹੇਠਾਂ ਦਿੱਤੇ ਹੋਏ ਪ੍ਰੋਗਰਾਮ ਮੁਤਾਬਕ ਸ਼ਰਧਾ ਸਤਿਕਾਰ ਨਾਲ ਮਨਾਏ ਜਾ ਰਹੇ ਹਨ। ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਜੀ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਵੋ, ਗੁਰੂ ਘਰ ਹਾਜ਼ਰੀਆਂ ਲਵਾਓ, ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਹਾਸਲ ਕਰੋ ਜੀ।



ਦੀਵਾਨ ਹਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗ੍ਰੇਟ ਬਾਰ, ਬ੍ਰਮਿੰਘਮ

## ====== ਪ੍ਰੋਗਰਾਮ ਦਾ ਵੇਰਵਾ: ======

**ਵਿਸ਼ੇਸ਼ ਵਿਸਾਖੀ ਦੀਵਾਨ 12 ਅਪ੍ਰੈਲ ਐਤਵਾਰ ਨੂੰ ਸਵੇਰੇ 10 ਤੋਂ 3:00 ਵਜੇ ਤੱਕ ਸਜਾਏ ਜਾਣਗੇ**

ਅਰੰਭ ਸ੍ਰੀ ਅਖੰਡ ਪਾਠ ਸਾਹਿਬ 12 ਅਪ੍ਰੈਲ ਐਤਵਾਰ ਸ਼ਾਮ 6:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ 14 ਅਪ੍ਰੈਲ ਮੰਗਲਵਾਰ ਸ਼ਾਮ 6:00 ਵਜੇ

ਉਪਰੰਤ ਰਾਤ ਦੇਰ ਤੱਕ ਧਾਰਮਿਕ ਦੀਵਾਨ ਸਜਣਗੇ ਜਿਸ ਦੌਰਾਨ ਕੀਰਤਨੀ ਜਥੇ ਤੇ ਪ੍ਰਚਾਰਕ ਹਾਜ਼ਰੀ ਭਰਨਗੇ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ।

**ਗੁਰੂ ਕੇ ਅਤੁੱਟ ਲੰਗਰ ਸਾਰੇ ਸਮਾਗਮ ਦੌਰਾਨ ਵਰਤਣਗੇ**

ਨਿਸ਼ਾਨ ਸਾਹਿਬ ਦੀ ਸੇਵਾ 12 ਅਪ੍ਰੈਲ ਐਤਵਾਰ ਨੂੰ ਸਵੇਰੇ 9:00 ਵਜੇ ਹੋਵੇਗੀ

## ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਸੇਵਾਵਾਂ:

ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ, ਸਹਿਜ ਪਾਠ, ਸੁਖਮਨੀ ਸਾਹਿਬ ਦਾ ਪਾਠ, ਅਨੰਦ ਕਾਰਜ, ਰੈਣ ਸਬਾਈ ਕੀਰਤਨ, ਪੰਥਕ ਇਕੱਠ ਅਤੇ ਹੋਰ ਪੰਥਕ ਕਾਨਫਰੰਸਾਂ ਆਦਿ ਕਰਨ ਵਾਸਤੇ ਬਹੁਤ ਖੂਬਸੂਰਤ ਅਤੇ ਵੱਡੇ ਦੀਵਾਨ ਹਾਲ, ਵੱਡਾ ਲੰਗਰ ਹਾਲ, ਨਵੀਂ ਰਸੋਈ ਅਤੇ ਚੋਖੀ ਕਾਰ ਪਾਰਕਿੰਗ ਉਪਲੱਬਧ ਹੈ। ਜਿੱਥੇ ਬੜੀ ਆਸਾਨੀ ਨਾਲ ਧਾਰਮਿਕ ਪ੍ਰੋਗਰਾਮ ਉਲੀਕੇ ਜਾ ਸਕਦੇ ਹਨ।

**ਨੋਟ :-** ਇਸ ਗੁਰੂ ਘਰ ਵਿਖੇ ਬੱਚਿਆਂ ਅਤੇ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਗੁਰਬਾਣੀ ਸੰਥਿਆ, ਗੁਰਮੁਖੀ ਦੀ ਪੜ੍ਹਾਈ, ਕੀਰਤਨ ਸਿਖਲਾਈ, ਆਤਮ ਰੱਖਿਆ ਵਾਸਤੇ ਗਤਕਾ (ਮਾਰਸ਼ਲ ਆਰਟ) ਅਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਚੱਲ ਰਹੀਆਂ ਹਨ। ਬੱਚਿਆਂ ਨੂੰ ਲਿਆ ਕੇ ਰਜਿਸਟਰ ਕਰਵਾ ਸਕਦੇ ਹੋ।

**ਬੇਨਤੀ ਕਰਤਾ : ਸਮੂਹ ਸੇਵਾਦਾਰ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ**

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗ੍ਰੇਟ ਬਾਰ, ਬਰਮਿੰਘਮ**

## Gurdwara Sri Guru Singh Sabha Birmingham

400 ALDRIDGE ROAD, GREAT BAR, BIRMINGHAM, B44 8BH. TEL: 0121 356 6789 - Email: info@gsgssb.org

# ਦਿਆਲ ਸਿੰਘ ਈਵਨਿੰਗ ਕਾਲਜ, ਦਿੱਲੀ ਵਿਖੇ ਅਨਮੋਲ ਕੌਰ ਦਾ ਰੂ-ਬ-ਰੂ



ਲੇਖਿਕਾ ਅਨਮੋਲ ਕੌਰ ਨਾਲ ਪ੍ਰਬੰਧਕ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦਿਆਲ ਸਿੰਘ ਈਵਨਿੰਗ ਕਾਲਜ, ਦਿੱਲੀ ਵਿਖੇ ਕੈਨੇਡਾ ਵਾਸੀ ਨਾਵਲਕਾਰ ਅਨਮੋਲ ਕੌਰ ਨਾਲ ਰੂ-ਬ-ਰੂ ਕਰਵਾਇਆ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਨਾਮਵਰ ਆਲੋਚਕ ਅਤੇ ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਦੀ ਸਾਬਕਾ ਮੁੱਖੀ ਪ੍ਰੋਫ਼ੈਸਰ ਡਾਕਟਰ ਜਸਪਾਲ ਕੌਰ ਨੇ ਕੀਤੀ। ਪ੍ਰੋਫੈਸਰ ਪ੍ਰਿਥਵੀ ਰਾਜ ਥਾਪਰ ਨੇ ਮੰਚ ਸੰਚਾਲਨ ਦੌਰਾਨ ਮਹਿਮਾਨ ਲੇਖਿਕਾ ਅਨਮੋਲ ਕੌਰ ਦੀ ਸਾਹਿਤਕ ਯਾਤਰਾ ਨਾਲ ਜਾਣ-ਪਛਾਣ ਕਰਵਾਈ। ਉਨ੍ਹਾਂ ਦੱਸਿਆ ਕਿ ਅਨਮੋਲ ਕੌਰ ਕਵਿਤਾ, ਨਾਵਲ, ਅਤੇ ਕਹਾਣੀ ਦੀ ਰਚਨਾ ਕਰ ਚੁੱਕੀ ਹੈ। ਉਸ ਦੀਆਂ ਪੁਸਤਕਾਂ ਵਿਚ ਸ਼ਾਮਿਲ ਹਨ-ਕੋਰਾ ਸੱਚ, ਦੁੱਖ ਪੰਜਾਬ ਦੇ, ਹੱਕ ਲਈ ਲੜਿਆ ਸੱਚ, ਕੁੜੀ ਕੈਨੇਡਾ ਅਤੇ ਜ਼ਮੀਰ। ਅਨਮੋਲ ਕੌਰ ਨੇ ਆਪਣੀਆ ਸਾਹਿਤਕ ਰਚਨਾਵਾਂ ਦਾ ਅਨੁਭਵ ਸਾਂਝਾ ਕੀਤਾ। ਵਿਦਿਆਰਥੀਆਂ ਨੇ ਅਨਮੋਲ ਕੌਰ ਤੋਂ ਉਨ੍ਹਾਂ ਦੀ ਰਚਨਾਕਾਰੀ ਨਾਲ ਸੰਬੰਧਤ ਸਵਾਲ ਪੁੱਛ ਕੇ ਮਾਹੌਲ ਨੂੰ ਹੋਰ ਰੌਚਕ ਬਣਾ ਦਿੱਤਾ। ਅਨਮੋਲ ਕੌਰ ਨੇ ਬਹੁਤ ਹੀ ਸੰਜਮ ਨਾਲ ਹਰ ਸਵਾਲ ਦਾ ਜਵਾਬ ਦਿੱਤਾ। ਅਨਮੋਲ ਕੌਰ ਦੀ ਸਪੁੱਤਰੀ ਜੋ ਇਕ ਮਨੋਵਿਗਿਆਨਕ ਹੈ, ਨੇ ਕੈਨੇਡਾ ਵਿਚ ਪੰਜਾਬੀਆਂ ਦੇ ਮਸਲਿਆਂ ਦੇ ਹਵਾਲੇ ਨਾਲ ਪ੍ਰਵਾਸ ਦੇ ਚਾਹਵਾਨ ਵਿਦਿਆਰਥੀਆਂ ਦੇ ਸ਼ੰਕਿਆਂ ਦਾ ਨਿਵਾਰਨ ਕੀਤਾ। ਪ੍ਰੋਫ਼ੈਸਰ ਜਸਪਾਲ ਕੌਰ ਨੇ ਆਪਣੀਆ ਟਿੱਪਣੀਆ ਵਿਚ ਅਨਮੋਲ ਕੌਰ ਦੀ ਰਚਨਾਕਾਰੀ ਨੂੰ ਇਕ ਮਹਾਨ ਕਾਰਜ ਦੱਸਿਆ। ਉਨ੍ਹਾਂ ਨੇ ਇਸ ਕਲਮ ਦੀ ਚੜ੍ਹਦੀ ਕਲਾ ਲਈ ਸ਼ੁਭ ਕਾਮਨਾਵਾਂ ਦਿੱਤੀਆ। ਕਾਲਜ ਦੀ ਪ੍ਰਿੰਸੀਪਲ ਪ੍ਰੋਫ਼ੈਸਰ ਭਾਵਨਾ ਪਾਂਡੇ ਨੇ ਮਹਿਮਾਨ ਲੇਖਿਕ ਦਾ ਕੋਟਿ-ਕੋਟਿ ਧੰਨਵਾਦ ਕੀਤਾ। ਇਸ ਪ੍ਰੋਗਰਾਮ ਨੂੰ ਸਫਲ ਬਨਾਉਣ ਵਿਚ ਹਰਪ੍ਰੀਤ ਸਿੰਘ ਸਹੋਤਾ ਅਤੇ ਉਪਾਸਨਾ ਸਹੋਤਾ ਨੇ ਸ਼ਲਾਘਾਯੋਗ ਸਹਿਯੋਗ ਦਿੱਤਾ।


# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com

ਨੇਤਾ ਜੀ! ਤੁਹਾਡੇ ਸਾਰੇ ਟੈਸਟ ਠੀਕ ਆਏ ਹਨ, ਜੇ ਤੁਹਾਨੂੰ ਹੁਣ ਵੀ ਕੋਈ ਵਹਿਮ ਹੈ ਤਾਂ! ਤੁਹਾਡਾ ਪੋਸਟ ਮਾਰਟਮ ਕਰ ਕੇ ਦੇਖ ਲੈਂਦੇ ਹਾਂ!!




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਪਾਠ 27

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

To make a word, you need minimum two letters as we see in the above words. Today we make two letter words (ਦੋ ਅੱਖਰੀ ਸ਼ਬਦ) with letters ਪ, ਫ, ਬ, ਭ, ਮ

| | | | | |
|---|---|---|---|---|
| ਪਰ | ਪਕ | ਪਗ | ਪਜ | ਪਬ |
| ਫਲ | ਫਸ | ਫਟ | ਬਸ | ਬਲ |
| ਬਕ | ਭਰ | ਭੜ | ਮਲ | ਮਰ |

Class Exercise : Make two letter words which at least use one of the letters - ਪ, ਫ, ਬ, ਭ, ਮ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ Page 54 Level I


ਮਿਸਟਰ ਸਿੰਘਸ ਵੱਲੋਂ ਸਮੂਹ ਜਗਤ ਨੂੰ
ਖਾਲਸਾ ਪੰਥ ਦੇ ਸਾਜਨਾ ਦਿਵਸ ਤੇ
ਵਿਸਾਖੀ ਦੀ ਲੱਖ ਲੱਖ ਵਧਾਈ
mrsingh's
103 Cornwall Rd
Handsworth Wood
Birmingham, B20 2HY
Handsworth Wood
0121 5239275
Call&Collect
Eat in
Delivery
Unit 15b
New Sqaure
B70 7PP
West Bromwich
0121 525 7466
480 Dudley Road,
Wolverhampton
WV2 3AF
Wolverhampton
01902 504135
387 Eastern Avenue,
Gants Hill,
IG2 6LR
East London
0208 270 1234
431 Great West Road
Hounslow, TW5 0BY
Hounslow
020 3475 0217
ਦੁਨੀਆਂ ਦਾ ਸਭ ਤੋਂ ਮਸ਼ਹੂਰ
ਪਹਿਲਾ ਵੈਸ਼ਨੂੰ ਪੀਜ਼ਾ ਰੈਸਟੋਰੈਂਟ
/MrSinghs
@MrSinghs
/MrSinghsPizza
mrsingh's
all vegetarian pizza

# ਜੈਸੀਕੋ ਟਰੈਵਲ ਵੱਲੋਂ

ਸਾਡੇ ਗਾਹਕਾਂ ਤੇ ਸ਼ੁੱਭ ਚਿੰਤਕਾਂ ਨੂੰ ਵਿਸਾਖੀ ਦੀ ਵਧਾਈ

WISHING YOU A HAPPY VAISAKHI

FOR YOUR FLIGHTS AND HOLIDAYS
www.jesecotravel.co.uk
*America/Canada/India and Worldwide*

**SPECIAL OFFER**

## AIR INDIA FLIGHT

**BIRMINGHAM-AMRITSAR-BIRMINGHAM**

** *Limted Seats available* **

** BOOK YOUR FLIGHTS and HOLIDAYS for 2027 NOW **




ਦੁਨੀਆਂ ਵਿੱਚ ਕਿਤੇ ਵੀ ਜਾਣ ਲਈ ਸਸਤੇ ਕਿਰਾਏ ਅਤੇ ਵਧੀਆ ਸੇਵਾ !!

ਬ੍ਰਮਿੰਘਮ–ਇੰਡੀਆ–ਬ੍ਰਮਿੰਘਮ
ਲੰਡਨ – ਇੰਡੀਆ – ਲੰਡਨ

ਹਵਾਈ ਟਿਕਟਾਂ ਦੇ ਕਿਰਾਏ 'ਚ
ਵਿਸ਼ੇਸ਼ ਆਫਰ

** *Limted Seats available* **

ਆਪਣੀ ਫਲਾਈਟ ਹੁਣੇ ਹੀ ਬੁੱਕ ਕਰਵਾਓ!

BOOK YOUR FLIGHT WITH US NOW

** Fares Subject to availbility and change without prior notice **

For Your Flights and Holidays: www.jesecotravel.co.uk

HONEST, RELIABLE & FRIENDLY SERVICE

For Your Flights and Holidays

*AGENTS FOR ATOL PROTECTED OPERATORS - ASK FOR DETAILS WHEN YOU BOOK :*

# JESECO TRAVEL

469 DUDLEY ROAD, WOLVERHAMPTON, WV2 3AF

Tel: 01902 455 005 WhatsApp Mob.Tel : +44 7464 551264

*www.jesecotravel.co.uk* *E-mail: jesecotravel@jesecotravel.co.uk*

ਖਾਲਸਾ ਅਕਾਲ ਪੁਰਖ ਕੀ ਫੌਜ ।। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ।।

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸਮੂਹ ਸਿੱਖ ਜਗਤ ਨੂੰ ਵਧਾਈ

# ਗੁਰੂ ਨਾਨਕ ਗੁਰਦੁਆਰਾ ਹਾਈ ਸਟ੍ਰੀਟ ਸਮੈਦਿਕ ਵਿਖੇ ਵਿਸ਼ੇਸ਼ ਵਿਸਾਖੀ ਸਮਾਗਮ

ਗੁਰੂ ਰੂਪ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫ਼ਤਹਿ ।। ਸਦੀਆਂ ਤੋਂ ਪੰਜਾਬੀ ਲੋਕ ਵਿਸਾਖੀ ਨੂੰ ਇਕ ਮੌਸਮੀ ਤਿਓਹਾਰ ਦੇ ਤੌਰ 'ਤੇ ਮਨਾਉਂਦੇ ਆ ਰਹੇ ਸਨ। 1699 ਦੀ ਵਿਸਾਖੀ ਮੌਕੇ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕੌਤਕ ਵਰਤਾਇਆ ਉਹ ਸਿੱਖ ਕੌਮ ਨੂੰ ਸਦਾ ਵਾਸਤੇ ਇਸ ਦਿਹਾੜੇ ਨਾਲ ਜੋੜ ਗਿਆ। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਜਾਤ ਪਾਤ ਊਚ ਨੀਚ ਦਾ ਭੇਦ ਭਾਵ ਮਿਟਾਉਂਦੇ ਹੋਏ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ। ਖਾਲਸੇ ਨੂੰ ਇਕ ਰਹਿਤ ਮਰਿਯਾਦਾ ਬਖਸ਼ੀ ਗਈ। ਸਭ ਤੋਂ ਮਹਾਨ ਕੌਤਕ ਕਿ ਗੁਰੂ ਸਾਹਿਬ ਨੇ ਗੁਰੂ ਪੰਥ ਦੇ ਨੁਮਾਇੰਦੇ ਪੰਜ ਪਿਆਰਿਆਂ ਨੂੰ ਸਥਾਪਤ ਕਰਕੇ ਗੁਰੂ ਦਾ ਦਰਜਾ ਦਿੱਤਾ ਅਤੇ ਉਹਨਾਂ ਤੋਂ ਆਪ ਅੰਮ੍ਰਿਤ ਛੱਕਿਆ। ਆਓ ਇਹ ਮਹਾਨ ਪੁਰਬ ਮਨਾਈਏ ਅਤੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲੱਗ ਕੇ ਜਨਮ ਸਫ਼ਲਾ ਕਰੀਏ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਘਰ ਵਿਖੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ।






## ਗੁਰੂ ਘਰ ਵਿਖੇ ਪ੍ਰੋਗਰਾਮ ਦਾ ਵੇਰਵਾ:

ਮੇਨ ਦਰਬਾਰ ਹਾਲ ਵਿੱਚ

ਅਰੰਭ ਸ੍ਰੀ ਅਖੰਡਪਾਠ ਸਾਹਿਬ 12 ਅਪ੍ਰੈਲ ਐਤਵਾਰ ਸਵੇਰੇ 10 ਵਜੇ

ਭੋਗ ਸ੍ਰੀ ਅਖੰਡਪਾਠ ਸਾਹਿਬ 14 ਅਪ੍ਰੈਲ ਮੰਗਲਵਾਰ ਸਵੇਰੇ 9:30 ਵਜੇ

ਉਪਰੰਤ ਸਾਰਾ ਦਿਨ ਦੀਵਾਨ ਸਜਣਗੇ, ਜਿਸ ਦੌਰਾਨ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ, ਤੇ ਹੋਰ ਪ੍ਰਚਾਰਕ ਜਥੇ ਹਾਜ਼ਰੀ ਭਰਨਗੇ । ਗੁਰੂ ਕੇ ਅਤੁੱਟ ਲੰਗਰ ਵਰਤਣਗੇ ।

* 14 ਅਪ੍ਰੈਲ, ਮੰਗਲਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 5:00 ਹੋਵੇਗੀ
* 19 ਅਪ੍ਰੈਲ ਐਤਵਾਰ ਨੂੰ ਹਾਈ ਸਟ੍ਰੀਟ ਤੇ ਖੁੱਲ੍ਹੇ ਥਾਂ ਵਿਸਾਖੀ ਦੀਵਾਨ ਲੱਗੇਗਾ
* 25 ਅਪ੍ਰੈਲ ਸ਼ਨੀਵਾਰ ਨੂੰ ਨਹਿਰ ਦੇ ਨਾਲ 11 ਤੋਂ 3 ਵਜੇ ਤੱਕ ਵਿਸਾਖੀ ਮੇਲਾ
* 26 ਅਪ੍ਰੈਲ ਐਤਵਾਰ ਨੂੰ ਨਗਰ ਕੀਰਤਨ ਦੁਪਹਿਰ ਬਾਅਦ 2 ਵਜੇ ਗੁਰਦੁਆਰਾ ਸਾਹਿਬ ਵਿਖੇ ਪਹੁੰਚੇਗਾ ਅਤੇ ਗੁਰੂ ਘਰ ਵਿਖੇ ਵਿਸ਼ੇਸ਼ ਦੀਵਾਨ ਸਜਣਗੇ




ਬੇਨਤੀ ਕਰਤਾ: ਗੁਰੂ ਪੰਥ ਦੇ ਦਾਸ, ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਗੁਰੂ ਨਾਨਕ ਗੁਰਦੁਆਰਾ ਸਮੈਦਿਕ

## GURU NANAK GURDWARA SMETHWICK

**128-130 HIGH STREET, SMETHWICK, WARLEY, WEST MIDLANDS B66 3AP**

For more Info. contact - Tel: 0121 558 2527 - www.gngsmethwick.com / Email:info@gngsmethwick.com

**Social Media @GNGSmethwick - Watch LIVE on YouTube GNG Smethwick**

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਹੋਠੀਆਂ

ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ, ਤਹਿਸੀਲ ਬਟਾਲਾ ਦਾ ਇਕ ਪਿੰਡ ਹੋਠੀਆਂ ਹੈ। ਇਹ ਪਿੰਡ ਬਟਾਲਾ ਤੋਂ 5 ਕਿਲੋਮੀਟਰ ਦੂਰ ਪੂਰਬ ਵੱਲ ਹੈ। ਇਸ ਪਿੰਡ ਵਿੱਚ ਗੁਰੂ ਅਰਜਨ ਸਾਹਿਬ ਬਾਰਠ ਤੋਂ ਘੁੱਕੇਵਾਲੀ ਜਾਂਦੇ ਸਮੇਂ ਠਹਿਰੇ ਸਨ। ਘੁੱਕੇਵਾਲੀ ਨੂੰ ਗੁਰੂ ਕਾ ਬਾਗ ਵੀ ਆਖਿਆ ਜਾਂਦਾ ਹੈ। ਇਸ ਗੁਰਦੁਆਰੇ ਨਾਲ ਪਿੰਡ ਵਿੱਚ ਹੀ 88 ਏਕੜ ਜ਼ਮੀਨ ਅਤੇ 5 ਏਕੜ ਵਾਲੇਵਾਲ ਪਿੰਡ ਵਿੱਚ ਮੌਜੂਦ ਹੈ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਬਣਿਆ ਹੋਇਆ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 85 ਅਧੀਨ ਹੈ। ਇਸ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

ਪੁਸਤਕ ਸੂਚੀ:-
1. ਕਾਨ੍ਹ ਸਿੰਘ ਨਾਭਾ-ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਹੋਲਗੜ੍ਹ

ਅਨੰਦਪੁਰ ਸਾਹਿਬ ਵਿੱਚ ਕਿਲ੍ਹਾ ਹੋਲਗੜ੍ਹ ਗੁਰਦੁਆਰਾ, ਪਿੰਡ ਅਗੰਮਪੁਰ ਦੀ ਸਰਹੱਦ ਅੰਦਰ ਆਉਂਦਾ ਹੈ। ਅਨੰਦਪੁਰ ਸਾਹਿਬ ਤੋਂ ਇਕ ਕਿਲੋਮੀਟਰ ਦੂਰ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹੋਲਾ ਮਹੱਲਾ ਦੀ ਰੀਤ ਇਥੋਂ ਹੀ ਸ਼ੁਰੂ ਕੀਤੀ ਅਤੇ ਘੋੜ-ਸਵਾਰੀ, ਤਲਵਾਰਬਾਜ਼ੀ, ਨੇਜ਼ਾਬਾਜ਼ੀ, ਗਤਕਾ ਤੇ ਕੁਸ਼ਤੀਆਂ ਦੇ ਮੁਕਾਬਲੇ ਇਥੇ ਹੀ ਹੋਇਆ ਕਰਦੇ ਸਨ।



ਗੁਰਦੁਆਰਾ ਕਿਲਾ ਹੋਲਗੜ੍ਹ ਸਾਹਿਬ

## ਕਸ਼ਮੀਰ

ਭਾਰਤ ਦੇ ਉੱਤਰ ਪੱਛਮ ਵੱਲ ਇਕ ਖ਼ੂਬਸੂਰਤ ਵਾਦੀ ਕਸ਼ਮੀਰ ਹੈ, ਜਿਸ ਦਾ ਰਕਬਾ 84258 ਵਰਗ ਮੀਲ ਹੈ। ਇਸ ਦੇਸ਼ 'ਤੇ ਕਈ ਹਿੰਦੂ ਰਾਜਿਆਂ ਹਕੂਮਤ ਕੀਤੀ ਅਨੇਕ ਸਦੀਆਂ ਤੀਕ। 1587 ਵਿੱਚ ਅਕਬਰ ਨੇ ਇਸ ਨੂੰ ਫ਼ਤਹਿ ਕੀਤਾ। 1519 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਫ਼ਤਹਿ ਕੀਤਾ। ਡੋਗਰਾ ਗੁਲਾਬ ਸਿੰਹੁ ਨੇ ਇਸ ਨੂੰ 1846 ਵਿੱਚ (ਲਾਹੌਰ ਦਰਬਾਰ ਵਿੱਚੋਂ ਚੋਰੀ ਹੋਏ ਖਜ਼ਾਨੇ ਨਾਲ) ਖਰੀਦਿਆ।

ਇਸ ਦੇਸ਼ ਵਿੱਚ ਗੁਰੂ ਨਾਨਕ ਸਾਹਿਬ 1517 ਵਿੱਚ ਆਏ। ਗੁਰੂ ਹਰਿਗੋਬਿੰਦ ਸਾਹਿਬ 1620 ਵਿੱਚ ਅਤੇ ਗੁਰੂ ਹਰਿਰਾਇ ਸਾਹਿਬ ਨੇ 1659-60 ਵਿੱਚ ਇਥੇ ਚਰਨ ਪਾ ਕੇ ਇਸ ਧਰਤੀ ਨੂੰ ਪਵਿੱਤਰ ਕੀਤਾ। ਗੁਰੂ ਨਾਨਕ ਸਾਹਿਬ ਰਕਾਸ ਝੀਲ ਅਤੇ ਮਾਨਸਰੋਵਰ ਝੀਲ ਤੋਂ ਹੁੰਦੇ ਹੋਏ ਲਿਦਾਖ, ਸਿਕਰਦੂ, ਪਹਿਲਗਾਮ, ਅਸ਼ੂ ਮੁਕਾਮ, ਮਟਨ, ਅਨੰਤਨਾਗ, ਬੀਜ ਬਹਿੜਾ, ਅਵਾਂਤੀਪੁਰਾ, ਸ੍ਰੀਨਗਰ, ਬਾਰਾਮੂਲਾ ਅਤੇ ਊੜੀ ਵੱਲੋਂ ਅਜੋਕੇ ਪਾਕਿਸਤਾਨ ਵਿੱਚ ਦਾਖਲ ਹੋਏ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਕਸ਼ਮੀਰ ਦਾ ਪ੍ਰਚਾਰਕ ਦੌਰਾ ਮੀਰਪੁਰ, ਰਾਜੌਰੀ, ਪੁਣਛ, ਸ਼ੋਪੀਆਂ, ਸ਼ਾਹਜੀ-ਮਾਰਗ, ਸ੍ਰੀਨਗਰ, ਬਾਰਾਮੂਲਾ, ਸਿੰਘਪੁਰਾ, ਊੜੀ, ਨਲੂਛੀ, ਖਾਂਡਾ ਅਤੇ ਮੁਜ਼ੱਫਰਾਬਾਦ ਆਦਿ ਵਿੱਚ ਕੀਤਾ। ਇੰਝ ਹੀ ਗੁਰੂ ਹਰਿਰਾਇ ਸਾਹਿਬ 1659-60 ਵਿੱਚ ਸ੍ਰੀਨਗਰ, ਮਟਨ, ਮੋਟਾ ਟਾਂਡਾ, ਅੱਖਨੂਰ, ਸਾਂਬਾ, ਜੰਮੂ ਆਦਿ ਥਾਵਾਂ 'ਤੇ ਗਏ। ਗੁਰੂ ਨਾਨਕ ਸਾਹਿਬ ਸ੍ਰੀਨਗਰ ਦੇ ਸ਼ੰਕਰਾਚਾਰੀਆਂ ਟੀਸੀ 'ਤੇ ਪੁੱਜੇ ਸਨ, ਪਰ ਕਸ਼ਮੀਰੀ ਸਿੱਖਾਂ ਦੀ ਅਣਗਹਿਲੀ ਕਾਰਨ ਗੁਰਦੁਆਰਾ ਨਹੀਂ ਬਣ ਸਕਿਆ।

ਕਸ਼ਮੀਰ ਵਿੱਚ ਗੁਰੂ ਨਾਨਕ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਬਹੁਤ ਸਾਰੇ ਇਤਿਹਾਸਕ ਗੁਰਦੁਆਰੇ ਹਨ। ਦੇਖੋ ਅੱਖਰ ਕ੍ਰਮ ਅਨੁਸਾਰ ਸ੍ਰੀਨਗਰ, ਬਾਰਾਮੂਲਾ, ਊੜੀ, ਨਲੂਛੀ, ਅਨੰਤਨਾਗ, ਮਟਨ, ਪਹਿਲਗਾਮ, ਸਿੰਘਪੁਰਾ, ਸ਼ਾਹ ਜੀ ਮਾਰਗ, ਪੱਥਰ ਸਾਹਿਬ ਆਦਿ।

ਕਸ਼ਮੀਰ ਦੇਸ਼ ਬਾਰੇ ਸਭ ਤੋਂ ਪੁਰਾਤਨ ਇਤਿਹਾਸਕ ਪੁਸਤਕ ਰਾਜਤਰੰਗਨੀ ਵਿੱਚ ਕਲਹਨ ਪੰਡਤ ਇੰਝ ਲਿਖਦਾ ਹੈ, ਇਸ ਦੇਸ਼ ਨੂੰ ਸੂਰਜ ਦੇ ਪੁੱਤਰ ਕੱਸ਼ਪ ਨੇ ਪੈਦਾ ਕੀਤਾ ਸੀ। ਇਸੇ ਲਈ ਉਹ ਗਰਮੀ ਦੀ ਰੁੱਤੇ ਬਹੁਤਾ ਨਹੀਂ ਤਪਦਾ ਤਾਂ ਕਿ ਇਹਨੂੰ ਕੋਈ ਕਸ਼ਟ ਨਾ ਵਾਪਰੇ। ਵਿੱਦਿਆ, ਉੱਚੇ ਘਰ, ਕੇਸਰ, ਬਰਫ਼ੀਲਾ ਪਾਣੀ ਤੇ ਦਾਖ ਅਰਥਾਤ ਹਰ ਕਿਸੇ ਵਸਤੂ ਦੀ ਇਥੇ ਬਹੁਲਤਾ ਹੈ, ਜਿਨ੍ਹਾਂ ਦੀ ਸੁਰਗ ਵਿੱਚ ਵੀ ਘਾਟ ਹੁੰਦੀ ਹੈ। ਕਸ਼ਮੀਰ ਦਾ ਜਲ ਵਾਯੂ ਸੰਸਾਰ ਤੋਂ ਵਧੇਰੇ ਮੁਅਤਦਿਲ ਹੈ। ਜੇਕਰ ਕੋਈ ਕਬਾਬ ਬਣਿਆ ਹੋਇਆ ਮੁਰਗਾ ਵੀ ਕਸ਼ਮੀਰ ਆ ਜਾਵੇ ਤਾਂ ਉਸ ਵਿੱਚ ਵੀ ਜਾਨ ਆ ਸਕਦੀ ਹੈ।

ਹਰ ਸੋਖਤਾ ਜਨੀ ਕਿ ਕਸ਼ਮੀਰ ਦਰ ਆਇਦ।
ਗਰ ਮੁਰਗ ਕਬਾਬ ਅਸਤ ਬਾਲੋ ਪਰ ਆਇਦ।

**ਪੁਸਤਕ ਸੂਚੀ**:-
1. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ, ਕਸ਼ਮੀਰ, 1997

## ਕਹਲ ਗਾਂਉ

ਰਿਆਸਤ ਬਿਹਾਰ ਦਾ ਇਕ ਪਿੰਡ ਕਾਹਲ ਗਾਂਉ ਹੈ, ਜੋ ਭਾਗਲਪੁਰ ਤੋਂ 16 ਕਿਲੋਮੀਟਰ ਚੜ੍ਹਦੇ ਵੱਲ ਹੈ। ਇਸ ਨਗਰ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਇਕ ਪ੍ਰਚਾਰ ਦੌਰੇ ਸਮੇਂ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਨੌਵੀਂ, ਬਣਿਆ ਹੋਇਆ ਹੈ।

## ਕਟਾਸ

ਪਾਕਿਸਤਾਨ ਦੇ ਜ਼ਿਲ੍ਹਾ ਚੱਕਵਾਲ ਵਿੱਚ, ਇਹ ਅਸਥਾਨ ਆਉਂਦਾ ਹੈ। ਕਟਾਸ ਹਿੰਦੂਆਂ ਦਾ ਇਕ ਪਵਿੱਤਰ ਅਸਥਾਨ ਹੈ। ਇਹ ਅਸਥਾਨ ਚੋਆ ਸੈਦਨ ਸ਼ਾਹ ਤੋਂ ਉਪਰ ਪਹਾੜੀ ਉੱਤੇ ਛੇ ਕਿਲੋਮੀਟਰ ਦੂਰ ਹੈ। ਇਸ ਅਸਥਾਨ ਦਾ ਜ਼ਿਕਰ ਮਹਾਂਭਾਰਤ ਵਿੱਚ ਵੀ ਆਉਂਦਾ ਹੈ। ਹਿੰਦੂ ਵਿਸ਼ਵਾਸ ਕਰਦੇ ਹਨ ਕਿ ਕਟਾਸ ਅਤੇ ਪੁਸ਼ਕਰ ਅਜਮੇਰ ਦੋਵੇਂ ਸ਼ਿਵ ਜੀ ਦੀਆਂ ਅੱਖਾਂ ਹਨ। ਇਥੇ ਹੀ ਪਾਰਸ ਨਾਥ ਯੋਗੀ ਨੇ ਪ੍ਰਾਣ ਤਿਆਗੇ ਸਨ।

ਇਸੇ ਅਸਥਾਨ 'ਤੇ ਗੁਰੂ ਨਾਨਕ ਸਾਹਿਬ ਨੇ ਆਪਣੇ ਚਰਨ ਪਾਏ ਹਨ। ਗੁਰੂ ਸਾਹਿਬ ਪਹਿਲੀ ਵੈਸਾਖ ਨੂੰ ਕਟਾਸ ਆਏ ਸਨ। ਗੁਰੂ ਸਾਹਿਬ ਅਕਾਲੀ ਧਰਮ ਦਾ ਪ੍ਰਚਾਰ ਕਰਦੇ ਹੋਏ ਇਥੇ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਪਹਿਲੀ ਪਾਤਸ਼ਾਹੀ ਬਣਿਆ ਹੈ, ਜਿਸ ਨੂੰ ਮੁਕਾਮੀ ਲੋਕ ਨਾਨਕ ਨਿਵਾਸ ਆਖਦੇ ਹਨ। ਇਥੇ ਬਹੁਤ ਸਾਰੇ ਰਿਸ਼ੀਆਂ, ਜੋਗੀਆਂ, ਮੁਨੀਆਂ ਨੇ ਤਪ ਕੀਤਾ, ਜਿਨ੍ਹਾਂ ਦੇ ਅਸਥਾਨ ਬਣੇ ਹੋਏ ਹਨ। ਇਨ੍ਹਾਂ ਥਾਵਾਂ ਉੱਤੇ ਤਖ਼ਤੀਆਂ ਨਾ ਲੱਗੀਆਂ ਹੋਣ ਕਾਰਨ, ਇਨ੍ਹਾਂ ਥਾਵਾਂ ਨੂੰ ਵੱਖ-ਵੱਖ ਕਰਨਾ ਬਹੁਤ ਕਠਿਨ ਕੰਮ ਹੈ।

ਇਹ ਥਾਂ ਇਸ ਪੱਖੋਂ ਵੀ ਤਵਾਰੀਖੀ ਹੈ, ਕਿ ਇਥੇ ਬੈਠ ਕੇ ਅਬੂ ਰਿਹਾਨ ਅਲਬੈਰੂਨੀ ਨੇ ਧਰਤੀ ਦਾ ਘੇਰਾ ਨਾਪਿਆ ਸੀ। ਇਥੇ ਹੀ ਉਸ ਨੇ ਸੰਸਕ੍ਰਿਤ ਇਲਮ ਲਈ ਸੰਸਾਰ ਪ੍ਰਸਿੱਧ ਕਿਤਾਬ ਕਿਤਾਬ-ਉਲ-ਹਿੰਦ ਲਿਖੀ ਸੀ। ਅੱਜ ਕੱਲ੍ਹ ਵੀ ਹਿੰਦੂਆਂ ਦੇ ਜਥੇ ਭਾਰਤ ਤੋਂ ਦਰਸ਼ਨਾਂ ਲਈ ਜਾਂਦੇ ਹਨ। ਇਸ ਅਸਥਾਨ ਦੀ ਸੰਭਾਲ ਜੇਕਰ ਪਾਕਿ-ਸਤਾਨ ਨੇ ਨਾ ਕੀਤੀ, ਤਾਂ ਕੁਝ ਹੀ ਵਰ੍ਹਿਆਂ ਬਾਅਦ ਇਹ ਤਵਾਰੀਖੀ ਯਾਦਗਾਰਾਂ ਖ਼ਤਮ ਹੋ ਜਾਣਗੀਆਂ। ਗੁੰਬਦ ਟੁੱਟਦੇ ਜਾ ਰਹੇ ਹਨ। ਦੀਵਾਰਾਂ ਵੀ ਖ਼ਤਮ ਹੋ ਰਹੀਆਂ ਹਨ। ਇਹ ਅਸਥਾਨ ਇਕ ਪਹਾੜੀ 'ਤੇ ਦੂਰੋਂ ਹੀ ਨਜ਼ਰੀਂ ਪੈਂਦਾ ਹੈ।

ਪੁਸਤਕ ਸੂਚੀ:-1. ਕਾਨ੍ਹ ਸਿੰਘ ਨਾਭਾ-ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 2. ਇਕਬਾਲ ਕੈਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

## ਕਟਾਣੀ ਕਲਾਂ

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿੱਚ ਪਿੰਡ ਕਟਾਣੀ ਕਲਾਂ ਆਉਂਦਾ ਹੈ, ਜੋ ਲੁਧਿਆਣਾ ਤੋਂ 25 ਕਿਲੋਮੀਟਰ ਦੂਰ ਹੈ। ਲੁਧਿਆਣਾ ਦਾ ਅਕਸ਼ਾਂਸ਼ 300-54 ਅਤੇ ਰੇਖਾਂਸ਼ ਦੇਸ਼ਾਂਤਰ 750-52 ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇਤਿਹਾਸਕ ਅਸਥਾਨ ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਦਸਵੀਂ ਹੈ। ਇਸ ਨੂੰ ਆਮ ਤੌਰ 'ਤੇ ਕਟਾਣਾ ਸਾਹਿਬ ਆਖਿਆ ਜਾਂਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਆਪਣੀ ਮਾਲਵੇ ਦੀ ਪ੍ਰਚਾਰ ਫੇਰੀ ਸਮੇਂ 1631-34 ਵਿੱਚ ਇਥੇ ਆਏ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਦਸੰਬਰ 1705 ਵਿੱਚ ਮਾਛੀਵਾੜਾ ਤੋਂ ਦੀਨਾ ਕਾਂਗੜ ਵੱਲ ਜਾਣ ਸਮੇਂ ਇਸ ਪਿੰਡ ਵਿੱਚ ਕੁਝ ਸਮਾਂ ਠਹਿਰੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦਾ ਨਾਂ ਇਸੇ ਗੁਰ-ਦੁਆਰੇ ਨਾਲ ਉਦੋਂ ਮਕਬੂਲ ਹੋਇਆ ਜਦੋਂ 1933 ਵਿੱਚ ਮੰਜੀ ਸਾਹਿਬ ਗੁਰੂ ਸਾਹਿਬ ਦੀ ਯਾਦ ਵਿੱਚ ਬਣਾਇਆ ਗਿਆ।

ਅਜੋਕੀ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਅਹਾਤਾ ਦੋ ਏਕੜ ਜ਼ਮੀਨ ਵਿੱਚ ਆਉਂਦਾ ਹੈ। ਕੇਂਦਰੀ ਹਾਲ ਵਿੱਚ ਦੋ ਗੁੰਬਦਨੁਮਾ ਪ੍ਰਕਾਸ਼ ਅਸਥਾਨ ਹਨ। ਪਹਿਲਾ ਨਹਿਰ ਦੇ ਪਾਸੇ ਵੱਲ ਜੋ ਗੁਰੂ ਗੋਬਿੰਦ ਸਿੰਘ ਦੀ ਯਾਦ ਵਿੱਚ ਬਣਿਆ ਹੈ। ਇਸ ਨੂੰ ਅੱਜ ਕੱਲ੍ਹ ਦੇਗਸਰ ਵੀ ਆਖਿਆ ਜਾਂਦਾ ਹੈ, ਕਿਉਂਕਿ ਮੁਕਾਮੀ ਰਿਵਾਇਤ ਅਨੁਸਾਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮਾਛੀਵਾੜੇ ਤੋਂ ਬਾਅਦ ਇਸੇ ਥਾਂ ਪਹਿਲਾ ਪ੍ਰਸ਼ਾਦਾ ਛਕਿਆ ਸੀ। ਇਸ ਖੁੱਲ੍ਹਾ ਅਹਾਤਾ ਵਿੱਚ ਸੰਗਮਰਮਰ ਦਾ ਫਰਸ਼ ਹੈ। ਦੂਜਾ ਪ੍ਰਕਾਸ਼ ਅਸਥਾਨ ਛੋਟੇ ਜਿਹੇ ਮੁਰੱਬਾ ਕਮਰੇ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿੱਚ ਸੁਸ਼ੋਭਿਤ ਹੈ। ਜਿਸ ਬੋਹੜ ਹੇਠ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵਿਸ਼ਰਾਮ ਕੀਤਾ ਸੀ, ਉਹ ਕੁਝ ਵਰ੍ਹੇ ਪਹਿਲਾਂ ਮੌਜੂਦ ਸੀ।

ਗੁਰਦੁਆਰੇ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 85 ਅਧੀਨ ਹੈ।

**ਪੁਸਤਕ ਸੂਚੀ**:-
1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
3. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ । 4. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996


ਬਾਕੀ ਅਗਲੇ ਹਫ਼ਤੇ ਪੜ੍ਹੋ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਸਿੱਧ, ਨਾਥ ਯੋਗੀ, ਨਾਟਕ ਚੇਟਕ ਕਰਨ ਵਾਲੇ, ਲੋਕਾਂ ਨੂੰ ਚਮਤਕਾਰੀ ਕ੍ਰਿਸ਼ਮੇ ਦਿਖਾਕੇ ਭਰਮਾ ਰਹੇ ਸਨ । ਯੋਗਿਕ ਵਿਧੀਆਂ ਨਾਲ ਸਵਾਸਾਂ ਨੂੰ ਚੜ੍ਹਾਉਣ ਉਤਾਰਨ ਦੀਆਂ ਜੁਗਤਾਂ ਉਨ੍ਹਾਂ ਨੂੰ ਆਉਂਦੀਆਂ ਸਨ । ਉਮਰ ਵਧਾਉਣੀ, ਸਰੀਰ ਨੂੰ ਛੋਟਾ ਵੱਡਾ ਕਰ ਲੈਣਾ, ਇਥੋਂ ਤੱਕ ਕਿ ਪੰਛੀਆਂ ਵਾਂਗ ਅਸਮਾਨਾਂ ਉੱਤੇ ਉਡਾਰੀਆਂ ਮਾਰਨੀਆਂ, ਰਿੱਧੀਆਂ ਸਿੱਧੀਆਂ ਦੀ ਮੁਹਾਰਤ ਵਰਤਣ ਦੀ ਸ਼ਕਤੀ ਕਾਰਨ ਸਮਾਜ ਉੱਤੇ ਆਪਣਾ ਪ੍ਰਭਾਵ ਜਮਾਉਂਦੇ ਸਨ । ਅਧਿਆਤਮਕ ਤੌਰ 'ਤੇ, ਇੜਾ, ਪਿੰਗਲਾ ਔਰ ਸੁਖਮਨਾ, ਮੱਥੇ ਦੀਆਂ ਤਿੰਨ ਨਾੜੀਆਂ ਰਾਹੀ ਸਵਾਸਾਂ ਦੀਆਂ ਸਾਧਨਾ ਵਰਤਕੇ ਦੱਸਵੇਂ ਦੁਆਰ ਤੋਂ ਅਨੰਦ ਤੇ ਆਤਮਕ ਪ੍ਰਸੰਨਤਾ ਦੇ ਸੁਆਦ ਲੈਂਦੇ ਸਨ। ਇਸ ਭਾਂਤ ਦੀ ਮਸਤੀ ਵਾਲੀ ਦਸ਼ਾ ਬਣਾਈ ਰੱਖਣ ਲਈ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਭੀ ਕਰਦੇ ਸਨ ।**




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–37**

ਕਬੀਰ ਜੀ ਨੂੰ ਪੂਰੇ ਸਤਿਗੁਰੂ ਤੋਂ ਇਹ ਗਿਆਨ ਹੋਇਆ, ਕ੍ਰਿਸ਼ਨ ਜੀ ਨਾਲੋਂ ਈਸ਼ਵਰ ਸੱਚਾ ਹੈ, ਸਦੀਵੀ ਹੈ। ਜਨਮ ਮਰਨ ਤੋਂ ਰਹਿਤ ਹੈ, ਸੰਕਟਾਂ ਤੋਂ ਮੁਕਤ ਹੈ- ਜਿਵੇਂ ਕ੍ਰਿਸ਼ਨ ਜੀ ਅਤੇ ਰਾਮ ਜੀ ਨੂੰ ਸੰਕਟਾਂ ਵਿੱਚੋਂ ਲੰਘਣਾ ਪਿਆ, ਈਸ਼ਵਰ ਉਪਰ ਅਜੇਹੇ ਸੰਕਟ ਨਹੀਂ ਆਉਂਦੇ। ਉਹ ਚਉਰਾਸੀ ਲੱਖ ਜੋਨ ਵਿੱਚ ਭਰਮਦਾ ਨਹੀਂ। ਕਬੀਰ ਜੀ ਨਾਮ ਨਿਰੰਜਨ ਦੇ ਅਨੁਭਵੀ ਝਲਕਾਰੇ ਪਿੱਛੋਂ ਝੱਟ ਪੁਕਾਰ ਉੱਠੇ, ਮੇਰਾ ਉਹ (ਕ੍ਰਿਸ਼ਨ) ਪੂਜਯ (ਠਾਕਰ) ਨਹੀਂ ਜੋ ਜੰਮਣ ਮਰਣ ਦੇ ਚੱਕਰਾਂ ਵਿੱਚ ਪਿਆ ਰਹਿੰਦਾ ਹੈ, ਜਿਸ ਨੂੰ ਨੰਦ ਕਾ ਨੰਦਨ ਜਾਂ ਦਸ਼ਰਥ ਦਾ ਪੁੱਤਰ ਰਾਮਚੰਦਰ ਕਿਹਾ ਜਾਂਦਾ ਹੈ। ਮੇਰਾ ਪੂਜਯ ਈਸ਼ਵਰ ਤਾਂ ਅਜੋਨੀ ਹੈ। ਉਸ ਦਾ ਕੋਈ ਮਾਈ ਬਾਪ ਨਹੀਂ। ਉਹ ਨਿਰੰਜਨ ਹੈ, ਨਿਰੰਕਾਰ ਹੈ। ਕ੍ਰਿਸ਼ਨ ਜੀ ਦੇ ਬਿਰਹਾ ਵਿੱਚ ਵਿਆਕੁਲ ਹੋਕੇ ਹੁਣ ਗੁਆਲਣਾਂ ਵਾਂਗ, ਪੁਕਾਰਨ ਦੀ ਲੋੜ ਨਹੀਂ ਰਹਿ ਗਈ। ਮੋ ਕਉ ਛੋਡਿ ਨ ਆਉ ਨ ਜਾਹੂ ਰੇ? ਕ੍ਰਿਸ਼ਨ ਜੀ ਮੈਨੂੰ ਛੱਡ ਕੇ ਨ ਜਾਇਓ। ਕੀ ਉਪਰਲੇ ਸ਼ਬਦ ਪਿੱਛੋਂ ਭੀ ਗੋਪੀਆਂ ਨਾਲ ਰਲ ਕੇ ਕੂਕਣ ਪੁਕਾਰਨ ਦੀ ਲੋੜ ਰਹਿ ਜਾਂਦੀ ਹੈ?

ਗਉੜੀ ਰਾਗ ਦੇ ਕ੍ਰਿਸ਼ਨ ਉਸਤਤੀ ਦੇ ਪਹਿਲੇ ਪਦਿਆਂ ਦੇ ਹੀ ਨਾਲ ਲੱਗਦੇ ਇਕ ਹੋਰ ਪਦੇ ਵਿੱਚ, ਕ੍ਰਿਸ਼ਨ ਜੀ ਦੀ ਹਸਤੀ ਬਾਰੇ ਬਦਲੀ ਹੋਈ, ਧੁਨਿ ਉਠ ਰਹੀ ਹੈ ਜਿਸ ਦੀ ਸ਼ੈਲੀ ਬੋਲੀ ਤੇ ਖਿਆਲਾਂ ਨੇ ਪਹਿਲੀ ਅਵਤਾਰ ਭਗਤੀ ਦੀ ਇਕ ਇਕ ਤੰਦ ਤੋੜ ਸੁੱਟੀ ਹੈ:

ਸੰਕਟਿ ਨਹੀਂ ਪਰੈ ਜੋਨਿ ਨਹੀ
ਆਵੈ ਨਾਮੁ ਨਿਰੰਜਨ ਜਾਕੋ ਰੇ।

ਕਬੀਰ ਜੀ ਦਾ ਇਹ ਸ਼ਬਦ ਪੜ੍ਹ ਕੇ, ਪਹਿਲੀ ਕ੍ਰਿਸ਼ਨ ਭਗਤੀ ਦੇ, ਬਿਰਹਾ ਤੇ ਵਿਆਕੁਲਤਾ ਦਾ ਅਰਥ ਪਿੱਛੇ ਰਹਿ ਜਾਂਦਾ ਹੈ? ਇਨ੍ਹਾਂ ਤਿੰਨਾਂ ਪਦਿਆਂ ਨੂੰ ਇਕੱਠੇ ਰੱਖ ਕੇ ਪੜਤਾਲਵੀਂ ਦ੍ਰਿਸ਼ਟੀ ਨਾਲ ਵਾਚਣ ਤੋਂ ਹੀ ਗੱਲ ਸਮਝ ਵਿੱਚ ਆ ਸਕਦੀ ਹੈ। ਇਹ ਵਿਕਾਸਸ਼ੀਲ ਪਰਿਵਰਤਨ ਹੈ, ਗੁਰੂ ਤੋਂ ਸੋਝੀ ਪ੍ਰਾਪਤ ਹੋਈ–ਅਗਮ ਅਗੋਚਰ ਆਦਿ ਨਿਰੰਜਨ ਨਿਰੰਕਾਰ ਨੂੰ ਜਾਣਿਆ, ਨੰਦ ਕੇ ਨੰਦਨ, ਕ੍ਰਿਸ਼ਨ, ਦਸ਼ਰਥ ਪੁੱਤਰ ਰਾਮਚੰਦਰ ਨੂੰ ਪੂਜਯ ਮੰਨਣ ਦੀ ਗੱਲ ਮੁਕੀ:

(1) ਅਗਮ ਅਗੋਚਰੁ ਰਹੈ ਨਿਰੰਤਰਿ
ਗੁਰ ਕਿਰਪਾ ਤੇ ਲਹੀਐ ॥
ਕਹੁ ਕਬੀਰ ਬਲਿ ਜਾਉ ਗੁਰ
ਅਪੁਨੇ ਸਤਸੰਗਤਿ ਮਿਲਿ ਰਹੀਐ ॥
(ਗਉੜੀ ਕਬੀਰ – 333)

(2) ਕਹੀ ਕਬੀਰ ਜਨਿ ਏਕੋ ਬੂਝਿਆ ॥
ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ॥
(ਆਸਾ ਕਬੀਰ–476)

ਇਹ ਇਕ ਗੁਣ–ਆਤਮਕ ਪਰਿਵਰਤਨ ਹੈ। ਅੰਤਮ ਸੰਦੇਸ਼ ਕਬੀਰ ਜੀ ਦਾ ਪਹਿਲੇ ਪਦਿਆਂ ਵਿੱਚ ਦਰਸਾਈ ਵਿਆਕੁਲਤਾ ਵਾਲਾ, ਆਰੰਭਕ ਪੜਾ ਦਾ ਵਰਣਨ ਹੈ। ਤੀਜਾ ਪਦਾ ਸੰਦੇਸ਼ ਹੈ। ਉਦੇਸ਼ ਹੈ, ਵਿਸ਼ੇਸ਼ ਹੈ।

## ਨਾਥਾਂ ਯੋਗੀਆਂ ਦਾ ਪ੍ਰਭਾਵ ਤੇ ਉਸ ਤੋਂ ਛੁਟਕਾਰਾ :

ਕਬੀਰ ਜੀ ਦੇ ਜ਼ਮਾਨੇ ਵਿੱਚ ਯੋਗੀਆਂ ਦੀ ਧਾਰਮਿਕ ਦੁਨੀਆਂ ਵਿੱਚ ਭਾਰੀ ਮਾਨਤਾ ਸੀ। ਸਿੱਧ, ਨਾਥ ਯੋਗੀ, ਨਾਟਕ ਚੇਟਕ ਕਰਨ ਵਾਲੇ, ਲੋਕਾਂ ਨੂੰ ਚਮਤਕਾਰੀ ਕ੍ਰਿਸ਼ਮੇ ਦਿਖਾਕੇ ਭਰਮਾ ਰਹੇ ਸਨ। ਯੋਗਿਕ ਵਿਧੀਆਂ ਨਾਲ ਸਵਾਸਾਂ ਨੂੰ ਚੜ੍ਹਾਉਣ ਉਤਾਰਨ ਦੀਆਂ ਜੁਗਤਾਂ ਉਨ੍ਹਾਂ ਨੂੰ ਆਉਂਦੀਆਂ ਸਨ। ਉਮਰ ਵਧਾਉਣੀ, ਸਰੀਰ ਨੂੰ ਛੋਟਾ ਵੱਡਾ ਕਰ ਲੈਣਾ, ਇਥੋਂ ਤੱਕ ਕਿ ਪੰਛੀਆਂ ਵਾਂਗ ਅਸਮਾਨਾਂ ਉੱਤੇ ਉਡਾਰੀਆਂ ਮਾਰਨੀਆਂ, ਰਿੱਧੀਆਂ ਸਿੱਧੀਆਂ ਦੀ ਮੁਹਾਰਤ ਵਰਤਣ ਦੀ ਸ਼ਕਤੀ ਕਾਰਨ ਸਮਾਜ ਉੱਤੇ ਆਪਣਾ ਪ੍ਰਭਾਵ ਜਮਾਉਂਦੇ ਸਨ। ਅਧਿਆਤਮਕ ਤੌਰ 'ਤੇ, ਇੜਾ, ਪਿੰਗਲਾ ਔਰ ਸੁਖਮਨਾ, ਮੱਥੇ ਦੀਆਂ ਤਿੰਨ ਨਾੜੀਆਂ ਰਾਹੀ ਸਵਾਸਾਂ ਦੀਆਂ ਸਾਧਨਾ ਵਰਤਕੇ ਦੱਸਵੇਂ ਦੁਆਰ ਤੋਂ ਅਨੰਦ ਤੇ ਆਤਮਕ ਪ੍ਰਸੰਨਤਾ ਦੇ ਸੁਆਦ ਲੈਂਦੇ ਸਨ। ਇਸ ਭਾਂਤ ਦੀ ਮਸਤੀ ਵਾਲੀ ਦਸ਼ਾ ਬਣਾਈ ਰੱਖਣ ਲਈ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਭੀ ਕਰਦੇ ਸਨ।

ਕਬੀਰ ਜੀ ਨੇ ਪਹਿਲਾਂ ਹੱਠ ਯੋਗ ਰਾਹੀਂ ਸਰੀਰ ਦੀ ਅਜਿਹੀ ਸਾਧਨਾ ਕਰਕੇ ਇਸ ਭਾਂਤ ਦੀ ਕਿਰਿਆ ਦਾ ਸਵਾਦ ਭੀ ਚੱਖਿਆ ਸੀ:

ਕਬੀਰ ਗੰਗ ਜਮੁਨ ਕੇ
ਅੰਤਰੇ ਸਹਨ ਸੁੰਨ ਕੇ ਘਾਟ ॥
ਤਹਾ ਕਬੀਰੈ ਮਟੁ ਕੀਆ
ਖੋਜਤ ਮੁਨਿ ਜਨ ਬਾਟ ॥
(152 ਸਲੋਕ ਕਬੀਰ 1372)

ਸੂਰ ਸਮਾਣਾ ਚੰਦ ਮੇ
ਚੂਹੂ ਕੀਆ ਧਰ ਏਕ॥
ਮਨ ਕਾ ਚਯੰਤਾ ਤਬ ਭਇਆ
ਪ੍ਰਾ ਪੂਰਬਲਾ ਲੇਖ ॥
(ਕਬੀਰ ਗ੍ਰੰਥਾਵਲੀ 204)

ਗੰਗ ਜਮਨ ਕੂਲ ਪੈਸੇ, ਕਰ ਲੈ ਅਸ਼ਨਾਨ॥
ਚਾਪੀਲਾ ਮੂਲੇ ਅਵਧੁ ਧਰੀਲਾ ਧਿਆਨ ॥
(ਕਬੀਰ ਗ੍ਰੰਥਾਵਲੀ 202)

ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ॥ਰਹਾਉ॥
ਭੈ ਬਿਚਿ ਭਾਉ ਭਾਇ ਕੋਊ ਬੂਝਹਿ
ਹਰਿ ਰਸੁ ਪਾਵੈ ਭਾਈ॥
ਜੇਤੇ ਘਟ ਅੰਮ੍ਰਿਤੁ ਸਭ ਹੀ
ਮਹਿ ਭਾਵੈ ਤਿਸਹਿ ਪਿਆਈ॥
ਨਗਰੀ ਏਕੈ ਨਉ ਦਰਬਾਜੇ
ਧਾਵਤੁ ਬਰਜਿ ਰਹਾਈ॥
ਤ੍ਰਿਕੁਟੀ ਛੂਟੈ ਦਸਵਾ ਦਰ ਖੂਲੇ
ਤਾ ਮਨੁ ਖੀਵਾ ਭਾਈ॥
(ਕੇਦਾਰਾ ਕਬੀਰ ਜੀ–1123)

ਗਗਨਿ ਰਸਾਲ ਚੁਐ ਮੇਰੀ ਭਾਠੀ।
ਸੰਚਿ ਮਹਾ ਰਸੁ ਤਨੁ ਭਇਆ ਕਾਠੀ॥1॥
ਉਆ ਕਉ ਕਹੀਐ ਸਹਜ ਮਤਵਾਰਾ॥
ਪੀਵਤ ਰਾਮ ਰਸੁ ਗਿਆਨ ਬੀਚਾਰਾ॥1 ॥ਰਹਾਉ॥
ਸਹਜ ਕਲਾਲਨਿ ਜਉ ਮਿਲਿ ਆਈ।
ਆਨੰਦਿ ਮਾਤੇ ਅਨਦਿਨੁ ਜਾਈ॥2॥
ਚੀਨਤ ਚੀਤੁ ਨਿਰੰਜਨ ਲਾਇਆ॥
ਕਹੀ ਕਬੀਰ ਤੌਂ ਅਨਭਉ ਪਾਇਆ॥3॥
(ਗਉੜੀ ਕਬੀਰ ਜੀ, 328)

ਮਨ ਨੂੰ ਖੀਵਾ ਕਰਨ ਦੀਆਂ ਵਿਧੀਆਂ ਆਤਮ ਰਸ ਵਿੱਚ ਲੀਨ ਹੋਣ ਵਾਲੀ ਲਿਵ ਅਤੇ ਮਸਤੀ ਦੇ ਰਹੱਸਾਂ ਤੋਂ ਕਬੀਰ ਜੀ ਜਾਣੂ ਸਨ, ਉਨ੍ਹਾਂ ਨੇ ਇਹ ਸੁਆਦ ਮਾਣੇ ਸੀ; ਤਾਂ ਮਨ ਖੀਵਾ ਭਾਈ।

ਇੜਾ ਪਿੰਗਲਾ ਔਰ ਸੁਖਮਨਾ
ਬੰਦੇ ਏ ਅਵਰਨ ਕਤ ਜਾਹੀ।

***ਚਲਦਾ......***

**ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ ਚਾਰ ਧਾਰਮਿਕ ਸੇਵਾਦਾਰਾਂ ਦੀ ਲੋੜ ਹੈ**

ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿਖੇ 2 ਕੀਰਤਨ ਕਰਨ ਵਾਲੇ ਅਤੇ 2 ਤਬਲਾ ਵਾਦਕਾਂ ਦੀ ਤੁਰੰਤ ਲੋੜ ਹੈ। ਉਹਨਾਂ ਦੀ ਡਿਊਟੀ ਵਿੱਚ ਸਵੇਰੇ ਸ਼ਾਮ ਨਿੱਤਨੇਮ, ਕੀਰਤਨ, ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ ।

ਤਜ਼ਰਬਾ ਅਤੇ ਸ਼ਰਤਾਂ: ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ । ਗੁਰੂ ਘਰ ਵਿਖੇ ਘੱਟੋ–ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ ।

ਤਨਖਾਹ: ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ ।

ਉਮੀਦਵਾਰ ਆਪਣੀਆਂ ਅਰਜ਼ੀਆਂ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ ਉੱਤੇ ਭੇਜਣ ਦੀ ਕ੍ਰਿਪਾਲਤਾ ਕਰਨ । ਅਰਜ਼ੀਆਂ ਭੇਜਣ ਦੀ ਆਖ਼ਰੀ ਤਰੀਕ 8 ਮਈ 2026 ਹੈ ।

**4 VACANCIES for Tier-5 Religious Workers**

***4 Religious Workers Required:*** Role includes reciting from Guru Granth Sahib Ji. Perform Keertan (Singing Hymns) Tabla (drums), Serving Langer within Gurmeryadha, Leading prayers at weddings and other special occasions.

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have right to work in U.K. and 3 years experience.

***Pay and Conditions:*** Required to be residing within the Gurdwara. Work 25 hours per week, statuary minimum wage and statuary holiday pay. ***Closing Date: 8th may 2026***

***For an application or more information contact:***
**President or General Secretary**

**SHRI GURU RAVIDASS TEMPLE**
**282 Western Road, Southall, Middx. UB2 5JT**
**Tel: 020 8574 0245 / Fax: 020 8574 8967**

# ਕਾਵਿ-ਕਿਆਰੀ




## ਵਿਸਾਖੀ

ਇਕ ਉਹ ਵੀ ਵਿਸਾਖੀ ਆਈ ਸੀ,
ਜਦ ਮਾਖੋਵਾਲ ਦੀ ਠੇਰੀ ‘ਤੇ,
ਸਿਰ ਲੈ ਕੇ ਪੰਜਾਂ ਸਿੱਖਾਂ ਦੇ,
ਦਸਮੇਸ਼ ਨੇ ਪੰਥ ਸਜਾਇਆ ਸੀ।
ਇਕ ਉਹ ਵੀ ਵਿਸਾਖੀ ਆਈ ਸੀ......

ਖ਼ੁਦ ਲੈ ਕੇ ਪਹੁਲ ਫਿਰ ਪੰਜਾਂ ਤੋਂ,
ਨੀਂਹ ਲੋਕ-ਰਾਜ ਦੀ ਰੱਖੀ ਸੀ।
ਮੇਰਾ ਸਤਿਗੁਰ ਬਾਜ਼ਾਂ ਵਾਲਾ ਉਹ,
ਗੁਰ-ਚੇਲਾ ਆਪ ਕਹਾਇਆ ਸੀ।
ਇਕ ਉਹ ਵੀ ਵਿਸਾਖੀ ਆਈ ਸੀ......

ਜੋ ਕਰਦ ਨੰਗੀ ਨਹੀਂ ਫੜਦੇ ਸਨ,
ਜੋ ਚਿੜੀ ਉਡਣ ‘ਤੇ ਡਰਦੇ ਸਨ,
ਮਿਰੇ ਸਤਿਗੁਰ ਫੂਕੀ ਰੂਹ ਐਸੀ,
ਉਨ੍ਹੀਂ ਰਣ ਵਿਚ ਖੰਡਾ ਵਾਹਿਆ ਸੀ।
ਇਕ ਉਹ ਵੀ ਵਿਸਾਖੀ ਆਈ ਸੀ........

ਮੈਂ ਉਜੜਾਂ, ਜੁਗ ਜੁਗ ਪੰਥ ਜੀਵੇ,
ਮੇਰੇ ਪੰਥ ਦੀ ਉੱਚੜੀ ਸ਼ਾਨ ਥੀਵੇ,
ਨੀਂਹ ਪੰਥ ਦੀ ਰਹਿ ਜਾਏ ਕੱਚੀ ਨਾ,
ਲਹੂ ਪੁੱਤਰਾਂ ਦਾ ਉਸ ਪਾਇਆ ਸੀ।
ਇਕ ਉਹ ਵੀ ਵਿਸਾਖੀ ਆਈ ਸੀ.......

‘ਕੱਲੀ ਭਗਤੀ ਬੁਜ਼ਦਿਲ ਹੋ ਜਾਏ ਨਾ,
‘ਕੱਲੀ ਸ਼ਕਤੀ ਜ਼ਾਲਮ ਹੋ ਜਾਏ ਨਾ,
ਰੰਗ ਦੋਵੇਂ ‘ਕੱਠੇ ਕਰਨ ਲਈ,
ਉਨ੍ਹੇ ਸੰਤ-ਸਿਪਾਹੀ ਸਜਾਇਆ ਸੀ।
ਇਕ ਉਹ ਵੀ ਵਿਸਾਖੀ ਆਈ ਸੀ........

ਜੋ ਸਦੀਆਂ ਤੋਂ ਗੁਲਾਮੀ ਕਰਦੇ ਸਨ,
ਅੱਖ ਉੱਤੇ ਚੁੱਕਣ ਤੋਂ ਡਰਦੇ ਸਨ,
ਗੁਰਾਂ ਗੁੜ੍ਹਤੀ ਦਿੱਤੀ ਗ਼ੈਰਤ ਦੀ,
ਤੇ ਭੈਅ ਤੋਂ ਮੁਕਤ ਕਰਾਇਆ ਸੀ।
ਇਕ ਉਹ ਵੀ ਵਿਸਾਖੀ ਆਈ ਸੀ.........

ਜਿਹੜੇ ਜ਼ਾਤ ਪਾਤ ਦੇ ਫੰਡੇ ਸੀ,
ਉਨ੍ਹੀਂ ਫੜ ਲਏ ਕੇਸਰੀ ਝੰਡੇ ਜੀ,
ਸਿਰ ਦੇ ਕੇ ਉਹ ਸਿਰਦਾਰ ਬਣੇ,
ਤੇ ਜੱਗ ਵਿਚ ਨਾਮ ਕਮਾਇਆ ਸੀ।
ਇਕ ਉਹ ਵੀ ਵਿਸਾਖੀ
ਆਈ ਸੀ........



ਨਿਰਮਲ ਸਿੰਘ
ਕੰਧਾਲਵੀ

## ਰੱਬ ‘ਤੇ ਭਰੋਸਾ

ਜੋ ਫੁੱਲਾਂ ਵਿੱਚ ਦੇਵੇ, ਉਹੀਓ ਪੱਥਰਾਂ ਵਿੱਚ ਦੇਵੇ।
ਜੋ ਮਹਿਲਾਂ ਵਿੱਚ ਦੇਵੇ, ਸੋਈਓ ਸੱਥਰਾਂ ‘ਤੇ ਦੇਵੇ।
ਓਹਦਾ ਨਹੀਂ ਕਿਸੇ ‘ਨਾ ਗਿਲਾ ਰੋਸਾ ਮਿੱਤਰਾ!
ਤੈਨੂੰ ਵੀ ਤੇਰਾ ਮਿਲ ਜਾਊਗਾ, ਰੱਖ ਰੱਬ ‘ਤੇ ਭਰੋਸਾ ਮਿੱਤਰਾ!

ਚੜ੍ਹ ਗਈ ਜੁਆਨੀ ਕਾਹਦੀ ਸ਼ੂ ਕਰ ਕੇ।
ਲੰਘੇ ਪਰ੍ਹਾਂ ਦੀ ਵਿੰਗਾ ਮੂੰਹ ਕਰ ਕੇ।
ਦਿਲ ਬਾਗੋ-ਬਾਗ ਹੁੰਦਾ ਯਾਰ ਮਿਲਿਆਂ।
ਜ਼ਿੰਦਗੀ ਬਹਾਰ ਹੁੰਦੀ ਪਿਆਰ ਮਿਲਿਆਂ।
ਮਨ ਮੰਗੇ ਨਿੱਘ ਕੋਸਾ ਕੋਸਾ ਮਿੱਤਰਾ!
ਤੈਨੂੰ ਵੀ ਤੇਰਾ ਮਿਲ ਜਾਊਗਾ, ਰੱਖ ਰੱਬ ‘ਤੇ ਭਰੋਸਾ ਮਿੱਤਰਾ!

ਹੀਲੇ ਨਾਲ ਹੁੰਦਾ ਏ ਵਸੀਲਾ ਦੋਸਤੋ।
ਆਲ੍ਹਣਾ ਬਣਾਉਂਦੇ ਤੀਲਾ-ਤੀਲਾ ਦੋਸਤੋ।
ਕੰਮ ਕੀਤਿਆਂ ਨਹੀਂ ਹੱਥ ਪੈਰ ਘਸਦੇ।
ਹੱਸਦੇ ਹਸਾਉਂਦਿਆਂ ਦੇ ਘਰ ਵੱਸਦੇ।
ਖਾਵੇ ਮਾਲ੍ਹ-ਪੂੜੇ ਕੋਈ ਸਮੋਸਾ ਮਿੱਤਰਾ।
ਤੈਨੂੰ ਵੀ ਤੇਰਾ ਮਿਲ ਜਾਊਗਾ, ਰੱਖ ਰੱਬ ‘ਤੇ ਭਰੋਸਾ ਮਿੱਤਰਾ!



ਚੰਨ ਜੰਡਿਆਲਵੀ ਨੂੰ ਕੱਖ ਨਹੀਂ ਪਤਾ।
ਪੈਰ-ਪੈਰ ਉੱਤੇ ਕਰੀ ਜਾਂਦਾ ਏ ਖ਼ਤਾ।
ਧਨ ਧੀਆਂ ਪੁੱਤਰਾਂ ‘ਤੇ ਫੁੱਲਿਆ ਫਿਰੇ।
ਰੱਬ ਦੀ ਰਜ਼ਾ ਨੂੰ ਭੈੜਾ ਭੁੱਲਿਆ ਫਿਰੇ।
ਉਹਨੇ ਦੇਣਾ ਤੋਸਾ ਤੇ ਪਰੋਸਾ ਮਿੱਤਰਾ।
ਤੈਨੂੰ ਵੀ ਤੇਰਾ ਮਿਲ ਜਾਊਗਾ, ਰੱਖ ਰੱਬ ‘ਤੇ ਭਰੋਸਾ ਮਿੱਤਰਾ!

-ਤਰਲੋਚਨ ਸਿੰਘ ਚੰਨ ਜੰਡਿਆਲਵੀ

## ਦਿਲ ਤਾਂ ਦਿਲ ਹੈ

ਪਿਆਰ ਮੁਹੱਬਤ ਦੇ ਲਈ ਮੰਨਿਆ, ਪਿਆਰਾ ਅਤੇ ਨਿਆਰਾ ਦਿਲ ਹੈ
ਆਈ ’ਤੇ ਵੀ ਆਉਣੇ ਵਾਲਾ, ਆਵਾਗਉਣ ਅਵਾਰਾ ਦਿਲ ਹੈ

ਦਿਲ ਲੈਣੇ ਤੇ ਦੇਣੇ ਦੀ ਗੱਲ, ਹੁੰਦੀ ਹੈ ਤੇ ਹੁੰਦੀ ਰਹਿਣੀ
ਕੋਈ ਨਾ ਪੁੱਛੇ ਅੱਧੋਰਾਣਾ, ਜਾਂ ਫਿਰ ਮਿਲਦਾ ਸਾਰਾ ਦਿਲ ਹੈ

ਦਿਲ ਦੇ ਲੈਣ ਦੇਣ ਵਿਚ ਅਕਸਰ, ਜੱਗ ਸੱਚਾਈ ਭੁੱਲ ਜਾਂਦਾ ਹੈ
ਵਾਪਸ ਵੀ ਉਸ ਜਾਣਾ ਹੁੰਦਾ, ਹਾਸਲ ਜੋ ਉਧਾਰਾ ਦਿਲ ਹੈ



ਲੈਣੇਦਾਰ ਤਾਂ ਚਹੁੰਦਾ ਹੁੰਦਾ, ਅਗਲੇ ਦਾ ਦਿਲ ਮੇਰੀ ਮੰਨੇ
ਦੇਣ ਵਾਲੇ ਨੂੰ ਪਤਾ ਨਹੀਂ ਹੁੰਦਾ, ਉਸ ਤੋਂ ਉਸਦਾ ਬਾਹਰਾ ਦਿਲ ਹੈ

ਦਿਲ ਦਿਮਾਗ ਦੀ ਕਰੀਏ ਤਾਂ ਫਿਰ, ਦਿਲ ਨੇ ਹੈ ਰੁਸ਼ਨਾਇਆ ਜੱਗ
ਮੰਨੇ ਨਾ ਕੋਈ ਮੰਨੇ ਐਪਰ, ਸੂਰਜ ਚੰਨ ਸਿਤਾਰਾ ਦਿਲ ਹੈ

ਕੋਠੀਆਂ, ਬੰਗਲੇ, ਮਹਿਲਾਂ ਨੂੰ ਨਾ, ਰਹਿਣਾ ਆਵੇ ਇਹਦੇ ਬਿਨ
ਵਸਣੇ ਦਾ ਸੁੱਖ ਮਾਨਣ ਵਾਲਾ, ਛੱਜੂ ਦਾ ਚੌਬਾਰਾ ਦਿਲ ਹੈ

ਲੇਖਾ ਕੋਈ ਵੀ ਲਾ ਨਾ ਸਕਦਾ, ਦਿਲ ਨੇ ਕਿੱਥੇ ਕੀ ਕਰਨਾ ਹੈ
ਕੋਹਿਤੂਰ ਕਿਸੇ ਲਈ ਬਣਦਾ, ਕਿਸੇ ਲਈ ਤਖ਼ਤ ਹਜ਼ਾਰਾ ਦਿਲ ਹੈ


ਚੰਚਲਤਾ ਤੇ ਬੌਧਿਕ ਤਰਕਾਂ, ਅੱਡੋ ਫਾਟੀ ਕੀਤਾ ਜੱਗ
ਟੁੱਟੀਆਂ ਬਾਹਾਂ ਗਲ਼ ਨੂੰ ਆਵਣ, ਕੇਵਲ ਕਰਦਾ ਚਾਰਾ ਦਿਲ ਹੈ

ਸਭ ਤੋਂ ਗੂਹੜਾ ਰਿਸ਼ਤਾ ਦਿਲ ਦਾ, ਕਵਿਤਾ ਨਾਲ ਰਿਹਾ ‘ਢੇਸੀ’
ਸ਼ਬਦਾਂ ਚੋਂ ਰੱਬ ਟੋਲ੍ਹਣ ਵਾਲਾ, ਹੋਰ ਨਹੀ ਕੋਈ ਯਾਰਾ ਦਿਲ ਹੈ

ਕੁਲਵੰਤ ਸਿੰਘ ‘ਢੇਸੀ’ ਯੂ ਕੇ

ਕਾਵਿ-ਵਿਅੰਗ

## * ਫੂਲਕਾ ਹੋਇਆ ਫੂਲ ਕਾ! *



ਤਰਲੋਚਨ ਸਿੰਘ ‘ਦੁਪਾਲ ਪੁਰ’
001-408-905-5517

ਨਜ਼ਰਾਂ ਰੱਖ 'ਸਤਾਈ' ਦੇ ਸਾਲ ਉੱਤੇ
ਦੌੜਾਂ ਏਧਰ ਨੂੰ ਓਧਰ ਨੂੰ ਲੱਗੀਆਂ ਨੇ।
ਡਬਲ ਇੰਜਣ ਬਣਾਉਣ ਦੀ ਹੋੜ ਦੇਖੋ
'ਲਾਲਾਂ' ਹਾਕਮਾਂ ਮੂੰਹ ਤੋਂ ਵੱਗੀਆਂ ਨੇ।
ਰਹਿਣਾ ਇੱਕੋ 'ਸਟੈਂਡ' ਤੇ ਖੜ੍ਹਨ ਵਾਲਾ
ਪਾ'ਤਾ ਭੋਗ ਹੀ ਦਾੜ੍ਹੀਆਂ ਬੱਗੀਆਂ ਨੇ।
ਪਾਣੀ ਪੀ ਪੀ ਕੇ ਕੋਸਦੇ ਰਹਿਣ ਜਿਹਨੂੰ
ਉਹਦੇ ਨਾਲ ਹੀ ਪਾ ਲੈਂਦੇ 'ਹੱਗੀਆਂ' ਨੇ।
ਚੰਗਾ ਥੋੜ੍ਹਿਆਂ ਬਹੁਤਿਆਂ ਕਿਹਾ ਮਾੜਾ
ਬੁਰਾ ਮੰਨਿਆਂ ਲੋਕਾਂ ਇਸ ‘ਭੁਲ’ ਕਾ ਜੀ।
ਹੋਈ ਹੋਵੇ ਗੀ 'ਔਫਰ' ਕੋਈ ਬਹਤ ਵੱਡੀ
ਬਣਿਆਂ 'ਫੂਲਕਾ' ਕਮਲ ਕੇ ਫੂਲ ਕਾ ਜੀ!
******

## ਦੀਵਾਲੀਆ ਸਲਤਨਤ

ਉੱਖੜ ਗਈਆਂ ਨੇ ਸੜਕਾਂ, ਅੱਜ ਸਾਮਰਾਜ ਦੀਆਂ,
ਬੀਤੇ ਹੋਏ ਸਮਿਆਂ ਨੂੰ, ਰੋ ਰੋ ਪੁਕਾਰਦੀਆਂ।

ਮਹਿਲਾਂ ’ਤੇ ਕਿਲਿਆਂ ਦੀਆਂ, ਨੀਹਾਂ ਨੇ ਖੋਖਲੀਆਂ,
ਮੱਧਮ ਪੈ ਗਈਆਂ ਸ਼ਾਨਾਂ, ਜੋ ਸਨ ਚਮਕਾਰਦੀਆਂ।

ਸਮੇਂ ਸਨ ਉਹ ਵੀ ਜਦੋਂ, ਸੀ ਦੁਨੀਆ ਕੰਬਦੀ,
ਧਰਤ ਦੀਆਂ ਕਈ ਕੌਮਾਂ, ਸਲੂਟਾਂ ਸੀ ਮਾਰਦੀਆਂ।

ਚੜ੍ਹਿਆ ਰਹਿੰਦਾ ਸੀ ਸੂਰਜ, ਇਨ੍ਹਾਂ ਦੇ ਰਾਜ ਉੱਤੇ,
ਅੱਜ ਸੂਰਜ ਦੀਆਂ ਕਿਰਨਾਂ, ਘੱਟ ਹੀ ਲਿਸ਼ਕਾਰਦੀਆਂ।

ਉੱਖੜ ਕੇ ਸਲਤਨਤ ਡਿਗ ਰਹੀ, ਆਪਣੇ ਮੂੰਹ ਪਰਨੇ,
ਚੱਲਦੀਆਂ ਨਹੀਂ ਹੁਣ ਚਾਲਾਂ, ਪੁਰਾਣੀ ਪਰਕਾਰ ਦੀਆਂ।

ਸਾਮ, ਦਾਮ ਅਤੇ ਦੰਡ, ਭੇਦ, ਸਭ ਹੋ ਗਏ ਖੁੰਢੇ,
ਬਿੱਲੀਆਂ ਖਚਰੀਆਂ ਅੱਖਾਂ, ਹੁਣ ਨਹੀਂ ਪੁਚਕਾਰਦੀਆਂ।

ਲੁੱਟੀ ਦੁਨੀਆ ਦੀ ਮਾਇਆ, ਖਾ ਗਏ ਵਿਹਲੇ ਬਹਿ,
ਕਰਜ਼ਿਆਂ ਦੀ ਖ਼ੂਬ ਕਮਾਈ, ਬੈਂਕਾਂ ਡਕਾਰਦੀਆਂ।

ਨੌਜਵਾਨੀ ਭੁੱਲ ਗਈ ਹੁਣ, ਕਰਨੀਆਂ ਮਿਹਨਤਾਂ,
ਹੱਥ ’ਤੇ ਹੱਥ ਧਰ ਬੈਠੀਆਂ, ਮੱਖੀਆਂ ਮਾਰਦੀਆਂ।

ਬਦਲ ਜਾਣਗੇ ਨਕਸ਼ੇ, ਬਰਤਾਨਵੀ ਸਲਤਨਤ ਦੇ,
ਹਾਰਨਗੀਆਂ ਹੁਣ ਫੌਜਾਂ, ਜੋ ਨਹੀਂ ਸਨ ਹਾਰਦੀਆਂ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ
* * * *

# ਗੁਰ ਸ਼ਬਦ ਦੇ ਅਭਿਆਸੀ ਜੀਊੜੇ - ਭਾਈ ਸਾਹਿਬ ਭਾਈ ਰਣਧੀਰ ਸਿੰਘ



## ਬਰਸੀ 'ਤੇ ਵਿਸ਼ੇਸ਼

ਭਗਵਾਨ ਸਿੰਘ ਜੌਹਲ





ਰੱਬੀ ਰੰਗ ਵਿੱਚ ਰੰਗੀ ਪਵਿੱਤਰ ਆਤਮਾ, ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਗੁਰ-ਸ਼ਬਦ ਦੇ ਅਭਿਆਸੀ ਜੀਊੜੇ ਸਨ। ਅਖੰਡ ਕੀਰਤਨ ਉਨ੍ਹਾਂ ਦੇ ਜੀਵਨ ਦੀ ਆਤਮਿਕ ਖ਼ੁਰਾਕ ਸੀ। ਅਖੰਡ ਕੀਰਤਨ ਉਨ੍ਹਾਂ ਦੇ ਜੀਵਨ ਦਾ ਅਟੁੱਟ ਅੰਗ ਬਣ ਚੁੱਕਾ ਸੀ। ਰੱਬੀ ਪ੍ਰੇਮ ਵਿੱਚ ਜਦੋਂ ਉਨ੍ਹਾਂ ਦੀ ਆਤਮਾ ਬੋਲਦੀ ਸੀ, ਉਦੋਂ ਅਨੇਕਾਂ ਰੱਬੀ ਰੰਗ ਵਿੱਚ ਰੰਗੀਆਂ ਆਤਮਾਵਾਂ ਅੰਦਰੋਂ ਵੀ ਗੁਰ-ਸ਼ਬਦ ਦੀ ਹੂਕ ਸੁਣਾਈ ਦਿੰਦੀ ਸੀ। ਸਮੁੱਚਾ ਸਿੱਖ ਜਗਤ ਉਨ੍ਹਾਂ ਨੂੰ ਇਸ ਕਰਕੇ ਸਤਿਕਾਰ ਦਿੰਦਾ ਸੀ ਕਿ ਉਹ ਇਕੋ ਸਮੇਂ ਕੌਮੀ ਦਰਦ ਨਾਲ ਓਤ-ਪੋਤ ਦੇਸ਼ ਭਗਤ, ਸੰਤ ਕਵੀ, ਗੁਰਬਾਣੀ ਦੇ ਵਿਆਖਿਆਕਾਰ ਹੋਣ ਦੇ ਨਾਲ-ਨਾਲ ਸਮੇਂ ਦੀ ਬਰਤਾਨਵੀ ਹਕੂਮਤ ਨੂੰ ਵੰਗਾਰਨ ਵਾਲੇ ਗ਼ਦਰੀ ਬਾਬਿਆਂ ਦੇ ਸਾਥੀ, ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ ਗੁਰਸਿੱਖ ਸਨ।

ਭਾਈ ਸਾਹਿਬ ਦਾ ਜਨਮ 7 ਜੁਲਾਈ 1878 ਈ: ਨੂੰ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ: ਨੱਥਾ ਸਿੰਘ ਅਤੇ ਮਾਤਾ ਪੰਜਾਬ ਕੌਰ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਮੁੱਢਲੀ ਸਿੱਖਿਆ ਨਾਭੇ ਤੋਂ ਹਾਸਲ ਕੀਤੀ। ਉਚੇਰੀ ਸਿੱਖਿਆ ਵਾਸਤੇ ਸਰਕਾਰੀ ਕਾਲਜ ਲਾਹੌਰ ਵਿਖੇ ਦਾਖਲਾ ਲਿਆ। ਕਾਲਜ ਵਿੱਚ ਪੜ੍ਹਦਿਆਂ ਭਰ ਜਵਾਨੀ ਦੇ ਦਿਨਾਂ ਵਿੱਚ ਰੱਬੀ ਰੰਗ ਵਿੱਚ ਰੰਗੇ ਗਏ। ਅਜਿਹਾ ਮਜੀਠਾ ਰੰਗ ਚੜ੍ਹਿਆ ਜਿਸ ਨਾਲ ਉਨ੍ਹਾਂ ਦੀ ਆਤਮਾ ਰੰਗੀ ਗਈ। 22 ਸਾਲ ਦੀ ਉਮਰ ਵਿੱਚ ਗ੍ਰੈਜੂਏਸ਼ਨ ਕਰਕੇ ਜਦੋਂ ਅਜੇ ਜੀਵਨ ਸਫਲ ਦੀ ਆਰੰਭਤਾ ਕਰਨੀ ਸੀ। ਉਸ ਸਮੇ ਪੰਜਾਬ ਵਿੱਚ ਪਲੇਗ ਦੀ ਭਿਆਨਕ ਮਹਾਂਮਾਰੀ ਫੈਲ ਗਈ। 1902 ਈ: ਵਿੱਚ ਪਲੇਗ ਦੀ ਮਹਾਂਮਾਰੀ ਨੂੰ ਕਾਬੂ ਕਰਨ ਲਈ ਅੰਗ੍ਰੇਜ਼ੀ ਹਕੂਮਤ ਨੇ ਇੰਗਲੈਂਡ ਤੋਂ ਆਏ ਡਾ: ਫਿਸ਼ਰ ਨਾਲ ਭਾਈ ਸਾਹਿਬ ਨਾਇਬ-ਤਹਿਸੀਲਦਾਰ ਨਿਯੁਕਤ ਹੋਏ। ਜਦੋਂ ਪਲੇਗ ਵਰਗੀ ਬਿਮਾਰੀ ਦਾ ਹਮਲਾ ਖਤਮ ਹੋਇਆ ਤਾਂ ਸਰਕਾਰ ਨੇ ਇਸ ਮਹਿਕਮੇ ਨੂੰ ਖਤਮ ਕਰਕੇ ਭਾਈ ਸਾਹਿਬ ਨੂੰ ਕਿਸੇ ਹੋਰ ਮਹਿਕਮੇ ਵਿੱਚ ਤਬਦੀਲ ਕਰਨ ਦੀ ਵਿਚਾਰ ਕੀਤੀ। ਪਰ ਭਾਈ ਸਾਹਿਬ ਨੇ ਇਸ ਗੱਲ ਤੋਂ ਇਨਕਾਰ ਕਰਦਿਆਂ ਪੂਰਨ ਰੂਪ ਵਿੱਚ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਵੇਖਿਆ ਪੰਜਾਬ ਦੇ ਲੋਕਾਂ ਗੁਰੂ ਸਾਹਿਬ ਦੀ ਫਿਲਾਸਫੀ ਤੇ ਗੁਰ-ਸ਼ਬਦ ਨਾਲ ਜੋੜਨ ਤੋਂ ਬਿਨਾਂ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਤਬਦੀਲੀ ਨਹੀਂ ਆ ਸਕਦੀ। ਇਸ ਤੋਂ ਛੇਤੀ ਪਿੱਛੋਂ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਸਰਬਲੋਹ ਦੇ ਧਾਰਨੀ ਬਣ ਕੇ ਬਿਬੇਕੀ ਜੀਵਨ ਆਰੰਭ ਕਰ ਦਿੱਤਾ। ਇਸ ਤੋਂ ਪਿੱਛੋਂ ਕੁਝ ਸਮਾਂ ਜੀਵਨ ਨਿਰਬਾਹ ਲਈ ਐਬਟਾਬਾਦ (ਪਾਕਿਸਤਾਨ) ਵਿੱਚ ਹੈੱਡ ਕਲਰਕ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਸੁਪਰਡੈਂਟ ਵਜੋਂ ਵੀ ਸੇਵਾ ਨਿਭਾਈ। ਪਰ ਸਿੱਖ ਧਰਮ ਦੇ ਪ੍ਰਚਾਰ ਲਈ ਹਿਰਦੇ ਵਿੱਚ ਅਥਾਹ ਪ੍ਰੇਮ ਸੀ, ਉਹ ਨਹੀਂ ਸੀ ਚਾਹੁੰਦੇ ਕਿ ਸਿੱਖ ਸਰਦਾਰ ਬਰਤਾਨਵੀ ਹਕੂਮਤ ਦੇ ਹੱਥਾਂ ਵਿੱਚ ਖੇਡਣ, ਹੁਣ ਉਨ੍ਹਾਂ ਧਰਮ ਦੇ ਪ੍ਰਚਾਰ ਲਈ ਕਮਰਕੱਸਾ ਕਰ ਲਿਆ।

ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੇ ਪਾਵਨ ਅਵਸਰ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਦੇ ਨੇੜੇ ਹੋਣ ਵਾਲੇ ਨਾਚ-ਗਾਣੇ ਤੇ ਮੁਜਰੇ ਬੰਦ ਕਰਵਾ ਦਿੱਤੇ। ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਮੁਕਤੀ ਦਿਵਾਈ। 1914 ਈ: ਵਿੱਚ ਅੰਗ੍ਰੇਜ਼ ਹਕੂਮਤ ਵੱਲੋਂ ਵਾਇਸਰਾਏ ਭਵਨ ਦੇ ਵਿਸਥਾਰ ਲਈ ਸਿੱਖ ਸੰਗਤ ਤੋਂ ਪੁੱਛੇ ਬਿਨਾਂ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਦਿੱਲੀ ਦੀ ਕੰਧ ਨੂੰ ਢਾਹੇ ਜਾਣ ਅਤੇ ਕਾਮਾਗਾਟਾਮਾਰੂ ਜਹਾਜ਼ ਦੇ ਨਿਹੱਥੇ ਮੁਸਾਫਿਰਾਂ ਉੱਪਰ ਗੋਲੀ ਚਲਾ ਕੇ ਸ਼ਹੀਦ ਕਰਨ ਦੀ ਘਟਨਾ ਤੋਂ ਪਿੱਛੋਂ ਭਾਈ ਸਾਹਿਬ ਨੇ ਹਕੂਮਤ ਨਾਲ ਸਿੱਧੀ ਟੱਕਰ ਲੈਣ ਲਈ ਫਿਰੋਜ਼ਪੁਰ ਛਾਉਣੀ ਤੋਂ ਹਮਲਾ ਕਰਨ ਅਤੇ ਲਾਹੌਰ ਸਾਜਿਸ਼ ਕੇਸ ਵਿੱਚ ਆਪ ਜੀ ਨੂੰ ਗ੍ਰਿਫਤਾਰ ਕਰਕੇ 30 ਮਾਰਚ, 1916 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਭਾਈ ਸਾਹਿਬ ਨੇ ਜੇਲ੍ਹ ਯਾਤਰਾ ਦੇ ਦੌਰਾਨ 42 ਦੇ ਲਗਪਗ ਕਿਤਾਬਾਂ ਗੁਰਮਤਿ ਸਾਹਿਤ ਦੇ ਪਾਠਕਾਂ ਦੀ ਝੋਲੀ ਪਾਈਆਂ। ਇਨ੍ਹਾਂ ਪੁਸਤਕਾਂ ਵਿੱਚ ਜੇਲ੍ਹ ਚਿੱਠੀਆਂ, ਜੋਤਿ ਵਿਗਾਸ, (ਕਾਵਿ ਸੰਗ੍ਰਹਿ), ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ, ਗੁਰਮਤਿ ਵਿਚਾਰਾਂ, ਸੱਚਖੰਡ ਦਰਸ਼ਨ, ਸਿੱਖ ਕੌਣ, ਅੰਮ੍ਰਿਤ ਵੇਲਾ, ਸਿੰਘਾਂ ਦਾ ਪੰਥ ਨਿਰਾਲਾ, ਦਰਸ਼ਨ ਝਲਕਾਂ, ਕਾਵਿ ਉਡਾਰੀਆਂ ਅਤੇ ਕਥਾ ਕੀਰਤਨ ਆਦਿ ਸ਼ਾਮਿਲ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਪੰਥ ਦੀ ਅਜਿਹੀ ਰੰਗ-ਰੱਤੜੀ ਆਤਮਾ ਸਨ, ਜੋ ਸੱਚਖੰਡ ਪਿਆਨੇ ਤੱਕ ਲਗਾਤਾਰ ਸਿੱਖ ਹਿੱਤਾਂ ਲਈ ਕਾਰਜਸ਼ੀਲ ਰਹੇ। ਉਨ੍ਹਾਂ ਨੇ ਆਪਣੀ ਜੀਵਨ ਯਾਤਰਾ ਦੌਰਾਨ ਲੱਖਾਂ ਸਿੱਖ ਸੰਗਤਾਂ ਦੀ ਜੀਵਨ ਸ਼ੈਲੀ ਨੂੰ ਬਦਲਣ ਲਈ ਵੱਡਾ ਯੋਗਦਾਨ ਪਾਇਆ। 83 ਸਾਲ ਦੀ ਉਮਰ ਭੋਗ ਕੇ ਆਪ 16 ਅਪ੍ਰੈਲ, 1961 ਈ: ਨੂੰ ਆਪ ਅਕਾਲ ਪੁਰਖ ਵਾਹਿਗੁਰੂ ਵਿੱਚ ਅਭੇਦ ਹੋ ਗਏ।

# ਫਿਰ ਮੈਂ ਵੀ ਆਰ ਐਸ ਐਸ ਵਿਚ ਸ਼ਾਮਲ ਹੋ ਜਾਵਾਂ?



ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com




ਨਾਮਵਰ ਵਕੀਲ ਸਰਦਾਰ ਫੂਲਕਾ ਜੀ ਨੇ ਭਾਜਪਾ ਵਿਚ ਸ਼ਾਮਲ ਹੋਣ ਦਾ ਕਾਰਨ ਇਹ ਦੱਸਿਆ ਐ ਕਿ ਨਵੰਬਰ ਚੁਰਾਸੀ ਦੇ ਦਿੱਲੀ ਸਿੱਖ ਕਤਲੇਆਮ ਵੇਲੇ ਸਾਡੇ ਪ੍ਰਵਾਰ ਨੂੰ ਇਕ 'ਭਾਜਪਈ ਅੰਟੀ' ਨੇ ਬਚਾਇਆ ਸੀ! ਉਨ੍ਹਾਂ ਦਾ ਇਹ ਕਾਰਨ ਪੜ੍ਹ ਕੇ ਮੈਨੂੰ ਵੀ 'ਆਪਣਾ ਕਾਰਨ' ਚੇਤੇ ਆ ਗਿਆ!

ਵੈਸੇ ਮੇਰੇ ਵਾਲ਼ਾ ਕਾਰਨ ਮੇਰੀ 'ਗਰਭਵਤੀ ਪਤਨੀ' ਨਾਲ ਸਬੰਧਿਤ ਨਹੀਂ ਕਿਉਂ ਕਿ ਮੈਂ ਉਦੋਂ ਹਾਲੇ ਕੁਆਰਾ ਹੀ ਸਾਂ!

ਸੰਨ 71-72 ਵੇਲੇ ਮੈਂ ਅੱਠਵੀਂ ਜਮਾਤ ਵਿੱਚ ਪੜ੍ਹਦਾ ਸਾਂ। ਸਾਇੰਸ ਪੜ੍ਹਾਉਣ ਵਾਲ਼ਾ ਟੀਚਰ ਦੂਸਰਾ ਜਲਾਦ ਹੀ ਸਮਝੋ। ਉਸਨੇ ਸਾਰੀ ਜਮਾਤ ਨੂੰ 'ਸਵੈਨ' ਨਾਮ ਵਾਲ਼ੀ ਸਫਲਤਾ ਦੀ ਕੁੰਜੀ (ਗਾਈਡ) ਲਿਆਉਣ ਨੂੰ ਕਿਹਾ। ਗਰੀਬੀ ਕਾਰਨ ਘਰ ਦੇ ਸਾਨੂੰ ਕਿਤਾਬਾਂ ਹੀ ਮਸਾਂ ਲੈ ਕੇ ਦਿੰਦੇ ਸਨ, ਕੁੰਜੀਆਂ ਕਿੱਥੋਂ ਲਿਆਉਣੀਆਂ ਸਨ।

ਮਾਸਟਰ ਜੀ ਜਦ ਉਹ ਦੂਜੇ ਤੀਜੇ ਸਵੈਨ ਦਿਖਾਉਣ ਲਈ ਕਹਿੰਦੇ ਤਾਂ ਬਿਨਾਂ ਕਿਤਾਬ ਤੋਂ ਆਏ ਹੋਰ ਕਈ ਨਿਆਣਿਆਂ ਵਾਂਗ ਮੈਂ ਵੀ ਕੋਈ ਨਾ ਕੋਈ ਬਹਾਨਾ ਲਾ ਦਿੰਦਾ। ਫਿਰ ਬਹਾਨੇ ਮੁੱਕਣ 'ਤੇ ਸਾਡੇ ਕੁੱਟ ਪੈਣੀ ਸ਼ੁਰੂ ਹੋ ਗਈ।

ਸਾਡੀ ਕਲਾਸ ਵਿਚ ਜਾਡਲੇ ਵਾਲ਼ਾ ਬੀਰਬਲ ਪੰਡਤਾਂ ਦਾ ਮੁੰਡਾ ਵੀ ਪੜ੍ਹਦਾ ਸੀ ਜੋ ਰੱਜ ਕੇ ਇਲਤੀ ਸ਼ਰਾਰਤੀ ਹੁੰਦਾ ਸੀ। ਸਾਇੰਸ ਦੇ ਪੀਰੀਅਡ ਵਿਚ ਉਹ ਰੋਜ ਮੇਰੇ ਕੁੱਟ ਪੈਂਦੀ ਦੇਖਦਾ ਰਿਹਾ।

ਇਕ ਦਿਨ ਉਹਦੇ ਮਨ ਵਿਚ ਪਤਾ ਨੀ ਕੀ ਆਇਆ। ਮੈਥੋਂ ਤੀਜੇ ਥਾਂਹ ਮੋਹਰੇ ਬੈਠੇ ਨੇ ਉਸਨੇ ਮਾਸਟਰ ਤੋਂ ਅੱਖ ਜਿਹੀ ਬਚਾ ਕੇ ਆਪਣੀ 'ਸਵੈਨ' ਮੇਰੇ ਝੋਲ਼ੇ ਉੱਤੇ ਸੁੱਟ ਦਿੱਤੀ ਨਾਲ਼ੇ ਅੱਖ ਦੱਬ ਕੇ ਮੈਨੂੰ 'ਇਸ਼ਾਰਾ' ਕਰ ਦਿੱਤਾ।


ਸਾਇੰਸ ਮਾਸਟਰ ਜੀ ਗਾਈਡਾਂ ਚੈੱਕ ਕਰਦੇ ਜਦ ਬੀਰਬਲ ਕੋਲ ਆਏ ਤਾਂ ਉਸਨੇ ਝੂਠ ਬੋਲ ਦਿੱਤਾ ਕਿ ਮੇਰੇ ਕੋਲ ਗਾਈਡ ਹੈ ਨੀ ਜੀ। ਲਉ ਜੀ, ਖੌਰੇ ਮਾਸਟਰ ਜੀ ਨੂੰ ਉਹਦੀਆਂ ਵੰਨ ਸੁਵੰਨੀਆਂ ਸ਼ਰਾਰਤਾਂ ਤੋਂ ਵੀ ਗੁੱਸਾ ਚੜ੍ਹਿਆ ਹੋਇਆ ਸੀ, ਦੂਜਾ ਗਾਈਡ ਦਾ ਨਾ ਹੋਣਾ!

ਮਾਸਟਰ ਜੀ ਲੱਗ ਪਏ ਉਹਨੂੰ ਫੈਂਟਾ ਚਾੜ੍ਹਨ!! ਉਸਨੂੰ ਆਮ ਨਾਲ਼ੋਂ ਵੀ ਕਿਤੇ ਵੱਧ ਕੁੱਟ ਖਾਂਦਾ ਦੇਖ ਕੇ ਮੈਂ ਡਰਿਆ ਸਹਿਮਿਆਂ ਪਿੱਛੇ ਬੈਠਾ ਸੋਚ ਰਿਹਾ ਸਾਂ ਕਿ ਦਰਦ ਨਾਲ ਕਰਾਹੁੰਦਾ ਬੀਰਬਲ ਕਿਤੇ ਆਪਣੀ ਕਿਤਾਬ ਹੀ ਨਾ ਚੁੱਕ ਲਵੇ ਮੇਰੇ ਮੋਹਰਿਉਂ! ਪਰ ਓਦਣ ਉਸਨੇ ਆਪ ਤਾਂ ਛਿੱਲ ਲੁਹਾ ਲਈ ਪਰ ਮੈਨੂੰ ਕੁੱਟ ਤੋਂ ਬਚਾ ਲਿਆ।

ਵੱਡਾ ਹੋਇਆ ਉਹ ਆਰਐਸਐਸ ਦਾ ਸਰਗਰਮ ਮੈਂਬਰ ਬਣ ਗਿਆ ਤੇ ਬਕਾਇਦਾ 'ਸ਼ਾਖਾ' ਵਿਚ ਸ਼ਾਮਲ ਹੁੰਦਾ ਸੀ। ਗਾਹੇ-ਬਗਾਹੇ ਜਦ ਉਹ ਮਿਲ਼ ਪੈਂਦਾ ਤਾਂ ਉਹਦੀ ਕੁੱਟ ਖਾਣ ਵਾਲ਼ੀ ਗੱਲ ਚੇਤੇ ਕਰਕੇ ਅਸੀਂ ਦੋਵੇਂ ਹੱਸਦੇ ਰਹਿੰਦੇ!

ਹੁਣ ਫੂਲਕਾ ਸਾਹਬ ਵਾਂਗ 'ਪੁਰਾਣੀ ਨੇਕੀ' ਦਾ 'ਰਿਣ ਚੁਕਾਉਣ' ਲਈ ਮੈਨੂੰ ਵੀ ਆਰਐਸਐਸ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਐ ਦੋਸਤੋ ?

# ਸਿਹਤ ਤੇ ਸੁੰਦਰਤਾ



## ਸਾਵਧਾਨ ! ਸਿਗਰਟ ਨਾਲੋਂ ਘੱਟ ਨਹੀਂ 'ਵੇਪਿੰਗ' ਦਾ ਖ਼ਤਰਾ

### ✪ ਡੀਐਨਏ ਤੱਕ ਨੂੰ ਪਹੁੰਚ ਰਿਹਾ ਨੁਕਸਾਨ: ਨਵੀਂ ਖੋਜ



ਸਿਡਨੀ (ਆਸਟ੍ਰੇਲੀਆ)- ਆਸਟ੍ਰੇਲੀਆ ਦੀ ਯੂਨੀਵਰਸਿਟੀ ਆਫ ਨਿਊ ਸਾਊਥ ਵੇਲਜ਼ ਦੇ ਖੋਜਕਰਤਾਵਾਂ ਨੇ ਇੱਕ ਵੱਡੀ ਚਿਤਾਵਨੀ ਜਾਰੀ ਕਰਦਿਆਂ ਖੁਲਾਸਾ ਕੀਤਾ ਹੈ ਕਿ ਵੇਪਿੰਗ ਸਿਗਰਟ ਪੀਣ ਜਿੰਨੀ ਹੀ ਘਾਤਕ ਹੈ ਅਤੇ ਇਹ ਸਿੱਧੇ ਤੌਰ 'ਤੇ ਮੂੰਹ ਅਤੇ ਫੇਫੜਿਆਂ ਦੇ ਕੈਂਸਰ ਦਾ ਕਾਰਨ ਬਣ ਰਹੀ ਹੈ। ਮਾਹਿਰਾਂ ਨੇ 2017 ਤੋਂ 2025 ਦੇ ਵਿਚਕਾਰ ਹੋਏ ਅਧਿਐਨਾਂ ਦੀ ਸਮੀਖਿਆ ਤੋਂ ਬਾਅਦ ਦੱਸਿਆ ਕਿ ਵੇਪਿੰਗ ਨਾਲ ਸਰੀਰ ਦੇ ਸੈੱਲਾਂ ਵਿੱਚ ਅਜਿਹੇ ਬਦਲਾਅ ਆਉਂਦੇ ਹਨ ਜੋ ਬੇਹੱਦ ਚਿੰਤਾਜਨਕ ਹਨ। ਵੇਪਿੰਗ ਯੂਜ਼ਰ ਦੇ ਡੀਐੱਨਏ ਵਿੱਚ ਤਬਦੀਲੀ ਲਿਆਉਂਦੀ ਹੈ, ਜਿਸ ਨਾਲ ਸੈੱਲ ਗਲਤ ਤਰੀਕੇ ਨਾਲ ਕੰਮ ਕਰਨ ਲੱਗਦੇ ਹਨ।

ਇਸ ਵਿੱਚ ਫਾਰਮਲਡੀਹਾਈਡ ਵਰਗੇ ਖ਼ਤਰਨਾਕ ਕੈਮੀਕਲ ਹੁੰਦੇ ਹਨ ਜੋ ਸਰੀਰ ਵਿੱਚ ਸੋਜਸ਼ ਪੈਦਾ ਕਰਦੇ ਹਨ। ਖੋਜ ਵਿੱਚ ਪਾਇਆ ਗਿਆ ਹੈ ਕਿ ਉਹ ਲੋਕ ਜੋ ਰਵਾਇਤੀ ਸਿਗਰਟ ਦੇ ਨਾਲ-ਨਾਲ ਵੇਪ ਦਾ ਵੀ ਇਸਤੇਮਾਲ ਕਰਦੇ ਹਨ, ਉਨ੍ਹਾਂ ਵਿੱਚ ਫੇਫੜਿਆਂ ਦੇ ਕੈਂਸਰ ਦਾ ਖ਼ਤਰਾ 4 ਗੁਣਾ ਵੱਧ ਜਾਂਦਾ ਹੈ। ਪ੍ਰੋਫੈਸਰ ਬਰਨਾਰਡ ਸਟੀਵਰਟ ਅਨੁਸਾਰ, ਵੇਪਿੰਗ ਨੂੰ ਕਿਸੇ ਵੀ ਹਾਲਤ ਵਿੱਚ "ਸੁਰੱਖਿਅਤ" ਨਹੀਂ ਮੰਨਿਆ ਜਾ ਸਕਦਾ।

ਰਿਪੋਰਟ ਵਿੱਚ ਇੱਕ 19 ਸਾਲਾ ਨੌਜਵਾਨ ਦਾ ਮਿਸਾਲੀ ਕੇਸ ਦਿੱਤਾ ਗਿਆ ਹੈ, ਜਿਸ ਨੂੰ ਵੇਪਿੰਗ ਕਾਰਨ ਮੂੰਹ ਦਾ ਗੰਭੀਰ ਕੈਂਸਰ ਹੋ ਗਿਆ। ਮਾਹਿਰਾਂ ਦਾ ਕਹਿਣਾ ਹੈ ਕਿ ਆਮ ਤੌਰ 'ਤੇ ਇੰਨੀ ਛੋਟੀ ਉਮਰ ਵਿੱਚ ਅਜਿਹਾ ਕੈਂਸਰ ਦੇਖਣ ਨੂੰ ਨਹੀਂ ਮਿਲਦਾ, ਜੋ ਇਹ ਸਾਬਤ ਕਰਦਾ ਹੈ ਕਿ ਵੇਪ ਨੌਜਵਾਨ ਪੀੜ੍ਹੀ ਲਈ ਬੇਹੱਦ ਖ਼ਤਰਨਾਕ ਹੈ। ਵੇਪਿੰਗ ਦੇ ਵਧਦੇ ਪ੍ਰਭਾਵ ਨੂੰ ਦੇਖਦੇ ਹੋਏ ਬ੍ਰਿਟੇਨ ਵਰਗੇ ਦੇਸ਼ਾਂ ਨੇ ਡਿਸਪੋਸੇਬਲ ਵੇਪ 'ਤੇ ਪਾਬੰਦੀ ਲਗਾਉਣ ਵਰਗੇ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਖੋਜਕਰਤਾਵਾਂ ਦੀ ਸਲਾਹ ਹੈ ਕਿ ਲੋਕਾਂ ਨੂੰ ਵੇਪਿੰਗ ਨੂੰ ਸਿਗਰਟ ਛੱਡਣ ਦੇ ਤਰੀਕੇ ਵਜੋਂ ਨਹੀਂ ਦੇਖਣਾ ਚਾਹੀਦਾ, ਕਿਉਂਕਿ ਇਹ ਖੁਦ ਇੱਕ ਜਾਨਲੇਵਾ ਆਦਤ ਹੈ।

## ਮੌਸਮੀ ਸਿਹਤ ਲਈ ਫਾਇਦੇਮੰਦ



ਮੌਸਮੀ ਨਿੰਬੂ ਜਾਤੀ ਦਾ ਹੀ ਇਕ ਫ਼ਲ ਹੈ। ਗੁਣਾਂ ਦੇ ਮਾਮਲੇ 'ਚ ਇਹ ਨਿੰਬੂ ਨਾਲੋਂ ਵੀ ਜ਼ਿਆਦਾ ਫਾਇਦੇਮੰਦ ਹੈ। ਇਸ ਨੂੰ ਕੁਝ ਲੋਕ ਮਿੱਠਾ ਨਿੰਬੂ ਵੀ ਕਹਿੰਦੇ ਹਨ। ਇਹ ਫਾਇਬਰ, ਵਿਟਾਮਿਨ ਸੀ ਤੇ ਪੋਟਾਸ਼ਿਅਮ ਦਾ ਬਹੁਤ ਵਧੀਆ ਸਰੋਤ ਹੈ। ਮੌਸਮੀ ਦਾ ਜੂਸ ਵੀ ਵਧੀਆ ਹੁੰਦਾ ਹੈ। ਆਓ ਜਾਣਦੇ ਹਾਂ ਇਸ ਦੇ ਫਾਇਦਿਆਂ ਬਾਰੇ।

ਵਾਲਾਂ ਦੀ ਦੇਖਭਾਲ-ਮੌਸਮੀ ਵਾਲਾਂ ਲਈ ਵੀ ਬਹੁਤ ਫਾਇਦੇਮੰਦ ਹੁੰਦੀ ਹੈ। ਇਸ ਦੀ ਮਦਦ ਨਾਲ ਤੁਸੀਂ ਵਾਲਾਂ ਨੂੰ ਸੋਹਣਾ ਅਤੇ ਸਿਹਤਮੰਦ ਬਣਾ ਸਕਦੇ ਹੋ। ਜੇਕਰ ਤੁਸੀਂ ਵਾਲਾਂ ਦੀਆਂ ਸਮੱਸਿਆਵਾਂ ਜਿਵੇਂ ਕਿ ਦੋ ਮੂੰਹੇ ਵਾਲ, ਵਾਲਾਂ ਦੇ ਟੁੱਟਣ ਦੀਆਂ ਸਮੱਸਿਆਵਾਂ ਆਦਿ ਤੋਂ ਪਰੇਸ਼ਾਨ ਹੋ ਤਾਂ ਤੁਸੀਂ ਮੌਸਮੀ ਦੇ ਰਸ ਦੀ ਵਰਤੋਂ ਕਰ ਸਕਦੇ ਹੋ।

ਪਾਚਨ 'ਚ ਸਹਾਇਕ-ਮੌਸਮੀ ਵਾਲਾਂ ਅਤੇ ਚਮੜੀ ਦੇ ਦੇਖਭਾਲ ਕਰਨ ਦੇ ਨਾਲ-ਨਾਲ ਪਾਚਨ 'ਚ ਵੀ ਮਦਦਗਾਰ ਹੁੰਦੀ ਹੈ। ਜੇਕਰ ਤੁਸੀਂ ਗੈਸ ਜਾਂ ਪੇਟ ਦਰਦ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹੋ ਤਾਂ ਤੁਸੀਂ ਇਸ ਦੀ ਵਰਤੋਂ ਕਰ ਸਕਦੇ ਹੋ।

ਹੋਰ ਲਾਭ-ਮੌਸਮੀ ਨਾਲ ਹੋਰ ਵੀ ਕਈ ਲਾਭ ਹੁੰਦੇ ਹਨ ਜਿਵੇਂ ਕਿ ਦਿਲ ਅਤੇ ਲੀਵਰ ਦੇ ਕੰਮਾਂ 'ਚ ਸੁਧਾਰ ਕਰਦਾ ਹੈ। ਖ਼ੂਨ ਦਾ ਸੰਚਾਰ ਢੰਗ ਨਾਲ ਹੁੰਦਾ ਹੈ। ਜ਼ੁਕਾਮ ਲਈ, ਭਾਰ ਘੱਟ ਕਰਨ 'ਚ ਸਹਾਇਕ ਹੈ। ਮੌਸਮੀ ਨਾਲ ਸਿਹਤ ਨੂੰ ਵੀ ਕਈ ਤਰ੍ਹਾਂ ਦੇ ਲਾਭ ਹੁੰਦੇ ਹਨ। ਇਸ ਨੂੰ ਵੱਖ-ਵੱਖ ਰੂਪਾਂ 'ਚ ਵਰਤੋਂ ਕੀਤਾ ਜਾ ਸਕਦਾ ਹੈ।

## ਦਿਨ 'ਚ ਝਪਕੀ ਲੈਣ ਨਾਲ ਘੱਟ ਹੋਵੇਗਾ ਬਲੱਡ ਪ੍ਰੈਸ਼ਰ

ਏਥਨਜ਼–ਇਕ ਖੋਜ ਮੁਤਾਬਕ ਦਿਨ 'ਚ ਝਪਕੀ ਨਾਲ ਨਾ ਸਿਰਫ ਤੁਸੀਂ ਬਿਹਤਰ ਮਹਿਸੂਸ ਕਰਦੇ ਹੋ, ਬਲਕਿ ਬਲੱਡ ਪ੍ਰੈਸ਼ਰ ਅਤੇ ਭਵਿੱਖ 'ਚ ਹੋਣ ਵਾਲੇ ਦਿਲ ਦੇ ਦੌਰੇ ਤੋਂ ਵੀ ਤੁਸੀਂ ਸੁਰੱਖਿਅਤ ਹੋ ਜਾਂਦੇ ਹੋ। ਇਹ ਖੋਜ ਜਿਨ੍ਹਾਂ 400 ਪੁਰਸ਼ਾਂ ਅਤੇ ਔਰਤਾਂ 'ਤੇ ਕੀਤੀ ਗਈ, ਉਨ੍ਹਾਂ ਦਾ ਔਸਤ ਉਮਰ ਵਰਗ 61 ਸੀ। ਇਸ ਖੋਜ ਨੂੰ ਲੰਡਨ 'ਚ ਹਰ ਸਾਲ ਹੋਣ ਵਾਲੇ ਯੂਰਪੀਨ ਸੁਸਾਇਟੀ ਆਫ ਕਾਰਡੀਓਲੋਜੀ ਸੰਮੇਲਨ 'ਚ ਪੇਸ਼ ਕੀਤਾ ਗਿਆ। ਏਥਨਜ਼ ਦੇ ਆਸਕਲੇਪਿਅਨ ਵਾਲਾ ਜਨਰਲ ਹਸਪਤਾਲ ਦੇ ਖੋਜੀਆਂ ਨੇ ਉਨ੍ਹਾਂ ਲੋਕਾਂ ਨੂੰ ਖੋਜ 'ਚ ਸ਼ਾਮਿਲ ਕੀਤਾ, ਜਿਨ੍ਹਾਂ ਨੂੰ ਹਾਈ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਸੀ। ਖੋਜ ਦੌਰਾਨ ਪਤਾ ਲੱਗਾ ਕਿ ਜਿਨ੍ਹਾਂ ਲੋਕਾਂ ਨੇ ਦੁਪਹਿਰ ਦੇ ਸਮੇਂ ਝਪਕੀ ਲਈ, ਉਨ੍ਹਾਂ ਦੇ ਬਲੱਡ ਪ੍ਰੈਸ਼ਰ 'ਚ ਪੰਜ ਫੀਸਦੀ ਤੱਕ ਦੀ ਕਮੀ ਆਈ।

## * ਚੂੰਢੀਆਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



*ਅਮਰੀਕਾ ਨੇ ਆਰਮੀ ਚੀਫ਼ ਨੂੰ ਨੌਕਰੀ ਤੋਂ ਹਟਾਇਆ– ਇਕ ਖ਼ਬਰ

–ਡਿਗੀ ਖੋਤੇ ਤੋਂ, ਗੁੱਸਾ ਘੁਮਿਆਰ 'ਤੇ।



*ਬੇਅਦਬੀ ਮਾਮਲੇ 'ਤੇ ਕਾਂਗਰਸ ਅਤੇ 'ਆਪ' ਨੇ ਸਿਰਫ਼ ਸਿਆਸਤ ਕੀਤੀ– ਸੁਖਬੀਰ ਬਾਦਲ

–ਬਾਦਲ ਸਾਬ ਇਹ ਵੀ ਦੱਸ ਦਿਉ ਕਿ ਗੋਲ਼ੀਆਂ ਕੀਹਨੇ ਚਲਾਈਆਂ ਤੇ ਬੇਕਸੂਰ ਬੰਦੇ ਮਾਰੇ।

*ਪਹਿਲਾਂ ਮੁਕਰਨ ਤੋਂ ਬਾਅਦ ਹੁਣ ਫੇਰ ਕੈਨੇਡੀਅਨ ਪੁਲਿਸ ਨੇ ਮੰਨ ਲਿਆ ਕਿ ਹਿੰਸਕ ਘਟਨਾਵਾਂ 'ਚ ਵਿਦੇਸ਼ੀ ਏਜੰਸੀਆਂ ਦਾ ਹੱਥ– ਇਕ ਖ਼ਬਰ

–ਮਰ ਜਾਉ ਚਿੜੀਓ, ਜੀ ਪਉ ਚਿੜੀਓ।




*ਇਰਾਨ ਨਾ ਮੰਨਿਆ ਤਾਂ ਖਾਰਗ ਟਾਪੂ ਤਬਾਹ ਕਰ ਦਿਆਂਗੇ– ਟਰੰਪ

–ਜੇ ਕੋਈ ਹੋਰ ਲੈ ਕੇ ਆਇਆ ਤੇਰੀ ਜੰਞ ਨੀ,
ਬਣੂੰ ਜੰਗ ਦਾ ਮੈਦਾਨ ਵੇਖੀਂ ਬੇਲਾ ਝੰਗ ਨੀ।



*ਬਰਤਾਨੀਆ ਇਰਾਨ ਵਿਰੁੱਧ ਜੰਗ 'ਚ ਨਹੀਂ ਪਵੇਗਾ– ਬਰਤਾਨਵੀ ਪ੍ਰਧਾਨ ਮੰਤਰੀ

–ਟੁੱਟ ਜਾਊਗਾ ਬਲੌਰੀ ਚੂੜਾ, ਮਿੱਤਰਾ ਬਾਂਹ ਛੱਡ ਦੇ।




*ਅਸੀਂ ਕਿਸੇ ਦੀ ਮਦਦ ਨਹੀਂ ਕਰਾਂਗੇ, ਜੀਹਨੂੰ ਤੇਲ ਚਾਹੀਦੈ ਹੋਰਮੁਜ਼ ਸਟਰੇਟ ਥਾਣੀਂ ਆਪ ਲੈ ਕੇ ਆਵੇ– ਟਰੰਪ

–ਕਿਤੇ 'ਕੱਲੀ ਬਹਿ ਕੇ ਸੋਚੀਂ ਨੀ, ਅਸੀਂ ਕੀ ਨਹੀਂ ਕੀਤਾ ਤੇਰੇ ਲਈ।

*ਗੁਰੂ-ਘਰ ਦੀ ਜਾਇਦਾਦ ਲੁੱਟਣ ਵਾਲੇ ਬਖ਼ਸ਼ੇ ਨਹੀਂ ਜਾਣਗੇ– ਮੁੱਖ ਸਕੱਤਰ ਮੰਨਣ

–ਨਾ ਖੰਜਰ ਉਠੇਗਾ ਨਾ ਤਲਵਾਰ ਹੀ ਉਠੇਗੀ, ਯੇਹ ਬਾਜ਼ੂ ਮਿਰੇ ਆਜ਼ਮਾਏ ਹੁਏ ਹੈਂ।



*ਰਜਵਾੜਿਆਂ ਦੇ ਕਬਜ਼ੇ ਨੇ ਸਿੱਖ ਸਿਆਸਤ ਅਤੇ ਅਕਾਲੀ ਦਲ ਦਾ ਘਾਣ ਕੀਤਾ– ਗਿ.ਹਰਪ੍ਰੀਤ ਸਿੰਘ

–ਕਾਦਰਯਾਰ ਅਣਹੋਣੀਆਂ ਕਰਨ ਜਿਹੜੇ, ਆਖਰਵਾਰ ਉਨ੍ਹਾਂ ਪੱਛੋਤਾਵਣਾ ਈ।



*ਰੁਪਇਆ ਚਾਹੇ ਡਾਲਰ ਦੇ ਮੁਕਾਬਲੇ ਕਮਜ਼ੋਰ ਪਰ ਸਥਿਤੀ ਬਿਲਕੁਲ ਠੀਕ– ਸੀਤਾਰਮਣ

–ਅੱਗੇ ਬੀਬੀ ਟੱਪਣੀ, ਪਿੱਛੇ ਢੋਲਾਂ ਦੀ ਘੜਮੱਸ।



*2027 'ਚ ਪੰਜਾਬ ਦੇ ਲੋਕ ਕਾਂਗਰਸੀਆਂ, ਅਕਾਲੀਆਂ ਤੇ ਭਾਜਪਾਈਆਂ ਦਾ ਸਫ਼ਾਇਆ ਕਰ ਦੇਣਗੇ– ਭਗਵੰਤ ਮਾਨ

–ਗਲੀਆਂ ਹੋ ਜਾਣ ਸੁੰਞੀਆਂ, ਵਿਚ ਮਿਰਜ਼ਾ ਯਾਰ ਫਿਰੇ।





*ਰਾਘਵ ਚੱਢਾ ਭਾਜਪਾ ਤੋਂ ਏਨਾ ਡਰਦੇ ਕਿਉਂ ਹਨ?– ਆਤਿਸ਼ੀ

–ਹੁਣ ਰੱਬ ਡਾਢਾ ਵੀ ਡਰਦਾ, ਠਾਣੇਦਾਰਾਂ ਤੋਂ।



*ਪੋਪ ਨੇ ਸਿਆਸਤਦਾਨਾਂ ਦੇ ਜੰਗ ਬਾਰੇ ਦਾਅਵਿਆਂ ਨੂੰ ਕੀਤਾ ਰੱਦ– ਇਕ ਖ਼ਬਰ

–ਜੰਗ ਮਸਲੋਂ ਕਾ ਹੱਲ ਕਿਆ ਕਰੇਗੀ, ਜੰਗ ਤੋ ਖੁਦ ਏਕ ਮਸਲਾ ਹੈ।– ਸਾਹਿਰ ਲੁਧਿਆਣਵੀ

*ਯੂ.ਏ.ਈ. ਨੇ ਪਾਕਿਸਤਾਨ ਨੂੰ ਦਿਤਾ ਹੋਇਆ 3.5 ਅਰਬ ਡਾਲਰ ਦਾ ਕਰਜ਼ਾ ਵਾਪਸ ਮੰਗਿਆ– ਇਕ ਖ਼ਬਰ

–ਯਾਰੀ ਲੱਗੀ 'ਤੇ ਲੁਆ 'ਤੇ ਤਖ਼ਤੇ, ਟੁੱਟੀ 'ਤੇ ਚੁਗਾਠ ਪੁੱਟ ਲਈ।



*ਜੰਗ ਦੀ ਲਾਗਤ ਨਾਲ ਟਰੰਪ ਦੀਆਂ ਵਧੀਆਂ ਮੁਸ਼ਕਿਲਾਂ– ਇਕ ਖ਼ਬਰ

–ਢਿੱਡ ਛਿੱਲ ਲਿਆ ਬੋਸਕੀ ਵਰਗਾ, ਰੋੜਾਂ ਵਾਲ਼ੀ ਕੰਧ ਟੱਪ ਕੇ।



*ਸੁਖਬੀਰ ਬਾਦਲ ਜਿੰਨੀਆਂ ਮਰਜ਼ੀ ਰੈਲੀਆਂ ਕਰ ਲਵੇ ਕਦੇ ਕਾਮਯਾਬ ਨਹੀਂ ਹੋਵੇਗਾ– ਗਿ. ਹਰਪ੍ਰੀਤ ਸਿੰਘ

–ਹੁਣ ਅੱਕਾਂ ਤੋਂ ਭਾਲ਼ਦੀ ਡੇਲੇ, ਜੱਟਾਂ ਨੇ ਕਰੀਰ ਪੁੱਟ ਲਏ।

*ਇਟਲੀ ਨੇ ਅਮਰੀਕਾ ਨੂੰ ਆਪਣਾ ਫੌਜੀ ਅੱਡਾ ਦੇਣ ਤੋਂ ਕੀਤੀ ਨਾਂਹ– ਇਕ ਖ਼ਬਰ

–ਦਾਲ਼ ਮੰਗੇ ਛੜਿਆਂ ਤੋਂ, ਨਾ ਸ਼ਰਮ ਗੁਆਂਢਣੇ ਆਵੇ।

* * * * * * *

# ਬੇਅਦਬੀ ਦਾ ਮਸਲਾ ਕੀ ਹੈ ?

**ਅੱਜ ਬੇਹੂਦਗੀਆਂ, ਬੇਅਦਬੀਆਂ ਦੇ ਦੌਰ ਵਰਤਾਉਣ ਦਾ ਅਸਲ ਕਾਰਣ ਏਹੋ ਹੈ ਕਿ ਗੁਰੂ ਮੰਨਣ ਵਾਲਿਆਂ ਨੂੰ ਸੱਤਾਹੀਣ, ਬੇਬੱਸ ਦਰਸਾ ਕੇ ਗੁਰੂ ਤੋਂ ਬੇਮੁੱਖ ਕੀਤਾ ਜਾਵੇ । ਏਸ ਪ੍ਰਕਿਰਿਆ ਦਾ ਇਕੋ-ਇਕ ਹੱਲ ਇਹ ਹੈ ਕਿ ਸਿਰੋਂ ਪਰ੍ਹੇ ਯਤਨ ਕਰਕੇ ਲੋਕਾਂ ਵਿੱਚ ਗੁਰੂ ਗ੍ਰੰਥ ਦੀ ਸ਼ਾਖ ਨੂੰ ਖੋਰਾ ਨਾ ਲੱਗਣ ਦਿੱਤਾ ਜਾਵੇ ਅਤੇ ਏਸ ਦੇ ਸਰਬ-ਕਲਿਆਣਕਾਰੀ ਫਲਸਫੇ ਤੋਂ ਲਾਭ ਉਠਾਉਣ ਵੱਲ ਮਾਨਵਤਾ ਨੂੰ ਸਾਰੀ ਤਾਕਤ ਲਗਾ ਕੇ ਪ੍ਰੇਰਿਆ ਜਾਵੇ । ਇਤਿਹਾਸ ਦੇ ਸਭ ਕ੍ਰਿਸ਼ਮੇ ਏਸ ਆਧਾਰ ਉੱਤੇ ਹੋਏ ਹਨ ਨਾ ਕਿ ਸਖ਼ਤ ਕਾਨੂੰਨ ਘੜ ਕੇ । ਪੀਰ ਬੁੱਧੂਸ਼ਾਹ ਦੇ ਦਿਲ ਦੇ ਟੁਕੜੇ ਕਲਗ਼ੀਧਰ ਅਕਾਲ ਪੁਰਖ ਦੀ ਪਿਆਰ ਦੀ ਇਕ ਨਿਗਾਹ ਲਈ ਜੂਝੇ ਸਨ ਅਤੇ ਇਵੇਂ ਹੀ ਬੰਦਾ ਬਹਾਦਰ ਦੀ ਫ਼ੌਜ ਦੇ 5000 ਨਮਾਜੀ ਖ਼ਾਲਸਾ ਫ਼ੌਜੀ ਮਾਨਵਤਾ ਪ੍ਰਤੀ ਰਿਣ ਉਤਾਰਨ ਲਈ ਰਣ ਵਿੱਚ ਉੱਤਰੇ ਸਨ, ਨਾ ਕਿ ਕਿਸੇ ਕਾਨੂੰਨ ਦੇ ਬੱਧੇ।**

ਗੁਰਤੇਜ ਸਿੰਘ



**ਬੇਅਦਬੀ ਦਾ ਮਸਲਾ ਵਿਚਾਰਨ ਲਈ 3 ਅਪ੍ਰੈਲ ਨੂੰ ਕੇਂਦਰੀ ਸਿੰਘ ਸਭਾ ਵੱਲੋਂ ਮਿਲਣੀ ਬੁਲਾਈ ਗਈ ਸੀ। ਏਸ ਵਿੱਚ ਬੋਲਦਿਆਂ, ਆਪਣੀ ਅਦਬ-ਸਥਾਪਤੀ ਚੇਸ਼ਟਾ ਦੀ ਹੈਂਕੜ ਵਿੱਚ ਬੋਲਦੇ ਬੁਲਾਰਿਆਂ ਨੇ ਸਮੁੱਚੀ ਸਭਾ, ਕੇਂਦਰੀ ਸਿੰਘ ਸਭਾ ਅਤੇ ਅਨੇਕਾਂ ਸੰਵਾਦ ਰਚਾਉਣ ਵਲਿਆਂ ਪ੍ਰਤੀ ਘਟੀਆ ਤੋਂ ਘਟੀਆ ਕਿਸਮ ਦੇ ਅਸੱਭਿਅਕ ਬੋਲ ਬੋਲੇ। ਏਸ ਅਸੱਭਿਅਕ ਕਾਰਵਾਈ ਦੇ ਵਿਰੋਧ ਵਿੱਚ ਏਸ ਲੇਖ ਦਾ ਲਿਖਿਆ ਜਾਣਾ ਜ਼ਰੂਰੀ ਸਮਝਿਆ ਗਿਆ। ਰੱਬ ਕਰੇ ਕਿ ਅਜਿਹੀ ਲੋੜ ਫੇਰ ਕਦੇ ਨਾ ਪਵੇ।)**

**ਅੱਜ ਦਾ ਸਮਾਜ, ਕਈ ਕਾਰਣਾਂ ਕਰਕੇ (ਮਸਲਨ ਇੰਟਰਨੈੱਟ ਦੀ ਲੋੜ ਤੋਂ ਵੱਧ ਵਰਤੋਂ, ਪੜ੍ਹਨ-ਲਿਖਣ ਤੋਂ ਗੁਰੇਜ਼ ਦੀ ਬਿਰਤੀ ਅਤੇ ਗੰਭੀਰਤਾ ਦੀ ਚਾਰ ਚੁਫੇਰੇ ਘਾਟ ਕਾਰਣ)** ਕਈ ਸਤਹਾਂ ਉੱਤੇ ਵਿਚਰਨ ਵਾਲਾ ਸਮਾਜ ਬਣ ਚੁੱਕਿਆ ਹੈ। ਕਿਸੇ ਵੀ ਮਸਲੇ ਦੀਆਂ ਜੜ੍ਹਾਂ ਤੱਕ ਗੰਭੀਰ ਮੁਤਾਲਿਆ ਕਰ ਕੇ ਵਿਚਾਰ-ਵਟਾਂਦਰੇ ਨਾਲ, ਹੱਲ ਲੱਭਣ ਦੇ ਯਤਨ ਦੀ ਰੀਤ ਟਾਂਵੇਂ-ਟਾਂਵੇਂ ਹੀ ਨਿਭਾਅ ਰਹੇ ਹਨ। ਬੇਲੋੜੇ ਅਤੇ ਨਿਰਾਰਥਕ ਵਾਦ-ਵਿਵਾਦ ਨੂੰ ਬਹੁਤਿਆਂ ਨੇ ਵਿਦਵਤਾ, ਗੰਭੀਰਤਾ ਦਾ ਬਦਲ ਤਸੱਵਰ ਕਰ ਲਿਆ ਹੈ। ਇਹ ਗ਼ੈਰ-ਜ਼ਿੰਮੇਵਾਰਾਨਾ ਰਵੱਈਆ ਗੈਰ-ਸੰਜੀਦਾ ਸਮਾਜ ਦੀ ਇਕ ਸਤਹ ਉੱਤੇ ਕਾਮਯਾਬ ਵੀ ਹੁੰਦਾ ਜਾਪਦਾ ਹੈ। ਨਤੀਜਾ ਇਹ ਹੈ ਕਿ ਫ਼ਿਲਮੀ ਡਾਇਆਲੋਗ ਤਰਕ ਦੀ ਸਿਖਰ ਅਤੇ ਗੀਤ ਦੀਆਂ ਦੋ ਪੰਗਤੀਆਂ ਨੂੰ ਕੌਮਾਂ ਦੀ ਮਰਜ਼ੀ ਦਰਸਾਇਆ ਜਾ ਰਿਹਾ ਹੈ। ਮਨਨ, ਚਿੰਤਨ, ਸੰਵਾਦ ਦੀ ਰੀਤ ਵਿਸਰ ਚੁੱਕੀ ਹੈ। ਇਹ ਲੇਖ ਬੇਅਦਬੀ ਦੇ ਮਸਲੇ ਨੂੰ ਹਲਕੇ ਵਾਦ-ਵਿਵਾਦ ਦੀ ਗਰਕ-ਧਰਤੀ ਵਿੱਚੋਂ ਕੱਢ ਕੇ ਥੋੜ੍ਹਾ ਆਮ ਸਰਧਾਵਾਨਾਂ ਦੀ ਨਿੱਗਰ ਅਧਿਆਤਮਕ ਪਹੁੰਚ ਨਾਲ ਸਮਝਣ ਦਾ ਯਤਨ ਕੀਤੇ ਜਾਣ ਸਬੰਧੀ ਹੈ ਤਾਂ ਕਿ ਇਕ ਹੋਰ ਮਰਿਆ ਸੱਪ ਸਮਾਜ ਦੇ ਗਲ ਨਾ ਪੈ ਜਾਵੇ। ਬਾਣੀ ਉਚਾਰਨ ਵਾਲੇ ਗੁਰੂ ਸਾਹਿਬਾਨ ਇਕ ਮੱਤ ਹਨ ਕਿ ਗੁਰੂ ਗ੍ਰੰਥ ਦੀ ਬਾਣੀ ਅਕਾਲ ਪੁਰਖ ਵਾਚ, ਧੁਰ ਕੀ ਬਾਣੀ ਹੈ। ਏਸ ਬਚਨ ਨੂੰ ਹਰ ਸਿੱਖ ਤ੍ਰੈ-ਕਾਲ ਸੱਚ ਜਾਣਦਾ ਹੈ। ਨਿਤਿਆ ਨੰਦ ਸੁਆਮੀ ਅਤੇ ਦੰਡੀ ਸੁਆਮੀ ਵਰਗੇ ਅਧਿਆਤਮਕ ਪੁਰਖ ਏਸ ਸਦਕਾ ਗੁਰੂ ਗ੍ਰੰਥ ਨੂੰ ਸੰਪੂਰਣ ਨਿਰਦੋਸ਼, ਸਰਬ-ਕਲਿਆਣਕਾਰੀ ਅਤੇ ਮਾਨਵਤਾ ਦੀ ਅਜ਼ੀਮ ਧਰੋਹਰ ਮੰਨਦੇ ਹਨ। ਇਹ ਵਿਚਾਰ ਮਾਨਵਤਾ ਹਿਤੈਸ਼ੀ ਕਈ ਹੋਰ ਗ਼ੈਰ-ਸਿੱਖਾਂ ਵਿੱਚ ਵੀ ਪਾਇਆ ਜਾਂਦਾ ਹੈ। ਜ਼ਾਹਰ ਹੈ ਕਿ ਬਾਣੀ ਅੱਖਰਾਂ ਵਿੱਚ ਲਿਖੀ ਜ਼ਰੂਰ ਹੈ ਪਰ ਇਹ ਅਕਾਲੀ ਹੁਕਮ ਦਾ ਸਥੂਲ ਰੂਪ ਨਹੀਂ ਬਲਕਿ ਅਨੁਭਵ ਕਰਨ ਯੋਗ ਸਰੂਪ ਹੈ।

ਏਸ ਕਾਰਣ ਇਹ ਕਿਸੇ ਬੇ-ਦੀਨੇ ਦੇ ਲਾਲਚ ਨਾਲ ਭਰਮਾਏ, ਅਖ਼ਾਉਤੀ ਮੰਦ-ਬੁੱਧੀ, ਦੇ ਮਾਨ-ਅਪਮਾਨ ਦੀ ਪਹੁੰਚ ਤੋਂ ਬਾਹਰ ਹੈ। ਏਸੇ ਕਾਰਣ ਇਹ ਮਸਲਾ ਗੁਰੂ ਗ੍ਰੰਥ ਦੀ ਬੇਅਦਬੀ ਦਾ ਮਸਲਾ ਨਹੀਂ ਬਣਦਾ।

ਫੇਰ ਇਹ ਹੈ ਕੀ? ਗੁਰੂ ਗ੍ਰੰਥ ਨੂੰ ਚੋਰੀ ਕਰਨ, ਪੰਨੇ ਪਾੜਨ, ਅਯੋਗ ਥਾਵਾਂ ਉੱਤੇ ਖਿਲਾਰਨ, ਬੀੜਾਂ ਨੂੰ ਅੱਗ ਵਿੱਚ ਸਾੜਨ ਆਦਿ ਦੀਆਂ ਘਿਨਾਉਣੀਆਂ ਅਤੇ ਸ਼ਰਧਾਲੂਆਂ ਲਈ ਬੇਹੱਦ ਦੁੱਖਦਾਈ ਕਾਰਵਾਈਆਂ ਨੂੰ ਆਮ ਬੋਲੀ ਵਿੱਚ ਬੇਹੂਦਗੀ, ਹੋਛਾਪਨ, ਅਕ੍ਰਿਤਘਣਤਾ ਆਦਿ ਲਫ਼ਜਾਂ ਦੀ ਮਦਦ ਨਾਲ ਸਮਝਿਆ ਜਾ ਸਕਦਾ ਹੈ। ਗੁਰੂ ਗ੍ਰੰਥ ਦਾ ਅਦਬ ਕਿਵੇਂ ਕਰਨਾ ਹੈ ਇਹ ਸਿੱਖ ਰਹਿਤ-ਮਰਿਯਾਦਾ ਵਿੱਚ ਸਪੱਸ਼ਟ ਲਿਖਿਆ ਹੋਇਆ ਹੈ। ਬਾਣੀ ਵਿੱਚ ਵੀ ਇਸ਼ਾਰੇ ਹਨ ਮਸਲਨ ਰਹਾਉ ਸ਼ਬਦ ਦੀ ਵਰਤੋਂ – ਜੋ ਕਿ ਰੁਕ ਕੇ, ਠਰੰਮੇ ਨਾਲ ਵਿਚਾਰ ਕੇ, ਮਨ ਵਸਾਉਣ ਦਾ ਇਲਾਹੀ ਹੁਕਮ ਦਰਸਾਉਂਦਾ ਹੈ। ਏਸੇ ਅਨੁਸਾਰ ਅਖੰਡ ਪਾਠ ਦੀ ਰੀਤ ਵੀ ਬੇਅਦਬੀ ਦੇ ਸ਼ੱਕ ਦੇ ਘੇਰੇ ਵਿੱਚ ਆ ਜਾਂਦੀ ਹੈ। ਗੁਰੂ ਗ੍ਰੰਥ ਤੁੱਲ ਕਿਸੇ ਹੋਰ ਪੁਸਤਕ, ਗ੍ਰੰਥ ਆਦਿ ਦਾ ਪ੍ਰਕਾਸ਼ ਨਾ ਕਰਨ ਦੀ ਹਦਾਇਤ ਯਕੀਨਨ ਬੇਅਦਬੀ ਦੀ ਜ਼ੱਦ ਵਿੱਚ ਆ ਜਾਂਦੀ ਹੈ। ਬਾਣੀ ਦੀ, ਮੰਗਲਾਂ ਦੀ ਤਰਤੀਬ ਨੂੰ ਗੁਰੂ-ਆਸ਼ੇ ਵਿਰੁੱਧ ਬਦਲਣਾ, ਬਾਣੀ ਦੇ ਭਾਵ ਨੂੰ ਪਦ-ਛੇਦ ਕਰਦਿਆਂ ਅਤੇ ਅਰਥ ਕਰਦਿਆਂ ਅਨਰਥ ਵੱਲ ਲੈ ਜਾਣਾ ਗੰਭੀਰ ਬੇਅਦਬੀ ਹੈ। ਇਸ ਦੀ ਗੁਰੂ-ਕਾਲ ਦੀ ਕੇ ਜਾਣੇ, ਕੈ ਜਾਣੇ ਗੁਰ ਸੂਰਾ ਉਚਾਰਣ ਦੀ ਘਟਨਾ ਬਾਰੇ ਸਾਰਾ ਪੰਥ ਜਾਣਦਾ ਹੈ। ਲੇਪਨੀ ਸਿੰਘ ਪ੍ਰਤੀ ਕੀਤੇ ਗੁਰਬਚਨ ਵੀ ਗੁਰੂ-ਅਦਬ ਦਾ ਪਿਆਰ ਸਿਰਜਦੇ ਹਨ। ਏਸੇ ਤਰ੍ਹਾਂ ਹੈ ਭਾਈ ਸੁਥਰੇ ਦੀ ਕੇਤੇ ਲੈ ਲੈ ਮੁਕਰ ਪਾਹਿ ਗੁਰੂ-ਬਚਨ ਦੀ ਦੁਰਵਰਤੋਂ ਜੋ ਅਕਾਲ ਪੁਰਖ ਗੁਰੂ ਹਰਗੋਬਿੰਦ ਦੇ ਸਨਮੁਖ ਹੋਈ ਸੀ। ਬਾਬਾ ਰਾਮਰਾਇ ਦੇ ਕੁਕਰਮ ਬਾਰੇ ਅਸੀਂ ਸਭ ਜਾਣਦੇ ਹਾਂ। ਏਨ੍ਹਾਂ ਘਟਨਾਵਾਂ ਦਾ ਤੱਤ-ਸਾਰ ਅਦਬ-ਬੇਅਦਬੀ ਦੇ ਭੇਤਾਂ ਦਾ ਨਿਰਣਾ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ। ਬਾਣੀ ਕਤਈ ਨਿਰਣਾ ਵੀ ਕਰਦੀ ਹੈ: ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ॥ ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ॥ (ਆਸਾ ਮ: 4, ਪੰਨਾ 450) ਸਿੱਖ ਪੰਥ ਲਈ ਬੇਅਦਬੀ ਦੇ ਅਰਥ ਮੁੱਢਲੇ ਤੌਰ ਉੱਤੇ ਉਹੀ ਹਨ ਜੋ ਸਿੱਖ ਰਹਿਤ ਮਰਿਯਾਦਾ ਵਿੱਚ ਨਿਰੂਪਣ ਕੀਤੇ ਗਏ ਹਨ ਅਤੇ ਆਮ ਸੋਝੀ ਜਿਨ੍ਹਾਂ ਦਾ ਵਿਸਤਾਰ ਕਰ ਸਕਦੀ ਹੈ। ਸ਼ਰਧਾਵਾਨ ਸਿੱਖ ਵੱਲੋਂ ਬੀੜ ਨੂੰ ਮਾਲੀ ਹਾਲਤ ਅਨੁਸਾਰ ਇਕ ਥਾਂ ਤੋਂ ਦੂਜੀ ਲੈ ਜਾਣਾ ਯਕੀਨਨ ਬੇਅਦਬੀ ਨਹੀਂ।

ਕਈਆਂ ਨੂੰ ਇਹ ਫਿਕਰ ਹੈ ਕਿ ਗੁਰੂ ਗ੍ਰੰਥ ਦੀ ਬੀੜ ਪ੍ਰਤੀ ਅੱਜ ਵਾਪਰ ਰਹੇ ਉਜੱਡ, ਅਸੱਭਿਅਕ ਵਰਤਾਰੇ ਪ੍ਰਤੀ ਕੀ ਸ਼ਬਦ ਵਰਤਿਆ ਜਾਵੇ। ਇਨ੍ਹਾਂ ਕੁਕਰਮਾਂ ਨੂੰ ਅਸੀਂ ਉਜੱਡਪੁਣਾ, ਧੂਰਤਤਾ, ਬੇਹੂਦਗੀ ਆਦਿ ਲਫ਼ਜ਼ਾਂ ਨਾਲ ਵੀ ਮੁਖ਼ਾਤਬ ਹੋ ਸਕਦੇ ਹਾਂ। ਕਾਨੂੰਨ ਨੇ ਵੀ ਏਸ ਗ਼ੈਰ-ਅਧਿਆਤਮਕ ਪੱਖ ਲਈ ਦੁਨੀ-ਪ੍ਰਚੱਲਤ ਸ਼ਬਦ ਵਰਤੇ ਹਨ: ਅੱਗਜ਼ਨੀ (arson), ਸ਼ੈਤਾਨੀ ਵਤੀਰਾ (mischief), ਧਾਰਮਕ ਭਾਵਨਾਵਾਂ ਨੂੰ ਭੜਕਾਉਣਾ ਆਦਿ। ਇਨ੍ਹਾਂ ਘੋਰ ਕੁਕਰਮਾਂ ਲਈ ਸਜ਼ਾ ਵੀ ਕਾਨੂੰਨ ਨੇ ਤੈਅ ਕੀਤੀ ਹੋਈ ਹੈ।

ਏਥੋਂ ਤੱਕ ਤਾਂ ਸੀ ਧਰਾਤਲ ਉੱਤੇ ਵਰਤ ਰਹੇ ਪ੍ਰਤੱਖ ਵਰਤਾਰੇ ਬਾਰੇ ਲੇਕਿਨ ਏਸ ਨਾਲੋਂ ਵੀ ਗੰਭੀਰਤਾ ਨਾਲ ਵਿਚਾਰਨ ਵਾਲਾ ਹੈ ਅਪ੍ਰਤੱਖ, ਪਰਦੇ ਪਿੱਛੇ ਵਰਤ ਰਿਹਾ ਵਰਤਾਰਾ ਜਿਸ ਵਿੱਚ ਬੇਹੂਦਗੀ ਦੀਆਂ ਜੜ੍ਹਾਂ ਹਨ; ਸਦੀਆਂ ਤੋਂ ਪਣਪ ਰਹੀਆਂ ਹਨ।

ਹਟਿੰਗਟਨ ਦੇ ਈਜਾਦ ਕੀਤੇ ਸੰਕਲਪ ਦੀ ਵਰਤੋਂ ਕਰਦਿਆਂ ਏਸ ਨੂੰ ਸੱਭਿਅਤਾਵਾਂ ਦੇ ਭੇੜ ਦੀ ਸੰਗਿਆ ਵੀ ਦਿੱਤੀ ਜਾ ਸਕਦੀ ਹੈ। ਮੋਟੇ ਤੌਰ ਉੱਤੇ ਹਿੰਦੋਸਤਾਨ ਵਿੱਚ ਸਥਾਈ ਸਭਿਆਚਾਰਕ ਬਹੁਗਿਣਤੀ (ਸਸਬਹੁ) ਦੀ ਚੁੱਪ-ਸਹਿਮਤੀ ਨਾਲ ਵਾਪਰ ਰਹੀਆਂ ਇਨ੍ਹਾਂ ਘਿਨਾਉਣੀਆਂ ਘਟਨਾਵਾਂ ਦਾ ਅਧਿਆਤਮਕ ਪੱਖ ਵੀ ਹੈ। ਪਹਿਲਾਂ ਸਸਬਹੁ ਦੇ ਪ੍ਰਚੱਲਤ ਧਾਰਮਿਕ ਪੱਖ ਨੂੰ ਲਈਏ: ਇਨ੍ਹਾਂ ਦੇ ਬਜ਼ੁਰਗਾਂ ਨੇ ਅਨੇਕਾਂ ਧਰਮ-ਸ਼ਾਸਤਰ ਲਿਖੇ ਜਿਨ੍ਹਾਂ ਵਿੱਚੋਂ ਇਕ ਉਗਰ ਤਬਕੇ ਨੇ ਮਨੂ ਦੇ ਮਾਨਵ-ਧਰਮ-ਸ਼ਾਸਤਰ ਨੂੰ ਬੇਲੋੜੀ ਤੂਲ ਦੇ ਕੇ ਇਕ ਵਰਣ-ਆਸ਼ਰਮ-ਧਰਮ ਸਿਰਜ ਲਿਆ ਅਤੇ ਜਾਤ-ਪਾਤੀ ਪ੍ਰਬੰਧ ਰਾਹੀਂ ਏਸ ਨੂੰ ਧਰਾਤਲ ਉੱਤੇ ਉਤਾਰਿਆ। ਆਖ਼ਰ ਇਹ, ਇਕ ਉਗਰ ਮਾਨਸਿਕਤਾ ਦਾ ਬੇਹੱਦ ਹਾਨੀਕਾਰਕ ਪ੍ਰਤੀਕ ਹੋ ਨਿਬੜਿਆ। ਏਸ ਦੀ ਪ੍ਰਤੱਖ ਅਤੇ ਸਭ ਤੋਂ ਖਤਰਨਾਕ ਪਿਰਤ ਸੀ ਭੂ-ਦੇਵਤਾ ਦਾ ਸੰਕਲਪ। ਏਸ ਨੇ ਧਰਤੀ ਦਾ ਦੇਵਤਾ ਬ੍ਰਾਹਮਣ ਨੂੰ ਪ੍ਰਵਾਨ ਕਰ ਲਿਆ ਅਤੇ ਉਸ ਦੇ ਬਦਲੇ, ਉਸੇ ਦੁਆਰਾ ਬੁਣੀ ਗਈ ਧਾਰਮਿਕ ਪ੍ਰਕਿਰਿਆ ਸਿਰਜ ਲਈ। ਏਸ ਵਿੱਚ ਮੂਰਤੀ ਪੂਜਾ ਅਤੇ ਕਰਮ-ਕਾਂਡ ਦਾ ਅਹਿਮ ਰੋਲ ਹੈ। ਮੂਰਤੀ ਪੂਜਾ ਦਾ ਇਕ ਅਚੰਭੇ ਵਾਲਾ ਪੱਖ ਇਹ ਵੀ ਹੈ ਕਿ ਇਸਲਾਮ ਦੇ ਅਸਰ ਅਧੀਨ ਇਸਾਈਆਂ ਦੇ ਜਬਤ ਕੀਤੇ ਬੁੱਤਾਂ ਵਿੱਚੋਂ ਕੁਝ ਨੂੰ ਤੋੜਨ ਦੀ ਬਜਾਏ, ਚੰਦ ਲੋਭੀ ਬੁੱਤ-ਸ਼ਿਕਨ ਬੁੱਤ-ਫਰੋਸ਼ ਬਣ ਗਏ ਅਤੇ ਇਨ੍ਹਾਂ ਨੇ, ਹਿੰਦੋਸਤਾਨ ਦੇ ਬੁੱਤ-ਪੂਜਾਂ ਕੋਲ ਵੇਚ ਦਿੱਤਾ, ਜਿਥੇ ਨਵੇਂ ਨਾਂਅ ਰੱਖ ਕੇ ਇਨ੍ਹਾਂ ਦੀ ਪੂਜਾ ਕੀਤੀ ਜਾਣ ਲੱਗੀ। ਆਖ਼ਰ ਧਰਮ ਅਤੇ ਵਿਕ੍ਰਿਤ ਫ਼ਿਤਰਤ ਨੇ ਆਪਣੇ ਸਮਾਜ ਵਿੱਚ ਵੱਸਦੇ ਲੋਕਾਂ ਪ੍ਰਤੀ ਪੱਥਰ-ਦਿਲ ਵਤੀਰਾ ਅਖ਼ਤਿਆਰ ਕਰ ਲਿਆ। ਉਪਰੋਕਤ ਅਤੇ ਕਈ ਹੋਰ ਵਿਧੀਆਂ ਰਾਹੀਂ, ਬ੍ਰਾਹਮਣਵਾਦ ਨੂੰ ਆਪਣੀ ਸੱਭਿਅਤਾ ਦਾ ਕੇਂਦਰ ਬਣਾ ਕੇ, ਬਾਕੀ ਲੋਕਾਂ ਨੂੰ, ਸਮੁੱਚੇ ਸਮਾਜ ਨੂੰ ਨਿਰਵਾਹ ਆਧਾਰਤ ਉਜਰਤ ਬਦਲੇ ਬ੍ਰਾਹਮਣ ਦੀ ਸੇਵਾ ਉੱਤੇ, ਗ਼ੁਲਾਮਾਂ ਦੀ ਹੈਸੀਅਤ ਵਿੱਚ ਤਾਇਨਾਤ ਕਰ ਦਿੱਤਾ। ਨਤੀਜਾ ਇਹ ਨਿਕਲਿਆ ਕਿ ਜਬਰੀ ਤਾਇਨਾਤ ਕੀਤਿਆਂ ਦਾ ਵਤੀਰਾ ਸਮੁੱਚੇ ਸਮਾਜ ਦੀ ਹੋਣੀ ਵੱਲੋਂ ਉਪਰਾਮ ਹੋ ਗਿਆ। ਚੰਦ੍ਰਵੰਸ਼ੀ, ਸੂਰਜਵੰਸ਼ੀ ਸਾਮਰਾਜ ਸਥਾਪਤ ਹੋ ਗਏ ਜਿਨ੍ਹਾਂ ਦਾ ਲੋਕਾਂ ਨਾਲ ਕੋਈ ਰਿਸ਼ਤਾ ਨਹੀਂ ਸੀ। ਦਸਵੀਂ ਸਦੀ ਦੇ ਸ਼ੁਰੂ ਤੱਕ ਇਬਨ ਬਤੂਤਾ ਦੇ ਕਥਨ ਅਨੁਸਾਰ ਆਮ ਜਨਤਾ ਨੇ ਆਪਣੇ-ਆਪ ਨੂੰ ਸਿਆਸੀ ਜੀਵਨ ਤੋਂ ਵੱਖ ਕਰ ਲਿਆ ਅਤੇ ਰਾਜਿਆਂ-ਮਹਾਰਾਜਿਆਂ ਦੀ ਹੋਣੀ ਤੋਂ ਮੁਕੰਮਲ ਉਪਰਾਮਤਾ ਧਾਰ ਲਈ। ਨਵੇਂ ਜੰਮੇ ਇਸਲਾਮੀ ਜੋਸ਼ ਮੂਹਰੇ ਵੱਡੇ-ਵੱਡੇ, ਕਈ ਸਦੀਆਂ ਤੋਂ ਰਾਜ ਕਰਦੇ ਰਾਜ-ਘਰਾਣੇ ਅਤੇ ਉਨ੍ਹਾਂ ਦੀ ਰੱਖਿਆ ਕਰਦੇ ਰਾਜਪੂਤ, ਮਰਾਠੇ, ਕਸ਼ੱਤਰੀ ਆਦਿ, ਇਤਿਹਾਸਕਾਰ ਕਾਨੂੰਗੋ ਅਨੁਸਾਰ ਟੁੱਟੇ ਹੋਏ ਸਰਕੰਡੇ ਵਾਂਗ ਜਨੂੰਨੀ ਇਸਲਾਮ ਦੇ ਸਾਹਮਣੇ ਧਰਤੀ ਉੱਤੇ ਵਿਛ ਗਏ। ਏਸ ਅਵਸਥਾ ਨੂੰ ਕ੍ਰੈਸੈਂਟ ਇਨ ਇੰਡੀਆ (Cresent in India) ਆਦਿ ਕਈ ਗੰਭੀਰ ਕਿਤਾਬਾਂ ਨੇ ਬਖ਼ੂਬੀ ਨਿਖਾਰਿਆ ਹੈ। ਪਤਵੰਤੇ ਅਖਵਾਉਂਦੇ ਮਿੱਟੀ ਵਿੱਚ ਰੁਲਣ ਲੱਗੇ; ਹਰ ਦਿਸ਼ਾ ਵਿੱਚ ਲਾਸ਼ਾਂ ਦੇ ਢੇਰ ਲੱਗ ਗਏ ਅਤੇ ਪਤਵੰਤੀਆਂ ਔਰਤਾਂ ਦੀ ਘੋਰ ਬੇਅਦਬੀ ਹੋਣ ਲੱਗ ਗਈ। ਮਾਨਵਤਾ ਹਰ ਪੱਖੋਂ ਖ਼ੂਨ-ਖ਼ੂਨ ਹੋ ਗਈ, ਬ੍ਰਾਹਮਣ ਦੁਆਰਾ ਬਣਾਏ ਗ਼ੁਲਾਮਾਂ ਨੇ ਸੌਖਿਆਂ ਹੀ ਗ਼ੁਲਾਮੀ ਕਬੂਲ ਕਰ ਲਈ ਸੀ ਅਤੇ ਹਜ਼ਾਰ ਸਾਲ ਹੰਢਾਈ ਸੀ। ਉਨ੍ਹਾਂ ਨੇ ਨਵੀਂ ਗ਼ੁਲਾਮੀ ਵੀ ਸਬਰ ਦਾ ਘੁੱਟ ਭਰ ਕੇ ਪ੍ਰਵਾਨ ਕਰ ਲਈ। ਕੁੱਲ ਹਿੰਦ ਦਾ ਸੰਗਲਾਂ-ਬੇੜੀਆਂ (ਬੇਦ ਕੀ ਪੁਤ੍ਰੀ ਸਿੰਮ੍ਰਿਤ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥) ਵਿੱਚ ਜਕੜਿਆ ਸਾਰਾ ਸਮਾਜ ਆਪਣੇ ਧਰਮ-ਕੇਂਦਰਾਂ ਅਤੇ ਸਮਾਜ ਤੋਂ ਰਾਹਤ ਨਾ ਪਾ ਕੇ ਆਪਣੀ ਹੋਂਦ ਤੋਂ ਪਰ੍ਹੇ ਹੋ ਬੇਬੱਸ ਨਿਗਾਹਾਂ ਨਾਲ ਆਪਣੀ ਬੇਪੱਤੀ ਨੂੰ ਨਿਹਾਰਨ ਲੱਗ ਗਿਆ; ਅੰਦਰ ਵੜ ਕੇ ਤ੍ਰਿਸਕਾਰ ਦੇ ਦੋ ਸ਼ਬਦ ਸਾਂਝੇ ਕਰਨ ਜੋਗਾ ਹੀ ਰਹਿ ਗਿਆ (ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ)। ਹਾਲਤ ਏਥੋਂ ਤੱਕ ਪਹੁੰਚ ਗਈ ਕਿ ਇਕ ਮਸਫੁਟ ਗੱਭਰੂ ਮਦੀਨੇ ਤੋਂ ਇਕ ਜਹਾਜ਼ ਨਾਲ ਆਇਆ ਅਤੇ

**ਬਾਕੀ ਹਿਸਾ ਸਫ਼ਾ 54 ਤੇ ਪੜ੍ਹੋ**

→ 53 ਸਫ਼ੇ ਦੀ ਬਾਕੀ

ਸਦੀਆਂ ਤੋਂ ਰਾਜ ਕਰਦੇ ਦਾਹਿਰ ਸ਼ਾਹ ਰਾਜ-ਘਰਾਣੇ ਨੂੰ ਅਧੀਨ ਕਰ ਕੇ ਉਸ ਦੀਆਂ ਬਹੂ-ਬੇਟੀਆਂ ਨੂੰ ਸੰਗਲ ਮਾਰ ਕੇ ਮੱਕੇ ਦੇ ਹੁਕਮਰਾਨਾਂ ਨੂੰ ਜਾ ਪੇਸ਼ ਕੀਤਾ।

ਇਕ ਹੋਰ ਮਨਚਲੇ ਗਭਰੂ ਨੇ ਕੇਵਲ 17 ਹਮ-ਉਮਰ ਸਿਪਾਹੀਆਂ ਨੂੰ ਨਾਲ ਲੈ ਕੇ, ਹਜ਼ਾਰਾਂ ਸਾਲਾਂ ਦੀ ਸਥਾਪਤ ਪਾਤਸ਼ਾਹੀ ਦੇ ਰਾਜ-ਮਹਿਲ ਉੱਤੇ ਖੇਡ-ਖੇਡ ਵਿੱਚ ਹਮਲਾ ਕਰਕੇ, ਲਕਸ਼ਮਣ ਸੇਨ ਨੂੰ ਪਿਛਲੇ ਦਰਵਾਜੇ ਵਿੱਚੋਂ ਨੰਗੇ ਪੈਰੀਂ ਭਜਾ ਕੇ, ਬੰਗਾਲ ਉੱਤੇ ਕਬਜ਼ਾ ਕਰ ਲਿਆ। ਲੋਕ ਜ਼ੁਲਮ ਦੀ ਉਖਲੀ ਵਿੱਚ ਜ਼ਾਲਮ ਦੀਆਂ ਮੂਹਲੀਆਂ ਨਾਲ ਛੜੇ ਜਾਣ ਲੱਗੇ। ਉਸ ਵੇਲੇ ਦੇ ਬਾਕੀ ਸਾਰੇ ਸੰਸਾਰ ਦੀ ਵੀ ਤਕਰੀਬਨ ਏਹੋ ਸਾਂਝੀ ਕਹਾਣੀ ਸੀ।

ਆਖ਼ਰ ਕਰਤਾ ਪੁਰਖ ਨੇ ਦੁਖੀ ਧਰਤੀ ਦੀ ਪੁਕਾਰ ਸੁਣੀ ਅਤੇ ਖਾਸ ਤਰੱਦਦ ਕਰਕੇ ਆਪਣੀ ਸੱਚੀ ਟਕਸਾਲ ਵਿੱਚ ਨਾਨਕ ਦੀ ਮਨ, ਬੁੱਧ, ਸੁਰਤ ਘੜੀ; ਉਸ ਨੂੰ ਆਪਣਾ ਰੂਪ ਬਖ਼ਸ਼ ਕੇ, ਗੁਰੂ-ਪਰਮੇਸ਼ਰ ਸਿਰਜ ਕੇ ਸੰਸਾਰ-ਕਲਿਆਣ ਲਈ ਜੱਗ ਵਿੱਚ ਮੁਕਤੀ ਦਾ ਜਹਾਜ਼ ਬਣਾ ਕੇ ਠੇਲ੍ਹ ਦਿੱਤਾ। ਉਸ ਨੇ ਲਗਾਤਾਰਤਾ ਵਿੱਚ ਦਸ ਜਾਮੇ ਧਾਰ ਕੇ ਮੁਕਤ ਪੰਥ ਸਿਰਜਿਆ, ਨਿਰੰਕਾਰ ਦੀ ਉਸੇ ਟਕਸਾਲ ਵਿੱਚ ਸੁਰਤ ਮਤ ਮਨ ਬੁਧ ਘੜ ਕੇ ਸੋਨੇ ਦੇ ਕਿਰਦਾਰ ਦਾ ਮਨੁੱਖੀ ਭਾਂਡਾ ਘੜਿਆ ਜਿਸ ਵਿੱਚ ਉਸ ਨੂੰ ਦਰਗਾਹੋਂ ਮਿਲਿਆ ਅੰਮ੍ਰਿਤ ਸਹਿਜੇ ਹੀ ਸਮਾ ਗਿਆ। ਇਉਂ ਕਿਰਤਨਾਸ਼, ਕਰਮਨਾਸ਼, ਕੁਲਨਾਸ਼, ਭਰਮਨਾਸ਼, ਧਰਮਨਾਸ਼ ਖ਼ਾਲਸਾ, ਅਕਾਲ ਪੁਰਖ ਦੀ ਮਰਜ਼ੀ ਅਨੁਸਾਰ, ਸੱਚੇ ਸਾਹਿਬ ਦਾ ਜਗਤ ਕਲਿਆਣਕਾਰੀ ਸੁਨੇਹਾ ਲੈ ਕੇ ਦਸਮੇਸ਼ ਦੇ ਖੰਡੇ ਬਾਟੇ ਵਿੱਚੋਂ ਪਰਗਟ ਹੋਇਆ। ਉਸ ਦਾ ਸੁਨੇਹਾ ਸੀ: ਐ ਜੀ ਨਾ ਹਮ ਉਤਮ ਨੀਚ ਨ ਮਧਿਮ, ਹਰਿ ਸਰਣਾਗਤਿ ਹਰਿ ਕੇ ਲੋਗ (ਗੂਜਰੀ ਮ:1, ਪੰਨਾ 504) ਅਤੇ ਖਤ੍ਰੀ ਬ੍ਰਾਹਮਣ ਸੂਦ ਵੈਸ਼ ਉਪਦੇਸੁ ਚਹੁ ਵਰਨਾ ਕਉ ਸਾਝਾ॥ (ਸੂਹੀ ਮ:5, ਪੰਨਾ 748) ਦੇਸ਼ ਦਿਸਾਂਤਰਾਂ ਵਿੱਚ ਏਸ ਸੁਨੇਹੇ ਨੇ ਮਨੁੱਖੀ ਵਰਤਾਰਿਆਂ, ਸਮਾਜਿਕ ਸੰਬੰਧਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ। ਹਿੰਦ ਵਿੱਚ ਏਸ ਨੇ ਕਈ ਸ਼ਹਿਨਸ਼ਾਹੀਆਂ ਪਲਟੀਆਂ ਅਤੇ ਆਖ਼ਰ 1947 ਨੂੰ ਸੰਭਵ ਬਣਾਇਆ। ਜੁਲਾਈ 1947 ਆਉਣ ਤੱਕ 1929 ਦੇ ਮਤੇ ਦੀਆਂ ਝੂਠੀਆਂ ਸਹੁੰਆਂ ਖਾ ਕੇ, Objective Resolution ਪਾਸ ਕਰਕੇ, ਸੰਵਿਧਾਨ ਦਾ ਪਹਿਲਾ ਖਰੜਾ ਐਲਾਨ ਕੇ, ਅੰਦਰੂਨੀ ਖੁਦਮੁਖ਼ਤਿਆਰੀ ਦੇ ਸਬਜ਼ ਬਾਗ ਵਿਖਾ ਕੇ, ਕਪਟੀ ਅਹਲੇ-ਹਿੰਦੀਆਂ ਨੇ ਏਸ ਦੇ ਦੇਸ ਪੰਜਾਬ ਨੂੰ ਆਪਣੇ ਵਿੱਚ ਸਮਾਅ ਲਿਆ।

**ਪ੍ਰੰਤੂ 16 ਅਗਸਤ 1947 ਨੂੰ ਉਨ੍ਹਾਂ ਆਖਿਆ**: ਇਹ ਤਾਂ ਸਾਡੇ ਵਿਖਾਉਣ ਵਾਲੇ ਦੰਦ ਸਨ; ਖਾਣ ਵਾਲੇ ਤਾਂ ਇਹ ਹਨ ਕਿ ਅਸੀਂ ਹਿੰਦੂ ਪਦਪਾਦਸ਼ਾਹੀ ਦਾ ਮਰਾਠਾ ਮਾਡਲ ਸਥਾਪਤ ਕਰਨ ਦੇ ਚਾਹਵਾਨ ਹਾਂ। ਸਰਬ-ਕਲਿਆਣਕਾਰੀ ਟੀਚਾ ਪ੍ਰਾਪਤ ਨਾ ਹੁੰਦਾ ਵੇਖ ਕੇ ਅਕਾਲ ਪੁਰਖ ਦੇ ਖ਼ਾਲਸੇ ਨੇ ਵੀ ਵਿਚਾਰਧਾਰਕ ਮਹਾਂ-ਅਭਿਆਨ ਲਈ ਕਮਰਕੱਸੇ ਕੱਸ ਲਏ। ਉਸ ਦਿਨ ਤੋਂ ਬਾਅਦ ਹਿੰਦ ਛੜਪੇ ਮਾਰ ਕੇ ਆਪਣੇ ਟੀਚੇ ਵਲ ਵੱਧ ਰਿਹਾ ਹੈ ਅਤੇ ਖ਼ਾਲਸਾ ਆਪਣੀ ਸੱਭਿਅਤਾ ਦੀ ਅਕਾਲੀ ਮੌਜ ਵਿੱਚ ਗੁਰੂ ਗ੍ਰੰਥ ਦੇ ਫਲਸਫੇ, ਜਿਸ ਦੇ ਕੁਝ ਪਹਿਲੂ ਸੰਸਾਰ ਦੇ ਬਹੁਤੇ ਲੋਕਾਂ ਨੇ ਸੁਤੇ ਸਿੱਧ ਪ੍ਰਵਾਨ ਕਰ ਲਏ ਹਨ, ਨੂੰ ਸਹਿਜੇ-ਸਹਿਜੇ ਪ੍ਰਚਾਰ ਦੇ ਹਰ ਦੁਖੀ ਦਾ ਦੁੱਖ ਦੂਰ ਕਰਨ ਦੀ ਇੱਛਾ ਨਾਲ ਨਿਡਰ ਹੋ ਵਿਚਰ ਰਿਹਾ ਹੈ।

ਇਨ੍ਹਾਂ ਹਾਲਤਾਂ ਵਿੱਚ ਸੱਭਿਆਚਾਰਕ ਭੇੜਾ ਐਨ ਤਰਕਸੰਗਤ ਹੈ ਅਤੇ ਵਾਪਰ ਰਿਹਾ ਹੈ। ਕਰਮਕਾਂਡੀ ਸੱਭਿਆਚਾਰ ਦੇ ਅਲੰਬਰਦਾਰ ਆਪਣੀਆਂ ਬੋਡੀਆਂ ਸੱਭਿਆਚਾਰਕ ਕਦਰਾਂ-ਕੀਮਤਾਂ (ਜਿਨ੍ਹਾਂ ਨੂੰ ਇਕ ਅਜੀਮ ਸ਼ਾਇਰ ਨੇ ਬੁੱਤਖਾਨੇ ਦੇ ਪੁਰਾਣੇ ਬੁੱਤਾਂ ਦੀ ਤਸ਼ਰੀਹ ਦਿੱਤੀ ਹੈ) ਨੂੰ ਸਥਾਪਤ ਕਰਨ ਲਈ ਕਈ ਢੰਗ-ਤਰੀਕਿਆਂ, ਚੁਸਤੀਆਂ, ਚਾਲਾਕੀਆਂ, ਮੱਕਾਰੀਆਂ ਸਮੇਤ ਚਾਲਾਂ ਨਾਲ ਲੈਸ ਹੋ ਕੇ ਜੂਝ ਰਹੇ ਹਨ ਅਤੇ ਖ਼ਾਲਸਾ ਸਭ ਦੇ ਸਾਂਝੇ ਅਕਾਲ ਪੁਰਖ ਦੇ ਸੱਭਿਆਚਾਰ ਅਨੁਸਾਰ ਸਰਬ-ਕਲਿਆਣਕਾਰੀ ਸਿਆਸੀ ਨੀਤੀਆਂ ਨੂੰ ਸਥਾਪਤ ਕਰਨ ਲਈ ਯਥਾਸ਼ਕਤ ਹੰਭਲਾ ਮਾਰ ਰਿਹਾ ਹੈ।

ਜਿਹੜੇ ਲੋਕ ਏਸ ਮਰਮ ਤੋਂ ਅਣਜਾਣ ਹਨ, ਅਫਲਾਤੂਨ ਦੇ ਪ੍ਰਚੱਲਤ ਕੀਤੇ ਦ੍ਰਿਸ਼ਟਾਂਤ ਵਿੱਚ ਆਏ ਪਰਛਾਵਿਆਂ ਨੂੰ ਸੱਚ ਸਵਿਕਾਰਦੇ ਹਨ, ਉਹ ਵਕਤੀ ਪੈਂਤਰੇ ਦੀ ਡਾਂਗ ਫੜ ਬੇਅਦਬੀਆਂ ਵੱਲ ਧਿਆਨ ਕੇਂਦ੍ਰਿਤ ਕਰ ਰਹੇ ਹਨ। ਦੂਜੇ ਕੁਝ ਲੋਕ ਹਨ ਜੋ ਯੋਗ ਅਤੇ ਹਰ ਪੱਖੋਂ ਅਧਿਕਾਰਤ ਪ੍ਰਚਾਰ ਰਾਹੀਂ ਲੋਕ-ਮਨਾਂ ਵਿੱਚ ਵੱਸ ਕੇ ਏਸ ਸਰਵਨਾਸ਼ ਦੇ ਮਨੂਵਾਦੀ ਸੁਨੇਹੇ ਨੂੰ ਠੱਲ੍ਹ ਪਾਉਣ ਦੇ ਚਾਹਵਾਨ ਹਨ, ਇਹ ਆਪਣੀ ਵਾਹ ਲਗਾ ਰਹੇ ਹਨ। ਅਕਾਲ ਪੁਰਖ ਦੇ ਸੁਨੇਹੇ ਦੀ ਤਰੋ-ਤਾਜ਼ਗੀ ਕਾਇਮ ਰੱਖ ਕੇ ਆਖ਼ਰੀ ਮੰਜ਼ਿਲ ਵੱਲ ਵਧਣ ਦੀ ਇੱਛਾ ਰੱਖਦਾ ਖ਼ਾਲਸਾ ਡਾਂਗ ਨੂੰ ਨਹੀਂ, ਡਾਂਗ ਫੜ ਕੇ ਖੜ੍ਹੇ ਫਲਸਫੇ ਨੂੰ, ਅਕਾਲ ਪੁਰਖ ਦੀ ਇੱਛਾ ਅਨੁਸਾਰ ਠੱਲ੍ਹ ਪਾਉਣ ਦੇ ਰਾਹ ਤੁਰਿਆ ਹੋਇਆ ਹੈ। ਇਹ ਸਿੰਘ ਬਿਰਤੀ ਹੈ ਜੋ ਆਪਣੇ ਪੁਰਖਿਆਂ ਦੀ ਵਿਰਾਸਤ ਸੰਭਾਲਣ ਲਈ ਤੱਤਪਰ ਹੈ।

ਆਪਣੇ ਵਿਵਾਦੀ ਸੁਭਾਅ ਅਨੁਸਾਰ ਕੁਝ ਚੁੰਝ-ਗਿਆਨੀ, ਸਬਰ-ਸੰਤੋਖ ਅਤੇ ਦ੍ਰਿਢਤਾ ਨਾਲ ਏਸ ਘੋਰ ਨਿੰਦਣਯੋਗ ਵਰਤਾਰੇ ਨੂੰ ਠੱਲ੍ਹ ਪਾਉਣ ਦੀ ਗੱਲ ਆਖਣ ਵਾਲਿਆਂ ਨੂੰ ਵਿਰੋਧੀ ਸਮਝ ਕੇ ਭੰਡ ਰਹੇ ਹਨ। ਆਪਣੇ-ਆਪ ਉਹ ਸਖ਼ਤ ਕਾਨੂੰਨ ਦੇ ਪੈਂਤੜੇ ਉੱਤੇ ਦ੍ਰਿੜ੍ਹ ਹਨ ਅਤੇ ਮਹਿਜ਼ ਏਸ ਭਾਵਨਾ ਨੂੰ ਗੁਰੂ-ਪੰਥ ਪ੍ਰਤੀ ਆਪਣੀ ਅਸੀਮ ਸ਼ਰਧਾ ਦੇ ਸਬੂਤ ਵਜੋਂ ਪੇਸ਼ ਕਰ ਰਹੇ ਹਨ - ਇਹ ਜਾਣਦਿਆਂ ਹੋਇਆਂ ਵੀ ਕਿ ਅਦਾਲਤਾਂ ਦੀ ਵਾਗਡੋਰ ਕਿਸੇ ਦੂਸਰੇ ਫਲਸਫੇ ਨੂੰ ਧਾਰਨ ਵਾਲਿਆਂ ਹੱਥ ਹੈ। ਅੱਜ ਤੱਕ ਪਰਾਏ ਹੱਥਾਂ ਨੇ ਕਾਨੂੰਨੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਗੁਰਮੁਖਾਂ ਦੀ ਰਿਹਾਈ ਵਿਰੁੱਧ ਕਈ ਕਾਨੂੰਨੀ ਹੱਥਕੰਡੇ ਵਰਤ ਕੇ ਰਿਹਾਈ ਨੂੰ ਸੰਭਵ ਨਹੀਂ ਹੋਣ ਦਿੱਤਾ; ਪੰਜਾਬ ਦੇ ਬੇਸ਼ਕੀਮਤੀ ਦਰਿਆਈ ਪਾਣੀ ਅਤੇ ਪਣਬਿਜਲੀ ਨੂੰ ਲੁੱਟਿਆ ਹੈ; ਪੰਜਾਬ ਦੇ ਬੋਲੀ-ਆਧਾਰ ਨੂੰ ਵਿਸਾਰ ਕੇ ਕੂਟਨੀਤੀ ਅਧੀਨ ਸਿੱਖ ਕੁਰਾਟੀਨ ਬਣਾ ਕੇ (ਮੈਂ ਸਿੱਖਾਂ ਨੂੰ ਐਸੀ ਸੂਬੀ ਬਣਾ ਦੇ ਦੇਵਾਂਗਾ ਜਿਸ ਨੂੰ ਇਹ ਛੱਡ-ਛੱਡ ਕੇ ਭੱਜਣਗੇ - ਗੁਲਜ਼ਾਰੀ ਲਾਲ ਨੰਦਾ, ਉਸ ਸਮੇਂ ਗ੍ਰਹਿ ਮੰਤਰੀ) 60 ਸਾਲ ਤੋਂ ਪੰਜਾਬੀ ਸੂਬਾ ਮੁਕੰਮਲ ਕਰਨ ਦਾ ਘੋਰ, ਜਾਨਲੇਵਾ ਸੰਘਰਸ਼ ਤੋਰਿਆ ਹੋਇਆ ਹੈ। ਕਤਲਾਂ ਸਬੰਧੀ ਸਖ਼ਤ ਕਾਨੂੰਨ ਦੇ ਹੁੰਦਿਆਂ ਸੁਪਰੀਮ ਕੋਰਟ ਦੀ ਨੱਕ ਹੇਠ 1984 ਵਿੱਚ ਅਕਾਲ ਤਖ਼ਤ ਤੋਪਾਂ ਨਾਲ ਤਬਾਹ ਕੀਤਾ ਗਿਆ; ਘੱਟੋ-ਘੱਟ 16 ਸੂਬਿਆਂ ਵਿੱਚ ਫ਼ੌਜੀਆਂ ਸਮੇਤ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਜਨੂੰਨੀ ਭੀੜਾਂ ਵੱਲੋਂ ਕਤਲੇਆਮ ਹੋਇਆ ਅਤੇ ਇਨਸਾਫ਼ ਅੱਜ 42 ਸਾਲ ਬਾਅਦ ਵੀ ਨਹੀਂ ਮਿਲਿਆ। ਇਸ ਤਰਜ਼ ਦੇ ਅਨੇਕਾਂ ਅਫਸਾਨਿਆਂ ਦੇ ਹੁੰਦਿਆਂ ਕੋਈ ਅਹਿਮਕ ਹੀ ਯਕੀਨ ਕਰ ਸਕਦਾ ਹੈ ਕਿ ਸਖ਼ਤ ਕਾਨੂੰਨ ਰਾਹੀਂ ਗੁਰੂ ਗ੍ਰੰਥ ਨਾਲ ਕੀਤੀਆਂ ਜਾਂਦੀਆਂ ਬੇਹੂਦਗੀਆਂ ਨੂੰ ਕਾਨੂੰਨੀ ਠੱਲ੍ਹ ਪਾਈ ਜਾ ਸਕਦੀ ਹੈ। ਸਖ਼ਤ ਕਾਨੂੰਨ ਦੀ ਵਕਾਲਤ ਵਾਲੇ ਕੀ ਨਹੀਂ ਜਾਣਦੇ ਕਿ ਸਜ਼ਾ ਦੇਣ ਲਈ ਸਬੂਤ ਦੇ ਪੈਮਾਨੇ ਵੀ ਸਖ਼ਤ ਹੋਣਗੇ। ਕਿਵੇਂ ਕੋਈ ਸਾਬਤ ਕਰੇਗਾ ਕਿ ਗੁਰੂ ਗ੍ਰੰਥ ਬਰਾਬਰ, ਬਚਿਤ੍ਰ ਨਾਟਕ, ਸਰਬਲੋਹ ਗ੍ਰੰਥ ਆਦਿ ਪ੍ਰਕਾਸ਼ ਕਰਨ ਵਾਲੇ ਬੇਅਦਬੀ ਨਹੀਂ ਕਰ ਰਹੇ? ਗੁਰੂ ਗ੍ਰੰਥ ਦਾ ਸਰਵਪ੍ਰਵਾਣਤ ਸਰੂਪ ਅਦਾਲਤਾਂ ਕਿਸ ਨੂੰ ਮੰਨਣਗੀਆਂ ਅਤੇ ਕਿਵੇਂ ਬੇਅਦਬੀ ਸਾਬਤ ਹੋਵੇਗੀ? ਜਦੋਂ ਗੁਰੂ ਗ੍ਰੰਥ ਵਿਰੋਧੀ ਫਲਸਫੇ ਦੇ ਕਾਨੂੰਨਦਾਨ ਅਣਸੁਣੀਆਂ, ਅਣਹੋਈਆਂ ਦਲੀਲਾਂ ਪੇਸ਼ ਕਰਨਗੇ ਉਦੋਂ ਕਾਟ ਕੌਣ ਕਰੇਗਾ। ਜਿਹੜੇ ਸਾਡੇ ਬਹੁਤ ਕਾਬਲ ਵਕੀਲ ਸਾਹਿਬਾਨ ਸੰਤ ਲੌਂਗੋਵਾਲ ਦੀ Habeas corpus ਅਰਜ਼ੀ ਉੱਤੇ ਸੁਪਰੀਮ ਕੋਰਟ ਕੋਲੋਂ ਰਾਹਤ ਹਾਸਲ ਨਹੀਂ ਕਰ ਸਕੇ, ਕੀ ਉਹ ਕਰਨਗੇ? ਲੌਂਗੋਵਾਲ ਕੇਸ ਵਿੱਚ ਜੱਜ ਨੇ ਮੇਰੇ ਮੋਢੇ ਭਾਰ ਝੱਲਣ ਦੇ ਸਮਰੱਥ ਨਹੀਂ, ਬਹਾਨਾ ਬਣਾਇਆ ਸੀ। ਏਸ ਕਿਸਮ ਦੇ ਤਰਕ ਦੀ ਕੀ ਕਾਨੂੰਨੀ ਕਾਟ ਹੋਵੇਗੀ? 1983 ਵਿੱਚ ਏਸ਼ੀਅਨ ਗੇਮ ਦੰਗਲ ਵੇਖਣ ਜਾਂਦੇ ਸਿੱਖਾਂ ਨੂੰ ਸੁਪਰੀਮ ਕੋਰਟ ਨੇ ਆਖਿਆ ਸੀ ਕਿ ਕੋਈ ਲਿਖਤੀ ਹੁਕਮ ਐਸਾ ਨਹੀਂ ਜਿਸ ਰਾਹੀਂ ਸਿੱਖਾਂ ਦੇ ਤ੍ਰਿਸਕਾਰ ਕਰਨ ਦੀਆਂ ਹਿਦਾਇਤਾਂ ਕੀਤੀਆਂ ਗਈਆਂ ਹਨ। ਇਹ ਪ੍ਰਵਾਨ ਕਰਨਾ ਕਿ ਕਾਨੂੰਨ ਹਰ ਯੁੱਗ ਵਿੱਚ ਮੋਮ ਦੀ ਨੱਕ ਹੁੰਦਾ ਹੈ, ਕਾਨੂੰਨੀ ਸਮਰੱਥਾ ਉੱਤੇ ਟਿੱਪਣੀ ਨਹੀਂ, ਨਾ ਦੇਸ਼ ਦੇ ਕਾਨੂੰਨ ਤੋਂ ਮੁਨਕਰ ਹੋਣਾ ਹੈ ਬਲਕਿ ਏਸ ਹਕੀਕਤ ਨੂੰ ਪ੍ਰਵਾਨ ਕਰਨਾ ਹੈ ਕਿ ਕਾਨੂੰਨ ਦੀਆਂ ਸੀਮਾਵਾਂ ਹੁੰਦੀਆਂ ਹਨ। ਤਕਰੀਬਨ ਹਰ ਮੁਲਕ ਵਿੱਚ ਕਾਨੂੰਨ ਦੇ ਨੱਕ ਵਿੱਚ ਇਕ ਰਾਜ ਕਰਦੀ ਬਹੁਗਿਣਤੀ ਦੇ ਫਲਸਫੇ ਦੀ ਨਕੇਲ ਹੁੰਦੀ ਹੈ ਜਿਸ ਦੀ ਤਸ਼ਰੀਹ ਸਾਡਾ ਸੁਪਰੀਮ ਕੋਰਟ ਵੀ ਗਾਹੇ-ਬਗਾਹੇ ਆਪਣੇ ਫ਼ੈਸਲਿਆਂ ਵਿੱਚ ਕਰ ਚੁੱਕਿਆ ਹੈ। ਬਹੁਗਿਣਤੀ ਦੀ ਮਰਜ਼ੀ ਵਿਰੁੱਧ ਕਾਨੂੰਨ ਲਾਗੂ ਨਾ ਹੋਣ ਕਾਰਣ ਹੀ ਬੰਦੀ ਜੇਲ੍ਹਾਂ ਵਿੱਚ ਦਫ਼ਨ ਹੁੰਦੇ ਹਨ ਅਤੇ ਚਾਰਾਜੋਈਆਂ ਨੂੰ ਫਲ ਨਹੀਂ ਲੱਗਦੇ। ਨੌਂ-ਦੱਸ ਲੱਖ ਲੋਕਾਂ ਦੇ ਚੁਣੇ ਕਸ਼ਮੀਰੀ ਨੁਮਾਇੰਦੇ ਨੂੰ ਲੋਕ ਸਭਾ ਵਿੱਚ ਬੋਲਣ ਦੀ ਇਜਾਜ਼ਤ ਬਾਕਾਇਦਾ ਦਿੱਤੀ ਜਾਂਦੀ ਹੈ ਪਰ ਸਿੱਖ ਨੂੰ ਨਹੀਂ। ਪੁੱਛਣਾ ਬਣਦਾ ਹੈ ਕਿ ਅੱਜ ਗੁਰੂ ਗ੍ਰੰਥ ਨੂੰ ਅਦਾਲਤੀ ਪ੍ਰਕਿਰਿਆ ਵਿੱਚ ਉਲਝਾਉਣ ਲਈ ਜੁਝਦੇ ਜ਼ਹਿਰੀ ਜੋਸ਼ ਨਾਲ ਭਰੇ ਗਿਆਨਵਾਨ 2009 ਦੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਨਵਲੀਨ ਕੌਰ ਵੱਲੋਂ ਸਿੱਖ ਰਹਿਤ ਮਰਿਯਾਦਾ ਨੂੰ ਚੁਣੌਤੀ ਦਿੰਦੇ ਮੁਕੱਦਮੇ ਵਿੱਚ ਫੁੱਲ ਬੈਂਚ ਅੱਗੇ ਸਿੱਖੀ ਦਾ ਪੱਖ ਰੱਖਣ ਲਈ ਕਿਉਂ ਨਾ ਬਹੁੜੇ?

ਨਿਰਦੋਸ਼ ਸਾਧ ਨੂੰ ਤੋਪਾਂ ਦਾ ਧੂੰਆਂ ਕਰਕੇ ਮਸ਼ੀਨਗੰਨਾਂ ਨਾਲ ਕਤਲ ਕੀਤਾ ਜਾ ਸਕਦਾ ਹੈ ਪਰ ਕਤਲ, ਬਲਾਤਕਾਰ ਦੇ ਦੋਸ਼ ਸਾਬਤ ਹੋਣ ਉੱਤੇ ਵੀ ਦੋਸ਼ੀਆਂ ਨੂੰ ਕਾਨੂੰਨਨ ਹਰ ਚੌਥੇ ਮਹੀਨੇ ਪੈਰੋਲ ਦੇ ਕੇ ਸਤਿਕਾਰਿਆ ਵੀ ਜਾ ਸਕਦਾ ਹੈ। ਜਿਹੜੇ ਏਸ ਭੇਤ ਨੂੰ ਨਹੀਂ ਜਾਣਦੇ, ਉਨ੍ਹਾਂ ਨੂੰ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਕਿਸੇ ਨੂੰ ਕੋਈ ਹੱਕ ਨਹੀਂ ਭਾਵੇਂ ਉਹ ਆਪਣੇ-ਆਪ ਨੂੰ ਕਿੰਨੇ ਵੀ ਦੁੱਧ-ਧੋਤੇ ਅਤੇ ਜਜ਼ਬੇ ਵਾਲੇ ਸਮਝਦੇ ਹੋਣ। ਤਰਕ ਦੀਆਂ ਵੀ ਸੀਮਾਵਾਂ ਹੁੰਦੀਆਂ ਹਨ। ਇਹ ਵੀ ਪੁੱਛਣਾ ਬਣਦਾ ਹੈ ਕਿ ਕਾਨੂੰਨ ਦੀ ਕਿਸ ਘਾਟ ਕਾਰਣ 2015 ਵਿੱਚ ਸਿੱਖ ਭਾਵਨਾਵਾਂ ਨੂੰ ਭੜਕਾਉਣ ਦੀ ਕਾਰਵਾਈ ਨੂੰ ਆਇਆ ਗਿਆ ਕੀਤਾ ਜਾ ਰਿਹਾ ਹੈ? ਜਿਨ੍ਹਾਂ ਨੇ ਅੱਡੀਆਂ ਚੁੱਕ ਕੇ ਫਾਹਾ ਲੈਣਾ ਹੈ, ਗੁਰੂ ਗ੍ਰੰਥ ਨੂੰ ਅਦਾਲਤਾਂ ਵਿੱਚ ਰੋਲਣ ਦਾ ਰਾਹ ਖੋਲ੍ਹਣਾ ਹੈ, ਫੋਕਾ ਨਾ-ਕਾਬਲੇ-ਲਾਗੂ ਕਾਨੂੰਨ ਬਣਵਾ ਕੇ ਕਿਸੇ ਖ਼ਾਸ ਸਿਆਸੀ ਤਨਜ਼ੀਮ ਨੂੰ ਵੋਟਾਂ ਬਟੋਰਨ ਦਾ ਮੌਕਾ ਦੇਣਾ ਹੈ, ਉਹ ਇਹ ਨਾ ਸਮਝਣ ਕਿ ਜਨਤਾ ਕੁਝ ਨਹੀਂ ਜਾਣਦੀ।

ਅੱਜ ਬੇਹੂਦਗੀਆਂ, ਬੇਅਦਬੀਆਂ ਦੇ ਦੌਰ ਵਰਤਾਉਣ ਦਾ ਅਸਲ ਕਾਰਣ ਏਹੋ ਹੈ ਕਿ ਗੁਰੂ ਮੰਨਣ ਵਾਲਿਆਂ ਨੂੰ ਸੱਤਾਹੀਣ, ਬੇਬੱਸ ਦਰਸਾ ਕੇ ਗੁਰੂ ਤੋਂ ਬੇਮੁੱਖ ਕੀਤਾ ਜਾਵੇ। ਏਸ ਪ੍ਰਕਿਰਿਆ ਦਾ ਇਕੋ-ਇਕ ਹੱਲ ਇਹ ਹੈ ਕਿ ਸਿਰੋਂ ਪਰ੍ਹੇ ਯਤਨ ਕਰਕੇ ਲੋਕਾਂ ਵਿੱਚ ਗੁਰੂ ਗ੍ਰੰਥ ਦੀ ਸ਼ਾਖ ਨੂੰ ਖੋਰਾ ਨਾ ਲੱਗਣ ਦਿੱਤਾ ਜਾਵੇ ਅਤੇ ਏਸ ਦੇ ਸਰਬ-ਕਲਿਆਣਕਾਰੀ ਫਲਸਫੇ ਤੋਂ ਲਾਭ ਉਠਾਉਣ ਵੱਲ ਮਾਨਵਤਾ ਨੂੰ ਸਾਰੀ ਤਾਕਤ ਲਗਾ ਕੇ ਪ੍ਰੇਰਿਆ ਜਾਵੇ। ਇਤਿਹਾਸ ਦੇ ਸਭ ਕ੍ਰਿਸ਼ਮੇ ਏਸ ਆਧਾਰ ਉੱਤੇ ਹੋਏ ਹਨ ਨਾ ਕਿ ਸਖ਼ਤ ਕਾਨੂੰਨ ਘੜ ਕੇ। ਪੀਰ ਬੁੱਧੂਸ਼ਾਹ ਦੇ ਦਿਲ ਦੇ ਟੁਕੜੇ ਕਲਗੀਧਰ ਅਕਾਲ ਪੁਰਖ ਦੀ ਪਿਆਰ ਦੀ ਇਕ ਨਿਗਾਹ ਲਈ ਜੂਝੇ ਸਨ ਅਤੇ ਇਵੇਂ ਹੀ ਬੰਦਾ ਬਹਾਦਰ ਦੀ ਫ਼ੌਜ ਦੇ 5000 ਨਮਾਜ਼ੀ ਖ਼ਾਲਸਾ ਫ਼ੌਜੀ ਮਾਨਵਤਾ ਪ੍ਰਤੀ ਰਿਣ ਉਤਾਰਨ ਲਈ ਰਣ ਵਿੱਚ ਉੱਤਰੇ ਸਨ, ਨਾ ਕਿ ਕਿਸੇ ਕਾਨੂੰਨ ਦੇ ਬੱਧੇ।

ਉਸ ਦੀ ਕਲਗੀ ਦਾ ਝਲਕਾਰਾ ਅੱਜ ਵੀ ਉਵੇਂ ਹੀ ਸੰਸਾਰ ਨੂੰ ਰੋਸ਼ਨ ਕਰ ਰਿਹਾ ਹੈ ਅਤੇ ਉਸ ਦੇ ਲੱਖਾਂ ਹਜ਼ਾਰਾਂ ਪੁੱਤਰਾਂ ਦਾ ਡੁੱਲ੍ਹਿਆ ਖ਼ੂਨ ਅੱਜ ਵੀ ਮਾਨਵ-ਕਲਿਆਣ ਦਾ ਗਾਡੀ ਰਾਹ ਸਿਰਜ ਰਿਹਾ ਹੈ। ਏਹੋ ਸਿੱਖੀ ਦਾ ਤਾਣ ਹੈ; ਏਹੋ ਸਭ ਦੇ ਮਾਤਾ-ਪਿਤਾ ਅਕਾਲ ਪੁਰਖ ਦੀ ਮਰਜ਼ੀ ਨੂੰ ਲਾਗੂ ਕਰਨ ਲਈ ਮਨੁੱਖਤਾ ਨੂੰ ਪ੍ਰੇਰ ਰਿਹਾ ਹੈ। ਜਿਨ੍ਹਾਂ ਦੀ ਟੇਕ ਵਿਰੋਧੀ ਫਲਸਫੇ ਦੀ ਮਿਹਰਬਾਨੀ ਉੱਤੇ ਹੈ ਉਹ ਅੱਜ ਵੀ ਅਤੇ ਕੱਲ੍ਹ ਵੀ ਖ਼ੁਆਰ ਹੋਣਗੇ: ਲੋਕਾਂ ਦੀ ਹਾਨੀ ਦੇ ਜ਼ਿੰਮੇਵਾਰ ਹੋਣਗੇ। ਗੁਰੂ ਸਭ ਨੂੰ ਸੁਮੱਤ ਬਖ਼ਸ਼ੇ।

**ਗੁਰਤੇਜ ਸਿੰਘ, 4 ਅਪ੍ਰੈਲ 2026**

# ਸਟਾਰਮਰ ਖਾੜੀ ਦੇਸਾ ਦੇ ਦੌਰੇ 'ਤੇ, ਅਮਰੀਕਾ-ਇਰਾਨ ਸੀਜ਼ਫਾਇਰ ਦਾ ਕੀਤਾ ਸਵਾਗਤ

*ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅਮਰੀਕਾ ਅਤੇ ਇਰਾਨ ਦਰਮਿਆਨ ਹੋਏ ਦੋ ਹਫਤਿਆਂ ਦੇ ਸੀਜ਼ਫਾਇਰ ਸਮਝੌਤੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਸ ਨਾਲ ਮੱਧ-ਪੂਰਬ ਖੇਤਰ ਅਤੇ ਦੁਨੀਆ ਭਰ ਵਿੱਚ ਤਣਾਅ ਘਟਣ ਦੀ ਉਮੀਦ ਜਗੀ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਖਾੜੀ ਦੇਸ਼ਾਂ ਦੇ ਦੌਰੇ 'ਤੇ ਰਵਾਨਾ ਹੋਏ ਹਨ, ਜਿੱਥੇ ਉਹ ਖੇਤਰ ਦੇ ਨੇਤਾਵਾਂ ਨਾਲ ਮਿਲ ਕੇ ਇਸ ਸੀਜ਼ਫਾਇਰ ਨੂੰ ਕਾਇਮ ਰੱਖਣ ਅਤੇ ਸ਼ਾਂਤੀ ਪ੍ਰਕਿਰਿਆ ਨੂੰ ਮਜ਼ਬੂਤ ਬਣਾਉਣ ਲਈ ਗੱਲਬਾਤ ਕਰਨਗੇ।*

ਡਾਊਨਿੰਗ ਸਟ੍ਰੀਟ ਵੱਲੋਂ ਜਾਰੀ ਬਿਆਨ ਅਨੁਸਾਰ ਸਟਾਰਮਰ ਆਪਣੇ ਦੌਰੇ ਦੌਰਾਨ



ਖਾੜੀ ਖੇਤਰ ਦੇ ਨੇਤਾਵਾਂ ਨਾਲ ਕੂਟਨੀਤਿਕ ਕੋਸ਼ਿਸ਼ਾਂ 'ਤੇ ਚਰਚਾ ਕਰਨਗੇ ਤਾਂ ਜੋ ਸੀਜ਼ਫਾਇਰ ਨੂੰ ਸਥਾਈ ਸਮਝੌਤੇ ਵਿੱਚ ਤਬਦੀਲ ਕੀਤਾ ਜਾ ਸਕੇ ਅਤੇ ਖੇਤਰ ਵਿੱਚ ਸਥਿਰਤਾ ਕਾਇਮ ਰਹੇ। ਉਹ ਇਸ ਦੌਰੇ ਦੌਰਾਨ ਖੇਤਰ ਵਿੱਚ ਤੈਨਾਤ ਬਰਤਾਨਵੀ ਫੌਜੀ ਜਵਾਨਾਂ ਨਾਲ ਵੀ ਮੁਲਾਕਾਤ ਕਰਨਗੇ। ਪ੍ਰਧਾਨ ਮੰਤਰੀ ਦੇ ਸ਼ੁੱਕਰਵਾਰ ਤੱਕ ਵਾਪਸ ਬਰਤਾਨੀਆ ਆਉਣ ਦੀ ਸੰਭਾਵਨਾ ਹੈ।

ਸਟਾਰਮਰ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਰਾਤੋ-ਰਾਤ ਹੋਇਆ ਇਹ ਸੀਜ਼ਫਾਇਰ ਖੇਤਰ ਅਤੇ ਸੰਸਾਰ ਲਈ ਕੁਝ ਰਾਹਤ ਲਿਆਇਆ ਹੈ ਅਤੇ ਹੁਣ ਸਾਥੀ ਦੇਸ਼ਾਂ ਨਾਲ ਮਿਲ ਕੇ ਇਸ ਨੂੰ ਕਾਇਮ ਰੱਖਣ ਅਤੇ ਇਸ ਨੂੰ ਲੰਬੇ ਸਮੇਂ ਦੇ ਸਮਝੌਤੇ ਵਿੱਚ ਬਦਲਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹੋਰ-ਮੁਜ਼ ਜਲਡੰਡੀ ਨੂੰ ਮੁੜ ਖੋਲ੍ਹਣਾ ਵੀ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਦੁਨੀਆ ਦੀ ਊਰਜਾ ਸਪਲਾਈ ਲਈ ਅਹਿਮ ਰਾਹਦਾਰੀ ਹੈ।

ਦੂਜੇ ਪਾਸੇ ਕਨਜ਼ਰਵੇਟਿਵ ਪਾਰਟੀ ਦੇ ਸੀਨੀਅਰ ਆਗੂ ਜੇਮਸ ਕਲੇਵਰਲੀ ਨੇ ਕਿਹਾ ਹੈ ਕਿ ਇਹ ਸੀਜ਼ਫਾਇਰ ਇਰਾਨ ਲਈ ਇਕ ਮਹੱਤਵਪੂਰਨ ਮੌਕਾ ਹੈ ਕਿ ਉਹ ਆਪਣੀਆਂ ਨੀਤੀਆਂ ਬਾਰੇ ਗੰਭੀਰ ਫੈਸਲੇ ਲਏ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਭਾਈਚਾਰੇ ਦੀ ਪਹਿਲੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਇਰਾਨ ਕਦੇ ਵੀ ਪਰਮਾਣੂ ਹਥਿਆਰ ਪ੍ਰਾਪਤ ਨਾ ਕਰ ਸਕੇ। ਯਾਦ ਰਹੇ ਕਿ ਬਰਤਾਨੀਆ ਨੇ ਹਾਲ ਹੀ ਵਿੱਚ 40 ਤੋਂ ਵੱਧ ਦੇਸ਼ਾਂ ਦੀ ਇਕ ਵਰਚੁਅਲ ਮੀਟਿੰਗ ਦੀ ਮੇਜ਼ਬਾਨੀ ਕੀਤੀ ਸੀ ਜਿਸ ਵਿੱਚ ਜੰਗ ਮਗਰੋਂ ਹੋਰਮੁਜ਼ ਜਲਡੰਡੀ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਇਕ ਗਠਜੋੜ ਬਣਾਉਣ 'ਤੇ ਵਿਚਾਰ ਕੀਤਾ ਗਿਆ ਸੀ। ਇਸ ਦੇ ਨਾਲ ਹੀ ਇਸ ਹਫ਼ਤੇ ਸੈਨਿਕ ਯੋਜਨਾ ਬੰਦੀ ਸਬੰਧੀ ਇਕ ਕਾਨਫਰੰਸ ਵੀ ਕਰਵਾਇਆ ਗਿਆ ਸੀ।

# ਭਾਰਤ ਤੇ ਮੱਧ-ਪੂਰਬ 'ਚ ਫਸੇ ਬਰਤਾਨਵੀ ਨਾਗਰਿਕਾਂ ਬਾਰੇ ਭਾਰਤੀ ਮਜ਼ਦੂਰ ਐਸੋਸੀਏਸ਼ਨ ਨੇ ਜਿਤਾਈ ਚਿੰਤਾ, ਵਿਦੇਸ਼ ਵਿਭਾਗ ਦਾ ਆਇਆ ਜਵਾਬ



ਸੀਤਲ ਸਿੰਘ ਗਿੱਲ

ਲੈਸਟਰ - (ਸੁਖਜਿੰਦਰ ਸਿੰਘ ਢੱਡੇ)- ਭਾਰਤ ਅਤੇ ਮੱਧ-ਪੂਰਬ ਦੇ ਕੁਝ ਖੇਤਰਾਂ ਵਿੱਚ ਫਸੇ ਬਰਤਾਨਵੀ ਨਾਗਰਿਕਾਂ ਬਾਰੇ ਚਿੰਤਾ ਜਤਾਉਣ ਤੋਂ ਬਾਅਦ ਬਰਤਾਨੀਆ ਦੇ ਵਿਦੇਸ਼ ਮਾਮਲੇ ਅਤੇ ਰਾਸ਼ਟਰਮੰਡਲ ਵਿਕਾਸ ਵਿਭਾਗ ਨੇ ਕਿਹਾ ਹੈ ਕਿ ਪ੍ਰਭਾਵਿਤ ਲੋਕਾਂ ਦੀ ਮਦਦ ਕਰਨਾ ਸਰਕਾਰ ਦੀ ਪ੍ਰਾਥਮਿਕਤਾ ਹੈ। ਇਹ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਭਾਰਤੀ ਮਜ਼ਦੂਰ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਅੰਤਰਰਾਸ਼ਟਰੀ ਹਵਾਈ ਯਾਤਰਾ ਵਿੱਚ ਆਈ ਵੱਡੀ ਰੁਕਾਵਟ ਅਤੇ ਹਵਾਈ ਖੇਤਰ ਦੀਆਂ ਪਾਬੰਦੀਆਂ ਕਾਰਨ ਬਰਤਾਨਵੀ ਨਾਗਰਿਕਾਂ ਦੇ ਦੇਸ਼ ਵਾਪਸੀ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਚਿੰਤਾ ਜਤਾਈ।

ਸੰਗਠਨ ਮੁਤਾਬਕ ਇਹ ਮਾਮਲਾ ਬਰਤਾਨੀਆ ਦੀ ਵਿਦੇਸ਼ ਮਾਮਲਿਆਂ ਦੀ ਸਕੱਤਰ ਯਵੇਟ ਕੂਪਰ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ, ਕਿਉਂਕਿ ਕਈ ਪਰਿਵਾਰਾਂ ਨੇ ਸੰਪਰਕ ਕਰਕੇ ਦੱਸਿਆ ਸੀ ਕਿ ਉਨ੍ਹਾਂ ਦੀਆਂ ਵਾਪਸੀ ਵਾਲੀਆਂ ਉਡਾਣਾਂ ਰੱਦ ਹੋ ਗਈਆਂ ਹਨ ਜਾਂ ਕਾਫ਼ੀ ਦੇਰ ਨਾਲ ਚੱਲ ਰਹੀਆਂ ਹਨ। ਖਾਸ ਕਰਕੇ ਪੰਜਾਬੀ ਅਤੇ ਗੁਜਰਾਤੀ ਭਾਈਚਾਰੇ ਨਾਲ ਸਬੰਧਤ ਕਈ ਪਰਿਵਾਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਰਿਸ਼ਤੇਦਾਰ ਭਾਰਤ ਅਤੇ ਮੱਧ-ਪੂਰਬ ਦੇ ਵਿਚਕਾਰਲੇ ਹਵਾਈ ਅੱਡਿਆਂ 'ਤੇ ਫਸੇ ਹੋਏ ਹਨ ਕਿਉਂਕਿ ਅੱਗੇ ਜਾਣ ਵਾਲੀਆਂ ਉਡਾਣਾਂ ਬਹੁਤ ਪ੍ਰਭਾਵਿਤ ਹੋ ਗਈਆਂ ਹਨ।

ਭਾਰਤੀ ਮਜ਼ਦੂਰ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੂੰ ਭੇਜੇ ਗਏ ਲਿਖਤੀ ਜਵਾਬ ਵਿੱਚ ਵਿਦੇਸ਼ ਵਿਭਾਗ ਨੇ ਕਿਹਾ ਕਿ ਇਸ ਖੇਤਰ ਦੀ ਸਥਿਤੀ ਅਜੇ ਵੀ ਅਸਥਿਰ ਹੈ ਅਤੇ ਤੇਜ਼ੀ ਨਾਲ ਬਦਲ ਰਹੀ ਹੈ। ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਅਧਿਕਾਰੀ ਹਾਲਾਤਾਂ 'ਤੇ ਨਿਗਰਾਨੀ ਕਰਦੇ ਹੋਏ ਹਵਾਈ ਕੰਪਨੀਆਂ, ਸਥਾਨਕ ਅਧਿਕਾਰੀਆਂ ਅਤੇ ਅੰਤਰਰਾਸ਼ਟਰੀ ਸਾਥੀਆਂ ਨਾਲ ਮਿਲ ਕੇ ਯਾਤਰਾ ਦੇ ਹੋਰ ਉਪਲਬਧ ਰਸਤੇ ਲੱਭਣ ਲਈ ਕੰਮ ਕਰ ਰਹੇ ਹਨ।

ਵਿਦੇਸ਼ ਵਿਭਾਗ ਨੇ ਵਿਦੇਸ਼ ਵਿੱਚ ਮੌਜੂਦ ਬਰਤਾਨਵੀ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੇ ਸਥਾਨ ਲਈ ਸਰਕਾਰੀ ਯਾਤਰਾ ਸਲਾਹ ਨੂੰ ਨਿਯਮਿਤ ਤੌਰ 'ਤੇ ਦੇਖਦੇ ਰਹਿਣ ਅਤੇ ਆਪਣੀ ਮੌਜੂਦਗੀ ਸਰਕਾਰੀ ਰਿਕਾਰਡ ਵਿੱਚ ਦਰਜ ਕਰਵਾਉਣ ਤਾਂ ਜੋ ਉਨ੍ਹਾਂ ਨੂੰ ਤਾਜ਼ਾ ਜਾਣਕਾਰੀ ਮਿਲ ਸਕੇ। ਵਿਭਾਗ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਤੁਰੰਤ ਦੂਤਾਵਾਸੀ ਸਹਾਇਤਾ ਦੀ ਲੋੜ ਹੈ ਜਾਂ ਬਰਤਾਨੀਆ ਵਾਪਸ ਆਉਣ ਲਈ ਹੋਰ ਯਾਤਰਾ ਦੇ ਰਸਤੇ ਬਾਰੇ ਮਦਦ ਚਾਹੀਦੀ ਹੈ, ਉਹ ਸਰਕਾਰੀ ਚੌਵੀ ਘੰਟੇ ਚੱਲਣ ਵਾਲੀ ਸਹਾਇਤਾ ਸੇਵਾ ਨਾਲ ਸੰਪਰਕ ਕਰ ਸਕਦੇ ਹਨ।

ਇਸ ਮੌਕੇ 'ਤੇ ਭਾਰਤੀ ਮਜ਼ਦੂਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਸੰਗਠਨ ਨੂੰ ਕਈ ਪਰਿਵਾਰਾਂ ਵੱਲੋਂ ਸੰਪਰਕ ਕੀਤਾ ਗਿਆ ਸੀ ਜਿਨ੍ਹਾਂ ਨੇ ਦੱਸਿਆ ਕਿ ਹਵਾਈ ਯਾਤਰਾ ਵਿੱਚ ਆਈ ਰੁਕਾਵਟ ਕਾਰਨ ਉਨ੍ਹਾਂ ਦੇ ਰਿਸ਼ਤੇਦਾਰ ਬਰਤਾਨੀਆ ਵਾਪਸ ਨਹੀਂ ਆ ਸਕ ਰਹੇ। ਉਨ੍ਹਾਂ ਕਿਹਾ ਕਿ ਸੰਗਠਨ ਨੂੰ ਖੁਸ਼ੀ ਹੈ ਕਿ ਵਿਦੇਸ਼ ਵਿਭਾਗ ਨੇ ਇਸ ਮਾਮਲੇ ਦਾ ਜਵਾਬ ਦਿੱਤਾ ਹੈ ਅਤੇ ਉਮੀਦ ਹੈ ਕਿ ਪ੍ਰਭਾਵਿਤ ਨਾਗਰਿਕਾਂ ਨੂੰ ਜਲਦੀ ਮਦਦ ਮਿਲੇਗੀ। ਭਾਰਤੀ ਮਜ਼ਦੂਰ ਐਸੋਸੀਏਸ਼ਨ ਨੇ ਕਿਹਾ ਹੈ ਕਿ ਇਹ ਜਾਣਕਾਰੀ ਜਨਤਕ ਤੌਰ 'ਤੇ ਇਸ ਲਈ ਸਾਂਝੀ ਕੀਤੀ ਗਈ ਹੈ ਤਾਂ ਜੋ ਪ੍ਰਭਾਵਿਤ ਪਰਿਵਾਰਾਂ ਨੂੰ ਉਪਲਬਧ ਸਹਾਇਤਾ ਅਤੇ ਸਰਕਾਰੀ ਮਾਰਗਦਰਸ਼ਨ ਬਾਰੇ ਜਾਣਕਾਰੀ ਮਿਲ ਸਕੇ। ਸੰਗਠਨ ਵੱਲੋਂ ਵਿਦੇਸ਼ ਵਿਭਾਗ ਦੇ ਪੱਤਰ ਦੀ ਕਾਪੀ ਵੀ ਲੋਕਾਂ ਦੀ ਜਾਣਕਾਰੀ ਲਈ ਜਾਰੀ ਕੀਤੀ ਗਈ ਹੈ।

# ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਨੇ ਮੋਹਾਲੀ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ, ਤੁਰੰਤ ਕਾਰਵਾਈ ਦੇ ਦਿੱਤੇ ਹੁਕਮ



*ਲੋਕਾਂ ਦੀਆਂ ਮੁਸਕਿਲਾਂ ਸੁਣਦੇ ਹੋਏ ਮੈਂਬਰ ਪਾਰਲੀਮੈਂਟ ਸ ਮਾਲਵਿੰਦਰ ਸਿੰਘ ਕੰਗ!*

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਆਮ ਆਦਮੀ ਪਾਰਟੀ ਦੇ ਆਗੂ ਅਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਸ: ਮਾਲਵਿੰਦਰ ਸਿੰਘ ਕੰਗ ਨੇ ਮੋਹਾਲੀ ਸਥਿਤ ਬਿਜਲੀ ਵਿਭਾਗ ਦੇ ਮਹਿਮਾਨ ਘਰ ਵਿੱਚ ਆਪਣੇ ਹਲਕੇ ਦੇ ਲੋਕਾਂ ਨਾਲ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਸੁਝਾਵ ਧਿਆਨ ਨਾਲ ਸੁਣੇ। ਇਸ ਮੌਕੇ ਵੱਖ-ਵੱਖ ਪਿੰਡਾਂ ਅਤੇ ਇਲਾਕਿਆਂ ਤੋਂ ਆਏ ਲੋਕਾਂ ਨੇ ਆਪਣੇ ਮਸਲੇ, ਉਮੀਦਾਂ ਅਤੇ ਸੁਝਾਵ ਉਨ੍ਹਾਂ ਦੇ ਸਾਹਮਣੇ ਰੱਖੇ। ਇਸ ਮੌਕੇ ਕੰਗ ਨੇ ਕਿਹਾ ਕਿ ਲੋਕਾਂ ਵੱਲੋਂ ਉਠਾਏ ਹਰ ਮਸਲੇ ਨੂੰ ਗੰਭੀਰਤਾ ਨਾਲ ਸੁਣਿਆ ਗਿਆ ਹੈ ਅਤੇ ਸੰਬੰਧਿਤ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਲਈ ਸਪਸ਼ਟ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਹੱਲ ਯਕੀਨੀ ਬਣਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ।ਉਨ੍ਹਾਂ ਦੱਸਿਆ ਕਿ ਲੋਕਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਨਾਲ ਹਕੀਕਤੀ ਸਮੱਸਿਆਵਾਂ ਦੀ ਜਾਣਕਾਰੀ ਮਿਲਦੀ ਹੈ ਅਤੇ ਉਨ੍ਹਾਂ ਦੇ ਹੱਲ ਲਈ ਠੋਸ ਕਦਮ ਚੁੱਕੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਉਮੀਦਾਂ ਅਤੇ ਭਰੋਸੇ 'ਤੇ ਖਰਾ ਉਤਰਨਾ ਉਨ੍ਹਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਕੰਗ ਨੇ ਇਸ ਮੌਕੇ ਹਾਜ਼ਰ ਹੋਏ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸੱਚਾਈ ਅਤੇ ਹਿੰਮਤ ਨਾਲ ਰੱਖੀਆਂ ਗਈਆਂ ਗੱਲਾਂ ਉਨ੍ਹਾਂ ਲਈ ਬਹੁਤ ਮਹੱਤਵਪੂਰਨ ਹਨ।ਉਨ੍ਹਾਂ ਭਰੋਸਾ ਦਿਵਾਇਆ ਕਿ ਜਦ ਤੱਕ ਉਠਾਏ ਗਏ ਮਸਲਿਆਂ ਦਾ ਹੱਲ ਨਹੀਂ ਹੋ ਜਾਂਦਾ, ਉਹ ਅਰਾਮ ਨਾਲ ਨਹੀਂ ਬੈਠਣਗੇ ਅਤੇ ਲੋਕਾਂ ਨੂੰ ਅਸਲ ਤਬਦੀਲੀ ਮਹਿਸੂਸ ਕਰਵਾਉਣ ਲਈ ਕੰਮ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਲੋਕਾਂ ਦਾ ਭਰੋਸਾ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਇਸ ਭਰੋਸੇ ਨੂੰ ਕਾਇਮ ਰੱਖਣ ਲਈ ਉਹ ਹਰ ਸੰਭਵ ਯਤਨ ਕਰਦੇ ਰਹਿਣਗੇ!

# ਕਾਰ ਲੋਕਾਂ ਉਪਰ ਚੜੀ, 15 ਜਖਮੀ, ਕੁਝ ਦੀ ਹਾਲਤ ਗੰਭੀਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨਿਊ ਇਬੇਰੀਆ, ਲੋਇਸਿਆਨਾ ਵਿੱਚ ਇਕ ਪਰੇਡ ਦੌਰਾਨ ਇਕ ਕਾਰ ਬੇਕਾਬੂ ਹੋ ਕੇ ਲੋਕਾਂ ਉਪਰ ਚੜ ਜਾਣ ਦੇ ਸਿੱਟੇ ਵਜੋਂ 15 ਲੋਕਾਂ ਦੇ ਜਖਮੀ ਹੋ ਜਾਣ ਦੀ ਖਬਰ ਹੈ। ਜਖਮੀਆਂ ਵਿਚੋਂ ਕਈਆਂ ਦੀ ਹਾਲਤ ਗੰਭੀਰ ਹੈ। ਇਹ ਜਾਣਕਾਰੀ ਈਬੇਰੀਆ ਦੇ ਸ਼ੈਰਿਫ ਦਫਤਰ ਨੇ ਦਿੱਤੀ ਹੈ। ਸ਼ੈਰਿਫ ਦੇ ਲੋਕ ਸੰਪਰਕ ਅਫਸਰ ਰੇਬੇਕਾ ਮੇਲਾਨਕੋਨ ਨੇ ਕਿਹਾ ਹੈ ਕਿ ਵਾਹਣ ਦੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਘਟਨਾ ਇਕ ਹਾਦਸਾ ਸੀ। ਘਟਨਾ ਕਾਰਨ ਸ਼ਾਮ ਨੂੰ ਹੋਣ ਵਾਲਾ ਫੈਸਟੀਵਲ ਮਿਊਜਕ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ।

# ਜੰਗ ਦੌਰਾਨ ਪੰਜਾਬ ਦੀ ਆਰਥਿਕਤਾ ਨੂੰ ਮਿਲਿਆ ਡਾਲਰਾਂ ਦਾ ਬੂਸਟਰ

## ਨਿਊਜ਼ ਵਿਸ਼ਲੇਸ਼ਣ

✪ ਮਾਰਚ ਮਹੀਨੇ ਪੰਜਾਬ ਪਹੁੰਚੇ 6,110 ਕਰੋੜ, ਦੋਆਬਾ ਰਿਹਾ ਸਭ ਤੋਂ ਅੱਗੇ

✪ ਜਾਣੋ ਕਿਉਂ ਪ੍ਰਵਾਸੀ ਪੰਜਾਬੀਆਂ ਲਈ ਨਿਵੇਸ਼ ਦਾ ਕੇਂਦਰ ਬਣਿਆ ਪੰਜਾਬ

ਦੁਨੀਆ ਭਰ ਵਿਚ ਚੱਲ ਰਹੀਆਂ ਯੁੱਧ ਵਾਲੀਆਂ ਖਬਰਾਂ, ਆਰਥਿਕ ਤਣਾਅ ਅਤੇ ਭੂ-ਰਾਜਨੀਤਿਕ ਅਸਥਿਰਤਾ ਵਿਚਾਲੇ ਪੰਜਾਬ ਲਈ ਇੱਕ ਅਚਾਨਕ ਆਰਥਿਕ ਵਰਦਾਨ ਬਣ ਗਿਆ ਹੈ। ਡਾਲਰ ਦੀ ਮਜ਼ਬੂਤੀ ਅਤੇ ਰੁਪਏ ਦੇ ਡਿੱਗਣ ਨੇ ਇਥੇ ਵਿਦੇਸ਼ੀ ਮੁਦਰਾ ਦਾ ਬੰਪਰ ਸੀਜ਼ਨ ਲਿਆ ਦਿੱਤਾ ਹੈ। ਖਾਸ ਤੌਰ ਤੇ ਦੋਆਬਾ ਖੇਤਰ (ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਤੇ ਲੁਧਿਆਣਾ ਵਾਲੇ ਇਲਾਕੇ) ਵਿਚ ਐੱਨ. ਆਰ. ਆਈ. ਪੈਸਿਆਂ ਨੇ ਰਿਕਾਰਡ ਤੋੜ ਦਿੱਤਾ ਹੈ। ਇਸ ਮਹੀਨੇ ਰੁਪਇਆ ਡਾਲਰ ਦੇ ਮੁਕਾਬਲੇ 94 ਰੁਪਏ ਤੱਕ ਡਿਗ ਗਿਆ ਹੈ। ਡਾਲਰ ਮਜ਼ਬੂਤ ਹੋਣ ਕਾਰਨ, ਬਾਹਰੋਂ ਭੇਜੇ ਗਏ ਥੋੜ੍ਹੇ ਡਾਲਰਾਂ ਦੇ ਬਦਲੇ ਇੱਥੇ ਜ਼ਿਆਦਾ ਰੁਪਏ ਮਿਲ ਰਹੇ ਹਨ। ਪੰਜਾਬ ਦੀ ਆਰਥਿਕਤਾ ਲਈ ਇਹ ਇੱਕ ਅਜਿਹਾ ਮੌਕਾ ਹੈ ਜਿਸ ਨਾਲ ਲੋਕਲ ਬੈਂਕਿੰਗ, ਰੀਅਲ ਐਸਟੇਟ ਅਤੇ ਛੋਟੀਆਂ ਉਦਯੋਗਾਂ ਨੂੰ ਨਵੀਂ ਊਰਜਾ ਮਿਲ ਰਹੀ ਹੈ।

ਅੰਕੜਿਆਂ ਅਨੁਸਾਰ ਮਾਰਚ ਮਹੀਨੇ ਵਿਚ 20 ਤਾਰੀਖ ਤੱਕ ਪੰਜਾਬ ਵਿਚ 650 ਮਿਲੀਅਨ ਡਾਲਰ ਯਾਨੀ 6,110 ਕਰੋੜ ਰੁਪਏ ਆ ਚੁੱਕੇ ਹਨ। ਇਹ ਰਕਮ ਫਰਵਰੀ ਮਹੀਨੇ ਦੀ 5,296 ਕਰੋੜ ਰੁਪਏ ਤੋਂ 15.4 ਫੀਸਦੀ ਵਧ ਗਈ ਹੈ। ਖਾਸ ਤੌਰ ਤੇ ਜਲੰਧਰ ਅਤੇ ਹੁਸ਼ਿਆਰਪੁਰ ਦੇ ਬੈਂਕਾਂ ਵਿਚ ਇਸ ਵਾਧੇ ਨੂੰ 15 ਫੀਸਦੀ ਤੱਕ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅਪ੍ਰੈਲ ਤੋਂ ਸਤੰਬਰ 2025 ਤੱਕ ਪੰਜਾਬ ਵਿਚ 3.1 ਬਿਲੀਅਨ ਡਾਲਰ ਯਾਨੀ 29,140 ਕਰੋੜ ਰੁਪਏ ਆਏ ਸਨ। ਉਥੇ ਹੀ ਅਕਤੂਬਰ 2025 ਤੋਂ ਮਾਰਚ 2026 ਤੱਕ ਇਹ ਰਕਮ 4 ਬਿਲੀਅਨ ਡਾਲਰ ਯਾਨੀ ਲਗਭਗ 37,600 ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਮਾਰਚ ਦੇ ਆਖਰੀ ਦਿਨਾਂ ਦੇ ਅੰਕੜੇ ਅਜੇ ਜੋੜਨੇ ਬਾਕੀ ਹਨ ਪਰ ਇਸ ਤੋਂ ਪਹਿਲਾਂ ਹੀ ਪਿਛਲੀ ਛਿਮਾਹੀ ਦੇ ਮੁਕਾਬਲੇ ਕੁੱਲ 29 ਫੀਸਦੀ ਤੱਕ ਦੀ ਗ੍ਰੋਥ ਹੋ ਚੁੱਕੀ ਹੈ। ਇਹ ਅੰਕੜੇ ਐੱਸ. ਐੱਲ. ਬੀ. ਸੀ. (ਸਟੇਟ ਲੈਵਲ ਬੈਂਕਰਜ਼ ਕਮੇਟੀ ਪੰਜਾਬ), ਪੀ.ਐੱਨ.ਬੀ. ਐੱਨ. ਆਰ. ਆਈ. ਬੁਲੇਟਿਨ ਅਤੇ ਆਰ.ਬੀ.ਆਈ. ਰੈਮਿਟੈਂਸ ਸਰਵੇਖਣ ਤੋਂ ਲਏ ਗਏ ਹਨ।

ਧਿਆਨ ਖਿੱਚਣ ਵਾਲੀ ਗੱਲ ਇਹ ਹੈ ਕਿ ਅਕਤੂਬਰ ਤੋਂ ਦਸੰਬਰ 2025 ਤੱਕ ਬਾਹਰ ਤੋਂ ਪੈਸਾ ਆਉਣ ਵਿਚ ਹਰ ਮਹੀਨੇ ਸਿਰਫ਼ 2 ਤੋਂ 3 ਫੀਸਦੀ ਗ੍ਰੋਥ ਸੀ। ਪਰ ਜਿਵੇਂ ਹੀ ਡਾਲਰ 90 ਰੁਪਏ ਤੋਂ ਉੱਪਰ ਗਿਆ, ਵਿਦੇਸ਼ ਤੋਂ ਪੈਸਾ ਆਉਣ ਦੀ ਰਫ਼ਤਾਰ ਤੇਜ਼ ਹੋ ਗਈ। ਬੈਂਕਿੰਗ ਐਕਸਪਰਟਾਂ ਦਾ ਮੰਨਣਾ ਹੈ ਕਿ ਇਹ ਟ੍ਰੈਂਡ ਅਜੇ ਜਾਰੀ ਰਹਿ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਰੁਪਏ ਦੀ ਕਮਜ਼ੋਰੀ ਨੇ ਐੱਨ.ਆਰ.ਆਈ.ਆਂ ਲਈ ਭਾਰਤ ਵਿਚ ਨਿਵੇਸ਼ ਨੂੰ ਹੋਰ ਲਾਭਦਾਇਕ ਬਣਾ ਦਿੱਤਾ ਹੈ। ਇਸ ਤੋਂ ਬੈਂਕਾਂ ਵਿਚ ਲਿਕਵਿਡਿਟੀ ਵਧੇਗੀ ਅਤੇ ਲੋਕਲ ਆਰਥਿਕਤਾ ਨੂੰ ਬੂਸਟ ਮਿਲੇਗਾ।"



### ਐੱਨ. ਆਰ. ਈ. ਐੱਫ.ਡੀ. ਵਿਚ ਸਭ ਤੋਂ ਵੱਡਾ ਉਛਾਲ

ਪੰਜਾਬ ਵਿਚ ਦੋ ਪ੍ਰਮੁੱਖ ਬੈਂਕਿੰਗ ਰੁਝਾਨ ਵਿਖਾਈ ਦੇ ਰਹੇ ਹਨ। ਪਹਿਲਾ ਐੱਨ.ਆਰ.ਈ. ਐੱਫ.ਡੀ. (ਨਾਨ ਰੈਜ਼ੀਡੈਂਟ ਐਕਸਟਰਨਲ ਫਿਕਸਡ ਡਿਪਾਜ਼ਿਟ) ਵਿਚ ਤੇਜ਼ੀ ਨਾਲ ਵਾਧਾ ਹੈ। ਮਾਰਚ ਵਿਚ ਇਨ੍ਹਾਂ ਖਾਤਿਆਂ ਵਿਚ ਸਭ ਤੋਂ ਵੱਧ ਪੈਸਾ ਆਇਆ ਹੈ। ਇਹ ਖਾਤੇ ਟੈਕਸ-ਮੁਕਤ ਹਨ, ਜਿਸ ਕਾਰਨ ਐੱਨ.ਆਰ.ਆਈ. ਵਧੇਰੇ ਨਿਵੇਸ਼ ਕਰ ਰਹੇ ਹਨ। ਦੂਜਾ ਰੁਝਾਨ ਥੋਕ ਜਮ੍ਹਾਂ ਰਾਸ਼ੀ ਦਾ ਹੈ। ਜਲੰਧਰ ਅਤੇ ਲੁਧਿਆਣਾ ਵਿਚ 2 ਕਰੋੜ ਰੁਪਏ ਤੋਂ ਵੱਧ ਦੀਆਂ ਜਮ੍ਹਾਂ ਰਕਮਾਂ ਵਿਚ 8 ਫੀਸਦੀ ਦਾ ਵਾਧਾ ਹੋਇਆ ਹੈ। ਇਹ ਦਰਸਾਉਂਦਾ ਹੈ ਕਿ ਵੱਡੇ ਐੱਨ.ਆਰ.ਆਈ. ਨਿਵੇਸ਼ਕ ਸਰਗਰਮ ਹੋ ਗਏ ਹਨ ਅਤੇ ਕਮਜ਼ੋਰ ਰੁਪਏ ਦਾ ਫਾਇਦਾ ਉਠਾ ਰਹੇ ਹਨ।

ਪੰਜਾਬ ਵਿਚ ਕੁੱਲ ਐੱਨ.ਆਰ.ਆਈ. ਡਿਪਾਜ਼ਿਟ ਦਾ 65 ਫੀਸਦੀ ਪੀ.ਐੱਨ.ਬੀ. ਅਤੇ ਐੱਸ. ਬੀ. ਆਈ. ਰੱਖਦੇ ਹਨ। ਪੀ.ਐੱਨ.ਬੀ. ਦੇ ਪੰਜਾਬ ਸਰਕਲ ਵਿਚ ਜਮ੍ਹਾਂ ਰਾਸ਼ੀ ਵਾਧਾ 9 ਫੀਸਦੀ ਦੇ ਟੀਚੇ ਨੂੰ ਪਾਰ ਕਰ ਗਿਆ ਹੈ। ਦਿਹਾਤੀ ਅਤੇ ਸਹਿਕਾਰੀ ਬੈਂਕ ਵੀ ਪਿੱਛੇ ਨਹੀਂ ਹਨ। ਪੰਜਾਬ ਗ੍ਰਾਮੀਣ ਬੈਂਕ ਵਿਚ ਛੋਟੇ ਰੈਮਿਟੈਂਸ ਵਧੇ ਹਨ। 1 ਤੋਂ 5 ਲੱਖ ਰੁਪਏ ਦੇ ਲੈਣ-ਦੇਣ ਵਿਚ 20 ਫੀਸਦੀ ਦਾ ਵਾਧਾ ਹੋਇਆ ਹੈ। ਇਹ ਵਿਦੇਸ਼ਾਂ ਵਿਚ ਕੰਮ ਕਰਨ ਵਾਲੇ ਕਿਰਤੀਆਂ ਤੋਂ ਪ੍ਰਾਪਤ ਪੈਸਾ ਹੈ।

### ਰੈਮਿਟੈਂਸ ਵਧਣ ਦੇ ਤਿੰਨ ਵੱਡੇ ਕਾਰਨ

ਬੈਂਕਿੰਗ ਐਕਸਪਰਟ ਇਸ ਵਾਧੇ ਦੇ ਤਿੰਨ ਮੁੱਖ ਕਾਰਨ ਦੱਸਦੇ ਹਨ। ਪਹਿਲਾ - ਡਾਲਰ ਮਜ਼ਬੂਤ ਹੋਇਆ ਅਤੇ ਰੁਪਇਆ ਕਮਜ਼ੋਰ। ਇਸ ਅੰਤਰ ਕਾਰਨ ਘੱਟ ਡਾਲਰ ਵਿਚ ਭਾਰਤ ਵਿਚ ਜ਼ਿਆਦਾ ਵੈਲਿਊ ਮਿਲ ਰਹੀ ਹੈ। ਪੰਜਾਬ ਦੇ ਐੱਨ.ਆਰ.ਆਈ. ਇਸ ਫਾਇਦੇ ਨੂੰ ਉਠਾ ਰਹੇ ਹਨ। ਦੂਜਾ - ਵਿਆਜ ਦਰਾਂ ਵਧੀਆਂ ਹਨ। ਭਾਰਤ ਵਿਚ ਐੱਨ.ਆਰ.ਆਈ. ਡਿਪਾਜ਼ਿਟ ਉੱਤੇ 6.40 ਫੀਸਦੀ ਤੋਂ 7.20 ਫੀਸਦੀ ਤੱਕ ਵਿਆਜ ਮਿਲ ਰਿਹਾ ਹੈ। ਇਹ ਕੈਨੇਡਾ ਅਤੇ ਯੂ.ਕੇ. ਤੋਂ ਵਧ ਹੈ। ਇਸ ਲਈ ਪੈਸਾ ਭਾਰਤ ਆ ਰਿਹਾ ਹੈ। ਤੀਜਾ ਕਾਰਨ ਰੀਅਲ ਐਸਟੇਟ ਹੈ। ਜਲੰਧਰ ਅਤੇ ਲੁਧਿਆਣਾ ਵਿਚ ਐੱਨ. ਆਰ. ਆਈ. ਨਿਵੇਸ਼ 8 ਫੀਸਦੀ ਵਧਿਆ ਹੈ। ਉਨ੍ਹਾਂ ਨੂੰ ਇਥੇ ਜ਼ਮੀਨ ਅਤੇ ਮਕਾਨ ਸਸਤੇ ਲੱਗ ਰਹੇ ਹਨ। ਪਰ ਇਸ ਦਾ ਨੁਕਸਾਨ ਵੀ ਹੈ। ਪੰਜਾਬ ਦੇ ਕਈ ਪਰਿਵਾਰਾਂ ਉੱਤੇ ਬੋਝ ਵਧਿਆ ਹੈ। ਉਨ੍ਹਾਂ ਦੇ ਬੱਚੇ ਕੈਨੇਡਾ ਅਤੇ ਆਸਟ੍ਰੇਲੀਆ ਵਿਚ ਪੜ੍ਹ ਰਹੇ ਹਨ ਅਤੇ ਉਨ੍ਹਾਂ ਦੀ ਫੀਸ ਇੱਕ ਮਹੀਨੇ ਵਿਚ ਹੀ 10-12 ਫੀਸਦੀ ਤੱਕ ਵੱਧ ਗਈ ਹੈ। ਇਸ ਨਾਲ ਪਰਿਵਾਰਾਂ ਨੂੰ ਵਾਧੂ ਖਰਚਾ ਉਠਾਉਣਾ ਪੈ ਰਿਹਾ ਹੈ।

### ਦੋਆਬਾ ਖੇਤਰ ਵਿਚ ਰਿਕਾਰਡ ਵਾਧਾ

ਸੂਬੇ ਵਿਚ ਸਭ ਤੋਂ ਵੱਧ ਗ੍ਰੋਥ ਦੋਆਬਾ ਖੇਤਰ ਵਿਚ ਦਰਜ ਕੀਤੀ ਗਈ ਹੈ। ਇਥੇ ਮਾਸਿਕ ਗ੍ਰੋਥ ਅਤੇ ਮਾਰਚ 2026 ਵਿਚ ਉਛਾਲ ਇਸ ਤਰ੍ਹਾਂ ਹੈ:

ਜਲੰਧਰ - ਔਸਤ ਮਾਸਿਕ ਗ੍ਰੋਥ 3.20 ਫੀਸਦੀ, ਮਾਰਚ ਵਿਚ 16.50 ਫੀਸਦੀ ਉਛਾਲ

ਹੁਸ਼ਿਆਰਪੁਰ - ਔਸਤ ਮਾਸਿਕ ਗ੍ਰੋਥ 2.80 ਫੀਸਦੀ, ਮਾਰਚ ਵਿਚ 14.20 ਫੀਸਦੀ ਉਛਾਲ

ਲੁਧਿਆਣਾ - ਔਸਤ ਮਾਸਿਕ ਗ੍ਰੋਥ 2.50 ਫੀਸਦੀ, ਮਾਰਚ ਵਿਚ 10.50 ਫੀਸਦੀ ਉਛਾਲ

ਕਪੂਰਥਲਾ - ਔਸਤ ਮਾਸਿਕ ਗ੍ਰੋਥ 3.00 ਫੀਸਦੀ, ਮਾਰਚ ਵਿਚ 13.80 ਫੀਸਦੀ ਉਛਾਲ

ਜਲੰਧਰ ਵਿਚ ਤਾਂ ਔਸਤਨ 3.2 ਫੀਸਦੀ ਮਾਸਿਕ ਗ੍ਰੋਥ ਤੋਂ ਉੱਪਰ ਚੜ੍ਹ ਕੇ ਮਾਰਚ ਵਿਚ 16.5 ਫੀਸਦੀ ਤੱਕ ਪਹੁੰਚ ਗਈ ਹੈ। ਇਸ ਤਰ੍ਹਾਂ ਦੋਆਬਾ ਵਾਲੇ ਖਾਸ ਤੌਰ ਤੇ ਲਾਭ ਉਠਾ ਰਹੇ ਹਨ। ਪੰਜਾਬ ਦੀ ਐੱਨ.ਆਰ.ਆਈ. ਆਬਾਦੀ ਵਿਚ ਦੋਆਬਾ ਖੇਤਰ ਦਾ ਯੋਗਦਾਨ ਬਹੁਤ ਵੱਡਾ ਹੈ। ਇਥੋਂ ਹਜ਼ਾਰਾਂ ਲੋਕ ਕੈਨੇਡਾ, ਯੂ.ਕੇ., ਅਮਰੀਕਾ ਅਤੇ ਆਸਟ੍ਰੇਲੀਆ ਵਿਚ ਰੁਜ਼ਗਾਰ ਤਲਾਸ਼ ਰਹੇ ਹਨ। ਉਨ੍ਹਾਂ ਦੀਆਂ ਭੇਜੀਆਂ ਰਕਮਾਂ ਨੇ ਇਥੇ ਪਰਿਵਾਰਾਂ ਦੀ ਆਰਥਿਕ ਹਾਲਤ ਨੂੰ ਮਜ਼ਬੂਤ ਕੀਤਾ ਹੈ। ਹੁਣ ਇਸ ਵਾਧੇ ਨਾਲ ਬੈਂਕਾਂ ਵਿਚ ਲਿਕਵਿਡਿਟੀ ਵਧੀ ਹੈ ਜਿਸ ਨਾਲ ਲੋਕਲ ਉਦਯੋਗਾਂ, ਖੇਤੀ ਅਤੇ ਨਿਰਮਾਣ ਖੇਤਰ ਨੂੰ ਫਾਇਦਾ ਹੋ ਰਿਹਾ ਹੈ।

ਇਸ ਵਾਧੇ ਨਾਲ ਰੀਅਲ ਐਸਟੇਟ ਮਾਰਕੀਟ ਵੀ ਗਰਮ ਹੋ ਰਹੀ ਹੈ। ਜਲੰਧਰ ਅਤੇ ਲੁਧਿਆਣਾ ਵਿਚ ਐੱਨ.ਆਰ.ਆਈ. ਆਪਣੇ ਘਰ ਵਾਪਸੀ ਲਈ ਜਾਂ ਨਿਵੇਸ਼ ਲਈ ਜ਼ਿਆਦਾ ਖਰੀਦਦਾਰੀ ਕਰ ਰਹੇ ਹਨ। ਇਸ ਨਾਲ ਉਥੇ ਨਵੀਆਂ ਇਮਾਰਤਾਂ, ਸ਼ਾਪਿੰਗ ਮਾਲ ਅਤੇ ਰਿਹਾਇਸ਼ੀ ਪ੍ਰਾਜੈਕਟ ਸ਼ੁਰੂ ਹੋ ਰਹੇ ਹਨ। ਪਰ ਉੱਥੇ ਹੀ ਉਨ੍ਹਾਂ ਪਰਿਵਾਰਾਂ ਲਈ ਚੁਣੌਤੀ ਵੀ ਹੈ ਜਿਨ੍ਹਾਂ ਦੀ ਆਮਦਨ ਵਿਦੇਸ਼ੀ ਰੁਪਏ ਤੇ ਨਿਰਭਰ ਹੈ ਅਤੇ ਖਰਚ ਵੀ ਵਧ ਗਏ ਹਨ। ਬੈਂਕ ਅਧਿਕਾਰੀਆਂ ਨੇ ਦੱਸਿਆ ਕਿ ਇਸ ਟ੍ਰੈਂਡ ਨੂੰ ਬਣਾਈ ਰੱਖਣ ਲਈ ਬਿਹਤਰ ਡਿਜੀਟਲ ਸੇਵਾਵਾਂ ਅਤੇ ਰੈਮਿਟੈਂਸ ਫੈਸਿਲਿਟੀਜ਼ ਤੇ ਧਿਆਨ ਦੇਣਾ ਚਾਹੀਦਾ ਹੈ।

ਪੰਜਾਬ ਲਈ ਇਹ ਡਾਲਰਾਂ ਦਾ ਮੀਂਹ ਇੱਕ ਵਰਦਾਨ ਵਾਂਗ ਹੈ ਜੋ ਖਾਸ ਤੌਰ ਤੇ ਦੋਆਬਾ ਵਾਸੀਆਂ ਦੇ ਬੈਂਕ ਬੈਲੈਂਸ ਨੂੰ ਬੂਸਟ ਕਰ ਰਿਹਾ ਹੈ। ਇਸ ਨਾਲ ਆਉਣ ਵਾਲੇ ਸਮੇਂ ਵਿਚ ਆਰਥਿਕ ਗਤੀਵਿਧੀਆਂ ਵਧਣ ਦੀ ਉਮੀਦ ਹੈ। ਬੈਂਕਾਂ ਵਿਚ ਵਧੀਆ ਲਿਕਵਿਡਿਟੀ ਨਾਲ ਲੋਨਾਂ ਦੀ ਉਪਲਬਧਤਾ ਵਧੇਗੀ ਅਤੇ ਛੋਟੇ ਉਦਯੋਗਾਂ ਨੂੰ ਨਵੀਂ ਊਰਜਾ ਮਿਲੇਗੀ। ਉਥੇ ਹੀ ਰੀਅਲ ਐਸਟੇਟ ਖੇਤਰ ਵਿਚ ਵੀ ਰੁਝਾਨ ਵਧਿਆ ਹੈ ਜਿਸ ਨਾਲ ਨਿਰਮਾਣ ਖੇਤਰ ਵਿਚ ਰੁਜ਼ਗਾਰ ਵਧੇਗਾ। ਪਰ ਇਸ ਨਾਲ ਲੋਕਲ ਮਹਿੰਗਾਈ ਅਤੇ ਆਯਾਤ ਤੇ ਵੀ ਅਸਰ ਪੈ ਸਕਦਾ ਹੈ।



# ਅਮਰੀਕਾ ਵਿਚ ਭਾਰਤੀਆਂ ਲਈ 'ਧਰਮ ਸੰਕਟ'

# 100 ਸਾਲ ਪੁਰਾਣਾ ਨਾਗਰਿਕਤਾ ਕਾਨੂੰਨ ਬਦਲਣ ਦੀ ਤਿਆਰੀ

## ✪ ਜਾਣੋ ਕਿਉਂ ਲਟਕੀ ਪ੍ਰਵਾਸੀ ਭਾਰਤੀਆਂ ਉਪਰ ਤਲਵਾਰ

ਵਾਸ਼ਿੰਗਟਨ-ਅਮਰੀਕਾ ਵਿੱਚ ਰਹਿ ਰਹੇ ਲੱਖਾਂ ਭਾਰਤੀ ਪੇਸ਼ੇਵਰਾਂ ਅਤੇ ਐਚ-1ਬੀ ਵੀਜ਼ਾ ਧਾਰਕਾਂ ਲਈ ਖਤਰੇ ਦੀ ਘੰਟੀ ਵੱਜ ਗਈ ਹੈ। ਅਮਰੀਕੀ ਸੁਪਰੀਮ ਕੋਰਟ ਵਿੱਚ 'ਜਨਮ ਦੇ ਅਧਾਰ 'ਤੇ ਮਿਲਣ ਵਾਲੀ ਨਾਗਰਿਕਤਾ' ਨੂੰ ਲੈ ਕੇ ਚੱਲ ਰਹੀ ਸੁਣਵਾਈ ਨੇ ਭਾਰਤੀ ਭਾਈਚਾਰੇ ਵਿੱਚ ਹਲਚਲ ਮਚਾ ਦਿੱਤੀ ਹੈ। ਜੇਕਰ ਇਹ ਕਾਨੂੰਨ ਬਦਲਦਾ ਹੈ, ਤਾਂ ਅਮਰੀਕਾ ਵਿੱਚ ਪੈਦਾ ਹੋਣ ਵਾਲੇ ਭਾਰਤੀ ਬੱਚਿਆਂ ਨੂੰ ਆਪਣੇ-ਆਪ ਮਿਲਣ ਵਾਲੀ ਅਮਰੀਕੀ ਨਾਗਰਿਕਤਾ ਖਤਮ ਹੋ ਸਕਦੀ ਹੈ। ਯਾਦ ਰਹੇ ਕਿ ਅਮਰੀਕਾ ਵਿੱਚ ਪਿਛਲੇ ਇੱਕ ਸਦੀ ਤੋਂ 'ਜਸ ਸੋਲੀ' ਦਾ ਸਿਧਾਂਤ ਲਾਗੂ ਹੈ, ਜਿਸ ਦਾ ਮਤਲਬ ਹੈ ਕਿ ਅਮਰੀਕੀ ਧਰਤੀ 'ਤੇ ਜਨਮ ਲੈਣ ਵਾਲਾ ਹਰ ਬੱਚਾ ਉੱਥੋਂ ਦਾ ਨਾਗਰਿਕ ਮੰਨਿਆ ਜਾਂਦਾ ਹੈ। ਹੁਣ ਟਰੰਪ ਪ੍ਰਸ਼ਾਸਨ ਇਸ 100 ਸਾਲ ਪੁਰਾਣੇ ਕਾਨੂੰਨ (1898 ਦੇ ਵੋਂਗ ਕਿਮ ਆਰਕ ਫੈਸਲੇ) ਨੂੰ ਚੁਣੌਤੀ ਦੇ ਰਿਹਾ ਹੈ।

ਸਾਲੀਸਿਟਰ ਜਨਰਲ ਜੌਨ ਸਾਊਰ ਨੇ ਅਦਾਲਤ ਵਿੱਚ ਦਲੀਲ ਦਿੱਤੀ ਹੈ ਕਿ ਨਾਗਰਿਕਤਾ ਲਈ ਸਿਰਫ਼ ਜਨਮ ਕਾਫ਼ੀ ਨਹੀਂ, ਸਗੋਂ ਦੇਸ਼ ਪ੍ਰਤੀ "ਸਿੱਧੀ ਅਤੇ ਤੁਰੰਤ ਵਫ਼ਾਦਾਰੀ" ਹੋਣੀ ਚਾਹੀਦੀ ਹੈ, ਜੋ ਕਿ ਅਸਥਾਈ ਵੀਜ਼ੇ (ਐਚ-1ਬੀ) 'ਤੇ ਆਏ ਲੋਕਾਂ ਦੇ ਬੱਚਿਆਂ ਵਿੱਚ ਨਹੀਂ ਹੁੰਦੀ। ਇਸ ਸੰਭਾਵੀ ਫੈਸਲੇ ਦੀ ਸਭ ਤੋਂ ਵੱਧ ਮਾਰ ਭਾਰਤੀਆਂ 'ਤੇ ਪੈਣ ਵਾਲੀ ਹੈ ਕਿਉਂਕਿ 2025 ਦੇ ਅੰਕੜਿਆਂ ਮੁਤਾਬਕ, ਕੁੱਲ ਐਚ-1ਬੀ ਵੀਜ਼ਿਆਂ ਦਾ 72 ਫੀਸਦੀ ਹਿੱਸਾ ਇਕੱਲੇ ਭਾਰਤੀਆਂ ਕੋਲ ਹੈ। ਭਾਰਤੀ ਪੇਸ਼ੇਵਰਾਂ ਨੂੰ ਗ੍ਰੀਨ ਕਾਰਡ ਮਿਲਣ ਵਿੱਚ 10 ਤੋਂ 20 ਸਾਲ ਲੱਗ ਜਾਂਦੇ ਹਨ। ਇਸ ਦੌਰਾਨ ਪੈਦਾ ਹੋਏ ਉਨ੍ਹਾਂ ਦੇ ਬੱਚੇ ਫਿਲਹਾਲ ਅਮਰੀਕੀ ਨਾਗਰਿਕ ਬਣਦੇ ਹਨ, ਪਰ ਨਵੇਂ ਨਿਯਮਾਂ ਨਾਲ ਉਹ 'ਬਿਨਾਂ ਦੇਸ਼' ਜਾਂ ਅਸਥਾਈ ਸਟੇਟਸ ਵਾਲੇ ਬਣ ਕੇ ਰਹਿ ਜਾਣਗੇ। ਐਚ-1ਬੀ ਪਰਿਵਾਰ: ਅੰਦਾਜ਼ਨ 5 ਲੱਖ ਤੋਂ ਵੱਧ ਅਜਿਹੇ ਭਾਰਤੀ ਪਰਿਵਾਰ ਹਨ ਜਿਨ੍ਹਾਂ ਦੇ ਬੱਚਿਆਂ ਦਾ ਭਵਿੱਖ ਇਸ ਫੈਸਲੇ 'ਤੇ ਟਿਕਿਆ ਹੈ।

### ਪ੍ਰਮੁੱਖ ਪ੍ਰਭਾਵ: ਬੱਚਿਆਂ ਅਤੇ ਮਾਪਿਆਂ 'ਤੇ ਕੀ ਅਸਰ ਪਵੇਗਾ ?

ਸਿੱਖਿਆ ਬੱਚਿਆਂ ਨੂੰ ਅਮਰੀਕੀ ਨਾਗਰਿਕਾਂ ਵਾਲੀ ਘੱਟ ਫੀਸ ਨਹੀਂ ਮਿਲੇਗੀ; ਉਨ੍ਹਾਂ ਨੂੰ 'ਵਿਦੇਸ਼ੀ ਵਿਦਿਆਰਥੀ' ਮੰਨਿਆ ਜਾਵੇਗਾ। ਸਰਕਾਰੀ ਸਹੂਲਤਾਂ ਸਕਾਲਰਸ਼ਿਪ, ਸਰਕਾਰੀ ਲੋਨ ਅਤੇ ਸਿਹਤ ਸਹੂਲਤਾਂ ਤੱਕ ਪਹੁੰਚ ਖਤਮ ਹੋ ਸਕਦੀ ਹੈ। ਨੌਕਰੀਆਂ ਫੌਜ ਜਾਂ ਉੱਚ ਸਰਕਾਰੀ ਅਹੁਦਿਆਂ ਲਈ ਨਾਗਰਿਕਤਾ ਦੀ ਸ਼ਰਤ ਹੋਣ ਕਾਰਨ ਰਸਤੇ ਬੰਦ ਹੋ ਜਾਣਗੇ। ਸਪਾਂਸਰਸ਼ਿਪ ਬੱਚੇ ਵੱਡੇ ਹੋ ਕੇ ਆਪਣੇ ਮਾਪਿਆਂ ਨੂੰ ਗ੍ਰੀਨ ਕਾਰਡ ਲਈ ਸਪਾਂਸਰ ਨਹੀਂ ਕਰ ਸਕਣਗੇ।



### 14ਵੀਂ ਸੋਧ ਦੀ ਨਵੀਂ ਵਿਆਖਿਆ

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸੰਵਿਧਾਨ ਦੀ 14ਵੀਂ ਸੋਧ ਵਿੱਚ ਲਿਖਿਆ ਸ਼ਬਦ "ਅਧਿਕਾਰ ਖੇਤਰ ਦੇ ਅਧੀਨ" ਸਿਰਫ਼ ਉਨ੍ਹਾਂ 'ਤੇ ਲਾਗੂ ਹੋਣਾ ਚਾਹੀਦਾ ਹੈ ਜੋ ਪੱਕੇ ਤੌਰ 'ਤੇ ਉੱਥੋਂ ਦੇ ਵਸਨੀਕ ਹਨ। ਉਹ 'ਜਸ ਸੈਂਗੁਇਨਿਸ' ਸਿਧਾਂਤ ਵੱਲ ਵਧਣਾ ਚਾਹੁੰਦੇ ਹਨ, ਜਿੱਥੇ ਬੱਚੇ ਦੀ ਨਾਗਰਿਕਤਾ ਉਸ ਦੇ ਮਾਪਿਆਂ ਦੀ ਨਾਗਰਿਕਤਾ 'ਤੇ ਨਿਰਭਰ ਕਰਦੀ ਹੈ।

### ਵਿਰੋਧ ਅਤੇ ਚੁਣੌਤੀਆਂ

ਇਸ ਕਦਮ ਦਾ ਚੌਤਰਫ਼ਾ ਵਿਰੋਧ ਹੋ ਰਿਹਾ ਹੈ। ਏਸੀਐਲਯੂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦਾ ਕਹਿਣਾ ਹੈ ਕਿ 'ਇਹ ਸੰਵਿਧਾਨ ਦੀ ਮੂਲ ਭਾਵਨਾ ਦੇ ਖਿਲਾਫ਼ ਹੈ। ਅਮਰੀਕੀ ਟੈਕ ਉਦਯੋਗ ਭਾਰਤੀ ਪ੍ਰਤਿਭਾ 'ਤੇ ਨਿਰਭਰ ਹੈ। ਜੇਕਰ ਭਾਰਤੀ ਪੇਸ਼ੇਵਰ ਅਮਰੀਕਾ ਆਉਣਾ ਬੰਦ ਕਰ ਦਿੰਦੇ ਹਨ, ਤਾਂ ਅਮਰੀਕੀ ਆਰਥਿਕਤਾ ਨੂੰ ਵੱਡਾ ਝਟਕਾ ਲੱਗੇਗਾ।' ਇੰਡੀਅਨ ਅਮੈਰੀਕਨ ਫਾਊਂਡੇਸ਼ਨ' ਵਰਗੀਆਂ ਸੰਸਥਾਵਾਂ ਇਸ ਵਿਰੁੱਧ ਲਾਮਬੰਦ ਹੋ ਰਹੀਆਂ ਹਨ। ਸੁਪਰੀਮ ਕੋਰਟ ਦਾ ਇਹ ਇਤਿਹਾਸਕ ਫੈਸਲਾ ਜੂਨ ਜਾਂ ਜੁਲਾਈ 2026 ਤੱਕ ਆਉਣ ਦੀ ਉਮੀਦ ਹੈ। ਇਹ ਫੈਸਲਾ ਤੈਅ ਕਰੇਗਾ ਕਿ ਅਮਰੀਕਾ ਆਪਣੀ 'ਪ੍ਰਵਾਸੀਆਂ ਦੇ ਦੇਸ਼' ਵਾਲੀ ਪਛਾਣ ਬਰਕਰਾਰ ਰੱਖਦਾ ਹੈ ਜਾਂ ਆਪਣੇ ਕਾਨੂੰਨਾਂ ਵਿੱਚ ਵੱਡੀ ਤਬਦੀਲੀ ਕਰਦਾ ਹੈ। ਟਰੰਪ ਪ੍ਰਸ਼ਾਸਨ ਦਾ ਐਗਜ਼ੀਕਿਊਟਿਵ ਆਰਡਰ ਫਿਲਹਾਲ 20 ਜਨਵਰੀ 2025 ਤੋਂ ਬਾਅਦ ਜਨਮ ਲੈਣ ਵਾਲੇ ਬੱਚਿਆਂ 'ਤੇ ਲਾਗੂ ਕਰਨ ਦੀ ਗੱਲ ਕਹਿੰਦਾ ਹੈ, ਪਰ ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਦਾ ਪਰਛਾਵਾਂ ਪੁਰਾਣੇ ਪਰਿਵਾਰਾਂ 'ਤੇ ਵੀ ਪੈ ਸਕਦਾ ਹੈ।

### ਲੁਧਿਆਣਾ ਪੁਲਿਸ 'ਤੇ ਦਰਿੰਦਗੀ ਦੇ ਦੋਸ਼

## ਦੁਕਾਨਦਾਰ ਦੀ ਦਸਤਾਰ ਲਾਹੀ, ਨਾਜ਼ੁਕ ਅੰਗਾਂ 'ਤੇ ਲਾਇਆ ਕਰੰਟ



ਲੁਧਿਆਣਾ-ਦੁੱਗਰੀ ਫੇਜ਼-1 ਦੇ ਇੱਕ ਦੁਕਾਨਦਾਰ ਸਰਬਜੀਤ ਸਿੰਘ ਨੇ ਥਾਣਾ ਡਵੀਜ਼ਨ ਨੰਬਰ 6 ਦੇ ਐੱਸ. ਐੱਚ. ਓ. ਵਿਜੇ ਕੁਮਾਰ ਅਤੇ ਹੋਰ ਮੁਲਾਜ਼ਮਾਂ 'ਤੇ ਹਿਰਾਸਤ ਦੌਰਾਨ ਅਣਮਨੁੱਖੀ ਤਸ਼ੱਦਦ ਕਰਨ ਦੇ ਬੇਹੱਦ ਗੰਭੀਰ ਦੋਸ਼ ਲਗਾਏ ਹਨ। ਪੀੜਤ ਸਰਬਜੀਤ ਸਿੰਘ ਦਾ ਦੋਸ਼ ਹੈ ਕਿ ਪੁਲਿਸ ਨੇ ਉਸ ਨੂੰ ਨੰਗਾ ਕਰਕੇ ਉਸ ਦੇ ਨਾਜ਼ੁਕ ਅੰਗਾਂ ਅਤੇ ਨੱਕ ਵਿੱਚ ਬਿਜਲੀ ਦਾ ਕਰੰਟ ਲਗਾਇਆ। ਇਸ ਕਾਰਨ ਉਸ ਦੀ ਖੱਬੀ ਅੱਖ ਦੀ ਰੌਸ਼ਨੀ 'ਤੇ ਵੀ ਅਸਰ ਪਿਆ ਹੈ। ਪੀੜਤ ਅਨੁਸਾਰ, ਐੱਸ.ਐੱਚ.ਓ. ਨੇ ਉਸ ਦੀ ਦਸਤਾਰ ਉਤਾਰ ਦਿੱਤੀ ਅਤੇ ਕੇਸਾਂ-ਦਾੜ੍ਹੀ ਤੋਂ ਫੜ ਕੇ ਉਸ ਦੀ ਬੇਪੱਤੀ ਕੀਤੀ ਅਤੇ ਲੱਤਾਂ ਮਾਰੀਆਂ। ਸਰਬਜੀਤ ਦਾ ਕਹਿਣਾ ਹੈ ਕਿ ਨਰਾਤਿਆਂ ਕਾਰਨ ਉਸ ਨੇ ਪੁਲਿਸ ਮੁਲਾਜ਼ਮਾਂ ਨੂੰ ਚਿਕਨ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ, ਜਿਸ ਦੀ ਰੰਜਿਸ਼ ਕਾਰਨ ਉਸ ਨੂੰ ਝੂਠੇ ਕੇਸ ਵਿੱਚ ਫਸਾਇਆ ਗਿਆ ਅਤੇ ਕੁੱਟਮਾਰ ਕੀਤੀ ਗਈ। ਥਾਣੇ ਵਿੱਚ ਉਸ ਦੀ ਜੇਬ ਵਿੱਚੋਂ 20,750 ਰੁਪਏ ਅਤੇ ਮੋਬਾਈਲ ਫ਼ੋਨ ਖੋਹਣ ਦੇ ਵੀ ਦੋਸ਼ ਹਨ। ਦੂਜੇ ਪਾਸੇ, ਐੱਸ.ਐੱਚ.ਓ. ਵਿਜੇ ਕੁਮਾਰ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਬਜੀਤ ਅਤੇ ਉਸ ਦਾ ਭਰਾ ਖੁੱਲ੍ਹੇਆਮ ਲੋਕਾਂ ਨੂੰ ਸ਼ਰਾਬ ਪਿਲਾਉਂਦੇ ਹਨ। ਪੁਲਿਸ ਨੇ ਸਿਰਫ਼ ਕਾਨੂੰਨੀ ਕਾਰਵਾਈ ਕੀਤੀ ਹੈ ਅਤੇ ਕੋਈ ਕੁੱਟਮਾਰ ਨਹੀਂ ਕੀਤੀ ਗਈ। ਪੀੜਤ ਵੱਲੋਂ ਲਗਾਏ ਗਏ ਸਾਰੇ ਇਲਜ਼ਾਮ ਝੂਠੇ ਅਤੇ ਮਨਘੜਤ ਹਨ। ਪੀੜਤ ਸਰਬਜੀਤ ਸਿੰਘ ਇਸ ਸਮੇਂ ਲੁਧਿਆਣਾ ਦੇ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਉਸ ਨੇ ਪੁਲਿਸ ਕਮਿਸ਼ਨਰ ਨੂੰ ਲਿਖਤੀ ਸ਼ਿਕਾਇਤ ਦੇ ਕੇ ਇਨਸਾਫ਼ ਦੀ ਗੁਹਾਰ ਲਗਾਈ ਹੈ।

## ਤਿੰਨ ਮਹੀਨਿਆਂ ਬਾਅਦ ਬਹੁੜਿਆ 80 ਮਿਲੀਅਨ ਡਾਲਰ ਲਾਟਰੀ ਦਾ ਜੇਤੂ !

ਵੈਨਕੂਵਰ- (ਮਲਕੀਤ ਸਿੰਘ) - ਕਨੇਡਾ ਦੇ ਸੂਬੇ ਓਨਟਾਰਿਓ ਵਿੱਚ 80 ਮਿਲੀਅਨ ਡਾਲਰ ਦੀ 'ਲਾਟੋ ਮੈਕਸ ਜੈਕਪਾਟ' ਜਿੱਤਣ ਵਾਲਾ ਖੁਸ਼ਕਿਸਮਤ ਵਿਅਕਤੀ ਤਿੰਨ ਮਹੀਨੇ ਬਾਅਦ ਆਪਣੇ ਜੇਤੂ ਹੋਣ ਦਾ ਦਾਅਵਾ ਕਰਨ ਲਈ ਸਾਹਮਣੇ ਆਇਆ ਹੈ ਅਧਿਕਾਰੀਆਂ ਦਾ ਕਹਿਣਾ ਹੈ ਕਿ ਇੰਨੀ ਵੱਡੀ ਰਕਮ ਲੈਣ ਵਿੱਚ ਦੇਰੀ ਹੋਣਾ ਕੋਈ ਅਜੀਬ ਗੱਲ ਨਹੀਂ ਹੈ।ਪ੍ਰਾਪਤ ਜਾਣਕਾਰੀ ਅਨੁਸਾਰ 80 ਮਿਲੀਅਨ ਡਾਲਰ ਦੀ ਲਾਟਰੀ ਟਿਕਟ ਤਿੰਨ ਮਹੀਨੇ ਪਹਿਲਾਂ ਵੇਚੀ ਗਈ ਸੀ। ਮਾਹਿਰਾਂ ਮੁਤਾਬਕ ਵੱਡੇ ਜੈਕਪਾਟ ਜਿੱਤਣ ਵਾਲੇ ਲੋਕ ਅਕਸਰ ਕਾਨੂੰਨੀ ਸਲਾਹ ਲੈਂਦੇ ਹਨ, ਟੈਕਸ ਅਤੇ ਨਿਵੇਸ਼ ਸੰਬੰਧੀ ਯੋਜਨਾਬੰਦੀ ਕਰਦੇ ਹਨ ਅਤੇ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੇ ਵੱਡੇ ਬਦਲਾਵਾਂ ਲਈ ਤਿਆਰੀ ਕਰਦੇ ਹਨ।ਅਧਿਕਾਰੀਆਂ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਦੇਰੀ ਆਮ ਹੈ ਅਤੇ ਜੇਤੂਆਂ ਨੂੰ ਆਪਣੇ ਇਨਾਮ ਦਾ ਦਾਅਵਾ ਕਰਨ ਲਈ ਨਿਰਧਾਰਤ ਸਮਾਂ ਦਿੱਤਾ ਜਾਂਦਾ ਹੈ, ਜਿਸਦੇ ਅੰਦਰ ਉਹ ਆਰਾਮ ਨਾਲ ਆਪਣੇ ਫੈਸਲੇ ਕਰ ਸਕਦੇ ਹਨ।

## ਗੀਤ

–ਡਾ. ਮੁਹਿੰਦਰ ਸਿੰਘ ਰਾਏ



ਰਹਿਣੇ ਸਦਾ ਝੂਲਦੇ ਨਿਸ਼ਾਨ ਸਿੱਖੀ ਦੇ।
ਲਹੂ ਦੀਆਂ ਨੀਹਾਂ 'ਤੇ ਮਕਾਨ ਸਿੱਖੀ ਦੇ।


ਜੰਡ ਨਨਕਾਣੇ, ਜਿੱਥੇ ਸਾਡਾ ਖ਼ੂਨ ਡੁੱਲ੍ਹਿਆ।
ਮਿਰਜ਼ੇ ਵਾਲਾ ਜੰਡ ਹੈ ਤੁਸੀਂ ਨਾ ਭੁੱਲਿਆ।
ਰੋਕਦਾ ਨਰੈਣੂ ਸੀ ਦੀਵਾਨ ਸਿੱਖੀ ਦੇ।
ਰਹਿਣੇ ਸਦਾ ਝੂਲਦੇ ਨਿਸ਼ਾਨ ਸਿੱਖੀ ਦੇ।

ਆਸ਼ਕੀ ਵਿੱਚ ਰਾਂਝੇ ਨੇ ਕੰਨ ਪੜਵਾਏ ਸੀ।
ਪਰ ਸੱਚ ਦਿਆਂ ਆਸ਼ਕਾਂ ਨੇ ਤਨ ਚਰਵਾਏ ਸੀ।
ਚਰਖੜੀ 'ਤੇ ਚੜ੍ਹੇ ਤਰਜਮਾਨ ਸਿੱਖੀ ਦੇ।
ਰਹਿਣੇ ਸਦਾ ਝੂਲਦੇ ਨਿਸ਼ਾਨ ਸਿੱਖੀ ਦੇ।

ਪਰਦੇ ਦੇ ਨਾਇਕ, ਕਾਗਜ਼ ਦੇ ਫੁੱਲ ਨੇ।
ਸਾਡੇ ਅਸਲੀ ਨਾਇਕਾਂ ਦੇ, ਕਦੀ ਨਾ ਤੁਲ ਨੇ।
ਗੁਰੂ ਗੋਬਿੰਦ ਸਿੰਘ ਵਰਗੇ ਨਿਗਾਵਾਨ ਸਿੱਖੀ ਦੇ।
ਰਹਿਣੇ ਸਦਾ ਝੂਲਦੇ ਨਿਸ਼ਾਨ ਸਿੱਖੀ ਦੇ।


ਅਸਲੀ ਸੀ ਜਿੱਤਾਂ ਜੋ ਕੌਮ ਲਈ ਲੜ੍ਹੀਆਂ।
ਰਾਜ, ਤਾਜ, ਜੰਡ ਅਤੇ ਅਸਲੀ ਚਰਖੜੀਆਂ।
ਰਾਏ ਬੰਦ ਬੰਦ ਜਾਵੇ ਕੁਰਬਾਨ ਸਿੱਖੀ ਦੇ।
ਰਹਿਣੇ ਸਦਾ ਝੂਲਦੇ ਨਿਸ਼ਾਨ ਸਿੱਖੀ ਦੇ।
ਲਹੂ ਦੀਆਂ ਨੀਹਾਂ 'ਤੇ ਮਕਾਨ ਸਿੱਖੀ ਦੇ।

* * * * *



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

UK born Jatt Sikh boy aged 26 years old, height 5ft 10' working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.

## ਪੰਜਾਬ ਵਿਚ ਵੱਡੀ ਸਾਜ਼ਿਸ਼ ਨਾਕਾਮ

# ਅੱਧਾ ਕਿਲੋ ਆਈਈਡੀ ਸਣੇ ਨੌਜਵਾਨ ਕਾਬੂ, ਪਾਕਿਸਤਾਨੀ ਸਮਗਲਰਾਂ ਨਾਲ ਜੁੜੇ ਤਾਰ

ਅੰਮ੍ਰਿਤਸਰ-ਪੰਜਾਬ ਪੁਲਿਸ ਨੇ ਸਰਹੱਦੀ ਖੇਤਰ ਵਿੱਚ ਇੱਕ ਵੱਡੀ ਵਾਰਦਾਤ ਹੋਣ ਤੋਂ ਪਹਿਲਾਂ ਹੀ ਟਾਲ ਦਿੱਤੀ ਹੈ। ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਇੱਕ ਨੌਜਵਾਨ ਹਰਮਨ ਸਿੰਘ ਪੁੱਤਰ ਮੇਜਰ ਸਿੰਘ ਪਿੰਡ ਉਮਰਪੁਰਾ ਅਜਨਾਲਾ  ਨੂੰ ਭਾਰੀ ਮਾਤਰਾ ਵਿੱਚ ਵਿਸਫੋਟਕਾਂ ਸਮੱਗਰੀ ਅਤੇ ਹੋਰ ਘਾਤਕ ਸਾਮਾਨ ਸਣੇ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਪੁਲਿਸ ਮੁਤਾਬਕ ਫੜਿਆ ਗਿਆ ਮੁਲਜ਼ਮ ਪਾਕਿਸਤਾਨੀ ਹੈਂਡਲਰਾਂ ਦੇ ਸਿੱਧੇ ਸੰਪਰਕ ਵਿੱਚ ਸੀ।

ਪੁਲਿਸ ਨੇ ਤਲਾਸ਼ੀ ਦੌਰਾਨ ਮੁਲਜ਼ਮ ਕੋਲੋਂ ਹੇਠ ਲਿਖੀ ਸਮੱਗਰੀ ਬਰਾਮਦ ਕੀਤੀ ਹੈ। 530 ਗ੍ਰਾਮ ਆਈ.ਈ.ਡੀ. ਅੱਧਾ ਕਿਲੋ ਤੋਂ ਵੱਧ ਵਿਸਫੋਟਕ। ਧਮਾਕਾ ਕਰਨ ਲਈ ਵਰਤਿਆ ਜਾਣ ਵਾਲਾ ਸਵਿੱਚ, ਵੋਲਟੇਜ ਬੈਟਰੀ, ਬਿਨਾਂ ਨੰਬਰ ਦਾ ਮੋਟਰ ਸਾਈਕਲ ਬਰਾਮਦ ਕੀਤਾ ਹੈ। ਜਾਂਚ ਦੌਰਾਨ ਇਹ ਹੈਰਾਨੀਜਨਕ ਖੁਲਾਸਾ ਹੋਇਆ ਹੈ ਕਿ ਹਰਮਨ ਸਿੰਘ ਪਾਕਿਸਤਾਨ ਸਥਿਤ ਸਮਗਲਰਾਂ ਦੇ ਇਸ਼ਾਰਿਆਂ 'ਤੇ ਕੰਮ ਕਰ ਰਿਹਾ ਸੀ।

ਮੁਲਜ਼ਮ ਨੇ ਫਰਵਰੀ 2026 ਵਿੱਚ ਪਾਕਿਸਤਾਨੀ ਹੈਂਡਲਰਾਂ ਰਾਹੀਂ ਇਹ ਆਈ.ਈ.ਡੀ. ਅਤੇ ਹੋਰ ਸਮੱਗਰੀ ਰਿਸੀਵ ਕੀਤੀ ਸੀ। ਉਹ ਕਿਸੇ ਭੀੜ-ਭੜੱਕੇ ਵਾਲੀ ਥਾਂ ਜਾਂ ਕਿਸੇ ਵੱਡੇ ਨਿਸ਼ਾਨੇ 'ਤੇ ਧਮਾਕਾ ਕਰਨ ਦੀ ਤਿਆਰੀ ਵਿੱਚ ਸੀ, ਪਰ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਹੀ ਪੁਲਿਸ ਨੇ ਉਸ ਨੂੰ ਕਾਬੂ ਕਰ ਲਿਆ।

ਅੰਮ੍ਰਿਤਸਰ ਦਿਹਾਤੀ ਪੁਲਿਸ ਹੁਣ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਕਿ ਹਰਮਨ ਸਿੰਘ ਦੇ ਨਾਲ ਇਸ ਨੈੱਟਵਰਕ ਵਿੱਚ ਹੋਰ ਕੌਣ-ਕੌਣ ਸ਼ਾਮਲ ਹੈ।

**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85

# ਐਡਵੋਕੇਟ ਪਰਮਜੀਤ ਕੌਰ ਲਾਂਡਰਾਂ 'ਸ਼੍ਰੋਮਣੀ ਅਕਾਲੀ ਦਲ' ਵਿੱਚ ਘਰ ਵਾਪਸੀ ਕਰਨਗੇ

## ✪ 'ਪੁਨਰ ਸੁਰਜੀਤ' ਧੜੇ ਨੂੰ ਲਗੇਗਾ ਵੱਡਾ ਝਟਕਾ

ਮੁਹਾਲੀ/ਚੰਡੀਗੜ੍ਹ-ਪੰਜਾਬ ਦੀ ਸਿਆਸਤ ਅਤੇ ਖਾਸ ਕਰਕੇ ਮੁਹਾਲੀ ਜ਼ਿਲ੍ਹੇ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਵੱਡੀ ਮਜ਼ਬੂਤੀ ਮਿਲੀ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਸੀਨੀਅਰ ਆਗੂ ਐਡਵੋਕੇਟ ਪਰਮਜੀਤ ਕੌਰ ਲਾਂਡਰਾਂ ਨੇ ਮੁੜ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਇਹ ਘਟਨਾਕ੍ਰਮ 'ਅਕਾਲੀ ਦਲ ਪੁਨਰ ਸੁਰਜੀਤ' ਲਈ ਇੱਕ ਵੱਡਾ ਸਿਆਸੀ ਝਟਕਾ ਮੰਨਿਆ ਜਾ ਰਿਹਾ ਹੈ, ਕਿਉਂਕਿ ਬੀਬੀ ਲਾਂਡਰਾਂ ਇਸ ਧੜੇ ਦੀਆਂ ਪ੍ਰਮੁੱਖ ਆਗੂਆਂ ਵਿੱਚੋਂ ਇੱਕ ਸਨ।

ਜਾਣਕਾਰੀ ਅਨੁਸਾਰ, ਬੀਬੀ ਪਰਮਜੀਤ ਕੌਰ ਲਾਂਡਰਾਂ ਅੱਜ ਚੰਡੀਗੜ੍ਹ ਸਥਿਤ ਪਾਰਟੀ ਦਫ਼ਤਰ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਵਿੱਚ ਰਸਮੀ ਤੌਰ 'ਤੇ ਵਾਪਸੀ ਕਰਨਗੇ। ਇਸ ਮੌਕੇ ਸਾਬਕਾ ਵਿਧਾਇਕ ਨਰਿੰਦਰ ਕੁਮਾਰ ਸ਼ਰਮਾ, ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਸੁਹਾਣਾ ਅਤੇ ਸਾਧੂ ਸਿੰਘ ਖਲੌਰ ਵਰਗੇ ਦਿੱਗਜ ਆਗੂਆਂ ਨੇ ਉਨ੍ਹਾਂ ਦੀ ਵਾਪਸੀ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਆਪਣੀ ਵਾਪਸੀ ਬਾਰੇ ਗੱਲ ਕਰਦਿਆਂ ਬੀਬੀ ਲਾਂਡਰਾਂ ਨੇ ਸਪੱਸ਼ਟ ਕੀਤਾ ਕਿ ਉਹ ਹਮੇਸ਼ਾ ਅਕਾਲੀ ਵਿਚਾਰਧਾਰਾ ਨਾਲ ਜੁੜੇ ਰਹੇ ਹਨ।



ਉਨ੍ਹਾਂ ਕਿਹਾ: ਕਿ "ਕਈ ਵਾਰ ਕੁਝ ਮੁੱਦਿਆਂ 'ਤੇ ਮਤਭੇਦ ਹੋ ਜਾਂਦੇ ਹਨ, ਪਰ ਮੇਰੀ ਰੂਹ ਅਤੇ ਵਿਚਾਰਧਾਰਾ ਹਮੇਸ਼ਾ ਅਕਾਲੀ ਰਹੀ ਹੈ। ਮੈਂ ਭਵਿੱਖ ਵਿੱਚ ਵੀ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਦੀ ਰਹਾਂਗੀ।"

ਜ਼ਿਕਰਯੋਗ ਹੈ ਕਿ ਬੀਬੀ ਪਰਮਜੀਤ ਕੌਰ ਲਾਂਡਰਾਂ ਪਹਿਲਾਂ ਬੀਬੀ ਜਗੀਰ ਕੌਰ ਦੇ ਕਰੀਬੀ ਮੰਨੇ ਜਾਂਦੇ ਸਨ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਹੀ 'ਅਕਾਲੀ ਦਲ ਪੁਨਰ ਸੁਰਜੀਤ' ਵਿੱਚ ਸ਼ਾਮਲ ਹੋਏ ਸਨ। ਹਾਲਾਂਕਿ, ਪਿਛਲੇ ਕਾਫ਼ੀ ਸਮੇਂ ਤੋਂ ਉਹ ਸਿਆਸੀ ਗਤੀਵਿਧੀਆਂ ਤੋਂ ਦੂਰ ਸਨ, ਪਰ ਹੁਣ ਉਨ੍ਹਾਂ ਦੀ ਮੁੱਖ ਧਾਰਾ ਵਿੱਚ ਵਾਪਸੀ ਨੇ ਮੁਹਾਲੀ ਜ਼ਿਲ੍ਹੇ ਦੇ ਸਿਆਸੀ ਸਮੀਕਰਨ ਬਦਲ ਦਿੱਤੇ ਹਨ।

## ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਬੰਦ ਕਰੇ ਪੁਲੀਸ

# ਸਿਰਫ਼ 'ਸੂਹ' ਦੇ ਆਧਾਰ 'ਤੇ ਦਰਜ ਨਹੀਂ ਹੋਣਗੇ ਕੇਸ : ਹਾਈ ਕੋਰਟ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੁਲੀਸ ਪ੍ਰਣਾਲੀ ਵਿੱਚ ਸੁਧਾਰ ਲਿਆਉਣ ਅਤੇ ਨੌਜਵਾਨਾਂ ਦੇ ਅਧਿਕਾਰਾਂ ਦੀ ਰਾਖੀ ਲਈ ਇੱਕ ਇਤਿਹਾਸਕ ਫੈਸਲਾ ਸੁਣਾਇਆ ਹੈ। ਅਦਾਲਤ ਨੇ ਪੰਜਾਬ ਪੁਲੀਸ ਨੂੰ ਸਖ਼ਤ ਹਦਾਇਤ ਕੀਤੀ ਹੈ ਕਿ ਮਹਿਜ਼ 'ਗੁਪਤ ਜਾਣਕਾਰੀ' (ਸੂਹ) ਜਾਂ ਕਿਸੇ ਸਹਿ-ਮੁਲਜ਼ਮ ਦੇ ਬਿਆਨ ਦੇ ਆਧਾਰ 'ਤੇ ਨੌਜਵਾਨਾਂ ਖਿਲਾਫ਼ ਅਪਰਾਧਿਕ ਮਾਮਲੇ ਦਰਜ ਨਾ ਕੀਤੇ ਜਾਣ।

ਜਸਟਿਸ ਸੰਜੈ ਵਸ਼ਿਸ਼ਟ ਦੀ ਬੈਂਚ ਨੇ ਹਥਿਆਰਾਂ ਦੀ ਬਰਾਮਦਗੀ ਅਤੇ ਹੋਰ ਗੰਭੀਰ ਮਾਮਲਿਆਂ ਵਿੱਚ ਪੁਲੀਸ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕੇ ਹਨ। ਅਦਾਲਤ ਦੇ ਮੁੱਖ ਨੁਕਤੇ ਹੇਠ ਲਿਖੇ ਹਨ:

ਐੱਫ.ਆਈ.ਆਰ. ਦਰਜ ਕਰਨ ਤੋਂ ਪਹਿਲਾਂ ਪੁਲੀਸ ਲਈ ਤੱਥਾਂ ਦੀ ਸਹੀ ਤਸਦੀਕ ਕਰਨਾ ਅਤੇ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕਰਨਾ ਜ਼ਰੂਰੀ ਹੈ।

ਅਦਾਲਤ ਨੇ ਪੁਲੀਸ ਦੇ ਮੌਜੂਦਾ ਕੰਮ ਕਰਨ ਦੇ ਢੰਗ ਦੀ ਤੁਲਨਾ ਬ੍ਰਿਟਿਸ਼ ਕਾਲ (ਬਸਤੀਵਾਦੀ ਯੁੱਗ) ਦੇ ਅਭਿਆਸਾਂ ਨਾਲ ਕੀਤੀ। ਜਸਟਿਸ ਵਸ਼ਿਸ਼ਟ ਨੇ ਕਿਹਾ ਕਿ ਅਜਿਹੇ ਮਨਮਾਨੇ ਢੰਗ, ਜੋ ਅੰਗਰੇਜ਼ਾਂ ਵੱਲੋਂ ਨਾਗਰਿਕਾਂ ਨੂੰ ਫਸਾਉਣ ਲਈ ਵਰਤੇ ਜਾਂਦੇ ਸਨ, ਅੱਜ ਦੀ ਸੰਵਿਧਾਨਕ ਜਮਹੂਰੀਅਤ ਵਿੱਚ ਸਵੀਕਾਰ ਨਹੀਂ ਹਨ।

ਅਦਾਲਤ ਨੇ ਇਸ ਹੁਕਮ ਦੀ ਕਾਪੀ ਪੰਜਾਬ ਦੇ ਡੀ.ਜੀ.ਪੀ. ਨੂੰ ਭੇਜਣ ਦੇ ਹੁਕਮ ਦਿੱਤੇ ਹਨ ਤਾਂ ਜੋ ਇਨ੍ਹਾਂ ਸੁਰੱਖਿਆ ਉਪਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕੀਤਾ ਜਾ ਸਕੇ।

### ਨੌਜਵਾਨਾਂ ਦੇ ਭਵਿੱਖ 'ਤੇ ਚਿੰਤਾ

ਅਦਾਲਤ ਨੇ ਵਿਸ਼ੇਸ਼ ਤੌਰ 'ਤੇ 18 ਤੋਂ 20 ਸਾਲ ਦੇ ਨੌਜਵਾਨਾਂ ਵਿਰੁੱਧ ਦਰਜ ਕੀਤੇ ਜਾ ਰਹੇ ਗੰਭੀਰ ਮਾਮਲਿਆਂ 'ਤੇ ਚਿੰਤਾ ਪ੍ਰਗਟਾਈ। ਹਾਈ ਕੋਰਟ ਨੇ ਕਰੀਬ ਤਿੰਨ ਮਹੀਨੇ ਪਹਿਲਾਂ ਵੀ ਡੀ.ਜੀ.ਪੀ. ਨੂੰ ਅਜਿਹੇ ਮਾਮਲਿਆਂ ਦੀ ਘੋਖ ਕਰਨ ਲਈ ਕਿਹਾ ਸੀ। ਅਦਾਲਤ ਦਾ ਮੰਨਣਾ ਹੈ ਕਿ ਬਿਨਾਂ ਕਿਸੇ ਨਿਰਪੱਖ ਜਾਂਚ ਦੇ ਨੌਜਵਾਨਾਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕਰਨਾ ਉਨ੍ਹਾਂ ਦੇ ਕਰੀਅਰ ਅਤੇ ਜੀਵਨ ਨੂੰ ਬਰਬਾਦ ਕਰ ਸਕਦਾ ਹੈ।

ਅਦਾਲਤ ਨੇ ਸਾਫ਼ ਕਰ ਦਿੱਤਾ ਹੈ ਕਿ ਹੁਣ ਸਿਰਫ਼ ਸਹਿ-ਮੁਲਜ਼ਮ ਦੀ ਉਂਗਲ ਦੇ ਇਸ਼ਾਰੇ 'ਤੇ ਕਿਸੇ ਨੌਜਵਾਨ ਨੂੰ ਅਪਰਾਧੀ ਨਹੀਂ ਬਣਾਇਆ ਜਾ ਸਕਦਾ। ਪੁਲੀਸ ਨੂੰ ਹੁਣ ਕਿਸੇ ਵੀ ਗ੍ਰਿਫ਼ਤਾਰੀ ਜਾਂ ਕੇਸ ਦਰਜ ਕਰਨ ਤੋਂ ਪਹਿਲਾਂ ਠੋਸ ਸਬੂਤ ਜੁਟਾਉਣੇ ਪੈਣਗੇ।


Wishing you all a Happy Vaisakhi
MANAK SOLICITORS
ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
Samir Moftah LL.B (Hons.)
Deputy Head of Employment & Litigation Department
Samir advises on employment law, criminal defence, fare evasion, and litigation. His clear guidance and practical expertise help clients navigate complex cases with confidence. Known for his approachable style, he is dedicated to achieving the best possible results.
Contact Samir today for trusted legal support on telephone 01689 870769 or by email Samir.Moftah@manaksolicitors.co.uk
Biggin Hill I Gravesend I Orpington I Sevenoaks
manaksolicitors.co.uk
01689 870 769
reviewsolicitors
Excellent
Lexcel
Rajbir Singh Manak MA (Hons)
Surinder Singh Manak LLB (Hons)

ਲੰਡਨ ਦੇ ਸਭ ਤੋਂ ਪੁਰਾਣੇ **'ਪੰਜਾਬ ਰੈਸਟੋਰੈਂਟ'**
ਵੱਲੋਂ ਆਪ ਸਭ ਨੂੰ ਵਿਸਾਖੀ ਦੇ ਸ਼ੁਭ ਦਿਹਾੜੇ ਦੀ ਲੱਖ ਲੱਖ ਵਧਾਈ




**ਵਧੀਆ ਅਤੇ ਸੁਆਦਿਸ਼ਟ ਖਾਣਿਆਂ ਲਈ ਪੰਜਾਬੀਆਂ ਦਾ ਸਭ ਤੋਂ ਮਸ਼ਹੂਰ ਰੈਸਟੋਰੈਂਟ**





# Punjab™ 1946

# Distinctive North Indian Cuisine

ਤੁਹਾਡੇ ਆਰਡਰ ਮੁਤਾਬਕ ਅਸੀਂ ਡੱਬਾ
ਬੰਦ ਤਾਜ਼ਾ ਖਾਣਾ ਵੀ ਪਹੁੰਚਾਉਂਦੇ ਹਾਂ

ਤਿੰਨਾਂ ਪੁਸ਼ਤਾਂ ਤੋਂ ਚੱਲ ਰਿਹਾ, ਸਿੱਖਾਂ ਦਾ
ਇੰਗਲੈਂਡ ਵਿੱਚ ਪਹਿਲਾ ਰੈਸਟੋਰੈਂਟ ਹੈ ।

ਆਪ ਸੁਰੱਖਿਅਤ ਰਹੋ ਅਤੇ ਦੂਜਿਆਂ
ਦੀ ਸੁਰੱਖਿਆ ਦਾ ਖਿਆਲ ਰੱਖੋ

Our award-winning menu combines traditional tandoori dishes with our Punjabi specialities to suit all tastes. The 'Acharri Gosht' made with pickled lamb has to be experienced at least once in a lifetime, the classic 'Kadu Pumpkin Sabhji' has a sumptuous mouth watering flavour and you can't miss Grandad's special 'Kali Daal'.




ਅਸੀਂ
ਤੁਹਾਡੀ ਸੇਵਾ
ਲਈ ਸੱਤੇ ਦਿਨ
ਖੁੱਲ੍ਹੇ ਹਾਂ
ਲੰਚ ਅਤੇ ਡਿਨਰ
ਲਈ ਪਧਾਰੋ




Open 7 days for Lunch and Dinner
80 Neal Street Covent Garden WC2H 9PA
Tel 020 7836 9787 020 7240 9979 www.punjab.co.uk

**Covent Garden**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

## -ਮਾਮਲਾ ਪੰਜਾਬ ਬੀਜੇਪੀ ਦਫ਼ਤਰ ਦੇ ਬਾਹਰ ਇੱਕ ਜ਼ੋਰਦਾਰ ਧਮਾਕੇ ਦਾ-

# ਪੁਲਿਸ ਨੇ ਸੁਲਝਾਈ ਗੁੱਥੀ, 5 ਮੁਲਜ਼ਮ ਗ੍ਰਿਫ਼ਤਾਰ; ਪਾਕਿਸਤਾਨ ਤੇ ਯੂਰਪ ਨਾਲ ਜੁੜੇ ਤਾਰ

ਚੰਡੀਗੜ੍ਹ-ਪੰਜਾਬ ਅਤੇ ਚੰਡੀਗੜ੍ਹ ਪੁਲਿਸ ਨੇ ਇੱਕ ਸਾਂਝੇ ਆਪ੍ਰੇਸ਼ਨ ਦੌਰਾਨ ਸੈਕਟਰ 37 ਸਥਿਤ ਭਾਰਤੀ ਜਨਤਾ ਪਾਰਟੀ (ਬੀਜੇਪੀ) ਦੇ ਦਫ਼ਤਰ ਬਾਹਰ ਹੋਏ 'ਗ੍ਰਨੇਡ ਹਮਲੇ' ਦੇ ਮਾਮਲੇ ਨੂੰ ਸੁਲਝਾਉਣ ਦਾ ਦਾਅਵਾ ਕੀਤਾ ਹੈ। ਪੁਲਿਸ ਨੇ ਇਸ ਹਮਲੇ ਵਿੱਚ ਸ਼ਾਮਲ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂ ਕਿ ਦੋ ਮੁੱਖ ਮੁਲਜ਼ਮ ਅਜੇ ਫਰਾਰ ਹਨ।ਪੰਜਾਬ ਦੇ ਕਾਰਜਕਾਰੀ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ?ਇਸ ਮੋਡਿਊਲ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਵੱਲੋਂ ਸਰਪ੍ਰਸਤੀ ਦਿੱਤੀ ਜਾ ਰਹੀ ਸੀ। ਹਮਲੇ ਦੀ ਯੋਜਨਾਬੰਦੀ ਅਤੇ ਨਿਰਦੇਸ਼ ਪੁਰਤਗਾਲ ਅਤੇ ਜਰਮਨੀ ਵਿੱਚ ਬੈਠੇ ਵਿਦੇਸ਼ੀ ਹੈਂਡਲਰਾਂ ਵੱਲੋਂ ਦਿੱਤੇ ਗਏ ਸਨ।



### ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦਾ ਵੇਰਵਾ

ਪੁਲਿਸ ਵੱਲੋਂ ਫੜੇ ਗਏ ਪੰਜ ਮੁਲਜ਼ਮ ਬਲਵਿੰਦਰ ਸਿੰਘ (ਨਵਾਂਸ਼ਹਿਰ), ਜਸਵੀਰ ਸਿੰਘ (ਨਵਾਂਸ਼ਹਿਰ), ਚਰਨਜੀਤ ਸਿੰਘ (ਨਵਾਂਸ਼ਹਿਰ), ਮਨਦੀਪ ਉਰਫ਼ ਅਭੀਜੋਤ ਸ਼ਰਮਾ (ਸੰਗਰੂਰ), ਰੁਬਲ ਚੌਹਾਨ (ਸ਼ਿਮਲਾ) ਹਨ। ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋ ਮੁੱਖ ਮੁਲਜ਼ਮ, ਗੁਰਤੇਜ ਸਿੰਘ ਅਤੇ ਅਮਨਪ੍ਰੀਤ ਸਿੰਘ, ਫਿਲਹਾਲ ਪੁਲਿਸ ਦੀ ਪਕੜ ਤੋਂ ਬਾਹਰ ਹਨ ਅਤੇ ਉਨ੍ਹਾਂ ਦੀ ਭਾਲ ਲਈ ਛਾਪੇਮਾਰੀ ਜਾਰੀ ਹੈ।

### ਕਿਵੇਂ ਹੋਈ ਗ੍ਰਿਫ਼ਤਾਰੀ ਅਤੇ ਕੀ ਹੋਇਆ ਬਰਾਮਦ ?

ਏਆਈਜੀ ਦੀਪਕ ਪਾਰਿਕ ਮੁਤਾਬਕ, ਇਹ ਨੈੱਟਵਰਕ ਬਹੁਤ ਗੁੰਝਲਦਾਰ ਸੀ। ਹਥਿਆਰ ਅਤੇ ਗ੍ਰਨੇਡ ਕਈ "ਕਟਆਊਟ" (ਵੱਖ-ਵੱਖ ਹੱਥਾਂ) ਰਾਹੀਂ ਹਮਲਾਵਰਾਂ ਤੱਕ ਪਹੁੰਚਾਏ ਗਏ ਸਨ। ਪੁਲਿਸ ਨੇ ਮੁਲਜ਼ਮਾਂ ਕੋਲੋਂ ਇੱਕ ਗ੍ਰਨੇਡ ਅਤੇ ਹੋਰ ਹਥਿਆਰ ਬਰਾਮਦ ਕੀਤੇ ਹਨ। ਮੁਹਾਲੀ ਦੇ SSOC ਥਾਣੇ ਵਿੱਚ ਆਰਮਜ਼ ਐਕਟ ਅਤੇ ਭੰਨ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

### ਘਟਨਾ ਦਾ ਪਿਛੋਕੜ

ਜ਼ਿਕਰਯੋਗ ਹੈ ਕਿ 1 ਅਪ੍ਰੈਲ 2026 ਨੂੰ ਸ਼ਾਮ ਕਰੀਬ 5 ਵਜੇ ਚੰਡੀਗੜ੍ਹ ਦੇ ਸੈਕਟਰ 37 ਸਥਿਤ ਪੰਜਾਬ ਬੀਜੇਪੀ ਦਫ਼ਤਰ ਦੇ ਬਾਹਰ ਇੱਕ ਜ਼ੋਰਦਾਰ ਧਮਾਕਾ ਹੋਇਆ ਸੀ। ਇਸ ਧਮਾਕੇ ਕਾਰਨ ਉੱਥੇ ਖੜ੍ਹੇ ਵਾਹਨਾਂ ਨੂੰ ਨੁਕਸਾਨ ਪਹੁੰਚਿਆ ਸੀ ਅਤੇ ਕੰਧਾਂ 'ਤੇ ਛਰਿਆਂ ਦੇ ਨਿਸ਼ਾਨ ਪੈ ਗਏ ਸਨ। ਇਸ ਘਟਨਾ ਤੋਂ ਬਾਅਦ ਸਿਆਸੀ ਹਲਕਿਆਂ ਵਿੱਚ ਕਾਫ਼ੀ ਹਲਚਲ ਮਚ ਗਈ ਸੀ ਅਤੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਚੁੱਕੇ ਗਏ ਸਨ।

# ਇਸ ਵਾਰ ਇੰਗਲੈਂਡ ਦੇ ਸਹਿਰ ਲੈਸਟਰ ਵਿੱਚ 6 ਤੋਂ 12 ਅਪ੍ਰੈਲ ਤੱਕ ਮਨਾਇਆ ਜਾ ਰਿਹਾ 'ਰਾਸ਼ਟਰੀ ਸਮੋਸਾ ਹਫ਼ਤਾ'



ਰੁਮੇਲ ਗੁਲਜਾਰ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਦੁਨੀਆ ਭਰ ਵਿੱਚ ਪ੍ਰਸਿੱਧ ਭਾਰਤੀ ਨਾਸ਼ਤਾ ਸਮੋਸੇ ਨੂੰ ਸਮਰਪਿਤ 'ਰਾਸ਼ਟਰੀ ਸਮੋਸਾ ਹਫ਼ਤਾ' ਇਸ ਸਾਲ 6 ਤੋਂ 12 ਅਪ੍ਰੈਲ ਤੱਕ ਮਨਾਇਆ ਜਾ ਰਿਹਾ ਹੈ। ਹਰ ਸਾਲ ਮਨਾਏ ਜਾਣ ਵਾਲੇ ਇਸ ਵਿਸ਼ੇਸ਼ ਹਫ਼ਤੇ ਦਾ ਮਕਸਦ ਲੋਕਾਂ ਨੂੰ ਇਸ ਸੁਆਦਲੇ ਨਾਸ਼ਤੇ ਦਾ ਆਨੰਦ ਮਾਣਦੇ ਹੋਏ ਇਸ ਨਾਲ ਜੁੜੀ ਸੱਭਿਆਚਾਰਕ ਵਿਰਾਸਤ ਅਤੇ ਰਸੋਈ ਪਰੰਪਰਾ ਨੂੰ ਉਜਾਗਰ ਕਰਨ ਲਈ ਪ੍ਰੇਰਿਤ ਕਰਨਾ ਹੈ। ਇਸ ਮੌਕੇ ਦੁਨੀਆ ਦੇ ਕਈ ਦੇਸ਼ਾਂ ਵਿੱਚ ਰਹਿੰਦੇ ਭਾਰਤੀ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਵੱਲੋਂ ਵੱਖ-ਵੱਖ ਢੰਗਾਂ ਨਾਲ ਇਸ ਦਿਹਾੜੇ ਨੂੰ ਮਨਾਇਆ ਜਾ ਰਿਹਾ ਹੈ। ਇਸ ਹਫ਼ਤੇ ਦੌਰਾਨ ਲੋਕਾਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਮਨਪਸੰਦ ਸਮੋਸੇ ਖਾਣ, ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਸਾਂਝੇ ਕਰਨ ਅਤੇ ਇਸ ਨਾਸ਼ਤੇ ਦੇ ਵੱਖ-ਵੱਖ ਸਵਾਦਾਂ ਦਾ ਆਨੰਦ ਮਾਣਣ। ਕਈ ਲੋਕ ਘਰਾਂ ਵਿੱਚ ਖੁਦ ਸਮੋਸੇ ਤਿਆਰ ਕਰਦੇ ਹਨ, ਜਦਕਿ ਕਈ ਸਥਾਨਕ ਖਾਣ-ਪੀਣ ਵਾਲੀਆਂ ਦੁਕਾਨਾਂ ਜਾਂ ਭੋਜਨਾਲਿਆਂ ਤੋਂ ਲੈ ਕੇ ਇਸ ਸੁਆਦਲੇ ਨਾਸ਼ਤੇ ਦਾ ਲੁਤਫ਼ ਲੈਂਦੇ ਹਨ। ਇਸ ਨਾਲ ਸਥਾਨਕ ਕਾਰੋਬਾਰਾਂ ਨੂੰ ਵੀ ਉਤਸ਼ਾਹ ਮਿਲਦਾ ਹੈ ਅਤੇ ਖਾਣ-ਪੀਣ ਦੀ ਪਰੰਪਰਾ ਨਾਲ ਜੁੜੀਆਂ ਛੋਟੀਆਂ ਦੁਕਾਨਾਂ ਨੂੰ ਸਮਰਥਨ ਪ੍ਰਾਪਤ ਹੁੰਦਾ ਹੈ।ਇਸ ਮੌਕੇ ਲੋਕਾਂ ਨੂੰ ਆਪਣੇ ਤਿਆਰ ਕੀਤੇ ਜਾਂ ਖਰੀਦੇ ਸਮੋਸਿਆਂ ਦੀਆਂ ਤਸਵੀਰਾਂ ਖਿੱਚ ਕੇ ਸਮਾਜਿਕ ਮਾਧਿਅਮਾਂ 'ਤੇ ਸਾਂਝੀਆਂ ਕਰਨ ਲਈ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਸਾਂਝਾਂ ਰਾਹੀਂ ਲੋਕ ਆਪਣੇ ਤਜਰਬੇ ਇਕ-ਦੂਜੇ ਨਾਲ ਸਾਂਝੇ ਕਰਦੇ ਹਨ ਅਤੇ ਇਹ ਵੀ ਦਰਸਾਉਂਦੇ ਹਨ ਕਿ ਸਮੋਸਾ ਸਿਰਫ਼ ਇੱਕ ਸਧਾਰਣ ਨਾਸ਼ਤਾ ਹੀ ਨਹੀਂ, ਸਗੋਂ ਵੱਖ-ਵੱਖ ਸਭਿਆਚਾਰਾਂ ਨੂੰ ਜੋੜਨ ਵਾਲਾ ਸੁਆਦਲਾ ਭੋਜਨ ਵੀ ਹੈ। ਕਈ ਥਾਵਾਂ 'ਤੇ ਲੋਕ ਨਵੇਂ ਤਰੀਕਿਆਂ ਨਾਲ ਸਮੋਸੇ ਤਿਆਰ ਕਰਕੇ ਵੀ ਆਪਣੀ ਰਚਨਾਤਮਕਤਾ ਦਿਖਾਉਂਦੇ ਹਨ। ਜ਼ਿਕਰਯੋਗ ਹੈ ਕਿ 'ਰਾਸ਼ਟਰੀ ਸਮੋਸਾ ਹਫ਼ਤਾ' ਦੀ ਸ਼ੁਰੂਆਤ ਇੰਗਲੈਂਡ ਦੇ ਸ਼ਹਿਰ ਲੈਸਟਰ ਵਿੱਚ ਰਹਿਣ ਵਾਲੇ ਰੋਮੇਲ ਗੁਲਜ਼ਾਰ ਵੱਲੋਂ ਕੀਤੀ ਗਈ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਜਦੋਂ ਦੁਨੀਆ ਵਿੱਚ ਵੱਖ-ਵੱਖ ਭੋਜਨਾਂ ਲਈ ਖਾਸ ਦਿਨ ਜਾਂ ਹਫ਼ਤੇ ਮਨਾਏ ਜਾਂਦੇ ਹਨ ਤਾਂ ਸਮੋਸੇ ਵਰਗੇ ਪ੍ਰਸਿੱਧ ਨਾਸ਼ਤੇ ਨੂੰ ਵੀ ਉਹ ਮਾਣ ਮਿਲਣਾ ਚਾਹੀਦਾ ਹੈ ਜਿਸ ਦਾ ਇਹ ਹੱਕਦਾਰ ਹੈ। ਉਨ੍ਹਾਂ ਦੀ ਇਸ ਸੋਚ ਤੋਂ ਪ੍ਰੇਰਿਤ ਹੋ ਕੇ ਇਹ ਉਪਰਾਲਾ ਸ਼ੁਰੂ ਕੀਤਾ ਗਿਆ, ਜੋ ਅੱਜ ਕਈ ਦੇਸ਼ਾਂ ਵਿੱਚ ਲੋਕਾਂ ਦੀ ਭਾਗੀਦਾਰੀ ਨਾਲ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਸਮੋਸਾ ਦੱਖਣੀ ਏਸ਼ੀਆਈ ਭੋਜਨ ਸੰਸਕ੍ਰਿਤੀ ਦਾ ਇੱਕ ਅਹਿਮ ਹਿੱਸਾ ਹੈ ਅਤੇ ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਨੇਪਾਲ ਸਮੇਤ ਕਈ ਦੇਸ਼ਾਂ ਵਿੱਚ ਇਹ ਬਹੁਤ ਪ੍ਰਸਿੱਧ ਹੈ। ਵਿਦੇਸ਼ਾਂ ਵਿੱਚ ਵੱਸਦੇ ਭਾਰਤੀ ਅਤੇ ਪੰਜਾਬੀ ਭਾਈਚਾਰੇ ਨੇ ਵੀ ਇਸ ਨਾਸ਼ਤੇ ਨੂੰ ਖਾਸ ਪਛਾਣ ਦਿੱਤੀ ਹੈ। ਲੈਸਟਰ ਵਰਗੇ ਸ਼ਹਿਰਾਂ ਵਿੱਚ, ਜਿੱਥੇ ਦੱਖਣੀ ਏਸ਼ੀਆਈ ਭਾਈਚਾਰੇ ਦੀ ਵੱਡੀ ਗਿਣਤੀ ਵੱਸਦੀ ਹੈ, ਸਮੋਸਾ ਸਥਾਨਕ ਭੋਜਨ ਸੰਸਕ੍ਰਿਤੀ ਦਾ ਵੀ ਇੱਕ ਅਹਿਮ ਹਿੱਸਾ ਬਣ ਚੁੱਕਾ ਹੈ।ਭੋਜਨ ਪ੍ਰੇਮੀਆਂ ਦਾ ਕਹਿਣਾ ਹੈ ਕਿ ਸਮੋਸਾ ਸਿਰਫ਼ ਸੁਆਦ ਹੀ ਨਹੀਂ, ਸਗੋਂ ਲੋਕਾਂ ਨੂੰ ਇਕੱਠੇ ਬੈਠ ਕੇ ਭੋਜਨ ਸਾਂਝਾ ਕਰਨ ਦੀ ਪ੍ਰੇਰਣਾ ਵੀ ਦਿੰਦਾ ਹੈ। ਪਰਿਵਾਰਕ ਮਿਲਣ-ਜੁਲਣ, ਸਮਾਜਿਕ ਸਮਾਗਮਾਂ ਅਤੇ ਖੁਸ਼ੀ ਦੇ ਮੌਕਿਆਂ 'ਤੇ ਸਮੋਸਾ ਅਕਸਰ ਮੁੱਖ ਨਾਸ਼ਤੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਹਫ਼ਤੇ ਦੇ ਮੌਕੇ ਤੇ ਆਯੋਜਕਾਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਸੁਆਦਲੇ ਨਾਸ਼ਤੇ ਦਾ ਆਨੰਦ ਮਾਣਦੇ ਹੋਏ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਇਸ ਦੀ ਖੁਸ਼ੀ ਸਾਂਝੀ ਕਰਨ। ਇਸ ਤਰ੍ਹਾਂ ਦੇ ਉਪਰਾਲੇ ਨਾ ਸਿਰਫ਼ ਖਾਣ-ਪੀਣ ਦੀ ਪਰੰਪਰਾ ਨੂੰ ਉਤਸ਼ਾਹਿਤ ਕਰਦੇ ਹਨ, ਸਗੋਂ ਵੱਖ-ਵੱਖ ਭਾਈਚਾਰਿਆਂ ਵਿਚਕਾਰ ਸਾਂਝ ਅਤੇ ਸੱਭਿਆਚਾਰਕ ਸਮਝ ਨੂੰ ਵੀ ਮਜ਼ਬੂਤ ਬਣਾਉਂਦੇ ਹਨ।

# ਦੀਵਾਲੀ ਵਿੱਚ ਕਰਵਾਇਆ ਗਿਆ ਤਿੰਨ ਦਿਨਾਂ ਸੰਤ ਅਤੇ ਕੀਰਤਨ ਸਮਾਗਮ, ਪੰਥਕ ਵਿਦਵਾਨ ਭਗਵਾਨ ਸਿੰਘ ਜੌਹਲ ਨੇ ਦਸ਼ਮੇਸ਼ ਪਿਤਾ ਜੀ ਦੇ ਇਤਿਹਾਸ ਨਾਲ ਜੋੜਿਆ



ਜੰਡਿਆਲਾ ਮੰਜਕੀ-ਜੰਡਿਆਲਾ ਮੰਜਕੀ-ਜਲੰਧਰ ਰੋਡ ਤੇ ਸਥਿਤ ਪਿੰਡ ਦੀਵਾਲੀ ਦੇ ਗੁਰਦੁਆਰਾ ਸਿੰਘ ਸਭਾ ਵਿੱਚ ਸਮੂਹ ਸੰਗਤਾਂ ਅਤੇ ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ ਸੰਤ ਅਤੇ ਕੀਰਤਨ ਸਮਾਗਮ ਕਰਵਾਏ ਗਏ। ਪ੍ਰਸਿੱਧ ਕੀਰਤਨੀ ਭਾਈ ਦਵਿੰਦਰ ਸਿੰਘ ਸੋਢੀ ਦੀਵਾਲੀ ਵਾਲਿਆਂ ਦੀ ਦੇਖ ਰੇਖ ਹੇਠ ਗੁਰੂ ਤੇਗ ਬਹਾਦਰ ਸਾਹਿਬ ਅਤੇ ਭਗਤ ਧੰਨਾ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਇਹਨਾਂ ਸਮਾਗਮਾਂ ਵਿੱਚ ਭਾਈ ਕੁਲਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ,ਭਾਈ ਨਰਿੰਦਰ ਸਿੰਘ ਸੋਢੀ, ਬਾਬਾ ਗੁਰਦਿਆਲ ਸਿੰਘ ਮਨਸੂਰਵਾਲ ਵਾਲੇ,ਬਾਬਾ ਲਾਲ ਸਿੰਘ ਪਿਹੋਵਾ ਵਾਲੇ, ਗਿਆਨੀ ਜਸਵੰਤ ਸਿੰਘ, ਬਾਬਾ ਕਰਨੈਲ ਸਿੰਘ ਨਾਨਕਸਰ,ਢਾਡੀ ਇਕਬਾਲ ਸਿੰਘ ਬੈਂਸ, ਢਾਡੀ ਇੰਦਰਜੀਤ ਸਿੰਘ ਸ਼ੇਰਗਿੱਲ ਆਦਿ ਦੇ ਜਥਿਆਂ ਨੇ ਦੋ ਦਿਨ ਦੇ ਦੀਵਾਨਾਂ ਵਿੱਚ ਹਾਜ਼ਰੀਆਂ ਭਰੀਆਂ। ਅਖੀਰਲੇ ਰਾਤਰੀ ਦੀਵਾਨਾਂ ਵਿੱਚ ਪੰਥ ਦੇ ਪ੍ਰਸਿੱਧ ਬੁਲਾਰੇ ਅਤੇ ਵਿਦਵਾਨ ਭਗਵਾਨ ਸਿੰਘ ਜੌਹਲ ਨੇ ਸੰਗਤਾਂ ਨੂੰ ਦਸ਼ਮੇਸ਼ ਪਿਤਾ ਜੀ ਦੇ ਗੁਰ ਇਤਿਹਾਸ ਨਾਲ ਜੋੜਿਆ। ਸੰਤ ਰਵਿੰਦਰ ਸਿੰਘ ਜੋਨੀ ਨੇ ਨਿਰੋਲ ਗੁਰਬਾਣੀ ਕੀਰਤਨ ਅਤੇ ਧਾਰਨਾ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ। ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਅਤੇ ਆਏ ਜਥਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਿਰਵੈਰ ਸਿੰਘ ਡੈਅਰੀ ਵਾਲੇ, ਬਲਦੇਵ ਸਿੰਘ ਦੇਬਾ, ਹਰਿੰਦਰ ਸਿੰਘ ਬਿੱਟੂ ਸ਼ਾਹ, ਸੁਖਵਿੰਦਰ ਸਿੰਘ ਧਾਲੀਵਾਲ, ਮਨੀ ਸਿੰਘ ਧਾਲੀਵਾਲ, ਗੁਰਦੀਪ ਸਿੰਘ ਜੰਡਿਆਲੀ, ਰਛਪਾਲ ਸਿੰਘ ਪਾਲਾ, ਗੁਰਨਾਮ ਸਿੰਘ ਮਛਿਆਣਾ, ਬਿੰਦਰ ਸਿੰਘ, ਮੇਜਰ ਸਿੰਘ, ਗੁਰਦੇਵ ਸਿੰਘ ਦੀਵਾਲੀ, ਫਤਿਹਜੀਤ ਸਿੰਘ, ਸੁਖਵਿੰਦਰ ਸਿੰਘ ਜੰਡਿਆਲਾ, ਸੁਖਵਿੰਦਰ ਸਿੰਘ ਸੁੱਖੀ ਅਤੇ ਪਤਵੰਤੇ ਵੀ ਹਾਜ਼ਰ ਸਨ॥ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਹੁਰਾਂ ਨੂੰ ਸਨਮਾਨਿਤ ਕਰਦੇ ਹੋਏ ਬਾਬਾ ਰਵਿੰਦਰ ਸਿੰਘ ਜੋਨੀ, ਦਵਿੰਦਰ ਸਿੰਘ ਸੋਢੀ ਅਤੇ ਸਮੂਹ ਪ੍ਰਬੰਧਕ। ਬਾਬਾ ਰਵਿੰਦਰ ਸਿੰਘ ਜੋਨੀ ਦੇ ਜੱਥੇ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ।

# ਈਰਾਨ ਵਲੋਂ ਤੇਲ ਦੀ ਨਾਕਾਬੰਦੀ: ਕੀ ਹੋਰਮੁਜ਼ ਜਲਡਮਰੂ ਅਮਰੀਕੀ ਬਾਦਸ਼ਾਹੀ ਦੀ ਹੋਂਦ ਲਈ ਚੈਲਿੰਜ ਹੈ ?

## ਨਿਊਜ਼ ਸਟੋਰੀ ✪ ਕੀ ਪੈਟਰੋ-ਡਾਲਰ ਦਾ ਅੰਤ ਹੋ ਜਾਵੇਗਾ ✪ ਕੀ ਮੱਧ-ਪੂਰਬ ਦੀ ਜੰਗ ਵਿਚੋਂ ਨਿਕਲੇਗੀ ਨਵੀਂ ਵਿਸ਼ਵ ਕਰੰਸੀ ?

ਅਪ੍ਰੈਲ 2026 ਦੀਆਂ ਇਨ੍ਹਾਂ ਗਰਮ ਹਵਾਵਾਂ ਦੇ ਨਾਲ-ਨਾਲ ਮੱਧ-ਪੂਰਬ ਤੋਂ ਉੱਠ ਰਹੀਆਂ ਜੰਗ ਦੀਆਂ ਲਪਟਾਂ ਸਿਰਫ਼ ਖੇਤਰੀ ਸੀਮਾਵਾਂ ਤੱਕ ਸੀਮਿਤ ਨਹੀਂ ਰਹੀਆਂ। ਅੱਜ ਦੁਨੀਆ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ, ਜਿੱਥੇ ਮਿਜ਼ਾਈਲਾਂ ਦੇ ਨਾਲ-ਨਾਲ 'ਮੁਦਰਾਵਾਂ' ਮਤਲਬ ਕਰੰਸੀ ਦੀ ਜੰਗ ਵੀ ਤੇਜ਼ ਹੋ ਗਈ ਹੈ। ਹੋਰਮੁਜ਼ ਦੀ ਜਲਡਮਰੂ ਵਿੱਚ ਪੈਦਾ ਹੋਇਆ ਤਣਾਅ ਸਿਰਫ਼ ਤੇਲ ਦੀ ਸਪਲਾਈ ਦਾ ਮੁੱਦਾ ਨਹੀਂ ਹੈ, ਸਗੋਂ ਇਹ ਉਸ 50 ਸਾਲ ਪੁਰਾਣੀ ਅਮਰੀਕੀ ਆਰਥਿਕ ਬਾਦਸ਼ਾਹਤ ਨੂੰ ਚੁਣੌਤੀ ਹੈ, ਜਿਸ ਨੂੰ ਅਸੀਂ 'ਪੈਟਰੋ-ਡਾਲਰ' ਕਹਿੰਦੇ ਹਾਂ। ਹਾਲ ਹੀ ਵਿੱਚ ਅਮਰੀਕਾ ਵੱਲੋਂ ਪੇਸ਼ ਕੀਤੇ ਗਏ ਜੰਗਬੰਦੀ ਦੇ ਪ੍ਰਸਤਾਵ ਨੂੰ ਈਰਾਨ ਨੇ ਜਿਸ ਤਰ੍ਹਾਂ ਠੁਕਰਾਇਆ ਹੈ, ਉਸ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਈਰਾਨ ਹੁਣ ਰੱਖਿਆਤਮਕ ਨਹੀਂ, ਸਗੋਂ ਹਮਲਾਵਰ ਰਣਨੀਤੀ ਅਪਣਾਵੇਗਾ। ਈਰਾਨ ਨੇ ਅਮਰੀਕੀ ਸ਼ਰਤਾਂ ਨੂੰ 'ਧੋਖਾ' ਦੱਸਦਿਆਂ ਇਹ ਸੰਕੇਤ ਦਿੱਤਾ ਹੈ ਕਿ ਉਹ ਹੁਣ ਸਿਰਫ਼ ਆਪਣੀ ਜ਼ਮੀਨ ਨਹੀਂ ਬਚਾ ਰਿਹਾ, ਸਗੋਂ ਖੇਤਰ ਵਿੱਚ ਅਮਰੀਕੀ ਪ੍ਰਭਾਵ ਨੂੰ ਜੜ੍ਹੋਂ ਉਖਾੜਨਾ ਚਾਹੁੰਦਾ ਹੈ।

ਈਰਾਨ ਕੋਲ ਇਸ ਵੇਲੇ ਸਭ ਤੋਂ ਵੱਡਾ ਹਥਿਆਰ ਹੋਰਮੁਜ਼ ਜਲਡਮਰੂ ਹੈ। ਹੋਰਮੁਜ਼ ਜਲਡਮਰੂ ਫਾਰਸ ਦੀ ਖਾੜੀ ਅਤੇ ਅਰਬ ਸਾਗਰ ਨੂੰ ਜੋੜਨ ਵਾਲਾ ਇੱਕ ਸੰਕਰਾ ਮਤਲਬ ਭੀੜਾ ਸਮੁੰਦਰੀ ਰਾਹ ਹੈ। ਇਸ ਦੀ ਲੰਬਾਈ ਲਗਭਗ 150 ਕਿਲੋਮੀਟਰ ਹੈ ਅਤੇ ਇਸ ਦੀ ਚੌੜਾਈ ਸਭ ਤੋਂ ਘੱਟ ਥਾਂ ਉੱਤੇ ਸਿਰਫ਼ 33 ਕਿਲੋਮੀਟਰ ਹੈ। ਇਸ ਰਾਹ ਤੋਂ ਦੁਨੀਆਂ ਦੇ ਤੇਲ ਵਪਾਰ ਦਾ ਲਗਭਗ 20 ਫੀਸਦੀ ਹਿੱਸਾ ਲੰਘਦਾ ਹੈ। ਰੋਜ਼ਾਨਾ ਲਗਭਗ 20 ਮਿਲੀਅਨ ਬੈਰਲ ਤੇਲ ਇਸ ਰਾਹ ਤੋਂ ਗੁਜ਼ਰਦਾ ਹੈ, ਜੋ ਕਿ ਵਿਸ਼ਵ ਤੇਲ ਵਪਾਰ ਦਾ ਇੱਕ ਵੱਡਾ ਹਿੱਸਾ ਹੈ।

ਜਦੋਂ ਵੀ ਇਸ ਰਾਹ ਵਿਚ ਰੁਕਾਵਟ ਆਉਂਦੀ ਹੈ ਤਾਂ ਤੇਲ ਦੀਆਂ ਕੀਮਤਾਂ ਤੁਰੰਤ ਵਧ ਜਾਂਦੀਆਂ ਹਨ ਅਤੇ ਵਿਸ਼ਵ ਬਾਜ਼ਾਰ ਵਿਚ ਅਸਥਿਰਤਾ ਫੈਲ ਜਾਂਦੀ ਹੈ। ਹਾਲੀਆ ਲੜਾਈ ਦੌਰਾਨ ਜਹਾਜ਼ਾਂ ਦੀ ਆਵਾਜਾਈ ਘੱਟ ਹੋ ਗਈ ਸੀ, ਕਈ ਜਹਾਜ਼ ਇਸ ਰਾਹ ਤੋਂ ਗੁਜ਼ਰਨ ਤੋਂ ਬਚਣ ਲੱਗੇ ਸਨ ਅਤੇ ਸਮੁੰਦਰੀ ਬੀਮਾ ਦੀ ਲਾਗਤ ਵੀ ਵਧ ਗਈ ਸੀ।

ਇਤਿਹਾਸ ਵਿਚ ਵੀ ਹੋਰਮੁਜ਼ ਨੇ ਅਹਿਮ ਭੂਮਿਕਾ ਨਿਭਾਈ ਹੈ। 1980 ਦੇ ਦਹਾਕੇ ਵਿਚ ਈਰਾਨ-ਇਰਾਕ ਯੁੱਧ ਦੌਰਾਨ ਇਸ ਨੂੰ ਟੈਂਕਰ ਵਾਰ ਕਿਹਾ ਗਿਆ ਸੀ ਜਿਸ ਵਿਚ ਤੇਲ ਟੈਂਕਰਾਂ ਉੱਤੇ ਹਮਲੇ ਹੋਏ ਸਨ। ਇਸ ਵਾਰ ਵੀ ਈਰਾਨ ਵੱਲੋਂ ਅਮਰੀਕੀ ਮਰੀਨ ਜਹਾਜ਼ ਉੱਤੇ ਹਮਲੇ ਅਤੇ ਈਰਾਨੀ ਜਹਾਜ਼ਾਂ ਉੱਤੇ ਅਮਰੀਕੀ ਹਮਲਿਆਂ ਨੇ ਇਸ ਰਾਹ ਨੂੰ ਵਿਵਾਦਿਤ ਬਣਾ ਦਿੱਤਾ ਹੈ। ਜੇਕਰ ਈਰਾਨ ਇੱਥੇ ਪੂਰੀ ਤਰ੍ਹਾਂ ਨਾਕਾਬੰਦੀ ਕਰਦਾ ਹੈ, ਤਾਂ ਦੁਨੀਆ ਦਾ 20% ਤੇਲ ਵਪਾਰ ਠੱਪ ਹੋ ਜਾਵੇਗਾ। ਈਰਾਨ ਦੀ ਸ਼ਰਤ ਹੈ ਕਿ ਜਦੋਂ ਤੱਕ ਇਜ਼ਰਾਈਲ ਅਤੇ ਅਮਰੀਕਾ ਉਸ ਦੀਆਂ ਆਰਥਿਕ ਅਤੇ ਰਾਜਨੀਤਕ ਸ਼ਰਤਾਂ ਨਹੀਂ ਮੰਨਦੇ, ਉਹ ਇਸ ਮਾਰਗ 'ਤੇ ਆਪਣਾ ਦਬਦਬਾ ਘੱਟ ਨਹੀਂ ਕਰੇਗਾ। ਇਸ ਰਾਹ ਉੱਤੇ ਨਿਯੰਤਰਣ ਰੱਖਣਾ ਈਰਾਨ ਲਈ ਇੱਕ ਰਣਨੀਤਕ ਹਥਿਆਰ ਹੈ ਜਿਸ ਨਾਲ ਉਹ ਵਿਸ਼ਵੀ ਤਾਕਤਾਂ ਨੂੰ ਆਪਣੀਆਂ ਸ਼ਰਤਾਂ ਮਨਵਾ ਸਕਦਾ ਹੈ।

ਮਾਰਚ 2026 ਵਿੱਚ ਈਰਾਨੀ ਸੰਸਦ ਵੱਲੋਂ ਪਾਸ ਕੀਤਾ ਗਿਆ ਪ੍ਰਸਤਾਵ ਕਿ 'ਹੋਰਮੁਜ਼ ਤੋਂ ਗੁਜ਼ਰਨ ਵਾਲੇ ਜਹਾਜ਼ਾਂ ਤੋਂ ਟੈਕਸ ਵਸੂਲਿਆ ਜਾਵੇਗਾ', ਅੰਤਰਰਾਸ਼ਟਰੀ ਸਮੁੰਦਰੀ ਕਾਨੂੰਨਾਂ ਵਿੱਚ ਈਰਾਨ ਦਾ ਫੈਸਲਾ ਇਕ ਭੁਚਾਲ ਵਾਂਗ ਹੈ। ਈਰਾਨ ਦਾ ਤਰਕ ਹੈ ਕਿ ਜੇਕਰ ਉਹ ਇਸ ਇਲਾਕੇ ਦੀ ਸੁਰੱਖਿਆ ਕਰ ਰਿਹਾ ਹੈ, ਤਾਂ ਗੁਜ਼ਰਨ ਵਾਲੇ ਜਹਾਜ਼ਾਂ ਨੂੰ ਇਸ ਦਾ ਭੁਗਤਾਨ ਕਰਨਾ ਚਾਹੀਦਾ ਹੈ। ਇਹ ਸਿਰਫ਼ ਪੈਸੇ ਕਮਾਉਣ ਦਾ ਜ਼ਰੀਆ ਨਹੀਂ, ਸਗੋਂ ਅਮਰੀਕਾ ਦੀ ਉਸ 'ਫ੍ਰੀ ਨੇਵੀਗੇਸ਼ਨ' ਨੀਤੀ ਨੂੰ ਚੁਣੌਤੀ ਹੈ, ਜਿਸ ਦੇ ਸਿਰ 'ਤੇ ਅਮਰੀਕਾ ਪਿਛਲੇ 80 ਸਾਲਾਂ ਤੋਂ ਸਮੁੰਦਰਾਂ ਦਾ ਕਿੰਗ ਬਣਿਆ ਹੋਇਆ ਸੀ।

ਜਦੋਂ ਇਹ ਚਰਚਾ ਛਿੜੀ ਕਿ ਕੀ ਇਹ ਭੁਗਤਾਨ ਚੀਨੀ ਯੁਆਨ ਵਿੱਚ ਲਿਆ ਜਾਵੇਗਾ, ਤਾਂ ਪੱਛਮੀ ਦੇਸ਼ਾਂ ਦੇ ਬੈਂਕਿੰਗ ਸੈਕਟਰ ਵਿੱਚ ਹਲਚਲ ਮਚ ਗਈ ਸੀ। ਭਾਰਤੀ ਜਹਾਜ਼ਾਂ ਵੱਲੋਂ ਯੁਆਨ ਵਿੱਚ ਭੁਗਤਾਨ ਦੀ ਖ਼ਬਰ ਭਾਵੇਂ ਅਜੇ ਪੂਰੀ ਤਰ੍ਹਾਂ ਸਾਬਤ ਨਹੀਂ ਹੋਈ, ਪਰ ਅਜਿਹੀਆਂ ਚਰਚਾਵਾਂ ਦਾ ਬਾਜ਼ਾਰ ਗਰਮ ਹੋਣਾ ਹੀ ਇਸ ਗੱਲ ਦਾ ਸਬੂਤ ਹੈ ਕਿ ਵਿਸ਼ਵ ਪੱਧਰ 'ਤੇ ਅਮਰੀਕੀ ਡਾਲਰ ਦੀ ਨਿਰਭਰਤਾ ਨੂੰ ਤੋੜਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ।

ਅਮਰੀਕਾ ਅਕਸਰ ਆਪਣੀ ਮਰਜ਼ੀ ਅਨੁਸਾਰ ਕਿਸੇ ਵੀ ਦੇਸ਼ 'ਤੇ ਆਰਥਿਕ ਪਾਬੰਦੀਆਂ ਲਗਾ ਦਿੰਦਾ ਹੈ ਅਤੇ ਉਨ੍ਹਾਂ ਨੂੰ 'ਸਵਿਫਟ' ਬੈਂਕਿੰਗ ਸਿਸਟਮ ਤੋਂ ਬਾਹਰ ਕਰ ਦਿੰਦਾ ਹੈ (ਜਿਵੇਂ ਰੂਸ ਅਤੇ ਈਰਾਨ ਨਾਲ ਹੋਇਆ)। ਦੁਨੀਆ ਦੇ ਬਾਕੀ ਦੇਸ਼ ਹੁਣ ਇਹ ਮਹਿਸੂਸ ਕਰ ਰਹੇ ਹਨ ਕਿ ਜੇਕਰ ਉਹ ਸਾਰਾ ਵਪਾਰ ਡਾਲਰ ਵਿੱਚ ਰੱਖਣਗੇ, ਤਾਂ ਉਹ ਹਮੇਸ਼ਾ ਅਮਰੀਕਾ ਦੇ ਦਬਾਅ ਹੇਠ ਰਹਿਣਗੇ। ਇਸ ਲਈ, ਉਹ 'ਪਲਾਨ-ਬੀ' ਤਿਆਰ ਕਰ ਰਹੇ ਹਨ।

ਪਿਛਲੇ 50 ਸਾਲਾਂ ਤੋਂ ਇਹ ਨਿਯਮ ਸੀ ਕਿ ਤੇਲ ਸਿਰਫ਼ ਡਾਲਰ ਵਿੱਚ ਖਰੀਦਿਆ ਜਾਵੇਗਾ। ਪਰ ਹੁਣ ਜਦੋਂ ਈਰਾਨ, ਰੂਸ ਅਤੇ ਇੱਥੋਂ ਤੱਕ ਕਿ ਸਊਦੀ ਅਰਬ ਵੀ ਚੀਨੀ ਯੁਆਨ, ਭਾਰਤੀ ਰੁਪਏ ਜਾਂ ਸਥਾਨਕ ਮੁਦਰਾਵਾਂ ਵਿੱਚ ਵਪਾਰ ਕਰਨ ਦੀਆਂ ਸੰਭਾਵਨਾਵਾਂ ਤਲਾਸ਼ ਰਹੇ ਹਨ, ਤਾਂ ਇਸ ਦਾ ਮਤਲਬ ਹੈ ਕਿ ਡਾਲਰ ਦੀ 'ਗਲੋਬਲ ਮੋਨੋਪਲੀ' ਖ਼ਤਮ ਹੋ ਰਹੀ ਹੈ।

ਇਸ ਦਾ ਸਭ ਤੋਂ ਵੱਡਾ ਮਤਲਬ ਇਹ ਹੈ ਕਿ ਹੁਣ ਦੁਨੀਆ ਸਿਰਫ਼ ਇੱਕ ਕੇਂਦਰ (ਅਮਰੀਕਾ) ਦੇ ਇਸ਼ਾਰੇ 'ਤੇ ਨਹੀਂ ਚੱਲੇਗੀ। ਜੇਕਰ ਵਪਾਰ ਕਈ ਮੁਦਰਾਵਾਂ ਵਿੱਚ ਵੰਡਿਆ ਜਾਂਦਾ ਹੈ, ਤਾਂ ਵਿਸ਼ਵ ਦੀ ਆਰਥਿਕ ਤਾਕਤ ਵੀ ਵੰਡੀ ਜਾਵੇਗੀ। ਇਹ ਅਮਰੀਕੀ ਸਾਮਰਾਜ ਦੇ ਹੌਲੀ-ਹੌਲੀ ਕਮਜ਼ੋਰ ਹੋਣ ਅਤੇ ਏਸ਼ੀਆਈ ਤਾਕਤਾਂ (ਭਾਰਤ, ਚੀਨ) ਦੇ ਉਭਾਰ ਦਾ ਸੰਕੇਤ ਹੈ।

ਯਾਦ ਰਹੇ ਕਿ 1974 ਦੌਰਾਨ ਅਮਰੀਕਾ ਅਤੇ ਸਊਦੀ ਅਰਬ ਵਿਚਾਲੇ ਇੱਕ ਇਤਿਹਾਸਕ ਸਮਝੌਤਾ ਹੋਇਆ ਸੀ। ਸਊਦੀ ਨੇ ਮੰਨਿਆ ਸੀ ਕਿ ਉਹ ਆਪਣਾ ਸਾਰਾ ਤੇਲ ਸਿਰਫ਼ ਡਾਲਰ ਵਿੱਚ ਵੇਚੇਗਾ ਅਤੇ ਉਹ ਡਾਲਰ ਵਾਪਸ ਅਮਰੀਕੀ ਬੈਂਕਾਂ ਅਤੇ ਖਜ਼ਾਨੇ ਵਿੱਚ ਨਿਵੇਸ਼ ਕੀਤੇ ਜਾਣਗੇ। ਇਸ ਬਦਲੇ ਅਮਰੀਕਾ ਨੇ ਸਊਦੀ ਨੂੰ ਸੁਰੱਖਿਆ ਦੀ ਗਾਰੰਟੀ ਦਿੱਤੀ ਸੀ। ਇਸ ਵਿਵਸਥਾ ਨੇ ਡਾਲਰ ਨੂੰ 'ਵਿਸ਼ਵ ਰਿਜ਼ਰਵ ਕਰੰਸੀ' ਬਣਾ ਦਿੱਤਾ। ਅੱਜ ਜਦੋਂ ਰੂਸ, ਚੀਨ ਅਤੇ ਈਰਾਨ ਵਰਗੇ ਦੇਸ਼ ਆਪਣਾ ਤੇਲ ਰੂਬਲ, ਯੁਆਨ ਜਾਂ ਸਥਾਨਕ ਮੁਦਰਾਵਾਂ ਵਿੱਚ ਵੇਚਣ ਦੀ ਗੱਲ ਕਰਦੇ ਹਨ, ਤਾਂ ਇਹ ਸਿੱਧਾ ਅਮਰੀਕਾ ਦੀ ਆਰਥਿਕ ਰੀੜ੍ਹ ਦੀ ਹੱਡੀ 'ਤੇ ਵਾਰ ਹੈ। ਜੇਕਰ ਤੇਲ ਲਈ ਡਾਲਰ ਦੀ ਲੋੜ ਨਹੀਂ ਰਹੇਗੀ, ਤਾਂ ਦੁਨੀਆ ਭਰ ਦੇ ਕੇਂਦਰੀ ਬੈਂਕ ਡਾਲਰ ਨੂੰ ਰਿਜ਼ਰਵ ਵਜੋਂ ਰੱਖਣਾ ਬੰਦ ਕਰ ਦੇਣਗੇ, ਜਿਸ ਨਾਲ ਅਮਰੀਕੀ ਆਰਥਿਕਤਾ ਢਹਿ-ਢੇਰੀ ਹੋ ਸਕਦੀ ਹੈ।

ਯੂਰਪ ਨੇ ਇਸ ਯੁੱਧ ਤੋਂ ਇੱਕ ਵੱਡਾ ਸਬਕ ਸਿੱਖਿਆ ਹੈ-ਊਰਜਾ ਦੀ ਗੁਲਾਮੀ ਦਾ ਅੰਤ। ਰੂਸ-ਯੂਕ੍ਰੇਨ ਜੰਗ ਤੋਂ ਬਾਅਦ ਹੁਣ ਮੱਧ-ਪੂਰਬ ਦੇ ਤਣਾਅ ਨੇ ਯੂਰਪ ਨੂੰ 'ਗ੍ਰੀਨ ਐਨਰਜੀ' ਵੱਲ ਬਹੁਤ ਤੇਜ਼ੀ ਨਾਲ ਧੱਕ ਦਿੱਤਾ ਹੈ। 2025 ਤੱਕ ਯੂਰਪ ਨੇ ਆਪਣੀ ਸੋਲਰ ਸਮਰੱਥਾ ਨੂੰ 400 ਗੀਗਾਵਾਟ ਤੋਂ ਪਾਰ ਪਹੁੰਚਾ ਦਿੱਤਾ ਹੈ। ਯੂਰਪੀ ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਉਹ ਹੁਣ ਤੇਲ ਦੀਆਂ ਅਸਥਿਰ ਕੀਮਤਾਂ 'ਤੇ ਨਿਰਭਰ ਨਹੀਂ ਰਹਿ ਸਕਦੇ। ਉਨ੍ਹਾਂ ਲਈ ਸੋਲਰ ਪੈਨਲ ਸਿਰਫ਼ ਬਿਜਲੀ ਦਾ ਸਾਧਨ ਨਹੀਂ, ਸਗੋਂ ਰਾਸ਼ਟਰੀ ਸੁਰੱਖਿਆ ਦਾ ਹਿੱਸਾ ਹਨ।

ਇਹ ਗਲਤਫਹਿਮੀ ਹੈ ਕਿ ਹੋਰਮੁਜ਼ ਬੰਦ ਹੋਣ ਨਾਲ ਸਿਰਫ਼ ਪੈਟਰੋਲ ਮਹਿੰਗਾ ਹੋਵੇਗਾ। ਈਰਾਨ ਵੱਲੋਂ ਖਾੜੀ ਦੇ ਐਲੂਮੀਨੀਅਮ ਪਲਾਂਟਾਂ 'ਤੇ ਕੀਤੇ ਗਏ ਹਮਲਿਆਂ ਨੇ ਦੱਸ ਦਿੱਤਾ ਹੈ ਕਿ ਅਮਰੀਕਾ ਦੇ ਹਮਲਿਆਂ ਦਾ ਨਿਸ਼ਾਨਾ 'ਉਦਯੋਗਿਕ ਸਪਲਾਈ ਚੇਨ' ਹੈ। ਐਲੂਮੀਨੀਅਮ ਤੋਂ ਬਿਨਾਂ ਕਾਰਾਂ, ਹਵਾਈ ਜਹਾਜ਼ ਅਤੇ ਇਲੈਕਟ੍ਰਾਨਿਕ ਸਮਾਨ ਨਹੀਂ ਬਣ ਸਕਦਾ। ਕੀਮਤਾਂ ਵਿੱਚ 30-40% ਦਾ ਉਛਾਲ ਵਿਸ਼ਵ ਮੰਦੀ ਦਾ ਸਪੱਸ਼ਟ ਸੰਕੇਤ ਹੈ।

ਭਾਰਤ ਲਈ ਇਹ ਸਥਿਤੀ ਸਭ ਤੋਂ ਵੱਧ ਚੁਣੌਤੀਪੂਰਨ ਹੈ। ਭਾਰਤ ਆਪਣੀ ਲੋੜ ਦਾ 80% ਤੋਂ ਵੱਧ ਤੇਲ ਆਯਾਤ ਕਰਦਾ ਹੈ। ਤੇਲ ਦੀਆਂ ਕੀਮਤਾਂ ਵਧਣ ਨਾਲ ਰੁਪਏ ਦੀ ਕੀਮਤ ਡਿੱਗ ਰਹੀ ਹੈ। ਇਸ ਨਾਲ ਹਰ ਉਹ ਚੀਜ਼ ਮਹਿੰਗੀ ਹੋਵੇਗੀ ਜੋ ਭਾਰਤ ਬਾਹਰੋਂ ਮੰਗਵਾਉਂਦਾ ਹੈ। ਪੰਜਾਬ ਵਰਗੇ ਖੇਤੀਬਾੜੀ ਵਾਲੇ ਸੂਬਿਆਂ ਵਿੱਚ ਜਿੱਥੇ ਖੇਤੀ ਡੀਜ਼ਲ 'ਤੇ ਨਿਰਭਰ ਹੈ, ਉੱਥੇ ਉਤਪਾਦਨ ਦੀ ਲਾਗਤ ਇੰਨੀ ਵਧ ਜਾਵੇਗੀ ਕਿ ਕਿਸਾਨਾਂ ਲਈ ਗੁਜ਼ਾਰਾ ਕਰਨਾ ਮੁਸ਼ਕਲ ਹੋ ਜਾਵੇਗਾ। ਟਰੈਕਟਰਾਂ ਤੋਂ ਲੈ ਕੇ ਕੰਬਾਈਨਾਂ ਤੱਕ, ਸਭ ਕੁਝ ਮਹਿੰਗਾ ਹੋ ਰਿਹਾ ਹੈ। ਭਾਰਤ ਨੇ ਰੂਸ ਤੋਂ ਸਸਤਾ ਤੇਲ ਖਰੀਦ ਕੇ ਆਪਣੀ ਅਰਥਵਿਵਸਥਾ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਹੋਰਮੁਜ਼ ਦੀ ਨਾਕਾਬੰਦੀ ਉਸ ਰਾਹ ਵਿੱਚ ਵੀ ਰੁਕਾਵਟ ਪਾ ਰਹੀ ਹੈ।

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਵਿਸ਼ਵ ਦੀਆਂ ਮੁਦਰਾਵਾਂ ਬਦਲਦੀਆਂ ਹਨ, ਤਾਂ ਉਹ ਬਿਨਾਂ ਕਿਸੇ ਵੱਡੇ ਯੁੱਧ ਦੇ ਨਹੀਂ ਬਦਲਦੀਆਂ। ਪੈਟਰੋ-ਡਾਲਰ ਸਿਸਟਮ ਦਾ ਕਮਜ਼ੋਰ ਹੋਣਾ ਅਮਰੀਕੀ ਸਾਮਰਾਜ ਦੇ ਕਮਜ਼ੋਰ ਹੋਣ ਦਾ ਸੰਕੇਤ ਹੈ ਕਈ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪੈਟਰੋ-ਡਾਲਰ ਸਿਸਟਮ ਇੰਨੀ ਜਲਦੀ ਖਤਮ ਨਹੀਂ ਹੋਵੇਗਾ ਕਿਉਂਕਿ ਅਜੇ ਵੀ ਦੁਨੀਆਂ ਦਾ ਜ਼ਿਆਦਾਤਰ ਤੇਲ ਡਾਲਰ ਵਿਚ ਹੀ ਖਰੀਦਾ-ਵੇਚਿਆ ਜਾਂਦਾ ਹੈ ਅਤੇ ਅਮਰੀਕੀ ਵਿੱਤੀ ਬਾਜ਼ਾਰ ਦੁਨੀਆਂ ਦੇ ਸਭ ਤੋਂ ਵੱਡੇ ਅਤੇ ਸਥਿਰ ਬਾਜ਼ਾਰ ਹਨ। ਪਰ ਇਹ ਵੀ ਸੱਚ ਹੈ ਕਿ ਚੀਨ, ਰੂਸ ਅਤੇ ਕੁਝ ਹੋਰ ਦੇਸ਼ ਵਿਕਲਪਿਕ ਭੁਗਤਾਨ ਪ੍ਰਣਾਲੀਆਂ ਉੱਤੇ ਕੰਮ ਕਰ ਰਹੇ ਹਨ ਅਤੇ ਡਿਜੀਟਲ ਮੁਦਰਾਵਾਂ ਦਾ ਵਿਕਾਸ ਭਵਿੱਖ ਵਿਚ ਅੰਤਰਰਾਸ਼ਟਰੀ ਵਪਾਰ ਦੇ ਤਰੀਕੇ ਬਦਲ ਸਕਦਾ ਹੈ।

ਡਿਊਸ਼ ਬੈਂਕ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ, ਇਹ ਸੰਘਰਸ਼ ਦਹਾਕਿਆਂ ਪੁਰਾਣੇ 'ਪੈਟਰੋ-ਡਾਲਰ' ਸਿਸਟਮ ਨੂੰ ਖ਼ਤਮ ਕਰਨ ਦਾ ਇੱਕ 'ਕੈਟਾਲਿਸਟ' (ਜ਼ਰੀਆ) ਸਾਬਤ ਹੋ ਸਕਦਾ ਹੈ। ਡਿਊਸ਼ ਬੈਂਕ ਦੀ ਖੋਜਕਰਤਾ ਮਲਿਕਾ ਸਚਦੇਵਾ ਅਨੁਸਾਰ, ਅਮਰੀਕਾ ਦੀ ਖਾੜੀ ਖੇਤਰ ਵਿੱਚ "ਸੁਰੱਖਿਆ ਗਾਰੰਟੀ" 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਰਿਪੋਰਟ ਦੇ ਮੁੱਖ ਨੁਕਤੇ ਹੇਠ ਲਿਖੇ ਹਨ:

* ਈਰਾਨ ਨੇ 'ਹੋਰਮੁਜ਼ ਦੀ ਜਲਡਮਰੂ' ਵਰਗੇ ਅਹਿਮ ਸਮੁੰਦਰੀ ਰਸਤੇ 'ਤੇ ਆਪਣਾ ਪ੍ਰਭਾਵ ਵਧਾ ਲਿਆ ਹੈ। ਜੇਕਰ ਅਮਰੀਕਾ ਇਨ੍ਹਾਂ ਰਸਤਿਆਂ ਦੀ ਸੁਰੱਖਿਆ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਖਾੜੀ ਦੇਸ਼ਾਂ ਦਾ ਅਮਰੀਕਾ 'ਤੇ ਭਰੋਸਾ ਟੁੱਟ ਸਕਦਾ ਹੈ।

* ਜੇਕਰ ਖਾੜੀ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਨੂੰ ਨੁਕਸਾਨ ਪਹੁੰਚਦਾ ਹੈ, ਤਾਂ ਉਹ ਅਮਰੀਕੀ ਡਾਲਰਾਂ ਵਿੱਚ ਰੱਖੀ ਆਪਣੀ ਬੱਚਤ ਨੂੰ ਵਾਪਸ ਖਿੱਚ ਸਕਦੇ ਹਨ।


* ਚੀਨ ਪਹਿਲਾਂ ਹੀ ਰੂਸ ਅਤੇ ਈਰਾਨ ਤੋਂ ਤੇਲ ਖਰੀਦਣ ਲਈ ਆਪਣੀ ਕਰੰਸੀ 'ਯੁਆਨ' ਦੀ ਵਰਤੋਂ ਕਰ ਰਿਹਾ ਹੈ। ਰਿਪੋਰਟ ਮੁਤਾਬਕ ਇਹ ਜੰਗ 'ਪੈਟਰੋ-ਯੁਆਨ' ਦੀ ਸ਼ੁਰੂਆਤ ਕਰ ਸਕਦੀ ਹੈ।

ਜੇਕਰ ਈਰਾਨ, ਚੀਨ ਅਤੇ ਰੂਸ ਮਿਲ ਕੇ ਇੱਕ ਨਵੀਂ ਵਿੱਤੀ ਪ੍ਰਣਾਲੀ (ਜਿਵੇਂ ਕਿ ਐਮ ਬਰਿਜ ਜਾਂ ਬਰਿਕਸ ਕਰੰਸੀ) ਖੜ੍ਹੀ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ, ਤਾਂ ਆਉਣ ਵਾਲਾ ਦਹਾਕਾ ਅਮਰੀਕਾ ਦਾ ਨਹੀਂ, ਸਗੋਂ 'ਬਹੁ-ਧਰੁਵੀ' ਦੁਨੀਆ ਦਾ ਹੋਵੇਗਾ।

ਇਰਾਨ ਨਾਲ ਹੋਣ ਵਾਲੀ ਜੰਗ ਦੇ ਫੌਜੀ ਨਤੀਜਿਆਂ ਤੋਂ ਕਿਤੇ ਵੱਧ ਅਹਿਮ ਇਸਦੇ ਆਰਥਿਕ ਨਤੀਜੇ ਹੋ ਸਕਦੇ ਹਨ। ਇਹ 1970 ਦੇ ਦਹਾਕੇ ਤੋਂ ਚੱਲੇ ਆ ਰਹੇ ਵਿੱਤੀ ਆਰਡਰ ਦੇ ਬਦਲਣ ਦੀ ਸ਼ੁਰੂਆਤ ਹੋ ਸਕਦੀ ਹੈ। ਜੇ ਅਮਰੀਕਾ ਹੋਰਮੁਜ਼ ਤੋਂ ਪਿੱਛੇ ਹਟਦਾ ਹੈ, ਤਾਂ ਚੀਨ ਉੱਥੇ ਆਪਣੀ ਜਲ ਸੈਨਾ ਤਾਇਨਾਤ ਕਰ ਸਕਦਾ ਹੈ, ਜਿਸ ਨਾਲ ਪੂਰੇ ਖੇਤਰ 'ਤੇ ਚੀਨ ਦਾ ਗਲਬਾ ਹੋ ਜਾਵੇਗਾ। ਅਮਰੀਕੀ ਸੁਰੱਖਿਆ ਛਤਰੀ ਤੋਂ ਬਿਨਾਂ, ਈਰਾਨ ਅਤੇ ਸਾਊਦੀ ਅਰਬ ਵਿਚਕਾਰ ਸਿੱਧੀ ਜੰਗ ਹੋਣ ਦਾ ਖ਼ਤਰਾ ਵਧ ਜਾਂਦਾ ਹੈ, ਜੋ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਨੂੰ ਅਸਮਾਨੀ ਪਹੁੰਚਾ ਸਕਦਾ ਹੈ।

ਅਮਰੀਕਾ ਇੱਕ ਅਜਿਹੀ ਸਥਿਤੀ ਵਿੱਚ ਹੈ ਜਿੱਥੇ ਉਹ ਆਰਥਿਕ ਤੌਰ 'ਤੇ ਤਾਂ ਤੇਲ ਲਈ ਆਤਮ-ਨਿਰਭਰ ਹੈ, ਪਰ ਵਿਸ਼ਵ ਸ਼ਕਤੀ ਬਣੇ ਰਹਿਣ ਲਈ ਉਸ ਨੂੰ ਅਜੇ ਵੀ ਖਾੜੀ ਦੇ ਰਸਤਿਆਂ 'ਤੇ ਕੰਟਰੋਲ ਦੀ ਲੋੜ ਹੈ।

# ਇਜ਼ਰਾਈਲ ਦੇ ਜੰਗ ਵਿਰੋਧੀ ਕਾਰਕੁੰਨ ਐਲਨ ਲੀ ਗ੍ਰੀਨ ਨਾਲ ਮੁਲਾਕਾਤ



**ਮੁਲਾਕਾਤੀ: ਏਮੀ ਗੁੱਡਮੈਨ, ਡੈਮੋਕਰੇਸੀ ਨਾਉ, ਅੰਗਰੇਜ਼ੀ ਤੋਂ ਅਨੁਵਾਦ: ਸੁਖਵੰਤ ਹੁੰਦਲ**

(4 ਅਪ੍ਰੈਲ ਸਨਿੱਚਰਵਾਰ ਨੂੰ ਇਜ਼ਰਾਈਲ ਦੇ ਕਈ ਸ਼ਹਿਰਾਂ ਵਿੱਚ ਇਜ਼ਰਾਈਲ ਵਲੋਂ ਇਰਾਨ, ਗਾਜ਼ਾ ਅਤੇ ਲੈਬਨਾਨ ਵਿਰੁੱਧ ਲੜੀ ਜਾ ਰਹੀ ਜੰਗ ਦੇ ਵਿਰੋਧ ਵਿੱਚ ਲੋਕਾਂ ਵਲੋਂ ਰੋਸ ਪ੍ਰਦਰਸ਼ਨ ਕੀਤੇ ਗਏ। ਇਸ ਸੰਬੰਧ ਵਿੱਚ ਡੈਮੋਕਰੇਸੀ ਨਾਉ ਦੀ ਪੱਤਰਕਾਰ ਏਮੀ ਗੁੱਡਮੈਨ ਨੇ ਇਜ਼ਰਾਈਲ ਦੇ ਜੰਗ ਵਿਰੋਧੀ ਕਾਰਕੁੰਨ ਅਤੇ ਇਜ਼ਰਾਈਲੀਆਂ ਅਤੇ ਫਲਸਤੀਨੀਆਂ ਦੇ ਸਾਂਝੇ ਗਰੁੱਪ "ਸਟੈਂਡਿੰਗ ਟੁਗੈਦਰ" ਦੇ ਸਹਿ-ਡਾਇਰੈਕਟਰ ਐਲਨ ਲੀ ਗ੍ਰੀਨ ਨਾਲ ਇਕ ਮੁਲਾਕਾਤ ਕੀਤੀ ਹੈ, ਜਿਹੜੀ ਦਣਮੋਚਰਉਚੋਂ.ਰਗ ਦੇ ਸਾਈਟ 'ਤੇ 6 ਅਪ੍ਰੈਲ ਨੂੰ ਪ੍ਰਕਾਸ਼ਤ ਹੋਈ । ਪੰਜਾਬੀ ਪਾਠਕਾਂ ਲਈ ਇਸ ਮੁਲਾਕਾਤ ਦਾ ਪੰਜਾਬੀ ਵਿੱਚ ਅਨੁਵਾਦ ਪੇਸ਼ ਹੈ।)

**ਏਮੀ ਗੁਡਮੈਨ:** ਅਸੀਂ ਅੱਜ ਦੇ ਸ਼ੋਅ ਦੀ ਸ਼ੁਰੂਆਤ ਇਜ਼ਰਾਈਲ ਤੋਂ ਕਰ ਰਹੇ ਹਾਂ, ਜਿੱਥੇ ਸਨਿੱਚਰਵਾਰ ਨੂੰ ਤੇਲ ਅਵੀਵ ਵਿੱਚ ਇੱਕ ਜੰਗ-ਵਿਰੋਧੀ ਪ੍ਰਦਰਸ਼ਨ ਨੂੰ ਇਜ਼ਰਾਈਲੀ ਪੁਲੀਸ ਨੇ ਹਿੰਸਕ ਤਰੀਕੇ ਨਾਲ ਕੁਚਲਦਿਆਂ ਘੱਟੋ-ਘੱਟ 17 ਲੋਕਾਂ ਨੂੰ ਗ੍ਰਿਫਤਾਰ ਕੀਤਾ। ਇਸ ਇਕੱਠ ਵਿੱਚ ਇਕੱਤਰ ਹੋਏ ਸੈਂਕੜੇ ਲੋਕ ਅਮਰੀਕਾ ਅਤੇ ਇਜ਼ਰਾਈਲ ਵਲੋਂ ਇਰਾਨ ਵਿਰੁੱਧ ਲੜੀ ਜਾ ਰਹੀ ਜੰਗ ਦੀ ਨਿੰਦਾ ਕਰ ਰਹੇ ਸਨ। ਇਹ ਗ੍ਰਿਫਤਾਰੀਆਂ ਇਜ਼ਰਾਈਲ ਦੀ ਸਿਖਰਲੀ ਅਦਾਲਤ ਦੇ ਉਸ ਆਦੇਸ਼ ਦੇ ਬਾਵਜੂਦ ਕੀਤੀਆਂ ਗਈਆਂ, ਜਿਸ ਵਿੱਚ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਇਜ਼ਰਾਈਲੀ ਪੁਲੀਸ ਨੇ ਫਿਰ ਵੀ ਇਰਾਨੀ ਮਿਜ਼ਾਈਲਾਂ ਦੇ ਖਤਰਿਆਂ ਦਾ ਹਵਾਲਾ ਦਿੰਦੇ ਹੋਏ ਪ੍ਰਦਰਸ਼ਨ ਨੂੰ ਖਿੰਡਾਉਣ ਦੀ ਕੋਸ਼ਿਸ਼ ਕੀਤੀ। ਹਾਈਫਾ ਅਤੇ ਜੇਰੂਸਲਮ ਵਿੱਚ ਵੀ ਪ੍ਰਦਰਸ਼ਨ ਹੋਏ।

ਹਾਰੇਟਜ਼ ਅਖਬਾਰ ਦੀ ਇਕ ਰਿਪੋਰਟ ਅਨੁਸਾਰ ਪ੍ਰਦਰਸ਼ਨ ਦੇ ਸਮੇਂ ਦੇ ਕਰੀਬ ਯਮਨ ਦੇ ਹੂਥੀਆਂ ਵੱਲੋਂ ਦਾਗੀ ਗਈ ਇੱਕ ਮਿਜ਼ਾਈਲ ਕਾਰਨ ਤੇਲ ਅਵੀਵ ਵਿੱਚ ਸਾਇਰਨ ਵੱਜਣ ਲੱਗੇ, ਪਰ ਪੁਲੀਸ ਨੇ ਕਥਿਤ ਤੌਰ 'ਤੇ ਗ੍ਰਿਫਤਾਰ ਪ੍ਰਦਰਸ਼ਨਕਾਰੀਆਂ ਨੂੰ ਬੰਬਾਂ ਤੋਂ ਬਚਾਅ ਲਈ ਬਣੇ ਅੰਡਰਗ੍ਰਾਊਂਡ ਸ਼ੈਲਟਰ ਵਿੱਚ ਲਿਜਾਣ ਤੋਂ ਇਨਕਾਰ ਕਰ ਦਿੱਤਾ।

ਇਜ਼ਰਾਈਲ-ਫਲਸਤੀਨੀ ਗਰਾਸ ਰੂਟ ਗਰੁੱਪ 'ਸਟੈਂਡਿੰਗ ਟੂਗੈਦਰ' ਦਾ ਸਹਿ-ਡਾਇਰੈਕਟਰ ਅਤੇ ਤੇਲ ਅਵੀਵ ਵਿੱਚ ਸਨਿੱਚਰਵਾਰ ਦੇ ਜੰਗ-ਵਿਰੋਧੀ ਪ੍ਰਦਰਸ਼ਨ ਦਾ ਪ੍ਰਬੰਧਕ, ਐਲਨ-ਲੀ ਗ੍ਰੀਨ ਵੀ ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚੋਂ ਇੱਕ ਸੀ। ਗ੍ਰਿਫਤਾਰ ਕਰਨ ਤੋਂ ਬਾਅਦ ਉਸ ਨੂੰ ਲਗਭਗ ਸੱਤ ਘੰਟੇ ਬਾਅਦ ਰਿਹਾ ਕਰ ਦਿੱਤਾ ਗਿਆ। ਉਹ ਹੁਣ 'ਡੈਮੋਕਰੇਸੀ ਨਾਉ' 'ਤੇ ਸਾਡੇ ਨਾਲ ਗੱਲ ਕਰਨਗੇ।

ਐਲਨ-ਲੀ ਅਸੀਂ ਤੁਹਾਡੇ ਨਾਲ ਪਹਿਲਾਂ ਗੱਲ ਕਰ ਰਹੇ ਹਾਂ ਕਿਉਂਕਿ ਇਸ ਇੰਟਰਵਿਊ ਤੋਂ ਤੁਰੰਤ ਬਾਅਦ ਤੁਸੀਂ ਅਦਾਲਤ ਵਿੱਚ ਪੇਸ਼ ਹੋਣਾ ਹੈ। ਪਹਿਲਾਂ, ਇਹ ਦੱਸੋ ਕਿ ਪਿਛਲੇ ਵੀਕ-ਇੰਡ 'ਤੇ ਸੈਂਕੜੇ ਇਜ਼ਰਾਈਲੀ, ਨਾ ਸਿਰਫ ਤੇਲ ਅਵੀਵ ਵਿੱਚ, ਸਗੋਂ ਹਾਈਫਾ ਅਤੇ ਜੇਰੂਸਲਮ ਵਿੱਚ ਵੀ, ਕਿਉਂ ਪ੍ਰਦਰਸ਼ਨ ਕਰ ਰਹੇ ਸਨ, ਤੁਸੀਂ ਉੱਥੇ ਕਿਉਂ ਸੀ, ਤੁਹਾਨੂੰ ਕਿਉਂ ਗ੍ਰਿਫਤਾਰ ਕੀਤਾ ਗਿਆ ਸੀ?

**ਐਲਨ-ਲੀ ਗ੍ਰੀਨ: ਹਾਏ, ਏਮੀ। ਮੈਨੂੰ ਪ੍ਰੋਗਰਾਮ ਵਿੱਚ ਸ਼ਾਮਲ ਕਰਨ ਲਈ ਤੁਹਾਡਾ ਬਹੁਤ ਧੰਨਵਾਦ।**

ਅਸਲ ਵਿੱਚ ਇਸ ਹਫਤੇ ਹਜ਼ਾਰਾਂ ਇਜ਼ਰਾਈਲੀ ਸੜਕਾਂ 'ਤੇ ਉਤਰ ਆਏ ਹਨ, ਅਤੇ ਇਹ ਇੱਕ ਅਜਿਹਾ ਰੋਸ ਹੈ ਜੋ ਇਜ਼ਰਾਈਲ ਵਿੱਚ ਵਧ ਰਿਹਾ ਹੈ। ਲੋਕ ਜਾਣਦੇ ਹਨ ਕਿ ਇਹ ਜੰਗ ਸਾਨੂੰ ਕੋਈ ਸੁਰੱਖਿਆ ਨਹੀਂ ਦੇਵੇਗੀ, ਕਿ ਇਹ ਜੰਗ ਸਿਰਫ ਮਿਡਲ ਈਸਟ ਦੇ ਲੋਕਾਂ – ਲੈਬਨਾਨੀਆਂ, ਫਲਸਤੀਨੀਆਂ, ਇਰਾਨੀਆਂ ਅਤੇ ਇਜ਼ਰਾਈਲੀਆਂ- ਨੂੰ ਨੁਕਸਾਨ ਪਹੁੰਚਾ ਰਹੀ ਹੈ। ਅਸੀਂ ਕੀਮਤ ਅਦਾ ਕਰ ਰਹੇ ਹਾਂ -ਟੁੱਟੇ ਪਰਿਵਾਰਾਂ, ਮਾਰੇ ਜਾ ਰਹੇ ਲੋਕਾਂ, ਢਾਹੇ ਜਾ ਰਹੇ ਘਰਾਂ ਨਾਲ। ਇਹ ਜੰਗ ਦੀ ਅਸਲੀਅਤ ਹੈ।

ਅਤੇ ਇਹ ਜੰਗ ਟਰੰਪ ਅਤੇ ਨੇਤਨਯਾਹੂ ਦੁਆਰਾ ਸ਼ੁਰੂ ਕੀਤੀ ਗਈ ਜੰਗ ਹੈ। ਅਸੀਂ ਇਸ ਜੰਗ ਦਾ ਵਿਰੋਧ ਕਰਦੇ ਹਾਂ ਕਿਉਂਕਿ ਇਹ ਇੱਕ ਅਨਮੁੱਕਣ ਵਾਲੀ ਜੰਗ ਹੈ। ਇਜ਼ਰਾਈਲ ਗਾਜ਼ਾ ਤੋਂ ਲੈਬਨਾਨ ਤੋਂ ਵੈਸਟ ਬੈਂਕ ਤੋਂ ਈਰਾਨ ਵੱਲ ਵਧ ਰਿਹਾ ਹੈ, ਅਤੇ ਫਿਰ ਉਹਨਾਂ ਹੀ ਮੋਰਚਿਆਂ 'ਤੇ ਵਾਪਸ ਆ ਜਾਂਦਾ ਹੈ। ਉਹ ਸਾਨੂੰ ਦੱਸਦੇ ਹਨ ਕਿ ਇਹ ਸਾਡੀ ਸੁਰੱਖਿਆ ਲਈ ਹੈ। ਪਰ ਅਸਲੀਅਤ ਵਿੱਚ, ਅਸੀਂ ਸਾਰੇ ਕੀਮਤ ਅਦਾ ਕਰ ਰਹੇ ਹਾਂ, ਅਤੇ ਅਸੀਂ ਸਾਰੇ ਇਸ ਜੰਗ ਵਿੱਚ ਹਾਰ ਰਹੇ ਹਾਂ।

**ਏਮੀ ਗੁਡਮੈਨ:** ਐਲਨ-ਲੀ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਬੱਚਿਆਂ ਦੀਆਂ ਤਸਵੀਰਾਂ ਫੜੀਆਂ ਹੋਈਆਂ ਸਨ ਜੋ ਇਰਾਨ, ਲੈਬਨਾਨ, ਇਜ਼ਰਾਈਲ, ਗਾਜ਼ਾ ਅਤੇ ਵੈਸਟ ਬੈਂਕ ਵਿੱਚ ਮਾਰੇ ਗਏ ਹਨ। ਕੀ ਤੁਸੀਂ ਇਰਾਨ ਵਿਰੁੱਧ ਇਜ਼ਰਾਈਲ ਦੀ ਜੰਗ ਅਤੇ ਲੈਬਨਾਨ ਉੱਤੇ ਹਮਲਿਆਂ ਦੇ ਨਾਲ-ਨਾਲ ਵੈਸਟ ਬੈਂਕ ਵਿੱਚ ਇਜ਼ਰਾਈਲ ਦੀਆਂ ਬਸਤੀਆਂ ਵਸਾਉਣ ਵਾਲਿਆਂ (ਇਜ਼ਰਾਈਲ ਦੇ ਸੈਟਲਰਾਂ) ਦੀ ਹਿੰਸਾ ਅਤੇ ਗਾਜ਼ਾ ਵਿੱਚ ਲਗਾਤਾਰ ਮਾਰੇ ਜਾ ਰਹੇ ਫਲਸਤੀਨੀਆਂ ਵਿਚਕਾਰ ਸਬੰਧਾਂ ਬਾਰੇ ਗੱਲ ਕਰ ਸਕਦੇ ਹੋ?

**ਐਲਨ-ਲੀ ਗ੍ਰੀਨ:** ਮੈਨੂੰ ਲਗਦਾ ਹੈ ਕਿ ਇਹ ਸਾਰੇ ਵੱਖ-ਵੱਖ ਮੋਰਚੇ, ਇਹ ਸਾਰੇ ਵੱਖ-ਵੱਖ ਦ੍ਰਿਸ਼ ਇੱਕ ਅਨਮੁੱਕਣ ਵਾਲੀ ਜੰਗ ਵਿੱਚ ਰਲ ਰਹੇ ਹਨ ਜਿਸ ਜੰਗ ਨੂੰ ਸਾਡੀ ਸਰਕਾਰ ਅਤੇ ਸਰਕਾਰਾਂ ਨੇ ਸੱਤਾ ਵਿੱਚ ਬਣੇ ਰਹਿਣ ਲਈ, ਸਾਡੇ ਸਮਾਜ ਵਿੱਚ ਲੋਕਾਂ ਨੂੰ ਕਾਲਪਨਿਕ ਦੁਸ਼ਮਣਾਂ ਵਿਰੁੱਧ ਭੜਕਾਉਣ ਲਈ ਜ਼ਿੰਦਾ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਵਿਸ਼ਵਾਸ ਕਰਦੇ ਹਨ ਕਿ ਜੇਕਰ ਉਹ ਗਾਜ਼ਾ ਵਿੱਚ ਲੋਕਾਂ ਨੂੰ ਮਾਰਨਗੇ ਅਤੇ ਫਿਰ ਸੈਟਲਰਾਂ (ਬਸਤੀਆਂ ਵਸਾਉਣ ਵਾਲਿਆਂ) ਨੂੰ ਵੈਸਟ ਬੈਂਕ ਵਿੱਚ ਲੋਕਾਂ ਦੀ ਹੱਤਿਆ ਕਰਨ ਦੀ ਇਜਾਜ਼ਤ ਦੇਣਗੇ ਅਤੇ ਫਿਰ ਇਰਾਨ ਅਤੇ ਲੈਬਨਾਨ ਉੱਤੇ ਹਮਲਾ ਕਰਨਗੇ, ਤਾਂ ਇਜ਼ਰਾਈਲੀ ਜਨਤਾ ਚੁੱਪ ਰਹੇਗੀ ਅਤੇ ਉਹ ਸੋਚੇਗੀ ਕਿ ਇਹ ਸਮਾਂ ਪ੍ਰਦਰਸ਼ਨ ਕਰਨ ਦਾ ਸਮਾਂ ਨਹੀਂ ਹੈ। ਪਰ ਮੇਰੇ ਖਿਆਲ ਵਿੱਚ ਇਜ਼ਰਾਈਲੀ ਜਨਤਾ ਜਾਗ ਰਹੀ ਹੈ। ਬਹੁਤ ਸਾਰੇ ਲੋਕ ਗੁੱਸੇ ਵਿੱਚ ਹਨ। ਜੰਗ ਨੂੰ ਚਲਦਿਆਂ ਤਿੰਨ ਸਾਲ ਹੋ ਗਏ ਹਨ। ਲੋਕ ਥੱਕ ਗਏ ਹਨ। ਲੋਕ ਆਪਣੇ ਪਰਿਵਾਰਾਂ ਲਈ ਵੱਖਰੀਆਂ ਹਕੀਕਤਾਂ ਚਾਹੁੰਦੇ ਹਨ। ਲੋਕ ਆਪਣੇ ਪੁੱਤਰਾਂ ਅਤੇ ਧੀਆਂ ਨੂੰ ਗੁਆ ਰਹੇ ਹਨ ਜੋ ਫੌਜ ਵਿੱਚ ਮਾਰਨ ਅਤੇ ਮਾਰੇ ਜਾਣ ਲਈ ਭੇਜੇ ਜਾਂਦੇ ਹਨ।

ਅਤੇ ਮੈਂ ਮੰਨਦਾ ਹਾਂ ਕਿ ਇਹ ਇਜ਼ਰਾਈਲ ਵਿੱਚ ਖੱਬੇ ਪੱਖੀਆਂ ਕੋਲ ਸੰਘਰਸ਼ ਨੂੰ ਫਲਸਤੀਨੀਆਂ, ਲੈਬਨਾਨੀਆਂ, ਮਿਡਲ ਈਸਟ ਦੇ ਲੋਕਾਂ ਦੇ ਹਿੱਤਾਂ, ਇਜ਼ਰਾਈਲੀ ਲੋਕਾਂ ਦੇ ਹਿੱਤਾਂ ਨਾਲ ਜੋੜਨ ਦਾ ਵੀ ਇੱਕ ਮੌਕਾ ਹੈ, ਕਿਉਂਕਿ ਲੋਕ ਜੋ ਕੀਮਤ ਅਦਾ ਕਰ ਰਹੇ ਹਨ, ਉਹ ਸਾਰਿਆਂ ਲਈ ਇੱਕੋ ਜਿਹੀ ਕੀਮਤ ਨਹੀਂ ਹੈ। ਮੈਂ ਜਾਣਦਾ ਹਾਂ ਕਿ ਇੱਕ ਇਜ਼ਰਾਈਲੀ ਨਾਗਰਿਕ ਹੋਣ ਦੇ ਨਾਤੇ, ਮੈਂ ਗਾਜ਼ਾ ਜਾਂ ਵੈਸਟ ਬੈਂਕ ਵਿੱਚ ਰਹਿ ਰਹੇ ਫਲਸਤੀਨੀ ਜਿੰਨੀ ਕੀਮਤ ਨਹੀਂ ਅਦਾ ਕਰ ਰਿਹਾ। ਪਰ ਵੱਖ-ਵੱਖ ਡਿਗਰੀਆਂ ਵਿੱਚ ਲੋਕਾਂ ਦਾ ਦੁੱਖ ਫਿਰ ਵੀ ਦੁੱਖ ਹੀ ਹੈ। ਅਤੇ ਗਾਜ਼ਾ, ਵੈਸਟ ਬੈਂਕ, ਲੈਬਨਾਨ, ਇਰਾਨ ਅਤੇ ਇਜ਼ਰਾਈਲ ਵਿੱਚ ਮਾਰੇ ਗਏ ਬੱਚਿਆਂ ਦੀਆਂ ਤਸਵੀਰਾਂ ਫੜਨਾ ਇਹ ਦਿਖਾਉਣ ਦਾ ਇੱਕ ਤਰੀਕਾ ਹੈ ਕਿ ਹਰ ਕੋਈ ਜੰਗ ਵਿੱਚ ਹਾਰ ਰਿਹਾ ਹੈ। ਜਿਨ੍ਹਾਂ ਲੋਕਾਂ ਨੂੰ ਕੁਝ ਫਾਇਦਾ ਹੋ ਰਿਹਾ ਹੈ, ਉਹ ਸਿਰਫ ਟਰੰਪ ਅਤੇ ਨੇਤਨਯਾਹੂ ਵਰਗੇ ਲੋਕ ਹਨ, ਹੋ ਸਕਦਾ ਹੈ ਕਿ ਫਾਇਦਾ ਉਠਾਉਣ ਵਾਲਿਆਂ ਵਿੱਚ ਕੁਝ ਤੇਲ ਕੰਪਨੀਆਂ ਹੋਣ ਜੋ ਇਨ੍ਹਾਂ ਜੰਗਾਂ ਤੋਂ ਬਹੁਤ ਮੁਨਾਫਾ ਕਮਾ ਰਹੀਆਂ ਹਨ।

**ਏਮੀ ਗੁਡਮੈਨ: ਕੀ ਇਜ਼ਰਾਈਲ ਵਿੱਚ ਜੰਗ-ਵਿਰੋਧੀ ਲਹਿਰ ਵਧ ਰਹੀ ਹੈ?**

ਐਲਨ-ਲੀ ਗ੍ਰੀਨ: ਹਾਂ। ਇਹ ਪਹਿਲੇ ਹਫਤੇ ਕੁਝ ਦਰਜਨ ਲੋਕਾਂ ਨਾਲ ਸ਼ੁਰੂ ਹੋਈ ਸੀ ਅਤੇ ਹੁਣ ਸਾਡੀ ਗਿਣਤੀ ਕੁਝ ਹਜ਼ਾਰ ਹੋ ਗਈ ਹੈ। ਪਹਿਲੇ ਹਫਤੇ, ਇਜ਼ਰਾਈਲੀ ਯਹੂਦੀ ਅਬਾਦੀ ਵਿੱਚ ਜੰਗ ਦਾ 90% ਸਮਰਥਨ ਸੀ, ਅਤੇ ਹੁਣ ਇਹ ਪੰਜ ਹਫਤਿਆਂ ਵਿੱਚ ਘਟ ਕੇ 60 ਪ੍ਰਤੀਸ਼ਤ ਦੇ ਕਰੀਬ ਆ ਗਿਆ ਹੈ। ਇਹ ਤੇਜ਼ੀ ਨਾਲ ਘਟ ਰਿਹਾ ਹੈ।

ਅਤੇ ਮੇਰਾ ਖਿਆਲ ਹੈ ਕਿ ਲੋਕ ਸਮਝ ਰਹੇ ਹਨ ਕਿ ਇਹ ਉਸ ਤਰ੍ਹਾਂ ਨਹੀਂ ਹੈ ਜਿਵੇਂ ਸਰਕਾਰ ਸਾਨੂੰ ਵੇਚਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਨੇ ਸਾਨੂੰ ਦੱਸਿਆ ਸੀ ਕਿ ਇਹ ਇੱਕ ਛੋਟੀ ਜੰਗ ਹੋਵੇਗੀ; ਅਸੀਂ ਲੋਕਤੰਤਰ ਪ੍ਰਾਪਤ ਕਰ ਲਵਾਂਗੇ ਜਾਂ ਇਰਾਨ ਦੀ ਸਰਕਾਰ ਦਾ ਡਿੱਗਣਾ ਪੱਕਾ ਕਰ ਲਵਾਂਗੇ।



ਅਸੀਂ ਦੇਖ ਰਹੇ ਹਾਂ ਕਿ ਇਹ ਸੱਚ ਨਹੀਂ ਹੈ, ਨਾ ਸਿਰਫ ਇਹ ਕਿ ਉਹ ਨਹੀਂ ਜਿੱਤ ਰਹੇ, ਬਲਕਿ ਇਹ ਵੀ ਕਿ ਜੇਕਰ ਤੁਸੀਂ ਇਰਾਨੀ ਲੋਕਾਂ ਲਈ ਲੜਨ ਦਾ ਦਾਅਵਾ ਕਰਦੇ ਹੋ, ਤਾਂ ਤੁਸੀਂ ਉਨ੍ਹਾਂ ਦੇ ਤੇਲ 'ਤੇ ਹਮਲਾ ਕਿਉਂ ਕਰ ਰਹੇ ਹੋ? ਤੁਸੀਂ ਉਨ੍ਹਾਂ ਦੇ ਬੁਨਿਆਦੀ ਢਾਂਚੇ, ਆਰਥਕਤਾ 'ਤੇ ਹਮਲਾ ਕਿਉਂ ਕਰ ਰਹੇ ਹੋ? ਤੁਸੀਂ ਇਰਾਨ ਵਿੱਚ ਇੰਨੇ ਸਾਰੇ ਲੋਕ ਕਿਉਂ ਮਾਰ ਰਹੇ ਹੋ? ਤੁਸੀਂ 40 ਲੱਖ ਇਰਾਨੀਆਂ ਨੂੰ ਸ਼ਰਨਾਰਥੀ ਕਿਉਂ ਬਣਾ ਰਹੇ ਹੋ? ਮੇਰਾ ਖਿਆਲ ਹੈ ਕਿ ਇਹ ਝੂਠ ਹੌਲੀ-ਹੌਲੀ ਬੇਨਕਾਬ ਹੋ ਰਹੇ ਹਨ।

**ਏਮੀ ਗੁਡਮੈਨ: ਕੀ ਬਹੁਤ ਸਾਰੇ ਇਜ਼ਰਾਈਲੀ ਫੌਜ ਵਿੱਚ ਸੇਵਾ ਕਰਨ ਤੋਂ ਇਨਕਾਰ ਕਰ ਰਹੇ ਹਨ?**

ਐਲਨ-ਲੀ ਗ੍ਰੀਨ: ਇਸ ਜੰਗ ਵਿੱਚ, ਅਸੀਂ ਅਜੇ ਤੱਕ ਕਿਸੇ ਇਨਕਾਰੀ ਦਾ ਕੇਸ ਨਹੀਂ ਦੇਖਿਆ ਜੋ ਕਹਿੰਦਾ ਹੋਵੇ ਕਿ ਉਹ ਇਰਾਨੀ ਜੰਗ ਵਿੱਚ ਸੇਵਾ ਨਹੀਂ ਕਰੇਗਾ। ਪਰ ਤੁਸੀਂ ਰਿਜ਼ਰਵ ਫੌਜ ਵਿਚਲੇ ਬਹੁਤ ਸਾਰੇ ਲੋਕਾਂ ਨੂੰ ਇਹ ਕਹਿੰਦੇ ਦੇਖ ਸਕਦੇ ਹੋ ਕਿ ਬੱਸ ਹੋ ਗਿਆ। ਉਹ ਲੈਬਨਾਨ ਨਹੀਂ ਜਾ ਰਹੇ। ਉਹ ਗਾਜ਼ਾ ਵਾਪਸ ਨਹੀਂ ਜਾ ਰਹੇ। ਉਹ ਇਨਕਾਰ ਕਰ ਰਹੇ ਹਨ। ਸਾਡੀ ਲਹਿਰ ਨੇ ਰਿਜ਼ਰਵਿਸਟਾਂ ਅਤੇ ਸੈਨਿਕਾਂ ਨੂੰ ਮਨੁੱਖੀ ਜਾਨਾਂ, ਪਰਿਵਾਰਾਂ, ਗਾਜ਼ਾ, ਵੈਸਟ ਬੈਂਕ, ਲੈਬਨਾਨ ਵਿੱਚ ਬੱਚਿਆਂ ਦੀ ਸੁਰੱਖਿਆ ਦੀ ਨੈਤਿਕਤਾ ਅਪਨਾਉਣ ਲਈ ਕਿਹਾ ਹੈ।

ਮੇਰੇ ਵਿਚਾਰ ਵਿੱਚ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੰਗ ਦਾ ਵਿਰੋਧ ਕਰਨ ਵਾਲਾ ਇਜ਼ਰਾਈਲੀ ਹੋਣ ਲਈ ਇੱਕ ਔਖਾ ਮਾਹੌਲ ਹੈ। ਮੈਂ ਇਸ ਸਮੇਂ ਅਦਾਲਤ ਵਿੱਚ ਖੜ੍ਹਾ ਹਾਂ। ਮੇਰੇ ਸਾਹਮਣੇ, ਸੱਜੇ-ਪੱਖੀ ਭੀੜ ਦੇ ਕਾਰਕੁਨਾਂ ਦਾ ਇੱਕ ਸਮੂਹ ਹੈ ਜੋ ਮੈਨੂੰ ਗ੍ਰਿਫਤਾਰ ਕਰਨ ਲਈ ਇੱਥੇ ਆਇਆ ਹੈ, ਅਤੇ ਉਹ ਮੇਰਾ ਧਿਆਨ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ। ਅਤੇ ਲੋਕ ਮੇਰੇ ਘਰ ਆਏ। ਸਾਨੂੰ ਗ੍ਰਿਫਤਾਰ ਕੀਤਾ ਗਿਆ। ਅਸੀਂ ਜੋ ਕਰ ਰਹੇ ਹਾਂ, ਉਹ ਕਰਨਾ ਅਸਾਨ ਨਹੀਂ ਹੈ, ਪਰ ਅਸੀਂ ਇਹ ਸੰਭਵ ਬਣਾਉਣ, ਇਸ ਨੂੰ ਆਮ ਬਣਾਉਣ, ਇਸ ਨੂੰ ਮੁੱਖ ਧਾਰਾ ਵਿੱਚ ਲਿਆਉਣ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਆਕੂਪੇਸ਼ਨ (ਕਬਜ਼ੇ) ਦਾ ਵਿਰੋਧ ਕਰਨਾ, ਇਜ਼ਰਾਈਲ-ਫਲਸਤੀਨੀ ਸ਼ਾਂਤੀ ਦਾ ਸਮਰਥਨ ਕਰਨਾ,

**ਬਾਕੀ ਹਿਸਾ 64 ਸਫ਼ੇ ਤੇ ਪੜ੍ਹੋ**

63 ਸਫ਼ੇ ਦੀ ਬਾਕੀ

ਲੈਬਨਾਨ ਜਾਂ ਇਰਾਨ ਜਾਂ ਵੈਸਟ ਬੈਂਕ ਵਿੱਚ ਇਸ ਅਣਮੁੱਕਣ ਵਾਲੀ ਜੰਗ ਦੇ ਅੰਤ ਦਾ ਸਮਰਥਨ ਕਰਨਾ ਦੇਸ਼ ਭਗਤੀ ਵਾਲਾ ਕੰਮ ਹੈ। ਅਤੇ ਮੈਨੂੰ ਲਗਦਾ ਹੈ ਕਿ ਅਸੀਂ ਸਫਲ ਹੋ ਰਹੇ ਹਾਂ ਅਤੇ ਵਧ ਰਹੇ ਹਾਂ।

ਏਮੀ ਗੁਡਮੈਨ: ਕਿਉਂਕਿ ਤੁਸੀਂ ਇਹ ਗੱਲ ਕੀਤੀ ਹੈ ਕਿ ਤੁਸੀਂ ਇਸ ਸਮੇਂ ਅਦਾਲਤ ਵਿੱਚ ਜਾਣ ਲਈ ਖੜ੍ਹੇ ਹੋ। ਅਸਲ ਵਿੱਚ ਇਹ ਕੇਸ ਇਸ ਵੀਕ-ਇੰਡ 'ਤੇ ਤੁਹਾਡੀ ਗ੍ਰਿਫਤਾਰੀ ਦੇ ਕੇਸ ਤੋਂ ਵੱਖਰਾ ਹੈ। ਕੀ ਤੁਸੀਂ ਦੱਸ ਸਕਦੇ ਹੋ ਕਿ ਪਿਛਲੇ ਹਫਤੇ ਕੀ ਵਾਪਰਿਆ ਸੀ ਜਦੋਂ ਸੱਜੇ-ਪੱਖੀ ਕਾਰਕੁਨਾਂ ਦਾ ਇੱਕ ਸਮੂਹ ਤੁਹਾਡਾ ਪਿੱਛਾ ਕਰਦਾ ਹੋਇਆ ਤੁਹਾਡੇ ਘਰ ਤੱਕ ਪਹੁੰਚ ਗਿਆ ਸੀ, ਅਤੇ ਤੁਸੀਂ ਅੱਜ ਅਦਾਲਤ ਵਿੱਚ ਕਿਉਂ ਹੋ?

**ਐਲਨ-ਲੀ ਗ੍ਰੀਨ:** ਜ਼ਰੂਰ। ਸਾਡੇ ਉੱਤੇ ਜ਼ੁਲਮ ਕਰਨ ਅਤੇ ਸਾਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਨ ਵਾਲੀ ਰਾਜ ਦੀ ਇੱਕ ਹੋਰ ਬਾਂਹ ਸਿਰਫ ਪੁਲੀਸ ਹੀ ਨਹੀਂ ਹੈ ਜੋ ਬਹੁਤ ਹੀ ਹਿੰਸਕ ਅਤੇ ਧੱਕੜ ਤਰੀਕੇ ਨਾਲ ਸਾਨੂੰ ਖਿੰਡਾਉਂਦੀ ਹੈ। ਇਹ ਸੰਗਠਿਤ ਸੱਜੇ-ਪੱਖੀ ਸਮੂਹ ਵੀ ਹਨ ਜੋ ਸਾਡਾ ਪਿੱਛਾ ਕਰਦੇ ਹਨ, ਸਾਡੇ ਪਤੇ ਲੱਭਦੇ ਹਨ, ਸਾਡੇ ਘਰਾਂ ਵਿੱਚ ਆਉਂਦੇ ਹਨ, ਸਾਡੇ ਉੱਤੇ ਹਮਲਾ ਕਰਦੇ ਹਨ, ਅਚਾਨਕ ਅੱਧੀ ਰਾਤ ਨੂੰ, ਤੁਹਾਡੇ ਅਪਾਰਟਮੈਂਟ ਦੇ ਦਰਵਾਜ਼ੇ ਦੇ ਬਾਹਰ ਕੁਝ ਦਰਜਨ ਲੋਕਾਂ ਨੂੰ ਲੈ ਕੇ ਆਉਂਦੇ ਹਨ, ਆ ਕੇ ਤੁਹਾਡੀ ਕਾਰ ਨੂੰ ਰੋਕਦੇ ਹਨ, ਤੁਹਾਨੂੰ ਸੜਕ ਦੇ ਵਿਚਕਾਰ ਲੱਭ ਲੈਂਦੇ ਹਨ। ਅਤੇ ਇਹ ਇੱਕ ਹਕੀਕਤ ਹੈ ਜੋ ਵਧ ਰਹੀ ਹੈ। ਉਨ੍ਹਾਂ ਨੂੰ ਪੁਲਿਸ ਦਾ ਸਮਰਥਨ ਪ੍ਰਾਪਤ ਹੈ। ਉਨ੍ਹਾਂ ਨੂੰ ਕਦੇ ਗ੍ਰਿਫਤਾਰ ਨਹੀਂ ਕੀਤਾ ਜਾਂਦਾ। ਉਨ੍ਹਾਂ ਨੂੰ ਕਦੇ — ਆਪਣੀਆਂ ਕਾਰਵਾਈਆਂ ਦੀ ਕੀਮਤ ਨਹੀਂ ਚੁਕਾਉਣੀ ਪੈਂਦੀ। ਇਸ ਲਈ, ਮੈਂ ਅਦਾਲਤ ਤੋਂ ਉਨ੍ਹਾਂ ਵਿੱਚੋਂ ਕੁਝ ਦੇ ਖਿਲਾਫ ਪਾਬੰਦੀ ਦਾ ਹੁਕਮ (ਰਿਸਟ੍ਰੇਨਿੰਗ ਆਰਡਰ) ਲੈਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਅਤੇ ਇਹ ਸ਼ਾਇਦ ਸੰਗਠਿਤ ਹੋਣ ਅਤੇ ਆਪਣੇ ਆਪ ਦੀ ਰੱਖਿਆ ਕਰਨ ਤੋਂ ਇਲਾਵਾ ਸਾਡੇ ਕੋਲ ਹੋਣ ਵਾਲੇ ਉਹਨਾਂ ਥੋੜ੍ਹੇ ਜਿਹੇ ਸਾਧਨਾਂ ਵਿੱਚੋਂ ਇੱਕ ਹੈ।

**ਏਮੀ ਗੁਡਮੈਨ:** ਮੈਨੂੰ ਦੱਸੋ, ਸਨਿੱਚਰਵਾਰ ਨੂੰ ਉਸ ਸਮੇਂ ਕੀ ਵਾਪਰਿਆ ਜਦੋਂ ਤੁਹਾਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀਆਂ ਨੂੰ ਕਿਹਾ ਗਿਆ ਸੀ ਕਿ ਤੁਸੀਂ ਜਨਤਕ ਸੁਰੱਖਿਆ ਦੇ ਕਾਰਨ ਪ੍ਰਦਰਸ਼ਨ ਨਹੀਂ ਕਰ ਸਕਦੇ। ਪਰ ਜਦੋਂ ਸਾਇਰਨ ਵੱਜੇ, ਉਦੋਂ ਤੁਸੀਂ ਇੱਕ ਪੁਲੀਸ ਦੀ ਬੱਸ ਵਿੱਚ ਸੀ ਅਤੇ ਜਦੋਂ ਬਾਕੀ ਸਾਰੇ ਸ਼ੈਲਟਰਾਂ ਵੱਲ ਦੌੜ ਗਏ, ਤੁਸੀਂ ਉਹਨਾਂ ਵਿੱਚ ਨਹੀਂ ਜਾ ਸਕਦੇ ਸੀ ਕਿਉਂਕਿ ਪੁਲੀਸ ਨੇ ਤੁਹਾਨੂੰ ਬੱਸ ਵਿੱਚੋਂ ਬਾਹਰ ਨਹੀਂ ਜਾਣ ਦਿੱਤਾ?

**ਐਲਨ-ਲੀ ਗ੍ਰੀਨ:** ਸਾਨੂੰ ਜਾਣ ਨਹੀਂ ਦਿੱਤਾ ਗਿਆ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਲਈ ਗ੍ਰਿਫਤਾਰ ਕੀਤਾ ਗਿਆ ਸੀ ਕਿ ਅਸੀਂ ਹੋਮ ਫਰੰਟ ਕਮਾਂਡ ਦੇ ਐਮਰਜੈਂਸੀ ਉਪਾਵਾਂ ਦੀ ਉਲੰਘਣਾ ਕਰ ਰਹੇ ਸੀ ਅਤੇ ਅਸੀਂ ਖੁਦ ਆਪਣੇ ਆਪ ਨੂੰ ਖਤਰੇ ਵਿੱਚ ਪਾਇਆ ਸੀ। ਪਰ ਉਦੋਂ ਅਸੀਂ ਪੁਲੀਸ ਦੀ ਬੱਸ ਵਿੱਚ ਸੀ। ਸਾਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮੈਨੂੰ ਹੱਥਕੜੀਆਂ ਲਾਈਆਂ ਗਈਆਂ ਸਨ। ਅਤੇ ਫਿਰ ਅਸੀਂ ਸਾਰਿਆਂ ਨੇ ਸਾਇਰਨ ਸੁਣੇ, ਅਤੇ ਅਸੀਂ ਪੁਲੀਸ ਨੂੰ ਕਿਹਾ, "ਸਾਨੂੰ ਸ਼ੈਲਟਰਾਂ ਵਿੱਚ ਜਾਣ ਦਿਉ। ਅਸੀਂ ਤੇਲ ਅਵੀਵ ਦੇ ਸਭ ਤੋਂ ਵੱਡੇ ਸ਼ੈਲਟਰ ਦੇ ਉੱਪਰ ਹਾਂ। ਸਾਨੂੰ ਬੱਸ ਵਿੱਚੋਂ ਉਤਰਨ ਅਤੇ ਸ਼ੈਲਟਰ ਵਿੱਚ ਜਾਣ ਦਿਉ।" ਅਤੇ ਉਨ੍ਹਾਂ ਨੇ ਕਿਹਾ, "ਇਹ ਤੁਹਾਡੀ ਸਮੱਸਿਆ ਹੈ। ਤੁਸੀਂ ਜੰਗ ਦੇ ਵਿਚਕਾਰ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ।" ਅਤੇ ਅਸੀਂ ਉਨ੍ਹਾਂ 'ਤੇ ਚੀਕਣਾ ਸ਼ੁਰੂ ਕਰ ਦਿੱਤਾ ਅਤੇ ਮੰਗ ਕੀਤੀ ਕਿ ਸਾਨੂੰ ਮਿਜ਼ਾਈਲ ਤੋਂ ਬਚਾਇਆ ਜਾਵੇ ਜੋ ਸਾਡੇ 'ਤੇ ਡਿਗ ਸਕਦੀ ਸੀ। ਅਤੇ ਉਨ੍ਹਾਂ ਨੇ ਸੱਚਮੁੱਚ ਇਹ ਕਰਨ ਤੋਂ ਇਨਕਾਰ ਕਰ ਦਿੱਤਾ।

ਆਖਰਕਾਰ, ਜਦੋਂ ਸਾਇਰਨ ਵੱਜਣੋਂ ਹੱਟ ਗਿਆ — ਸ਼ਾਇਦ ਸਾਡੇ ਕੋਲ ਹਮਲੇ ਤੋਂ ਪਹਿਲਾਂ ਕੁਝ ਸਕਿੰਟ ਸਨ — ਉਨ੍ਹਾਂ ਨੇ ਸਾਨੂੰ ਸ਼ੀਸ਼ੇ ਦੀਆਂ ਖਿੜਕੀਆਂ ਵਾਲੀ ਇੱਕ ਇਮਾਰਤ ਦੀ ਲਾਬੀ ਵਿੱਚ ਜਾਣ ਦੀ ਇਜਾਜ਼ਤ ਦਿੱਤੀ, ਜੋ ਕਿ ਇੱਕ ਸੁਰੱਖਿਅਤ ਸਥਿਤੀ ਨਹੀਂ ਸੀ, ਅਤੇ ਉਨ੍ਹਾਂ ਨੇ ਸਾਨੂੰ ਜ਼ਮੀਨ 'ਤੇ ਲੇਟਣ ਲਈ ਕਿਹਾ ਤਾਂ ਜੋ ਸਾਡਾ ਬਚਾਅ ਹੋ ਸਕੇ। ਇਹ ਸਾਡੀਆਂ ਜਾਨਾਂ ਲਈ ਖਤਰਾ ਸੀ। ਇਹ ਕੁਝ ਅਜਿਹਾ ਹੈ ਜੋ ਕਾਨੂੰਨ ਨੂੰ ਵੀ ਤੋੜਦਾ ਹੈ। ਸਾਇਰਨ ਵੱਜਣ ਦੌਰਾਨ ਕਿਸੇ ਨੂੰ ਵੀ ਤੁਹਾਨੂੰ ਸ਼ੈਲਟਰ ਵਿੱਚ ਜਾਣ ਤੋਂ ਰੋਕਣ ਦੀ ਇਜਾਜ਼ਤ ਨਹੀਂ ਹੈ। ਅਤੇ ਪੁਲੀਸ ਇਜ਼ਰਾਈਲ ਵਿੱਚ ਕਾਨੂੰਨ ਤੋੜ ਰਹੀ ਹੈ।

**ਏਮੀ ਗੁਡਮੈਨ:** ਐਤਵਾਰ ਨੂੰ, ਹਦਾਸ਼-ਤਾਅਲ ਦੇ ਚੇਅਰਮੈਨ, ਨੇਸੇਟ (ਇਜ਼ਰਾਈਲ ਦੀ ਪਾਰਲੀਮੈਂਟ) ਦੇ ਮੈਂਬਰ ਅਯਮਾਨ ਓਦੇਹ ਨੇ ਸੋਸ਼ਲ ਮੀਡੀਆ 'ਤੇ ਲਿਖਿਆ "ਕੱਲ੍ਹ ਜੰਗ-ਵਿਰੋਧੀ ਪ੍ਰਦਰਸ਼ਨ ਵਿੱਚ ਪੁਲੀਸ ਦਾ ਵਤੀਰਾ, ਹਾਈ ਕੋਰਟ ਆਫ਼ ਜਸਟਿਸ ਦੇ ਫੈਸਲੇ ਦੀ ਖੁੱਲ੍ਹੇਆਮ ਉਲੰਘਣਾ ਦੇ ਨਾਲ, ਇਸ ਗੱਲ ਦਾ ਇੱਕ ਹੋਰ ਸਬੂਤ ਹੈ ਕਿ ਅਸੀਂ ਇੱਕ ਇਤਿਹਾਸਕ ਮੋੜ 'ਤੇ ਹਾਂ। ਇਹ ਇੱਥੇ ਭਵਿੱਖ, ਬੋਲਣ ਦੀ ਆਜ਼ਾਦੀ, ਲੋਕਤਾਂਤਰਿਕ ਕਦਰਾਂ-ਕੀਮਤਾਂ, ਅਤੇ ਮਾਣ, ਸੁਰੱਖਿਆ ਅਤੇ ਸਮਾਨਤਾ ਨਾਲ ਜੀਉਣ ਦੇ ਅਧਿਕਾਰ, ਅਤੇ ਸਭ ਤੋਂ ਵੱਧ, ਤਲਵਾਰ ਨਾਲ ਜੀਉਣਾ ਬੰਦ ਕਰਨ ਅਤੇ ਸੱਚੀ ਸ਼ਾਂਤੀ ਲਈ ਯਤਨ ਕਰਨ ਨੂੰ ਬਰਕਰਾਰ ਰੱਖਣ ਲਈ ਸੰਘਰਸ਼ ਹੈ। ਮੈਂ ਉਨ੍ਹਾਂ ਹਜ਼ਾਰਾਂ ਨਾਗਰਿਕਾਂ ਦੀ ਹਿੰਮਤ ਵਧਾਉਂਦਾ ਅਤੇ ਉਨ੍ਹਾਂ ਨਾਲ ਇੱਕਜੁੱਟਤਾ ਜ਼ਾਹਰ ਕਰਦਾ ਹਾਂ ਜੋ ਕੱਲ੍ਹ ਸਭ ਕੁਝ ਦੇ ਬਾਵਜੂਦ ਪ੍ਰਦਰਸ਼ਨ ਕਰਨ ਲਈ ਨਿਕਲੇ, ਅਤੇ ਜੋ ਫਾਸ਼ੀਵਾਦੀਆਂ ਦੇ ਸਾਹਮਣੇ ਡਟੇ ਰਹੇ। ਅਗਲੇ ਹਫਤੇ, ਸਾਡੀ ਗਿਣਤੀ ਦਹਿ-ਹਜ਼ਾਰਾਂ ਵਿੱਚ ਹੋਵੇਗੀ। ਕਿਉਂਕਿ ਉਹ ਸਾਨੂੰ ਜਿੰਨਾ ਦਬਾਉਣਗੇ ਅਤੇ ਚੁੱਪ ਕਰਾਉਣਗੇ ਉਨਾ ਹੀ ਸਾਡੀ ਗਿਣਤੀ ਵਧੇਗੀ ਅਤੇ ਉਨਾ ਹੀ ਜ਼ਿਆਦਾ ਅਸੀਂ ਸਫਲ ਹੋਵਾਂਗੇ।" ਐਲਨ-ਲੀ ਕੀ ਤੁਸੀਂ ਦੱਸ ਸਕਦੇ ਹੋ ਕਿ ਹਦਾਸ਼-ਤਾਅਲ ਪਾਰਟੀ ਕੀ ਹੈ, ਅਯਮਾਨ ਓਦੇਹ ਕੌਣ ਹੈ— ਅਤੇ ਉਸ ਵਲੋਂ ਹਾਈ ਕੋਰਟ ਦਾ ਹਵਾਲਾ ਦੇਣ ਦਾ ਕੀ ਮਤਲਬ ਹੈ ਕਿ ਤੁਸੀਂ ਪ੍ਰਦਰਸ਼ਨ ਕਰ ਸਕਦੇ ਹੋ?

**ਐਲਨ-ਲੀ ਗ੍ਰੀਨ:** ਅਯਮਾਨ ਓਦੇਹ ਨੇਸੇਟ (ਪਾਰਲੀਮੈਂਟ) ਵਿੱਚ ਇਜ਼ਰਾਈਲ ਵਿੱਚ ਫਲਸਤੀਨੀ ਘੱਟ ਗਿਣਤੀ ਦੀ ਨੁਮਾਇੰਦਗੀ ਕਰਨ ਵਾਲੀ ਹਦਾਸ਼-ਤਾਅਲ ਪਾਰਟੀ ਦਾ ਮੁਖੀ ਹੈ। ਇਜ਼ਰਾਈਲ ਵਿੱਚ ਇਜ਼ਰਾਈਲ ਦੇ ਕੁੱਲ ਨਾਗਰਿਕਾਂ ਦਾ 20% ਫਲਸਤੀਨੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਲਗਭਗ ਚਾਰ ਰਾਜਨੀਤਿਕ ਪਾਰਟੀਆਂ ਹਨ, ਅਤੇ ਉਹ ਇਨ੍ਹਾਂ ਪਾਰਟੀਆਂ ਵਿੱਚੋਂ ਖੱਬੇ-ਪੱਖੀ ਪਾਰਟੀ ਦਾ ਆਗੂ ਹੈ।

ਅਤੇ ਉਹ ਇਜ਼ਰਾਈਲ ਦੀ ਸੁਪਰੀਮ ਕੋਰਟ ਵਿੱਚ ਇੱਕ ਸੁਣਵਾਈ ਦਾ ਹਵਾਲਾ ਦੇ ਰਿਹਾ ਹੈ — ਜਿੱਥੇ ਇਹ ਸਵਾਲ ਪੁੱਛਿਆ ਗਿਆ ਸੀ ਕਿ ਕੀ ਜੰਗ ਹੋਣ ਦੇ ਬਾਵਜੂਦ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੋਣਾ ਕਾਨੂੰਨੀ ਹੈ। ਅਸੀਂ ਸੁਪਰੀਮ ਕੋਰਟ ਵਿੱਚ ਗਏ, ਅਤੇ ਅਸੀਂ ਉਨ੍ਹਾਂ ਨੂੰ ਦੱਸਿਆ, "ਇਜ਼ਰਾਈਲ ਵਿੱਚ ਹਮੇਸ਼ਾਂ ਜੰਗ ਰਹਿੰਦੀ ਹੈ। ਤੁਸੀਂ ਕਹਿੰਦੇ ਹੋ ਕਿ ਇਹ ਮਹੀਨਿਆਂ, ਸਾਲਾਂ ਤੱਕ ਰਹਿ ਸਕਦੀ ਹੈ। ਕੀ ਇਸ ਦਾ ਮਤਲਬ ਹੈ ਕਿ ਸਾਨੂੰ ਕਦੇ ਵੀ ਜੰਗ ਦੇ ਵਿਰੁੱਧ ਪ੍ਰਦਰਸ਼ਨ ਕਰਨ ਦਾ ਅਧਿਕਾਰ ਨਹੀਂ ਹੈ?" ਇਸ ਲਈ ਅਸੀਂ ਇਸ ਨੂੰ ਇੱਕ ਸੰਵਿਧਾਨਕ ਸਵਾਲ ਵਜੋਂ ਸੁਪਰੀਮ ਕੋਰਟ ਵਿੱਚ ਲੈ ਕੇ ਗਏ, ਅਤੇ ਸੁਪਰੀਮ ਕੋਰਟ ਹੁਣ ਇਸ 'ਤੇ ਵਿਚਾਰ ਕਰ ਰਹੀ ਹੈ। ਉਹ ਵੀਰਵਾਰ ਨੂੰ ਇਸ ਸਵਾਲ ਬਾਰੇ ਫੈਸਲਾ ਸੁਣਾਏਗੀ ਕਿ ਕੀ ਇਹ ਅਜੇ ਵੀ ਕਾਨੂੰਨੀ ਹੈ ਅਤੇ ਸਾਨੂੰ ਅਜੇ ਵੀ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ, ਭਾਵੇਂ ਕਿ ਇਜ਼ਰਾਈਲ ਵਿੱਚ ਹੋਮ ਫਰੰਟ ਕਮਾਂਡ ਦੇ ਵਿਸ਼ੇਸ਼ ਸੁਰੱਖਿਆ ਅਤੇ ਐਮਰਜੈਂਸੀ ਉਪਾਅ ਲਾਗੂ ਹਨ। ਉਨ੍ਹਾਂ ਨੇ ਪੁਲੀਸ ਨੂੰ ਕਿਹਾ ਕਿ ਜਦੋਂ ਤੱਕ ਵਿਚਾਰ ਚਰਚਾ ਨਹੀਂ ਹੁੰਦੀ, ਜਦੋਂ ਤੱਕ ਫੈਸਲਾ ਨਹੀਂ ਆ ਜਾਂਦਾ, ਉਦੋਂ ਤੱਕ ਉਹ ਸਾਨੂੰ ਖਿੰਡਾਉਣ ਦੇ ਹੱਕਦਾਰ ਨਹੀਂ ਹਨ। ਪਰ ਪੁਲੀਸ ਨੇ ਮੰਤਰੀ ਬੇਨ-ਗਵੀਰ ਦੀ ਮੰਗ 'ਤੇ ਅਮਲ ਕੀਤਾ, ਜਿਸ ਨੇ ਗ੍ਰਿਫਤਾਰੀਆਂ ਕਰਨ ਦੀ ਮੰਗ ਕੀਤੀ ਸੀ।

**ਏਮੀ ਗੁਡਮੈਨ:** ਕਿਉਂਕਿ ਤੁਸੀਂ ਅਦਾਲਤ ਵਿੱਚ ਜਾਣਾ ਹੈ, ਇਸ ਲਈ ਮੈਂ ਅੰਤ ਵਿੱਚ ਓਫਰ ਕੈਸਿਫ ਬਾਰੇ ਗੱਲ ਕਰਨਾ ਚਾਹੁੰਦੀ ਹਾਂ, ਜੋ ਅਯਮਾਨ ਓਦੇਹ ਵਾਂਗ, ਹਦਾਸ਼-ਤਾਅਲ ਗੱਠਜੋੜ ਨਾਲ ਸੰਬੰਧਿਤ ਇਜ਼ਰਾਈਲੀ ਨੇਸੇਟ (ਪਾਰਲੀਮੈਂਟ) ਦਾ ਇੱਕ ਮੈਂਬਰ ਹੈ। ਉਹ ਕਹਿੰਦਾ ਹੈ ਕਿ ਸ਼ਨੀਵਾਰ ਦੇ ਜੰਗ-ਵਿਰੋਧੀ ਪ੍ਰਦਰਸ਼ਨ ਨੂੰ ਖਿੰਡਾਉਣ ਦੌਰਾਨ ਪੁਲਿਸ ਨੇ ਉਸ ਨਾਲ ਕੁੱਟਮਾਰ ਕੀਤੀ। ਪਿਛਲੇ ਮਹੀਨੇ ਡੈਮੋਕਰੇਸੀ ਨਾਉ ਨਾਲ ਗੱਲ ਕਰਦਿਆਂ, ਉਸ ਨੇ ਜੰਗ ਦੇ ਵਿਰੋਧ ਵਿੱਚ ਇਹ ਕਿਹਾ ਸੀ:

**ਓਫਰ ਕੈਸਿਫ:** ਪਰ ਉਨ੍ਹਾਂ ਸਰਕਾਰਾਂ, ਉਨ੍ਹਾਂ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਭਾਈਵਾਲਾਂ ਦਾ ਅਸਲੀ ਹਿਤ - ਅਸਲ ਕਾਰਨ ਇਹ ਹੈ ਕਿ ਉਹ ਆਪਣੇ ਆਰਥਿਕ ਅਤੇ ਰਾਜਨੀਤਕ ਹਿਤਾਂ ਨੂੰ ਪ੍ਰਾਪਤ ਕਰਨ ਲਈ, ਲੋਕਾਂ ਦੀ ਕੀਮਤ 'ਤੇ, ਜੋ ਕੁਝ ਵੀ ਕਰ ਸਕਦੇ ਹਨ, ਕਰਨਗੇ। ਇਹਨਾਂ ਲੋਕਾਂ ਵਿੱਚ ਇਰਾਨ ਦੇ ਲੋਕ ਅਤੇ ਇਜ਼ਰਾਈਲ ਦੇ ਲੋਕ ਵੀ ਸ਼ਾਮਲ ਹਨ। ਬਦਕਿਸਮਤੀ ਨਾਲ, ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਸਾਡੀ ਭਲਾਈ ਜਾਂ ਇਰਾਨ ਦੇ ਲੋਕਾਂ ਜਾਂ ਅਮਰੀਕੀ ਲੋਕਾਂ ਦੀ ਭਲਾਈ ਅਤੇ ਹਿੱਤ ਵਿੱਚ ਸੱਚੀ ਦਿਲਚਸਪੀ ਨਹੀਂ ਹੈ, ਅਤੇ ਇਹ ਮੁੱਖ ਮਸਲਾ ਹੈ। ਇਹ ਇਰਾਨੀ ਲੋਕਾਂ ਦੇ ਵਿਰੁੱਧ ਇੱਕ ਸਾਮਰਾਜਵਾਦੀ ਹਮਲਾ ਹੈ। ਇਹ ਨਿਜ਼ਾਮ ਦੇ ਵਿਰੁੱਧ ਨਹੀਂ ਹੈ। ਉਹ ਚਾਹੁੰਦੇ ਹਨ ਕਿ ਅਸੀਂ ਵਿਸ਼ਵਾਸ ਕਰੀਏ ਕਿ ਇਹ ਨਿਜ਼ਾਮ ਦੇ ਵਿਰੁੱਧ ਹੈ। ਆਖਰਕਾਰ ਇਹ ਇਰਾਨ ਦੇ ਲੋਕਾਂ ਦੇ ਵਿਰੁੱਧ ਹੈ। ਅਤੇ ਇਤਿਹਾਸ ਇਹ ਸਾਬਤ ਕਰਦਾ ਹੈ।

ਅਤੇ ਅਸੀਂ, ਇਜ਼ਰਾਈਲ ਵਿੱਚ ਆਕੂਪੇਸ਼ਨ-ਵਿਰੋਧੀ, ਨਸਲਕੁਸ਼ੀ-ਵਿਰੋਧੀ, ਸ਼ਾਂਤੀ ਅੰਦੋਲਨ ਵਿੱਚ ਹੁੰਦੇ ਹੋਏ ਇਹ ਜਾਣਦੇ ਹਾਂ। ਇਸ ਸਮੇਂ ਮਿਜ਼ਾਈਲਾਂ ਦੇ ਕਾਰਨ ਅਤੇ ਐਮਰਜੈਂਸੀ ਸਥਿਤੀ ਦੀ ਆੜ ਵਿੱਚ ਸਰਕਾਰ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਦੇ ਕਾਰਨ ਸੜਕਾਂ 'ਤੇ ਉਤਰਨਾ ਅਤੇ ਪ੍ਰਦਰਸ਼ਨ ਕਰਨਾ ਬਹੁਤ ਮੁਸ਼ਕਲ ਹੈ। ਪਰ ਅਸੀਂ ਜਾਣਦੇ ਹਾਂ ਕਿ ਦਾਅ 'ਤੇ ਕੀ ਲੱਗਿਆ ਹੋਇਆ ਹੈ। ਅਸੀਂ ਜਾਣਦੇ ਹਾਂ ਕਿ ਸਰਕਾਰਾਂ ਦੇ ਅਸਲ ਹਿੱਤ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਹਨ, ਅਤੇ ਅਸੀਂ ਵਿਰੋਧ ਕਰਨ ਅਤੇ ਇਸ ਖੂਨ-ਖਰਾਬੇ ਨੂੰ ਰੋਕਣ ਲਈ ਜੋ ਕੁਝ ਵੀ ਕਰ ਸਕਦੇ ਹਾਂ, ਕਰਦੇ ਹਾਂ।

**ਏਮੀ ਗੁਡਮੈਨ:** ਤਾਂ, ਇਹ ਸੀ ਓਫਰ ਕੈਸਿਫ, ਇਜ਼ਰਾਈਲੀ ਨੇਸੇਟ (ਪਾਰਲੀਮੈਂਟ) ਅਤੇ ਖੱਬੇ-ਪੱਖੀ ਹਦਾਸ਼-ਤਾਅਲ ਪਾਰਟੀ ਦਾ ਮੈਂਬਰ। ਉਹ ਵੀ ਪ੍ਰਦਰਸ਼ਨ ਵਿੱਚ ਸੀ ਅਤੇ ਕਹਿੰਦਾ ਹੈ ਕਿ ਉਸ ਨਾਲ ਕੁੱਟਮਾਰ ਕੀਤੀ ਗਈ ਸੀ । ਮੈਂ ਇਜ਼ਰਾਇਲੀ-ਫਲਸਤੀਨੀ ਗਰਾਸ ਰੁਟ ਗਰੁੱਪ "ਸਟੈਂਡਿੰਗ ਟੂਗੈਦਰ" ਦੇ ਸਹਿ-ਡਾਇਰੈਕਟਰ, ਇਜ਼ਰਾਈਲ ਵਿੱਚ ਸਨਿੱਚਰਵਾਰ ਨੂੰ ਜੰਗ-ਵਿਰੋਧੀ ਪ੍ਰਦਰਸ਼ਨ ਦੇ ਪ੍ਰਬੰਧਕ ਅਤੇ ਤੇਲ ਅਵੀਵ ਵਿੱਚ ਜੰਗ ਵਿਰੋਧੀ ਪ੍ਰਦਰਸ਼ਨ ਵਿੱਚ ਗ੍ਰਿਫਤਾਰ ਕੀਤੇ ਗਏ ਐਲਨ-ਲੀ ਗ੍ਰੀਨ ਦਾ ਸਾਡੇ ਨਾਲ ਗੱਲਬਾਤ ਕਰਨ ਲਈ ਧੰਨਵਾਦ ਕਰਦੀ ਹਾਂ। ਇਕ ਹੋਰ ਕੇਸ ਦੇ ਸੰਬੰਧ ਵਿੱਚ ਇਸ ਸਮੇਂ ਉਹ ਅਦਾਲਤ ਵਿੱਚ ਹਾਜ਼ਰ ਹੈ।

## ਇਰਾਨ ਨੇ ਗੂਗਲ ਅਤੇ ਮਾਈਕ੍ਰੋਸਾਫ਼ਟ ਸਮੇਤ 18 ਅਮਰੀਕੀ ਕੰਪਨੀਆਂ ਨੂੰ ਨਿਸ਼ਾਨਾ ਬਣਾਉਣ ਦੀ ਦਿੱਤੀ ਧਮਕੀ

**ਦੁਬਈ:** ਇਰਾਨੀ ਫ਼ੌਜ ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕੋਰ (ਆਈ.ਆਰ. ਜੀ.ਸੀ.) ਨੇ ਮੰਗਲਵਾਰ ਨੂੰ ਕਿਹਾ ਕਿ ਉਹ 1 ਅਪ੍ਰੈਲ ਤੋਂ ਖੇਤਰ ਵਿਚ ਅਮਰੀਕੀ ਕੰਪਨੀਆਂ ਨੂੰ ਨਿਸ਼ਾਨਾ ਬਣਾਉਣਗੇ ਜੋ ਤਹਿਰਾਨ ਉਤੇ ਹਮਲਿਆਂ ਚ ਮਦਦ ਕਰਦੀਆਂ ਰਹੀਆਂ ਹਨ। ਖ਼ਬਰ ਏਜੰਸੀ ਰਾਇਟਰਜ਼ ਦੀ ਖ਼ਬਰ ਮੁਤਾਬਕ ਆਈ.ਆਰ.ਜੀ.ਸੀ. ਦੀ ਧਮਕੀ ਵਿਚ ਸੂਚੀਬੱਧ 18 ਕੰਪਨੀਆਂ ਵਿਚ ਗੂਗਲ, ਮਾਈਕ੍ਰੋਸਾਫਟ, ਐਪਲ, ਇੰਟੈਲ, ਆਈ.ਬੀ.ਐਮ., ਟੈਸਲਾ ਅਤੇ ਬੋਇੰਗ ਸ਼ਾਮਲ ਹਨ। ਆਈ.ਆਰ.ਜੀ.ਸੀ. ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਕੰਪਨੀਆਂ ਨੂੰ ਬੁਧਵਾਰ 1 ਅਪ੍ਰੈਲ ਨੂੰ ਤਹਿਰਾਨ ਦੇ ਸਮੇਂ ਮੁਤਾਬਕ ਰਾਤ 8 ਵਜੇ ਤੋਂ ਇਰਾਨ ਵਿਚ ਹਰ ਅਤਿਵਾਦੀ ਕਾਰਵਾਈ ਦੇ ਬਦਲੇ ਵਿਚ ਅਪਣੀਆਂ ਇਕਾਈਆਂ ਦੇ ਤਬਾਹ ਹੋਣ ਦੀ ਉਮੀਦ ਕਰਨੀ ਚਾਹੀਦੀ ਹੈ। ਹਾਲਾਂਕਿ, ਰੈਵੋਲਿਊਸ਼ਨਰੀ ਗਾਰਡਜ਼ ਨੇ ਉਨ੍ਹਾਂ ਖਾਸ ਦੇਸ਼ਾਂ ਦਾ ਨਾਮ ਨਹੀਂ ਲਿਆ ਜਿੱਥੇ ਇਰਾਨੀ ਫੌਜ ਅਪਣੇ ਹਮਲੇ ਕਰੇਗੀ।

# What Sikhs Can Learn from Jewish Progress !!

**Iqbal Singh Lalpura**
**Mobile : 9780003333**



History offers powerful lessons about how communities rise, survive, and shape the world. Among the most remarkable examples in human history is the Jewish community a people who faced exile, persecution, genocide, and displacement for centuries, yet emerged as one of the most influential communities globally in education, economy, science, diplomacy, and governance.

The Sikh community shares a similar history of courage, sacrifice, and global migration. However, despite extraordinary individual achievements, Sikhs have not yet achieved the same level of coordinated global influence that Jews have built over generations. The comparison is not to compete, but to learn and to understand how Sikhs, guided by the teachings of Guru Nanak Dev Ji and Guru Gobind Singh Ji, can build a stronger collective future.

Both communities have experienced immense suffering. The Jewish people endured repeated displacement and persecution. After the destruction of Jerusalem in 70 CE, Jews were scattered across Europe, Asia, and Africa. For centuries, they faced discrimination, expulsions, and violence. The Holocaust during World War II became perhaps the darkest chapter in Jewish history, where six million Jews were systematically murdered. Yet, within a few years of this tragedy, Jews rebuilt themselves, established Israel in 1948, and simultaneously strengthened their global intellectual, economic, and political influence.

Similarly, Sikhs endured severe persecution. The martyrdom of Guru Arjan Dev Ji and Guru Tegh Bahadur Ji, the genocide of Sikhs during the 18th century, Afghan invasions, and colonial manipulation weakened Sikh political power. The fall of the Sikh Empire after Maharaja Ranjit Singh's death and the British annexation of Punjab further fragmented Sikh unity. The Partition of 1947 led to massive displacement and killings of Sikhs, followed by the tragic events of 1984, which deeply hurt the Sikh psyche. Yet Sikhs rebuilt their lives across India and around the world with remarkable resilience.

Both communities survived extraordinary suffering. However, Jewish suffering produced stronger institutions and coordinated planning, while Sikh suffering often resulted in fragmentation and internal divisions. This is perhaps the most important lesson for the Sikh community today.

Jewish progress has been deeply rooted in education. Jewish tradition places extraordinary emphasis on learning. The Book of Proverbs states, "Wisdom is the principal thing; therefore get wisdom: and with all thy getting get understanding." The Talmud emphasizes that children should begin learning at a very young age. This focus on knowledge created generations of scholars, scientists, economists, and leaders. Despite representing roughly 16 million people globally — about 0.2 percent of the world's population — Jews have received a disproportionately large share of Nobel Prizes in science, economics, and literature.

Sikhism also places immense importance on knowledge and wisdom. Guru Nanak Dev Ji emphasized learning guided by humility and spiritual understanding. Gurbani reminds us that mere reading without wisdom has little meaning. Sikh teachings encourage knowledge combined with service, humility, and character. Historically, institutions such as Some Khalsa Colleges , produced leaders, scholars, and freedom fighters. However, the expansion of such institutions has not kept pace with the growth of the Sikh population worldwide.

Today, Sikhs number around 30 million globally, approximately 0.35 to 0.4 percent of the world's population — nearly double the Jewish population. Yet the institutional strength and coordinated influence remain limited. This gap highlights the need for global Sikh universities, research centers on Sikh history and policy, scholarships for Sikh youth, and leadership academies. Education must become a collective mission rather than an individual pursuit.

Jewish progress is also built upon strong community institutions. Jewish organizations across the world coordinate in education, cultural preservation, economic cooperation, and policy advocacy. The Jewish principle "All Israel are responsible for one another" has guided their institutional development for centuries. These institutions extend beyond religious management and focus on long-term community advancement.

Sikhs have strong religious institutions in the form of Gurdwaras. However, many Gurdwaras today remain primarily focused on religious rituals and management issues. The original concept of Gurdwara was far broader — a place for community gathering, dialogue, education, and service. Sikh institutions must evolve beyond Gurdwara management into policy research centers, leadership forums, economic networks, and educational foundations led by visionary and learned individuals from all walks of life. This is precisely how Jewish communities built long-term influence.

Economic cooperation has also played a major role in Jewish advancement. Jewish communities historically supported each other through business mentorship, cooperative investment, and professional networking. This created a culture of mutual upliftment. Sikhs are also highly successful entrepreneurs worldwide in agriculture, transport, hospitality, and industry. However, collective economic planning remains limited. Sikh entrepreneurs should develop global business networks, investment funds for youth, and startup mentorship programs to support community advancement.

Political awareness and strategic engagement have also strengthened Jewish influence. Jewish communities actively participate in governance, policy-making, and diplomacy in the countries where they live. This strategic engagement has enabled them to protect community interests and contribute to national development.

Sikhs have also played an active political role, particularly in Punjab and diaspora countries such as Canada, the United Kingdom, and the United States. However, a unified long-term strategy is often missing. Punjab, the only Sikh-majority state, faces economic, social, and political challenges. Sikhs must focus on restoring peace, economic growth, and educational advancement in Punjab. A prosperous Punjab can become a global model of Sikh governance, much like Israel became a symbol of Jewish resilience.

The present government under Prime Minister Narendra Modi has shown a positive approach toward Sikh concerns. The Kartarpur Corridor initiative, recognition of Sikh heritage, celebration of Guru Nanak Dev Ji's 550th Prakash Purab, and honoring Sikh contributions reflect a supportive environment for Sikh progress. Sikhs should engage constructively with such opportunities to strengthen institutions, education, and economic development.

Jewish communities also preserved their identity while progressing globally. Despite centuries of diaspora, Jewish identity remained strong through language, education, and tradition. Sikhs also possess strong identity markers — Guru Granth Sahib, Khalsa discipline, Punjabi language, and Gurdwaras. However, identity challenges are emerging among diaspora youth. Sikh institutions must promote Punjabi language, teach Sikh history, and encourage youth leadership.

Long-term vision is another important lesson. Jewish leadership often plans decades ahead. Investment in education, diplomacy, and research created sustained influence. Sikh leadership often remains focused on short-term political issues. Sikhs need global conferences, long-term planning, leadership training, and policy research.

Sikhs already possess remarkable strengths — global diaspora, spirit of service through Langar, courage, entrepreneurial success, and military tradition. Guru Gobind Singh Ji created the Khalsa as saint-soldiers combining spirituality with courage. This philosophy uniquely positions Sikhs for global leadership.

Guru Nanak Dev Ji preached universal brotherhood — "Na Ko Bairi, Nahi Begana." This message aligns with global values of peace, justice, and humanity. Sikh philosophy combines spirituality with service, making Sikhs uniquely suited to contribute to global harmony.

Sikhs must invest in education, build global institutions, encourage economic cooperation, develop leadership, preserve identity, and plan long-term. Most importantly, Sikhs must restore peace and progress in Punjab. A stable and prosperous Punjab will strengthen Sikh confidence worldwide.

The Jewish community demonstrates how a small population can achieve global influence through unity, education, and institutional strength. Sikhs share a similar history of sacrifice, courage, and resilience. With coordinated effort and visionary leadership, Sikhs can emerge as a major global moral and intellectual force. Guru Nanak Dev Ji created a path of truth, justice, and service. Guru Gobind Singh Ji created a community to defend righteousness. The time has come for Sikhs to move from scattered success to organized collective progress. History shows it is possible. The Gurus showed the way. The responsibility now lies with us.

*Former Chairman of national commission for Minorities, Govt of India*

# ਬਦਲਦਾ ਭਾਰਤ: ਸੱਤਾ ਦੇ ਕੇਂਦਰੀਕਰਨ, ਆਰਥਿਕ ਸੁਧਾਰਾਂ ਅਤੇ ਨਵੇਂ ਨੇਤ੍ਰਿਤਵ ਦਾ ਇੱਕ ਵਿਸ਼ਲੇਸ਼ਣ

**ਗੁਰਪ੍ਰੀਤ ਸਿੰਘ ਬਿਲਿੰਗ**
ਰਾਬਤਾ: 75086-98066
gurpreetnews@gmail.com






ਭਾਰਤ ਦੀ ਰਾਜਨੀਤੀ 1947 ਤੋਂ 2026 ਤੱਕ ਇੱਕ ਵਿਸ਼ਾਲ ਅਤੇ ਬਹੁ-ਪੱਖੀ ਯਾਤਰਾ ਹੈ। ਇਹ ਯਾਤਰਾ ਸਿਰਫ਼ ਸਰਕਾਰਾਂ ਦੇ ਬਦਲਾਅ ਦੀ ਕਹਾਣੀ ਨਹੀਂ, ਸਗੋਂ ਸੰਸਥਾਵਾਂ ਦੀ ਰਚਨਾ, ਨੇਤ੍ਰਿਤਵ ਦੀ ਸ਼ੈਲੀ, ਸਮਾਜਿਕ ਸੰਰਚਨਾ ਅਤੇ ਆਰਥਿਕ ਦਿਸ਼ਾ ਦੇ ਲਗਾਤਾਰ ਰੂਪਾਂਤਰਨ ਦੀ ਗਾਥਾ ਹੈ। ਇੱਕ ਪਾਸੇ ਉਹ ਦੌਰ ਹੈ ਜਿਸ ਨੇ ਆਜ਼ਾਦੀ ਤੋਂ ਬਾਅਦ ਦੇਸ਼ ਨੂੰ ਇੱਕ ਇਕਾਈ ਵਜੋਂ ਖੜ੍ਹਾ ਕੀਤਾ ਅਤੇ ਲੋਕਤੰਤਰ ਦੀਆਂ ਜੜ੍ਹਾਂ ਮਜ਼ਬੂਤ ਕੀਤੀਆਂ, ਹਾਲਾਂਕਿ ਇਸਦੀ ਸ਼ੁਰੂਆਤੀ ਬੜ੍ਹੌਤਰੀ ਨੇ ਵਿਰੋਧੀ ਰਾਜਨੀਤੀ ਦੇ ਵਿਕਾਸ ਨੂੰ ਕੁਝ ਹੱਦ ਤੱਕ ਸੀਮਿਤ ਵੀ ਕੀਤਾ।

ਦੂਜੇ ਪਾਸੇ ਮੌਜੂਦਾ ਦੌਰ ਹੈ, ਜਿਸ ਨੇ ਰਾਜਨੀਤੀ ਨੂੰ ਤੇਜ਼ੀ, ਕੇਂਦਰੀ ਨੇਤ੍ਰਿਤਵ ਅਤੇ ਡਿਜ਼ੀਟਲ ਯੁੱਗ ਦੀ ਤਾਕਤ ਨਾਲ ਨਵਾਂ ਰੂਪ ਦਿੱਤਾ ਹੈ। ਦੋਹਾਂ ਦੌਰਾਂ ਦੀ ਤੁਲਨਾ ਇਹ ਦਰਸਾਉਂਦੀ ਹੈ ਕਿ ਭਾਰਤ ਵਿੱਚ ਰਾਜਨੀਤੀ ਕਦੇ ਵੀ ਇੱਕ ਸਥਿਰ ਧਾਰਾ ਨਹੀਂ ਰਹੀ, ਸਗੋਂ ਹਮੇਸ਼ਾਂ ਬਦਲਦੇ ਸਮਾਜਿਕ ਅਤੇ ਆਰਥਿਕ ਪ੍ਰਸੰਗਾਂ ਨਾਲ ਆਪਣਾ ਰੂਪ ਬਦਲਦੀ ਰਹੀ ਹੈ।

ਇਹ ਆਮ ਚਰਚਾ ਨਹੀਂ ਹੈ, ਸਗੋਂ ਇੱਕ ਤੁਲਨਾਤਮਕ ਅਤੇ ਵਿਸ਼ਲੇਸ਼ਣਾਤਮਕ ਅਧਿਐਨ ਵਜੋਂ ਖੜ੍ਹਦੀ ਹੈ। ਇਸ ਵਿੱਚ ਸਿਧਾਂਤ, ਅੰਕੜੇ, ਸਮਾਜਿਕ ਬਦਲਾਅ ਅਤੇ ਗਲੋਬਲ ਪ੍ਰਸੰਗ ਨੂੰ ਜੋੜ ਕੇ ਇੱਕ ਸਮੂਹਿਕ ਤਸਵੀਰ ਪੇਸ਼ ਕੀਤੀ ਗਈ ਹੈ। ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਰਾਜਨੀਤੀ ਸਿਰਫ਼ ਸੱਤਾ ਦੀ ਲੜਾਈ ਨਹੀਂ, ਸਗੋਂ ਇੱਕ ਸਮਾਜਿਕ ਸੰਵਿਧਾਨ ਦੀ ਲਗਾਤਾਰ ਨਵੀਂ ਵਿਆਖਿਆ ਹੈ। ਭਾਰਤ ਵਿੱਚ ਰਾਜਨੀਤੀ ਹਮੇਸ਼ਾਂ "ਨਿਰੰਤਰਤਾ ਅਤੇ ਬਦਲਾਅ" (continuity and change) ਦਾ ਮਿਲਾਪ ਰਹੀ ਹੈ, ਜਿੱਥੇ ਨਵੀਆਂ ਸਰਕਾਰਾਂ ਪੁਰਾਣੀਆਂ ਸੰਰਚਨਾਵਾਂ ਨੂੰ ਖਤਮ ਕਰਨ ਦੀ ਬਜਾਏ ਉਨ੍ਹਾਂ ਨੂੰ ਨਵੇਂ ਅਰਥ ਦਿੰਦੀਆਂ ਹਨ। ਭਾਰਤ ਵਰਗੇ ਬਹੁ-ਸੰਸਕ੍ਰਿਤਕ ਅਤੇ ਬਹੁ-ਭਾਸ਼ਾਈ ਦੇਸ਼ ਵਿੱਚ ਰਾਜਨੀਤੀ ਨੂੰ ਸਿਰਫ਼ ਨੀਤੀਆਂ ਨਾਲ ਨਹੀਂ, ਸਗੋਂ ਸੰਵੇਦਨਸ਼ੀਲ ਸਮਾਜਕ ਸੰਤੁਲਨ ਨਾਲ ਵੀ ਚਲਾਉਣਾ ਪੈਂਦਾ ਹੈ।

ਇਸ ਅਧਿਐਨ ਦਾ ਉਦੇਸ਼ ਕਿਸੇ ਇੱਕ ਪਾਰਟੀ ਨੂੰ ਵਧੀਆ ਸਾਬਤ ਕਰਨਾ ਨਹੀਂ, ਸਗੋਂ ਇਹ ਸਮਝਣਾ ਹੈ ਕਿ ਵੱਖ-ਵੱਖ ਮਾਡਲ ਕਿਹੜੇ ਸੰਦਰਭ ਵਿੱਚ ਕਿਵੇਂ ਕੰਮ ਕਰਦੇ ਹਨ। ਇਸ ਵਿੱਚ ਚਾਰ ਮੁੱਖ ਮਾਪਦੰਡ ਵਰਤੇ ਗਏ ਹਨ-ਰਾਜ ਦੀ ਸੰਰਚਨਾ, ਰਾਜਨੀਤਿਕ ਸੰਚਾਰ, ਸਮਾਜਿਕ ਗਠਜੋੜ ਅਤੇ ਆਰਥਿਕ ਮਾਡਲ। ਇਹ ਤੱਤ ਕਿਸੇ ਵੀ ਲੋਕਤੰਤਰ ਦੀ ਕਾਰਗੁਜ਼ਾਰੀ ਨੂੰ ਸਮਝਣ ਲਈ ਅਹਿਮ ਮੰਨੇ ਜਾਂਦੇ ਹਨ ਅਤੇ ਆਪਸੀ ਤੌਰ 'ਤੇ ਜੁੜੇ ਹੋਏ ਹਨ-ਜਿਵੇਂ ਆਰਥਿਕ ਮਾਡਲ ਸਮਾਜਿਕ ਗਠਜੋੜ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਰਾਜਨੀਤਿਕ ਸੰਚਾਰ ਚੋਣੀ ਨਤੀਜਿਆਂ ਨੂੰ ਪ੍ਰਭਾਵਿਤ ਕਰਦਾ ਹੈ।

ਅੰਕੜਿਆਂ ਦੇ ਸੰਦਰਭ ਵਿੱਚ ਵੀ ਇਹ ਅਧਿਐਨ ਸਿਰਫ਼ ਵਰਣਨਾਤਮਕ ਨਹੀਂ, ਸਗੋਂ ਵਿਸ਼ਲੇਸ਼ਣਾਤਮਕ ਬਣਦਾ ਹੈ। ਅਧਿਕਾਰਕ ਅੰਕੜਿਆਂ ਅਨੁਸਾਰ 1950 ਤੋਂ 1980 ਦੇ ਦੌਰ ਵਿੱਚ ਭਾਰਤ ਦੀ ਜੀ.ਡੀ.ਪੀ ਵਾਧਾ ਦਰ ਲਗਭਗ 3 ਤੋਂ 4 ਫੀਸਦੀ ਰਹੀ॥ 1991 ਵਿੱਚ ਹੋਏ ਉਦਾਰੀਕਰਨ-ਜਿਸਨੂੰ Liberalization, Privatization ਅਤੇ Globalization (LPG) ਕਿਹਾ ਜਾਂਦਾ ਹੈ-ਤੋਂ ਬਾਅਦ ਇਹ ਦਰ 6 ਤੋਂ 7 ਫੀਸਦੀ ਹੋ ਗਈ ਅਤੇ ਕਈ ਸਾਲਾਂ ਵਿੱਚ ਇਸ ਤੋਂ ਵੀ ਉੱਪਰ ਗਈ। ਡਿਜ਼ੀਟਲ ਯੁੱਗ ਵਿੱਚ ਯੂ.ਪੀ.ਆਈ ਵਰਗੀਆਂ ਪ੍ਰਣਾਲੀਆਂ ਰਾਹੀਂ ਲੈਣ-ਦੇਣ ਵਿੱਚ ਬੇਮਿਸਾਲ ਵਾਧਾ ਹੋਇਆ ਹੈ। ਇਸਦੇ ਨਾਲ ਹੀ ਗਰੀਬੀ ਦਰ ਵਿੱਚ ਲੰਬੇ ਸਮੇਂ ਵਿੱਚ ਘਟਾਅ ਅਤੇ ਸਾਖਰਤਾ ਵਿੱਚ ਵਾਧਾ ਦਰਸਾਉਂਦਾ ਹੈ ਕਿ ਨੀਤੀਆਂ ਦਾ ਪ੍ਰਭਾਵ ਗਹਿਰਾ ਹੁੰਦਾ ਹੈ, ਹਾਲਾਂਕਿ ਬੇਰੁਜ਼ਗਾਰੀ ਅਤੇ ਅਸਮਾਨਤਾ ਅਜੇ ਵੀ ਗੰਭੀਰ ਚੁਣੌਤੀਆਂ ਹਨ।

"ਇਤਿਹਾਸਕ ਸੰਸਥਾਵਾਦ" (historical institutionalism) ਇਹ ਦੱਸਦਾ ਹੈ ਕਿ ਪੁਰਾਣੀਆਂ ਸੰਸਥਾਵਾਂ ਨਵੇਂ ਫੈਸਲਿਆਂ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਜਵਾਹਰ ਲਾਲਨਹਿਰੂ ਦੇ ਦੌਰ ਵਿੱਚ ਰਾਸ਼ਟਰ ਨਿਰਮਾਣ ਕੇਂਦਰ ਵਿੱਚ ਸੀ। ਸੰਵਿਧਾਨ, ਸੁਤੰਤਰ ਨਿਆਂਪਾਲਿਕਾ ਅਤੇ ਨਿਰਪੱਖ ਚੋਣ ਪ੍ਰਣਾਲੀ ਇਸ ਦੌਰ ਦੀਆਂ ਮਹੱਤਵਪੂਰਨ ਉਪਲਬਧੀਆਂ ਸਨ। ਮਿਸ਼ਰਿਤ ਆਰਥਿਕ ਮਾਡਲ ਨੇ ਸੰਤੁਲਨ ਬਣਾਇਆ, ਹਾਲਾਂਕਿ ਵਿਕਾਸ ਦੀ ਗਤੀ ਹੌਲੀ ਰਹੀ ਅਤੇ ਅਫਸਰਸ਼ਾਹੀ ਦਾ ਪ੍ਰਭਾਵ ਵਧਿਆ। ਇਸਦੇ ਬਾਵਜੂਦ, ਇਹੀ ਸੰਸਥਾਵਾਂ ਅੱਜ ਦੇ ਲੋਕਤੰਤਰ ਦੀ ਨੀਂਹ ਹਨ।

ਇੰਦਰਾ ਗਾਂਧੀ ਦੇ ਸਮੇਂ ਕੇਂਦਰੀਕਰਨ ਵਧਿਆ ਅਤੇ ਵਿਅਕਤੀਗਤ ਨੇਤ੍ਰਿਤਵ ਮਜ਼ਬੂਤ ਹੋਇਆ। ਬੈਂਕ ਰਾਸ਼ਟਰੀਕਰਨ ਅਤੇ "ਗਰੀਬੀ ਹਟਾਓ" ਨੇ ਸਮਾਜਿਕ ਆਧਾਰ ਵਧਾਇਆ, ਪਰ 1975-77 ਦੀ ਐਮਰਜੈਂਸੀ ਨੇ ਲੋਕਤੰਤਰ ਲਈ ਵੱਡੀ ਚੁਣੌਤੀ ਪੈਦਾ ਕੀਤੀ। ਇਸਦੇ ਆਲੋਚਕ ਇਸਨੂੰ ਸੰਸਥਾਵਾਂ 'ਤੇ ਹਮਲਾ ਮੰਨਦੇ ਹਨ, ਜਦਕਿ ਸਮਰਥਕ ਇਸਨੂੰ ਸੰਕਟਕਾਲੀਨ ਕਦਮ ਵਜੋਂ ਵੇਖਦੇ ਹਨ। ਆਖ਼ਿਰਕਾਰ ਫਿਰ ਵੀ ਜਨਤਾ ਨੇ ਵੋਟ ਰਾਹੀਂ ਹੀ ਆਪਣਾ ਫੈਸਲਾ ਦਿੱਤਾ।

ਰਾਜੀਵ ਗਾਂਧੀ ਦੇ ਦੌਰ ਵਿੱਚ ਟੈਕਨੋਲੋਜੀ ਅਤੇ ਆਧੁਨਿਕਤਾ ਵੱਲ ਕਦਮ ਵਧੇ। ਟੈਲੀਕਮਿਊਨਿਕੇਸ਼ਨ ਅਤੇ ਕੰਪਿਊਟਰਾਈਜ਼ੇਸ਼ਨ ਦੇ ਫੈਸਲੇ ਲੰਬੇ ਸਮੇਂ ਵਿੱਚ ਆਈ.ਟੀ. ਕ੍ਰਾਂਤੀ ਦਾ ਆਧਾਰ ਬਣੇ। ਇਹ "policy lag effect" ਦਾ ਵਧੀਆ ਉਦਾਹਰਨ ਹੈ।

1990 ਦੇ ਦਹਾਕੇ ਵਿੱਚ ਮੰਡਲ ਕਮਿਸ਼ਨ ਦੇ ਲਾਗੂ ਹੋਣ ਨਾਲ ਜਾਤੀ ਆਧਾਰਿਤ ਰਾਜਨੀਤੀ ਨੂੰ ਨਵਾਂ ਮੋੜ ਮਿਲਿਆ, ਜਿਸ ਨਾਲ ਸਮਾਜਿਕ ਨਿਆਂ ਦੀ ਰਾਜਨੀਤੀ ਮਜ਼ਬੂਤ ਹੋਈ। 1991 ਦੇ ਆਰਥਿਕ ਸੁਧਾਰਾਂ ਨੇ ਭਾਰਤ ਨੂੰ ਗਲੋਬਲ ਅਰਥਵਿਵਸਥਾ ਨਾਲ ਜੋੜਿਆ ਅਤੇ ਵਿਕਾਸ ਦੀ ਦਿਸ਼ਾ ਬਦਲ ਦਿੱਤੀ।

1989 ਤੋਂ ਬਾਅਦ ਗਠਜੋੜ ਰਾਜਨੀਤੀ ਨੇ ਦਰਸਾਇਆ ਕਿ ਭਾਰਤ ਵਿੱਚ ਕੋਈ ਇੱਕ ਪਾਰਟੀ ਸਥਾਈ ਦਬਦਬਾ ਨਹੀਂ ਰੱਖ ਸਕਦੀ। ਅਟਲ ਬਿਹਾਰੀ ਵਾਜਪਾਈ ਅਤੇ ਯੂ.ਪੀ.ਏ ਦੌਰ ਵਿੱਚ ਖੇਤਰੀ ਪਾਰਟੀਆਂ ਦੀ ਭੂਮਿਕਾ ਵਧੀ। 2014 ਅਤੇ 2019 ਵਿੱਚ ਫਿਰ ਪੂਰਨ ਬਹੁਮਤ ਵਾਲੀ ਸਰਕਾਰ ਆਈ, ਪਰ 2024 ਤੋਂ ਬਾਅਦ ਦੁਬਾਰਾ ਗਠਜੋੜ ਦੇ ਤੱਤ ਮਹੱਤਵਪੂਰਨ ਹੋਏ।

ਨਰਿੰਦਰ ਮੋਦੀ ਦੇ ਦੌਰ ਵਿੱਚ "ਹਾਈ-ਸਪੀਡ ਗਵਰਨੈਂਸ" ਅਤੇ ਸਿੱਧੇ ਸੰਚਾਰ ਦਾ ਮਾਡਲ ਉਭਰਿਆ। ਯੂ.ਪੀ.ਆਈ, ਡਾਇਰੈਕਟ ਬੇਨਿਫਿਟ ਟ੍ਰਾਂਸਫਰ, ਜੀ.ਐਸ.ਟੀ ਅਤੇ ਨੋਟਬੰਦੀ ਵਰਗੇ ਕਦਮਾਂ ਨੇ ਆਰਥਿਕ ਅਤੇ ਪ੍ਰਸ਼ਾਸਨਿਕ ਢਾਂਚੇ ਨੂੰ ਪ੍ਰਭਾਵਿਤ ਕੀਤਾ। ਇਸਦੇ ਸਮਰਥਕ ਇਸਨੂੰ ਦ੍ਰਿੜ ਨੇਤ੍ਰਿਤਵ ਮੰਨਦੇ ਹਨ, ਜਦਕਿ ਆਲੋਚਕ ਕੇਂਦਰੀਕਰਨ ਅਤੇ ਸੰਸਥਾਵਾਂ ਦੀ ਸੁਤੰਤਰਤਾ 'ਤੇ ਸਵਾਲ ਉਠਾਉਂਦੇ ਹਨ।

ਅੱਜ ਭਾਰਤ ਦੀ ਅਰਥਵਿਵਸਥਾ ਇੱਕ ਅਹਿਮ ਮੋੜ 'ਤੇ ਹੈ-ਉੱਚ ਵਿਕਾਸ ਦਰ ਦੇ ਨਾਲ ਨਾਲ ਅਸਮਾਨਤਾ ਅਤੇ ਰੋਜ਼ਗਾਰ ਦੀ ਚੁਣੌਤੀ ਵੀ ਮੌਜੂਦ ਹੈ। ਇਸ ਲਈ ਭਵਿੱਖ ਦਾ ਮਾਡਲ ਸੰਭਾਵਤਤੌਰ 'ਤੇ ਇੱਕ ਹਾਈਬ੍ਰਿਡ ਹੋਵੇਗਾ।

ਡਿਜ਼ੀਟਲ ਮੀਡੀਆ ਨੇ ਰਾਜਨੀਤੀ ਨੂੰ ਬਦਲ ਦਿੱਤਾ ਹੈ। ਜਨਤਾ ਹੁਣ ਸਿਰਫ਼ ਦਰਸ਼ਕ ਨਹੀਂ ਰਹੀ, ਸਗੋਂ ਭਾਗੀਦਾਰ ਹੈ। ਪਰ misinformation ਅਤੇ polarization ਨਵੀਆਂ ਚੁਣੌਤੀਆਂ ਹਨ।

ਗਲੋਬਲ ਪੱਧਰ 'ਤੇ ਭਾਰਤ ਇੱਕ ਉਭਰਦੀ ਤਾਕਤ ਹੈ, ਜੋ ਨਵੇਂ ਮੌਕੇ ਅਤੇ ਜ਼ਿੰਮੇਵਾਰੀਆਂ ਦੋਵੇਂ ਲਿਆਉਂਦੀ ਹੈ।

ਅਕਾਦਮਿਕ ਤੌਰ 'ਤੇ ਹੋਰ ਮਜ਼ਬੂਤੀ ਲਈ hypothesis testing, regression analysis ਅਤੇ longitudinal studies ਵਰਗੇ ਤਰੀਕੇ ਲਾਗੂ ਕੀਤੇ ਜਾ ਸਕਦੇ ਹਨ।

ਭਵਿੱਖ ਅਣਨਿਸ਼ਚਿਤ ਹੈ-ਮਜ਼ਬੂਤ ਨੇਤ੍ਰਿਤਵ ਜਾਂ ਗਠਜੋੜ ਰਾਜਨੀਤੀ-ਪਰ ਇਹ ਸਪੱਸ਼ਟ ਹੈ ਕਿ ਨੌਜਵਾਨ ਵੋਟਰ, ਡਿਜ਼ੀਟਲ ਰਾਜਨੀਤੀ ਅਤੇ ਗਲੋਬਲ ਜੁੜਾਅ ਇਸਨੂੰ ਨਿਰਧਾਰਤ ਕਰਨਗੇ।

ਅੰਤ ਵਿੱਚ, ਨਹਿਰੂ ਮਾਡਲ ਅਤੇ ਮੋਦੀ ਮਾਡਲ ਦੋਹਾਂ ਨੇ ਭਾਰਤ ਨੂੰ ਆਪਣੇ-ਆਪਣੇ ਤਰੀਕੇ ਨਾਲ ਆਕਾਰ ਦਿੱਤਾ ਹੈ-ਇੱਕ ਨੇ ਨੀਂਹ ਰੱਖੀ, ਦੂਜੇ ਨੇ ਗਤੀ ਦਿੱਤੀ। ਲੋਕਤੰਤਰ ਇੱਕ ਲਗਾਤਾਰ ਸੰਵਾਦ ਹੈ ਅਤੇ ਭਾਰਤ ਦੀ ਤਾਕਤ ਇਸੇ ਵਿੱਚ ਹੈ।

ਇਸਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਜਾਤੀ, ਧਰਮ, ਭਾਸ਼ਾ ਅਤੇ ਖੇਤਰਵਾਦ ਅਜੇ ਵੀ ਰਾਜਨੀਤੀ ਨੂੰ ਪ੍ਰਭਾਵਿਤ ਕਰਦੇ ਹਨ-ਕਈ ਵਾਰ ਇਹ ਲੋਕਤੰਤਰ ਨੂੰ ਮਜ਼ਬੂਤ ਕਰਦੇ ਹਨ, ਕਈ ਵਾਰ ਧਰੁਵੀਕਰਨ ਵਧਾਉਂਦੇ ਹਨ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਭਾਰਤ ਦੀ ਰਾਜਨੀਤੀ ਇੱਕ ਲਗਾਤਾਰ ਵਿਕਾਸਸ਼ੀਲ ਪ੍ਰਕਿਰਿਆ ਹੈ, ਜਿਸਦੀ ਸਭ ਤੋਂ ਵੱਡੀ ਖੂਬੀ ਅਤੇ ਚੁਣੌਤੀ ਇਸਦੀ ਵਿਭਿੰਨਤਾ ਹੀ ਹੈ। ਭਵਿੱਖ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਸੰਸਥਾਵਾਂ ਅਤੇ ਨੇਤ੍ਰਿਤਵ ਵਿੱਚ ਸੰਤੁਲਨ ਕਿਵੇਂ ਬਣਾਇਆ ਜਾਂਦਾ ਹੈ।

# ਕੀ ਆਰਟੀਫਿਸ਼ਲ ਇੰਨਟੈਲੀਜੈਂਸ ਮਨੁੱਖੀ ਸੋਚ ਨੂੰ ਮਾਤ ਦੇ ਸਕਦੀ ਹੈ.... ?



**ਸੰਦੀਪ ਕੁਮਾਰ**
7009807121



ਆਧੁਨਿਕ ਵਿਗਿਆਨ ਤੇ ਤਕਨੀਕੀ ਯੁੱਗ ਵਿੱਚ ਆਰਟੀਫਿਸ਼ਅਲ ਇੰਟੈਲੀਜੈਂਸ (ਏਆਈ) ਨੇ ਇੱਕ ਅਸਾਧਾਰਨ ਕ੍ਰਾਂਤੀ ਲਿਆਂਦੀ ਹੈ। ਇਸ ਨੇ ਮਨੁੱਖੀ ਜੀਵਨ ਦੇ ਹਰ ਖੇਤਰ ਨੂੰ ਬਦਲ ਕੇ ਰੱਖ ਦਿੱਤਾ ਹੈ। ਸਿਹਤ ਸੰਭਾਲ ਤੋਂ ਵਪਾਰ, ਸਿੱਖਿਆ ਤੋਂ ਸੰਚਾਰ ਤੱਕ ਏਆਈ ਨੇ ਮਨੁੱਖੀ ਸਮਰੱਥਾਵਾਂ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਹੈ। ਇਹ ਮਸ਼ੀਨੀ ਬੁੱਧੀ ਮਨੁੱਖ ਦੁਆਰਾ ਬਣਾਏ ਗਏ ਅਲਗੋਰਿਦਮ ਅਤੇ ਵਿਸ਼ਾਲ ਡੇਟਾ ਤੇ ਅਧਾਰਤ ਹੈ, ਜਿਸ ਨਾਲ ਗੁੰਝਲਦਾਰ ਸਮੱਸਿਆਵਾਂ ਨੂੰ ਤੇਜ਼ੀ ਨਾਲ ਹੱਲ ਕੀਤਾ ਜਾ ਸਕਦਾ ਹੈ। ਪਰ ਇੱਕ ਮਹੱਤਵਪੂਰਨ ਸਵਾਲ ਅੱਜ ਵੀ ਵਿਚਾਰਧਾਰਕ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਕੀ ਏਆਈ ਕਦੇ ਮਨੁੱਖੀ ਸੋਚ ਦੀ ਬਰਾਬਰੀ ਕਰ ਸਕੇਗੀ ਜਾਂ ਇਸ ਨੂੰ ਪਛਾੜ ਸਕੇਗੀ। ਇਹ ਸਵਾਲ ਸਿਰਫ ਤਕਨੀਕੀ ਨਹੀਂ ਬਲਕਿ ਭਾਵਨਾਤਮਕ, ਨੈਤਿਕ ਅਤੇ ਸਮਾਜਿਕ ਪਹਿਲੂਆਂ ਨਾਲ ਵੀ ਜੁੜਿਆ ਹੋਇਆ ਹੈ। ਇਸ ਲੇਖ ਵਿੱਚ ਅਸੀਂ ਇਸ ਵਿਸ਼ੇ ਦੀ ਡੂੰਘਾਈ ਨਾਲ ਪੜਚੋਲ ਕਰਾਂਗੇ ਅਤੇ ਇਹ ਸਾਬਤ ਕਰਾਂਗੇ ਕਿ ਭਾਵੇਂ ਏਆਈ ਜਿੰਨੀ ਵੀ ਉੱਨਤ ਹੋਵੇ, ਇਹ ਮਨੁੱਖੀ ਸੋਚ ਦੀ ਵਿਲੱਖਣਤਾ ਨੂੰ, ਖਾਸ ਕਰਕੇ ਭਾਵਨਾਤਮਕ ਅਤੇ ਨੈਤਿਕ ਫੈਸਲਿਆਂ ਵਿੱਚ ਪੂਰੀ ਤਰ੍ਹਾਂ ਨਹੀਂ ਸਮਝ ਸਕਦੀ।

ਆਰਟੀਫਿਸ਼ਅਲ ਇੰਟੈਲੀਜੈਂਸ ਮਨੁੱਖੀ ਬੁੱਧੀ ਦੀ ਨਕਲ ਲਈ ਤਿਆਰ ਕੀਤੀ ਗਈ ਤਕਨੀਕ ਹੈ ਜੋ ਡੇਟਾ ਵਿਸ਼ਲੇਸ਼ਣ, ਪੈਟਰਨ ਪਛਾਣ ਅਤੇ ਅੰਕੜਿਆਂ ਦੀ ਤੇਜ਼ ਪ੍ਰਕਿਰਿਆ ਤੇ ਚੱਲਦੀ ਹੈ। ਇਸ ਨੇ ਮਸ਼ੀਨਾਂ ਨੂੰ ਸੁਤੰਤਰ ਰੂਪ ਵਿੱਚ ਕੰਮ ਕਰਨ ਦੀ ਸਮਰੱਥਾ ਦਿੱਤੀ ਹੈ। ਸਿਹਤ ਸੰਭਾਲ ਵਿੱਚ ਏਆਈ ਬਿਮਾਰੀਆਂ ਜਿਵੇਂ ਕੈਂਸਰ ਅਤੇ ਦਿਲ ਦੀਆਂ ਬੀਮਾਰੀਆਂ ਦੀ ਸ਼ੁਰੂਆਤੀ ਪਛਾਣ ਵਿੱਚ ਡਾਕਟਰਾਂ ਦੀ ਬਹੁਤ ਮਦਦ ਕਰ ਰਹੀ ਹੈ। ਐਕਸ-ਰੇ ਅਤੇ ਐੱਮਆਰਆਈ ਰਿਪੋਰਟਾਂ ਦਾ ਵਿਸ਼ਲੇਸ਼ਣ ਕਰਕੇ ਇਹ ਛੇਤੀ ਨਿਦਾਨ ਸੰਭਵ ਬਣਾਉਂਦੀ ਹੈ। ਸਵੈ-ਚਾਲਿਤ ਵਾਹਨਾਂ ਵਿੱਚ ਏਆਈ ਨੇ ਰੋਡ ਸੁਰੱਖਿਆ ਵਧਾਈ ਹੈ ਅਤੇ ਅਕਸੀਡੈਂਟ ਘਟਾਏ ਹਨ। ਸਮਾਰਟ ਸਹਾਇਕ ਜਿਵੇਂ ਐੱਲੈਕਸਾ ਅਤੇ ਸਿਰੀ ਰੋਜ਼ਾਨਾ ਕੰਮਾਂ ਨੂੰ ਆਸਾਨ ਬਣਾਉਂਦੇ ਹਨ।

ਏਆਈ ਦੀ ਸਫਲਤਾ ਇਸ ਦੀ ਤੇਜ਼ ਡੇਟਾ ਪ੍ਰੋਸੈੱਸਿੰਗ ਅਤੇ ਭਵਿੱਖਬਾਣੀਆਂ ਕਰਨ ਦੀ ਯੋਗਤਾ ਵਿੱਚ ਹੈ। ਮਸ਼ੀਨ ਲਰਨਿੰਗ ਅਤੇ ਡੀਪ ਲਰਨਿੰਗ ਤਕਨੀਕਾਂ ਨੇ ਇਸ ਨੂੰ ਵੱਡੇ ਡੇਟਾ ਸੈੱਟਾਂ ਵਿੱਚੋਂ ਲੁਕੇ ਪੈਟਰਨ ਲੱਭਣ ਅਤੇ ਉਨ੍ਹਾਂ ਤੋਂ ਨਤੀਜੇ ਕੱਢਣ ਦੀ ਤਾਕਤ ਦਿੱਤੀ ਹੈ। ਵਪਾਰ ਵਿੱਚ ਏਆਈ ਗਾਹਕ ਵਿਵਹਾਰ ਦਾ ਵਿਸ਼ਲੇਸ਼ਣ ਕਰਕੇ ਬਿਹਤਰ ਰਣਨੀਤੀਆਂ ਬਣਾਉਂਦੀ ਹੈ ਅਤੇ ਗਾਹਕ ਕੇਂਦਰਿਤ ਸਿਫਾਰਸ਼ਾਂ ਪੇਸ਼ ਕਰਦੀ ਹੈ। ਸੁਰੱਖਿਆ ਖੇਤਰ ਵਿੱਚ ਇਹ ਅਪਰਾਧੀ ਗਤੀਵਿਧੀਆਂ ਨੂੰ ਪਹਿਲਾਂ ਪਛਾਣ ਕੇ ਅਲਰਟ ਜਾਰੀ ਕਰਦੀ ਹੈ। ਵਾਤਾਵਰਣ ਵਿਗਿਆਨ ਵਿੱਚ ਵੀ ਏਆਈ ਜਲਵਾਯੂ ਬਦਲਾਅ ਦੀ ਭਵਿੱਖਬਾਣੀ ਵਿੱਚ ਮਦਦਗਾਰ ਸਾਬਤ ਹੋ ਰਹੀ ਹੈ। ਇਸ ਤਰ੍ਹਾਂ ਏਆਈ ਮਨੁੱਖੀ ਜੀਵਨ ਨੂੰ ਵਧੇਰੇ ਕੁਸ਼ਲ ਅਤੇ ਉਤਪਾਦਕ ਬਣਾ ਰਹੀ ਹੈ।

ਫਿਰ ਵੀ ਏਆਈ ਦੀਆਂ ਬੁਨਿਆਦੀ ਸੀਮਾਵਾਂ ਇਸ ਨੂੰ ਮਨੁੱਖੀ ਸੋਚ ਤੋਂ ਵੱਖ ਕਰਦੀਆਂ ਹਨ। ਏਆਈ ਪੂਰੀ ਤਰ੍ਹਾਂ ਮਨੁੱਖੀ ਪ੍ਰੋਗਰਾਮਿੰਗ ਅਤੇ ਉਪਲਬਧ ਡੇਟਾ ਤੇ ਨਿਰਭਰ ਹੈ। ਜੇ ਡੇਟਾ ਅਧੂਰਾ ਜਾਂ ਪੱਖਪਾਤੀ ਹੋਵੇ ਤਾਂ ਏਆਈ ਵੀ ਗਲਤ ਫੈਸਲੇ ਲੈ ਸਕਦੀ ਹੈ। ਉਦਾਹਰਣ ਵਜੋਂ ਰਿਕਰੂਟਮੈਂਟ ਟੂਲਸ ਵਿੱਚ ਨਸਲੀ ਪੱਖਪਾਤ ਵਾਲਾ ਡੇਟਾ ਏਆਈ ਨੂੰ ਗਲਤ ਨਤੀਜੇ ਦੇ ਸਕਦਾ ਹੈ। ਏਆਈ ਵਿੱਚ ਸਵੈ-ਚੇਤਨਤਾ ਅਤੇ ਅਸਲੀ ਭਾਵਨਾਤਮਕ ਸਮਝ ਬਿਲਕੁਲ ਨਹੀਂ ਹੈ। ਇਹ ਸਿਰਫ ਉਹੀ ਕਰ ਸਕਦੀ ਹੈ ਜਿਸ ਲਈ ਇਸ ਨੂੰ ਡਿਜ਼ਾਈਨ ਕੀਤਾ ਗਿਆ ਹੈ ਅਤੇ ਅਣਜਾਣੀਆਂ ਸਥਿਤੀਆਂ ਵਿੱਚ ਅਕਸਰ ਅਸਫਲ ਹੋ ਜਾਂਦੀ ਹੈ।

ਇਸ ਦੇ ਉਲਟ ਮਨੁੱਖੀ ਸੋਚ ਬਹੁਆਯਾਮੀ ਹੈ। ਇਹ ਸਿਰਫ ਤਰਕ ਅਤੇ ਅੰਕੜਿਆਂ ਤੱਕ ਸੀਮਤ ਨਹੀਂ ਬਲਕਿ ਭਾਵਨਾਵਾਂ, ਅਨੁਭਵ, ਸਭਿਆਚਾਰ ਅਤੇ ਨੈਤਿਕਤਾ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਮਨੁੱਖੀ ਦਿਮਾਗ ਹਾਲਾਤਾਂ ਨੂੰ ਸਮਝਦਾ ਹੈ ਅਤੇ ਫੈਸਲੇ ਲੈਂਦਾ ਹੈ। ਇੱਕ ਡਾਕਟਰ ਮਰੀਜ਼ ਦੇ ਮੈਡੀਕਲ ਡੇਟਾ ਤੋਂ ਇਲਾਵਾ ਉਸ ਦੀ ਮਾਨਸਿਕ ਸਥਿਤੀ, ਪਰਿਵਾਰਕ ਹਾਲਾਤ ਅਤੇ ਭਾਵਨਾਵਾਂ ਨੂੰ ਵੀ ਵਿਚਾਰਦਾ ਹੈ। ਅਦਾਲਤ ਵਿੱਚ ਜੱਜ ਅਪਰਾਧੀ ਦੇ ਜੀਵਨ ਪਿਛੋਕੜ ਅਤੇ ਸਮਾਜਿਕ ਪ੍ਰਭਾਵ ਨੂੰ ਵੀ ਧਿਆਨ ਵਿੱਚ ਰੱਖਦਾ ਹੈ। ਇਸ ਵਿੱਚ ਸਹਾਨੁਭੂਤੀ ਅਤੇ ਨੈਤਿਕਤਾ ਦੀ ਡੂੰਘੀ ਭੂਮਿਕਾ ਹੁੰਦੀ ਹੈ ਜੋ ਏਆਈ ਵਿੱਚ ਬਿਲਕੁਲ ਗੈਰ-ਮੌਜੂਦ ਹੈ। ਮਨੁੱਖੀ ਸੋਚ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੀ ਸਿਰਜਣਾਤਮਕਤਾ ਹੈ। ਮਨੁੱਖ ਨਵੀਆਂ ਕਲਾਵਾਂ, ਵਿਚਾਰ ਅਤੇ ਹੱਲ ਖੋਜ ਸਕਦਾ ਹੈ। ਪਾਬਲੋ ਪਿਕਾਸੋ ਵਰਗੇ ਕਲਾਕਾਰਾਂ ਨੇ ਭਾਵਨਾਤਮਕ ਡੂੰਘਾਈ ਨਾਲ ਕਲਾ ਸਿਰਜੀ। ਏਆਈ ਭਾਵੇਂ ਚਿੱਤਰ ਬਣਾਉਂਦੀ ਹੈ ਪਰ ਉਹ ਸਿਰਫ ਪੁਰਾਣੇ ਡੇਟਾ ਤੋਂ ਲਏ ਗਏ ਪੈਟਰਨਾਂ ਤੇ ਅਧਾਰਤ ਹੁੰਦੀ ਹੈ। ਇਸ ਵਿੱਚ ਅਸਲੀ ਮੌਲਿਕਤਾ ਅਤੇ ਭਾਵਨਾਤਮਕ ਡੂੰਘਾਈ ਦੀ ਘਾਟ ਹੈ।

ਭਾਵਨਾਤਮਕ ਅਤੇ ਨੈਤਿਕ ਫੈਸਲੇ ਲੈਣ ਵਿੱਚ ਮਨੁੱਖੀ ਸੋਚ ਅਜੇਤੂ ਹੈ। ਭਾਵਨਾਵਾਂ ਜਿਵੇਂ ਪਿਆਰ, ਦੁੱਖ ਅਤੇ ਸਹਾਨੁਭੂਤੀ ਮਨੁੱਖੀ ਫੈਸਲਿਆਂ ਨੂੰ ਰੂਪ ਦਿੰਦੀਆਂ ਹਨ। ਇੱਕ ਪਰਿਵਾਰ ਵਿੱਚ ਜੀਵਨ ਬਚਾਉਣ ਵਾਲਾ ਫੈਸਲਾ ਅੰਕੜਿਆਂ ਤੋਂ ਉਪਰ ਉੱਠ ਕੇ ਪਿਆਰ ਅਤੇ ਜ਼ਿੰਮੇਵਾਰੀ ਤੇ ਅਧਾਰਤ ਹੁੰਦਾ ਹੈ। ਨੈਤਿਕ ਸੰਕਟ ਵਿੱਚ ਮਨੁੱਖ ਆਪਣੀ ਅੰਤਰਆਤਮਾ ਅਤੇ ਸਮਾਜਿਕ ਮੁੱਲਾਂ ਨੂੰ ਸੁਣਦਾ ਹੈ ਜੋ ਏਆਈ ਲਈ ਅਸੰਭਵ ਹੈ। ਪਿਛਲੇ ਦਹਾਕਿਆਂ ਵਿੱਚ ਏਆਈ ਨੇ ਨਿਊਰਲ ਨੈੱਟਵਰਕਸ ਅਤੇ ਬਿਗ ਡੇਟਾ ਵਰਗੀਆਂ ਤਕਨੀਕਾਂ ਨਾਲ ਤਰੱਕੀ ਕੀਤੀ ਹੈ ਪਰ ਇਹ ਤਰੱਕੀ ਵੀ ਮਨੁੱਖੀ ਪ੍ਰੋਗਰਾਮਿੰਗ ਅਤੇ ਡੇਟਾ ਦੀ ਸੀਮਾ ਤੱਕ ਹੀ ਹੈ। ਮਨੁੱਖੀ ਸੋਚ ਵਿੱਚ ਕੋਈ ਸੀਮਾ ਨਹੀਂ। ਇਹ ਨਵੀਆਂ ਸੰਭਾਵਨਾਵਾਂ ਖੋਜਦੀ ਹੈ ਅਤੇ ਆਪਣੇ ਆਪ ਨੂੰ ਨਿਰੰਤਰ ਢਾਲਦੀ ਹੈ। ਇਸ ਦੀ ਅਨੁਕੂਲਤਾ ਅਤੇ ਸਵੈ-ਚੇਤਨਤਾ ਏਆਈ ਤੋਂ ਬਿਲਕੁਲ ਵੱਖਰੀ ਹੈ।

ਸਿੱਟੇ ਵਜੋਂ, ਏਆਈ ਨੇ ਮਨੁੱਖੀ ਜੀਵਨ ਨੂੰ ਬਹੁਤ ਸੁਖਾਲਾ ਬਣਾਇਆ ਹੈ ਅਤੇ ਭਵਿੱਖ ਵਿੱਚ ਵੀ ਇਸ ਦੀਆਂ ਸੰਭਾਵਨਾਵਾਂ ਵਧਦੀਆਂ ਰਹਿਣਗੀਆਂ। ਪਰ ਮਨੁੱਖੀ ਸੋਚ ਦੀ ਭਾਵਨਾਤਮਕ ਡੂੰਘਾਈ, ਸਿਰਜਣਾਤਮਕਤਾ, ਨੈਤਿਕ ਸਮਝ ਅਤੇ ਅਨੁਕੂਲਤਾ ਏਆਈ ਤੋਂ ਉੱਪਰ ਹੈ। ਏਆਈ ਇੱਕ ਸ਼ਾਨਦਾਰ ਟੂਲ ਹੈ ਪਰ ਮਨੁੱਖੀ ਸੋਚ ਦਾ ਬਦਲ ਨਹੀਂ ਬਣ ਸਕਦੀ। ਭਵਿੱਖ ਵਿੱਚ ਏਆਈ ਅਤੇ ਮਨੁੱਖੀ ਸੋਚ ਵਿਚਕਾਰ ਸਹਿਯੋਗ ਹੀ ਸਭ ਤੋਂ ਵਧੀਆ ਰਾਹ ਹੈ, ਜਿੱਥੇ ਏਆਈ ਤਕਨੀਕੀ ਕੰਮਾਂ ਨੂੰ ਸੰਭਾਲੇ ਅਤੇ ਮਨੁੱਖ ਭਾਵਨਾਤਮਕ ਤੇ ਨੈਤਿਕ ਫੈਸਲੇ ਲੈਂਦਾ ਰਹੇ। ਇਸ ਤਰ੍ਹਾਂ ਮਨੁੱਖੀ ਸੋਚ ਹਮੇਸ਼ਾ ਸਰਵਉੱਚ ਰਹੇਗੀ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com





# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਨਾਰਥ ਰੀਜ਼ਨ-1 ਦੇ ਕੇਂਦਰੀ ਅਹੁਦੇਦਾਰਾਂ ਅਤੇ ਕਾਰਜਕਰਤਾਵਾਂ ਦੀ ਛਿਮਾਹੀ ਜਥੇਬੰਦਕ ਵਿਚਾਰ-ਵਿਕਾਸ ਕਾਰਜਸ਼ਾਲਾ ਦਾ ਆਯੋਜਨ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਨਾਰਥ ਰੀਜ਼ਨ-1 (ਪੰਜਾਬ, ਹਿਮਾਚਲ, ਜੰਮੂ ਤੇ ਕਸ਼ਮੀਰ, ਲੱਦਾਖ) ਦੇ ਕੇਂਦਰੀ ਅਹੁਦੇਦਾਰਾਂ ਅਤੇ ਕਾਰਜਕਰਤਾਵਾਂ ਦੀ ਦੋ ਰੋਜ਼ਾ ਛਿਮਾਹੀ ਜਥੇਬੰਦਕ ਵਿਚਾਰ-ਵਿਕਾਸ ਕਾਰਜਸ਼ਾਲਾ ਅੱਜ ਕੇਂਦਰੀ ਦਫ਼ਤਰ ਲੁਧਿਆਣਾ ਵਿਖੇ ਲਗਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦਕ ਸਕੱਤਰ ਸ੍ਰ. ਸ਼ਿਵਰਾਜ ਸਿੰਘ ਨੇ ਦੱਸਿਆ ਕਿ ਇਸ ਕਾਰਜਸ਼ਾਲਾ ਦੌਰਾਨ ਵੱਖ-ਵੱਖ ਸੈਸ਼ਨ ਲਗਾਏ ਗਏ ਜਿਨ੍ਹਾਂ ਵਿਚ ਸਿਧਾਂਤ ਤੋਂ ਸੰਕਲਪ ਤੱਕ, ਆਤਮ ਅਨੁਸ਼ਾਸਨ-ਸਮਾਂ ਤੇ ਊਰਜਾ ਪ੍ਰਬੰਧਨ, ਅਗਵਾਈ/ਸਿਧਾਂਤ ਕੇਂਦ੍ਰਿਤ, ਆਤਮ ਸ਼ਕਤੀਕਰਨ ਦਾ ਮਾਰਗ ਸੇਵਾ, ਪ੍ਰੇਰਨਾ ਤੋਂ ਕਾਰਜਸ਼ੀਲਤਾ ਤੱਕ, ਕਾਰਜਕਰਤਾਵਾਂ ਦੀ ਲਾਮਬੰਦੀ ਅਤੇ ਸੰਭਾਲ ਆਦਿ ਵਿਸ਼ਿਆਂ ਬਾਰੇ ਵਿਚਾਰ ਕੀਤੀ ਗਈ।



ਇਨ੍ਹਾਂ ਸੈਸ਼ਨਾਂ ਦਾ ਸੰਚਾਲਨ ਡਾ. ਮਲਕੀਅਤ ਸਿੰਘ ਜ਼ੋਨਲ ਸਕੱਤਰ ਅਤੇ ਸ੍ਰ. ਪਰਮਜੀਤ ਸਿੰਘ ਅੰਮ੍ਰਿਤਸਰ-ਤਰਨ ਤਾਰਨ ਜ਼ੋਨ, ਸ੍ਰ. ਜਗਜੀਤ ਸਿੰਘ ਗਣੇਸ਼ਪੁਰ, ਸ੍ਰ. ਬਲਵੰਤ ਸਿੰਘ ਅਬੋਹਰ-ਸ੍ਰੀ ਗੰਗਾ ਨਗਰ ਜ਼ੋਨ, ਬੀਬੀ ਸੁਰਜੀਤ ਕੌਰ ਭੋਗਪੁਰ, ਸ੍ਰ. ਨਵਨੀਤ ਸਿੰਘ ਕੋਟਕਪੂਰਾ, ਸ੍ਰ. ਕੁਲਵਿੰਦਰ ਸਿੰਘ ਫਿਰੋਜ਼ਪੁਰ, ਇੰਜੀ. ਅਮਰਪ੍ਰੀਤ ਸਿੰਘ ਫਤਹਿਗੜ੍ਹ ਸਾਹਿਬ ਨੇ ਕੀਤਾ।

ਪਹਿਲੇ ਸੈਸ਼ਨ ਦੌਰਾਨ "ਸਿਧਾਂਤ ਤੋਂ ਸੰਕਲਪ ਤੱਕ" ਵਿਸ਼ੇ ਨੂੰ ਪ੍ਰੋ. ਮਨਿੰਦਰ ਸਿੰਘ ਜੀ ਨੇ ਪ੍ਰਭਾਵਦਾਇਕ ਢੰਗ ਨਾਲ ਵਿਸ਼ੇ ਦਾ ਵਿਸਥਾਰ ਕੀਤਾ। ਸੈਸ਼ਨ ਦਾ ਸਾਰ-ਵਿਸਥਾਰ ਤੇ ਸਮ-ਅੱਪ ਟਰੱਸਟੀ ਮੈਂਬਰ ਸ੍ਰ. ਗੁਰਮੀਤ ਸਿੰਘ ਜੀ ਨੇ ਕੀਤਾ। ਡਾ. ਮਲਕੀਅਤ ਸਿੰਘ ਅੰਮ੍ਰਿਤਸਰ-ਤਰਨ ਤਾਰਨ ਜ਼ੋਨ ਨੇ ਸਟੇਜ ਦਾ ਸੰਚਾਲਨ ਕੀਤਾ।

ਆਤਮ ਅਨੁਸ਼ਾਸਨ-ਸਮਾਂ ਤੇ ਉਰਜਾ ਪ੍ਰਬੰਧਨ ਵਿਸ਼ੇ ਦੌਰਾਨ ਸ੍ਰ. ਬਿਕਰਮਜੀਤ ਸਿੰਘ ਰੂਪ ਨਗਰ-ਐ.ਬੀ.ਐਸ. ਨਗਰ ਜ਼ੋਨ ਨੇ ਵਿਸ਼ੇ ਨੂੰ ਬਾਖੂਬੀ ਨਿਭਾਇਆ ਅਤੇ ਡਾ. ਅਵੀਨਿੰਦਰਪਾਲ ਸਿੰਘ ਜੀਵਨ ਟਰੱਸਟੀ ਨੇ ਵਿਸ਼ੇ ਨੂੰ ਸਮ-ਅੱਪ ਕੀਤਾ। ਸ੍ਰ. ਬਲਵੰਤ ਸਿੰਘ ਅਬੋਹਰ-ਸ੍ਰੀ ਗੰਗਾ ਨਗਰ ਜ਼ੋਨ ਨੇ ਮੰਚ ਸੰਚਾਲਨ ਬਾਖੂਬੀ ਨਿਭਾਇਆ।

ਬੀਬੀ ਸੁਰਜੀਤ ਕੌਰ ਭੋਗਪੁਰ ਨੇ ਅਗਵਾਈ/ਸਿਧਾਂਤ ਕੇਂਦ੍ਰਿਤ ਵਿਸ਼ੇ ਦੌਰਾਨ ਮੰਚ ਸੰਚਾਲਨ ਕਰਦਿਆਂ ਮੁੱਖ ਵਕਤਾ ਸ੍ਰ. ਗੁਰਚਰਨ ਸਿੰਘ ਜੈਤੋ ਨੂੰ ਵਰਕਰਾਂ ਦੇ ਰੂਹ-ਬ-ਰੂਹ ਕੀਤਾ। ਉਹਨਾਂ ਇਸ ਵਿਸ਼ੇ ਨਾਲ ਨਿਆਂ ਕਰਦਿਆਂ ਕੁਝ ਜ਼ਰੂਰੀ ਵਿਸ਼ੇ ਸਾਂਝੇ ਕੀਤੇ। ਇਸ ਸੈਸ਼ਨ ਦੀ ਸਮਾਪਤੀ ਦੌਰਾਨ ਸ੍ਰ. ਪ੍ਰਤਾਪ ਸਿੰਘ ਜੀਵਨ ਟਰੱਸਟੀ ਨੇ ਆਪਣੇ ਸੇਵਾ ਕਾਰਜ ਦੇ ਤੁਜ਼ਰਬੇ ਸਾਂਝੇ ਕੀਤੇ।

ਆਤਮ ਸ਼ਕਤੀਕਰਨ ਦਾ ਮਾਰਗ ਸੇਵਾ ਸਬੰਧੀ ਵਿਸ਼ੇ ਨੂੰ ਸ੍ਰ. ਬ੍ਰਿਜਿੰਦਰਪਾਲ ਸਿੰਘ ਲਖਨਊ ਨੇ ਇਤਿਹਾਸ ਪ੍ਰੇਰਨਾਵਾਂ ਦਿੰਦਿਆਂ ਆਤਮ ਮਾਰਗ ਤੇ ਸੇਵਾ ਦਾ ਮਹੱਤਵ ਦ੍ਰਿੜ ਕਰਵਾਇਆ। ਮੰਚ ਸੰਚਾਲਨ ਸ੍ਰ. ਨਵਨੀਤ ਸਿੰਘ ਕੋਟਕਪੂਰਾ ਨੇ ਕੀਤਾ।

ਪ੍ਰੇਰਨਾ ਤੋਂ ਕਾਰਜਸ਼ੀਲਤਾ ਤੱਕ ਵਿਸ਼ੇ ਦੌਰਾਨ ਸ੍ਰ. ਹਰਜਿੰਦਰ ਸਿੰਘ ਮਾਣਕਪੁਰਾ ਨੇ ਇਸ ਵਿਸ਼ੇ ਨੂੰ ਭਾਵਨਾਤਮਕ ਅਤੇ ਭਾਵਆਤਮਿਕ ਰੂਪ ਵਿਚ ਕਾਰਜਕਰਤਾਵਾਂ ਦੇ ਸਨਮੁੱਖ ਪੇਸ਼ ਕੀਤਾ। ਇਸ ਵਿਸ਼ੇ ਦਾ ਸਾਰ ਸੰਖੇਪ ਡਾ. ਚਰਨ ਕਮਲ ਸਿੰਘ ਨੇ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਸ੍ਰ. ਪਰਮਜੀਤ ਸਿੰਘ ਅੰਮ੍ਰਿਤਸਰ-ਤਰਨ ਤਾਰਨ ਜ਼ੋਨ ਨੇ ਨਿਭਾਈ।

ਕਾਰਜਕਰਤਾਵਾਂ ਦੀ ਲਾਮਬੰਦੀ ਅਤੇ ਸੰਭਾਲ ਵਿਸ਼ੇ ਤੇ ਸ੍ਰ. ਨਰਿੰਦਰਪਾਲ ਸਿੰਘ ਐਡੀਸ਼ਨਲ ਚੀਫ਼ ਸਕੱਤਰ, ਅਕਾਦਮਿਕ ਕੌਂਸਲ ਨੇ ਵਿਸ਼ੇ ਦੌਰਾਨ ਕੈਡਰ ਦੀ ਤਿਆਰੀ ਅਤੇ ਸੰਭਾਲ ਬਾਰੇ ਕੁਝ ਤਜ਼ਰਬੇ ਸਾਂਝੇ ਕੀਤੇ ਅਤੇ ਸ੍ਰ. ਸੁਰਜੀਤ ਸਿੰਘ ਲੋਹੀਆ ਨੇ ਵਿਸ਼ੇ ਦਾ ਸਾਰ-ਵਿਸਥਾਰ ਕੀਤਾ। ਇਸ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਇੰਜੀ. ਅਮਰਪ੍ਰੀਤ ਸਿੰਘ ਫਤਹਿਗੜ੍ਹ ਸਾਹਿਬ ਨੇ ਨਿਭਾਈ।

ਇਸ ਛਿਮਾਹੀ ਜਥੇਬੰਦਕ ਵਿਚਾਰ-ਵਿਕਾਸ ਕਾਰਜਸ਼ਾਲਾ ਦੌਰਾਨ ਸ੍ਰ. ਪਰਮਜੀਤ ਸਿੰਘ ਸੁਚਿੰਤਨ ਦੀ ਪੁਸਤਕ "ਅਸ਼ਟਮ ਬਲਬੀਰਾ" ਸੰਗਤਾਂ ਨੂੰ ਅਰਪਣ ਕੀਤੀ ਗਈ ਅਤੇ ਨਿਤਨੇਮ ਸੈਸ਼ਨਾਂ ਤੋਂ ਇਲਾਵਾ ਜਥੇਬੰਦਕ ਸੁਆਲ-ਜੁਆਬ ਸੈਸ਼ਨ ਅਤੇ ਕਵੀ ਦਰਬਾਰ ਦਾ ਆਯੋਜਨ ਵੀ ਕੀਤਾ ਗਿਆ।

ਵਿਦਾਇਗੀ ਸੈਸ਼ਨ ਵਿੱਚ ਸ੍ਰ. ਜਤਿੰਦਰਪਾਲ ਸਿੰਘ ਜੀ ਨੇ ਕਿਹਾ ਉਤਸ਼ਾਹ ਅਤੇ ਚਾਅ ਲੈ ਕੇ ਜਾਈਏ। ਇਸ ਉਤਸ਼ਾਹ ਅਤੇ ਗੁਰੂ ਦੀ ਬਖਸ਼ਿਸ਼ ਨਾਲ ਮਨੁੱਖ ਉਹ ਵੀ ਕਰ ਗੁਜਰਦਾ ਹੈ ਜੋ ਕਿ ਕਿਸੇ ਨੇ ਸੋਚਿਆ ਵੀ ਨਹੀਂ ਹੁੰਦਾ। ਗੁਰਬਾਣੀ ਦਾ ਰਸ ਲਿਆਂਦਿਆਂ ਹੀ ਚਾਅ ਅਤੇ ਉਤਸ਼ਾਹ ਪੈਦਾ ਹੁੰਦਾ ਹੈ। ਇਸ ਲਈ ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਈਏ। ਇਹ ਕਾਰਜਸ਼ਾਲਾਵਾਂ ਸਾਨੂੰ ਚਾਰਜ ਕਰਕੇ ਭੇਜਦੀਆਂ ਹਨ। ਅਸੀਂ ਆਨੰਦ ਵੀ ਲੈ ਕੇ ਜਾਈਏ। ਕਾਰਜ ਕਰਦਿਆਂ ਆਉਂਦੀਆਂ ਚੁਣੌਤੀਆਂ ਲਈ ਆਪਣੇ ਆਪ ਨੂੰ ਤਿਆਰ ਕਰੀਏ ਅਤੇ ਉਨ੍ਹਾਂ ਤੋਂ ਉੱਪਰ ਉੱਠ ਕੇ ਅੱਗੇ ਵੇਖੀਏ।

ਸ੍ਰ. ਗੁਰਲਾਲ ਸਿੰਘ ਜੀ ਕੈਨੇਡਾ ਨੇ ਪੰਜਾਬ ਅਤੇ ਵਿਦੇਸ਼ ਵਿਚ ਕੀਤੀਆਂ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਟੱਡੀ ਸਰਕਲ ਦਾ ਅਹਿਮ ਰੋਲ ਹੋਣ ਬਾਰੇ ਕਿਹਾ ਉਹਨਾਂ ਕਿਹਾ ਕਿ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਲਸਫੇ ਨੂੰ ਜੋੜਣ ਲਈ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ।

ਸ੍ਰ. ਬਲਜੀਤ ਸਿੰਘ ਚੇਅਰਮੈਨ ਵਲੋਂ ਵਿਦਾਇਗੀ ਸੁਨੇਹੇ ਦਿੰਦਿਆਂ ਕਿਹਾ ਕਿ ਅਸੀਂ ਇਹਨਾਂ ਕਾਰਜਸ਼ਾਲਾਵਾਂ ਰਾਹੀਂ ਆਪਣੀ ਕਾਰਜਵਿਧੀ ਨੂੰ ਹੋਰ ਵਧੀਆ ਕਰਨ ਲਈ ਬੈਠਦੇ ਹਾਂ ਤਾਂ ਜੋ ਸੇਵਾ ਕਾਰਜਾਂ ਨੂੰ ਹੋਰ ਵਧੀਆ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਗੁਰਬਾਣੀ ਅਤੇ ਇਤਿਹਾਸ ਸਾਡੇ ਜੀਵਨ ਦਾ ਆਧਾਰ ਹੈ। ਇਸ ਲਈ ਆਪਣੇ ਜੀਵਨ ਨੂੰ ਹੋਰ ਉੱਚਾ ਸੁੱਚਾ ਬਣਾਈਏ। ਦੂਜਿਆਂ ਨਾਲੋਂ ਆਪਣੇ ਅੰਦਰ ਝਾਤ ਮਾਰੀਏ।

ਵੱਖ-ਵੱਖ ਸੈਸ਼ਨ ਦੌਰਾਨ ਸ੍ਰ. ਗੁਰਚਰਨ ਸਿੰਘ ਫਰੀਦਕੋਟ, ਸ੍ਰ. ਜਸਪਾਲ ਸਿੰਘ ਪਿੰਕੀ ਅਤੇ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਦੇ ਸ਼ਬਦੀ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਸਮੇਂ ਹਾਜ਼ਰ ਕਾਰਜਕਰਤਾਵਾਂ ਵਿਚ ਸ੍ਰ. ਗੁਰਦੇਵ ਸਿੰਘ ਅੰਮ੍ਰਿਤਸਰ, ਸ੍ਰ. ਕੁਲਵਿੰਦਰ ਸਿੰਘ ਫਿਰੋਜ਼ਪੁਰ, ਸ੍ਰ. ਨਵਪ੍ਰੀਤ ਸਿੰਘ ਹੁਸ਼ਿਆਰਪੁਰ, ਸ੍ਰ. ਹਰਦੀਪ ਸਿੰਘ, ਸ੍ਰ. ਕੁਲਵੰਤ ਸਿੰਘ ਸੰਗਰੂਰ, ਸ੍ਰ. ਪਰਮਜੀਤ ਸਿੰਘ ਅੰਮ੍ਰਿਤਸਰ, ਸ੍ਰ. ਪਰਮਜੀਤ ਸਿੰਘ ਬੇਦੀ ਯੂ.ਐਸ.ਏ., ਡਾ. ਐਚ.ਐਸ. ਸਬਰਵਾਲ ਤੇਰਾ ਹੀ ਤੇਰਾ ਮਿਸ਼ਨ ਹਸਪਤਾਲ ਚੰਡੀਗੜ੍ਹ, ਸ੍ਰ. ਹਰਮੋਹਿੰਦਰ ਸਿੰਘ ਅਤੇ ਸ੍ਰ. ਜਸਕੀਰਤ ਸਿੰਘ ਨੰਗਲ, ਸ੍ਰ. ਗੁਰਮੇਲ ਸਿੰਘ ਸੰਗਰੂਰ, ਸ੍ਰ. ਕੰਵਲਜੀਤ ਸਿੰਘ ਗੰਗੂਵਾਲ, ਸ੍ਰ. ਜਸਪਾਲ ਸਿੰਘ ਕੋਚ, ਸ੍ਰ. ਸਤਨਾਮ ਸਿੰਘ, ਸ੍ਰ. ਦਿਲਬਾਗ ਸਿੰਘ, ਸ੍ਰ ਪ੍ਰੀਤਮ ਸਿੰਘ ਜੀਰਾ, ਸ੍ਰ. ਸੁਰਜੀਤ ਸਿੰਘ ਲੋਹੀਆ, ਸ੍ਰ. ਅਮਰਪ੍ਰੀਤ ਸਿੰਘ, ਸ੍ਰ. ਨਰਿੰਦਰਪਾਲ ਸਿੰਘ, ਸ੍ਰ. ਮਨਮੋਹਨ ਸਿੰਘ ਅਰਨੀਵਾਲਾ, ਸ੍ਰ. ਜਸਵਿੰਦਰ ਸਿੰਘ ਗੁਰਦਾਸਪੁਰ ਅਤੇ ਨਾਰਥ ਰੀਜ਼ਨ ਦੇ ਸਟੇਟਾਂ ਤੇ ਜ਼ੋਨਾਂ ਤੋਂ 150 ਦੇ ਕਰੀਬ ਕਾਰਜਕਰਤਾ ਸ਼ਾਮਲ ਹੋਏ।

# ਸੰਸਦ ਮੈਂਬਰਾਂ ਖ਼ਿਲਾਫ਼ ਧਮਕੀਆਂ ਵਧੀਆਂ, ਨਵੀਂ ਸੁਰੱਖਿਆ ਇਕਾਈ ਬਣੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਵਿੱਚ ਸੰਸਦ ਮੈਂਬਰਾਂ ਖ਼ਿਲਾਫ਼ ਵਧ ਰਹੀਆਂ ਧਮਕੀਆਂ ਅਤੇ ਦੁਰਵਿਵਹਾਰ ਦੇ ਮਾਮਲਿਆਂ ਨੂੰ ਰੋਕਣ ਲਈ ਪੁਲਿਸ ਵੱਲੋਂ ਨਵੀਂ ਕੌਮੀ ਲੋਕਤੰਤਰ ਸੁਰੱਖਿਆ ਇਕਾਈ ਬਣਾਈ ਗਈ ਹੈ। ਇਸ ਇਕਾਈ ਦਾ ਮਕਸਦ ਦੇਸ਼ ਭਰ ਦੀਆਂ ਪੁਲਿਸ ਫੋਰਸਾਂ ਨੂੰ ਲੋਕਤੰਤਰ ਵਿਰੋਧੀ ਅਪਰਾਧਾਂ ਦੀ ਜਾਂਚ ਅਤੇ ਰੋਕਥਾਮ ਵਿੱਚ ਖਾਸ ਸਹਾਇਤਾ ਦੇਣਾ ਹੈ।

ਅਧਿਕਾਰੀਆਂ ਮੁਤਾਬਕ 2019 ਤੋਂ ਸੰਸਦ ਮੈਂਬਰਾਂ ਖ਼ਿਲਾਫ਼ ਦਰਜ ਹੋਣ ਵਾਲੇ ਅਪਰਾਧ ਦੋਗੁਣੇ ਤੋਂ ਵੀ ਵੱਧ ਹੋ ਗਏ ਹਨ ਅਤੇ ਪਿਛਲੇ ਸਾਲ ਇਹ ਗਿਣਤੀ ਲਗਭਗ 1000 ਤੱਕ ਪਹੁੰਚ ਗਈ। ਇਨ੍ਹਾਂ ਵਿੱਚ ਜ਼ਿਆਦਾਤਰ ਮਾਮਲੇ ਧਮਕੀਭਰੇ ਸੁਨੇਹੇ, ਤੰਗ ਪਰੇਸ਼ਾਨ ਕਰਨਾ, ਇਮਾਰਤਾਂ ਨੂੰ ਨੁਕਸਾਨ ਪਹੁੰਚਾਉਣਾ ਅਤੇ ਕਤਲ ਦੀਆਂ ਧਮਕੀਆਂ ਨਾਲ ਜੁੜੇ ਹਨ। ਇਸ ਨਵੀਂ ਇਕਾਈ ਦੀ ਅਗਵਾਈ ਪੁਲਿਸ ਮੁਖੀ ਕ੍ਰਿਸ ਬਾਲਮਰ ਕਰਨਗੇ। ਉਹ ਵੱਖ-ਵੱਖ ਪੁਲਿਸ ਫੋਰਸਾਂ ਵਿਚਕਾਰ ਜਾਣਕਾਰੀ ਸਾਂਝੀ ਕਰਵਾਉਣ, ਸੰਸਦ ਮੈਂਬਰਾਂ ਨੂੰ ਮਿਲ ਰਹੀਆਂ ਧਮਕੀਆਂ ਦੀ ਜਾਂਚ ਵਿੱਚ ਮਦਦ ਕਰਨ ਅਤੇ ਲੋਕਤੰਤਰ ਵਿਰੋਧੀ ਅਪਰਾਧਾਂ ਦੀ ਪਛਾਣ ਬਾਰੇ ਸਲਾਹ ਦੇਣਗੇ।

ਅੰਕੜਿਆਂ ਮੁਤਾਬਕ 2019 ਤੋਂ 2025 ਤੱਕ ਮੈਟਰੋਪੋਲੀਟਨ ਪੁਲਿਸ ਕੋਲ ਸੰਸਦ ਮੈਂਬਰਾਂ ਨਾਲ ਸੰਬੰਧਤ 4064 ਅਪਰਾਧ ਦਰਜ ਹੋਏ। 2019 ਵਿੱਚ ਇਹ ਗਿਣਤੀ 364 ਸੀ ਜੋ 2025 ਵਿੱਚ ਵਧ ਕੇ 976 ਹੋ ਗਈ।

ਲੇਬਰ ਪਾਰਟੀ ਦੀ ਸੰਸਦ ਮੈਂਬਰ ਨੈਟਲੀ ਫਲੀਟ ਨੇ ਦੱਸਿਆ ਕਿ ਉਨ੍ਹਾਂ ਨੂੰ ਅਕਸਰ ਰੋਜ਼ਾਨਾ ਮੌਤ ਦੀਆਂ ਧਮਕੀਆਂ ਮਿਲਦੀਆਂ ਹਨ। ਕਈ ਵਾਰ ਸਮਾਜਿਕ ਮੀਡੀਆ 'ਤੇ ਉਨ੍ਹਾਂ ਨੂੰ ਗੋਲੀ ਮਾਰਣ ਦੀਆਂ ਅਪੀਲਾਂ ਵੀ ਕੀਤੀਆਂ ਗਈਆਂ, ਜਿਸ ਕਾਰਨ ਉਨ੍ਹਾਂ ਨੂੰ ਪੁਲਿਸ ਨਾਲ ਲਗਾਤਾਰ ਸੰਪਰਕ ਕਰਨਾ ਪੈਂਦਾ ਹੈ।

ਇਸੇ ਤਰ੍ਹਾਂ ਹੋਰ ਸੰਸਦ ਮੈਂਬਰ ਸੈਮ ਰਸ਼ਵਰਥ ਨੇ ਕਿਹਾ ਕਿ ਲਗਾਤਾਰ ਮਿਲ ਰਹੀਆਂ ਧਮਕੀਆਂ ਕਾਰਨ ਉਨ੍ਹਾਂ ਦੇ ਘਰ 'ਤੇ ਕੈਮਰੇ ਅਤੇ ਤੁਰੰਤ ਸਹਾਇਤਾ ਬਟਨ ਲਗਾਉਣੇ ਪਏ। ਉਨ੍ਹਾਂ ਕਿਹਾ ਕਿ ਇਸ ਹਾਲਤ ਦਾ ਉਨ੍ਹਾਂ ਦੇ ਪਰਿਵਾਰ 'ਤੇ ਵੀ ਡੂੰਘਾ ਅਸਰ ਪਿਆ ਹੈ।

ਪੁਲਿਸ ਅਧਿਕਾਰੀਆਂ ਨੇ ਚਿੰਤਾ ਜਤਾਈ ਕਿ ਮਹਿਲਾ ਅਤੇ ਘੱਟਗਿਣਤੀ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਖਾਲੀ ਧਮਕੀਆਂ ਨਹੀਂ ਹੁੰਦੀਆਂ ਕਿਉਂਕਿ ਪਿਛਲੇ ਸਮੇਂ ਵਿੱਚ ਦੋ ਸੰਸਦ ਮੈਂਬਰਾਂ ਦੀ ਹੱਤਿਆ ਵੀ ਹੋ ਚੁੱਕੀ ਹੈ!

# ਸਰਕਾਰ ਵੱਲ ਨਹੀਂ, ਪੰਥ ਵੱਲ ਦੇਖੋ: ਦਲ ਖਾਲਸਾ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ

ਰਈਆ (ਅੰਮ੍ਰਿਤਸਰ)-ਦਲ ਖਾਲਸਾ ਵੱਲੋਂ ਆਯੋਜਿਤ ਸੈਮੀਨਾਰ ਵਿੱਚ ਸਰਬਸੰਮਤੀ ਨਾਲ ਪਾਸ ਕੀਤੇ ਗਏ ਇੱਕ ਮਤੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਬੇਅਦਬੀ ਦੀਆਂ ਵਧਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਸਰਕਾਰ ਵੱਲ ਨਹੀਂ ਸਗੋਂ ਪੰਥ ਨੂੰ ਲਾਮਬੰਦ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਗਈ। ਮਤੇ ਵਿੱਚ ਕਿਹਾ ਗਿਆ ਹੈ, "ਅਸੀਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਕੋਈ ਨਵਾਂ ਕਾਨੂੰਨ ਬਣਾਉਣ ਲਈ ਸਰਕਾਰ ਨੂੰ ਕਹਿਣ ਦੀ ਬਜਾਏ ਖਾਲਸਾ ਪੰਥ ਨੂੰ ਸਿੱਖ ਜੁਝਾਰੂ ਰਵਾਇਤਾਂ ਅਨੁਸਾਰ ਅਜਿਹੀਆਂ ਚੁਣੌਤੀਆਂ ਦਾ ਦ੍ਰਿੜਤਾ ਅਤੇ ਦਲੇਰੀ ਨਾਲ ਸਾਹਮਣਾ ਕਰਨ ਅਤੇ ਜਵਾਬ ਦੇਣ ਲਈ ਤਿਆਰ ਕਰਨ ਵਾਸਤੇ ਕਦਮ ਚੁੱਕਣ।"

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਵੀ ਆਪਣੇ ਅਕਾਲੀ ਪਾਰਟੀ ਲਾਈਨ 'ਤੇ ਚੱਲਣ ਦੀ ਬਜਾਏ, ਬੁੱਧੀਜੀਵੀਆਂ ਅਤੇ ਕਾਨੂੰਨੀ ਮਾਹਰਾਂ ਸਮੇਤ ਸਿੱਖ ਭਾਈਚਾਰੇ ਦੇ ਵੱਖ-ਵੱਖ ਵਰਗਾਂ ਦੀ ਰਾਏ ਅਤੇ ਵਿਚਾਰਾਂ ਦਾ ਡੂੰਘਾਈ ਨਾਲ ਸਤਿਕਾਰ ਕਰਨਾ ਚਾਹੀਦਾ ਹੈ।

ਦਲ ਖ਼ਾਲਸਾ ਦੇ ਆਗੂਆਂ ਨੇ ਕਿਹਾ ਕਿ ਉਹ ਭਲਕੇ ਸ਼੍ਰੋਮਣੀ ਕਮੇਟੀ ਵੱਲੋਂ ਸੱਦੀ ਪੰਥਕ ਇਕੱਤਰਤਾ ਵਿੱਚ ਹਿੱਸਾ ਲੈਣਗੇ ਅਤੇ ਉੱਥੇ ਪੰਥ ਦੇ ਸਾਹਮਣੇ ਅੱਜ ਦੇ ਸੈਮੀਨਾਰ ਦੇ ਫੈਸਲਿਆਂ ਨੂੰ ਰੱਖਣਗੇ ।

ਹਰ ਸਿੱਖ ਲਈ ਗੁਰੂ ਗ੍ਰੰਥ ਸਾਹਿਬ ਅਤੇ ਸ਼ਬਦ ਗੁਰੂ ਦੇ ਸੰਕਲਪ ਦਾ ਸਤਿਕਾਰ ਸਰਵਉੱਚ ਹੈ, ਅਤੇ ਸਿੱਖ ਕੌਮ ਜਾਣਬੁੱਝ ਕੇ ਜਾਂ ਅਚਾਨਕ ਕੀਤੀ ਗਈ ਕਿਸੇ ਵੀ ਬੇਅਦਬੀ ਲਈ ਹਮੇਸ਼ਾ ਜ਼ੀਰੋ-ਟੋਲਰੈਂਸ (ਬਿਲਕੁਲ ਵੀ ਬਰਦਾਸ਼ਤ ਨਾ ਕਰਨ) ਦੀ ਨੀਤੀ 'ਤੇ ਚੱਲੇਗੀ।

ਇੱਕ ਹੋਰ ਮਤੇ ਵਿੱਚ ਕਿਹਾ ਗਿਆ, "ਅਸੀਂ ਸਪੱਸ਼ਟ ਤੌਰ 'ਤੇ ਕਹਿੰਦੇ ਹਾਂ ਕਿ ਸਿੱਖ ਭਾਈਚਾਰਾ ਆਪਣੀ ਸੂਝ-ਬੂਝ ਨਾਲ ਇਸ ਵਧ ਰਹੀ ਸਮੱਸਿਆ ਨਾਲ ਨਜਿੱਠਣ ਲਈ ਸਿਸਟਮ ਤਿਆਰ ਕਰੇਗਾ।"

ਦਲ ਖਾਲਸਾ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਬੇਅਦਬੀ ਵਿਰੁੱਧ ਲੜਾਈ ਵਿੱਚ ਸਿੱਖ ਭਾਈਚਾਰੇ ਨੂੰ ਲਾਚਾਰ ਜਾਂ ਬੇਵੱਸ ਨਹੀਂ ਸਮਝਿਆ ਜਾਣਾ ਚਾਹੀਦਾ, ਕਿਉਂਕਿ ਅਸੀਂ ਸਪੱਸ਼ਟ ਹਾਂ ਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਕਾਨੂੰਨਾਂ ਦੀ ਨਹੀਂ, ਸਗੋਂ ਮਜ਼ਬੂਤ ਇੱਛਾ ਸ਼ਕਤੀ, ਜੁਝਾਰੂ ਸੋਚ ਅਤੇ ਦ੍ਰਿੜ ਇਰਾਦਿਆਂ ਦੀ ਲੋੜ ਹੈ।

ਸਿੱਖ ਕੌਮ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਨੂੰ ਵਾਪਰਨ ਤੋਂ ਪਹਿਲਾਂ ਕਿਵੇਂ ਰੋਕਿਆ ਜਾਵੇ। ਕਾਨੂੰਨ ਦੀ ਪਹੁੰਚ ਸਿਰਫ ਬੇਅਦਬੀ ਹੋਣ ਤੋਂ ਬਾਅਦ ਹੀ ਸ਼ੁਰੂ ਹੁੰਦੀ ਹੈ। ਇਹ ਸਮਾਂ ਹੈ ਕਿ ਸਿੱਖ ਪੰਥ ਇੱਕ ਅਜਿਹੀ



ਮਿਸਾਲ ਕਾਇਮ ਕਰੇ ਤਾਂ ਜੋ ਕਿਸੇ ਦੇ ਵੀ ਬੇਅਦਬੀ ਕਰਨ ਦੀ ਹਿੰਮਤ ਨਾ ਪੈ ਸਕੇ।

ਇਸ ਮੌਕੇ ਬੋਲਦਿਆਂ ਦਲ ਖਾਲਸਾ ਦੇ ਬੁਲਾਰੇ ਕੰਵਰ ਪਾਲ ਸਿੰਘ ਨੇ ਕਿਹਾ, "ਜਦੋਂ ਵੀ ਅਸੀਂ ਖਾਲਸਾਈ ਰਵਾਇਤ ਦਾ ਸਹਾਰਾ ਲੈਣ ਦੀ ਗੱਲ ਕਰਦੇ ਹਾਂ ਤਾਂ ਸਾਡੇ 'ਤੇ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਦਾ ਦੋਸ਼ ਲਾਇਆ ਜਾਂਦਾ ਹੈ। ਸਾਡੇ ਕੋਲ ਇਸ ਗੱਲ ਦਾ ਬਹੁਤ ਕੌੜਾ ਤਜਰਬਾ ਹੈ ਕਿ ਕਿਵੇਂ ਇਸ ਦੇਸ਼ ਦੀ ਕਾਨੂੰਨ ਪ੍ਰਣਾਲੀ ਨੇ ਅਪ੍ਰੈਲ 1978 ਤੋਂ ਸਿੱਖਾਂ ਨੂੰ ਹਰ ਪੱਖੋਂ ਪੂਰੀ ਤਰ੍ਹਾਂ ਨਿਰਾਸ਼ ਕੀਤਾ ਹੈ, ਜਦੋਂ ਉਸ ਸਮੇਂ ਦੀ ਸਰਕਾਰ ਨੇ ਨਕਲੀ ਨਿਰੰਕਾਰੀਆਂ ਨੂੰ ਉਨ੍ਹਾਂ ਦੀਆਂ ਬੇਅਦਬੀ ਵਾਲੀਆਂ ਕਾਰਵਾਈਆਂ ਲਈ ਸਜ਼ਾ ਦੇਣ ਦੀ ਬਜਾਏ, ਉਨ੍ਹਾਂ ਦਾ ਬਚਾਅ ਕੀਤਾ ਸੀ।"

ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਸਾਨੂੰ ਕਿਹਾ ਜਾਂਦਾ ਹੈ ਕਿ ਕਾਨੂੰਨ ਨੂੰ ਆਪਣਾ ਕੰਮ ਕਰਨ ਦਿੱਤਾ ਜਾਵੇ ਪਰ ਦੁਖਾਂਤ ਇਹ ਹੈ ਕਿ ਮੌਜੂਦਾ ਸਿਸਟਮ ਅਤੇ ਸਥਿਤੀ ਵਿੱਚ, ਸਰਕਾਰਾਂ ਅਤੇ ਪ੍ਰਸ਼ਾਸਨ ਦੀ ਬਦੌਲਤ ਕਾਨੂੰਨ ਨੂੰ ਆਪਣਾ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ। ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਾਜ਼ਿਸ਼ਘਾੜੇ - ਅਖੌਤੀ ਧਾਰਮਿਕ ਅਤੇ ਰਾਜਨੀਤਿਕ, ਜਿਨ੍ਹਾਂ ਨੂੰ ਅਜੇ ਬੇਨਕਾਬ ਕੀਤਾ ਜਾਣਾ ਬਾਕੀ ਹੈ, ਸਭ ਤੋਂ ਖਤਰਨਾਕ ਲੋਕ ਹਨ ਜਿਨ੍ਹਾਂ ਨਾਲ ਸਖ਼ਤੀ ਨਾਲ ਨਜਿੱਠਣ ਦੀ ਲੋੜ ਹੈ।

ਮਤੇ ਵਿੱਚ ਪੜ੍ਹਿਆ ਗਿਆ ਹੈ, "ਭਾਰਤੀ ਕਾਨੂੰਨ ਅਤੇ ਨਿਆਂ ਨਾਲ ਸਿੱਖ ਭਾਈਚਾਰੇ ਦਾ ਤਜਰਬਾ ਦੁਨੀਆ ਦੇ ਦੇਖਣ ਲਈ ਖੁੱਲ੍ਹਾ ਹੈ। ਪ੍ਰਸ਼ਾਸਨ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਸਿੱਖਾਂ ਨੂੰ ਇਨਸਾਫ਼ ਦੇਣ ਵਿੱਚ ਅਸਫਲ ਰਹੇ ਹਨ ਅਤੇ ਹੁਣ ਇਹ ਸੋਚਣਾ ਕਿ ਉਹ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਕਾਨੂੰਨ ਬਣਾ ਕੇ ਕੋਈ ਮਿਹਰਬਾਨੀ ਕਰ ਰਹੇ ਹਨ, ਨਾ ਸਿਰਫ਼ ਭੋਲਾਪਣ ਹੈ ਬਲਕਿ ਮੂਰਖਤਾ ਵੀ ਹੈ।"

ਆਪਣਾ ਸਟੈਂਡ ਸਪੱਸ਼ਟ ਕਰਦਿਆਂ ਸਿੱਖ ਕਾਰਕੁਨ ਨਰਾਇਣ ਸਿੰਘ ਚੌੜਾ ਨੇ ਸਪੱਸ਼ਟ ਸ਼ਬਦਾਂ ਵਿੱਚ ਐਲਾਨ ਕੀਤਾ, "ਸਾਨੂੰ ਕਿਸੇ ਕਾਨੂੰਨ ਦੀ ਲੋੜ ਨਹੀਂ ਹੈ, ਅਤੇ ਮੈਂ ਕਾਨੂੰਨ ਬਣਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਸਖ਼ਤ ਵਿਰੋਧ ਕਰਦਾ ਹਾਂ। ਮੇਰਾ ਗੁਰੂ ਕਿਸੇ ਵੀ ਸਰਕਾਰੀ ਸੁਰੱਖਿਆ ਜਾਂ ਕਾਨੂੰਨ ਦੇ ਘੇਰੇ ਤੋਂ ਉੱਪਰ ਹੈ, ਸਰਵਉੱਚ ਹੈ।"

ਸਿੱਖ ਕੁਲੈਕਟਿਵ ਦੇ ਕਨਵੀਨਰ ਜਗਮੋਹਨ ਸਿੰਘ ਨੇ ਕਿਹਾ, "ਕਾਨੂੰਨੀ ਪਹੁੰਚ ਅਪਣਾਉਣ ਵੱਲ ਚੁੱਕਿਆ ਕੋਈ ਵੀ ਕਦਮ ਖਤਰੇ ਨਾਲ ਭਰਿਆ ਹੋਇਆ ਹੈ। ਅਸੀਂ ਪਹਿਲਾਂ ਹੀ ਪਿਛਲੀ ਸਦੀ ਤੋਂ ਗੁਰਦੁਆਰਾ ਕਾਨੂੰਨ ਦੇ ਸਬੰਧ ਵਿੱਚ ਵਿਸ਼ਵਾਸ ਦੇ ਸੰਕਟ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਾਂ।"

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਜਕਾਰੀ ਪ੍ਰਧਾਨ ਈਮਾਨ ਸਿੰਘ ਮਾਨ ਨੇ ਕਿਹਾ, "ਕਿਸੇ ਨਵੇਂ ਕਾਨੂੰਨ ਵੱਲ ਜਾਣ ਤੋਂ ਪਹਿਲਾਂ, ਸਰਕਾਰ ਪਹਿਲਾਂ ਆਪਣੀ ਇਮਾਨਦਾਰੀ ਅਤੇ ਨਿਰਪੱਖਤਾ ਦਿਖਾਵੇ ਅਤੇ ਅਤੀਤ ਦੀਆਂ ਅਜਿਹੀਆਂ ਬੇਅਦਬੀਆਂ ਦੀਆਂ ਘਟਨਾਵਾਂ ਜੋ ਅਜੇ ਵੀ ਅਣਸੁਲਝੀਆਂ ਹਨ, ਨਾਲ ਮੌਜੂਦਾ ਕਾਨੂੰਨਾਂ ਤਹਿਤ ਨਜਿੱਠੇ।"

ਸ਼੍ਰੋਮਣੀ ਕਮੇਟੀ ਮੈਂਬਰ ਕੁਲਬੀਰ ਸਿੰਘ ਬੜਾ ਪਿੰਡ ਨੇ ਇੱਕ ਵੱਖਰੀ ਸੁਰ ਛੇੜਦਿਆਂ ਚੇਤਾਵਨੀ ਭਰੇ ਲਹਿਜ਼ੇ ਵਿੱਚ ਕਿਹਾ, "ਕੋਈ ਭੁਲੇਖਾ ਨਾ ਰੱਖਿਓ, ਕੋਈ ਵੀ ਵਿਅਕਤੀ, ਸਮੂਹ, ਸੰਸਥਾ, ਸਿੱਖ ਜਾਂ ਗੈਰ-ਸਿੱਖ, ਜੋ ਗੁਰੂ ਗ੍ਰੰਥ ਸਾਹਿਬ ਅਤੇ ਗੁਰਬਾਣੀ ਦਾ ਅਪਮਾਨ ਅਤੇ ਬੇਅਦਬੀ ਕਰਨ ਦੀ ਕੋਸ਼ਿਸ਼ ਕਰੇਗਾ, ਉਸਨੂੰ ਖਾਲਸਾ ਪੰਥ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ।"

ਮਾਸਟਰ ਕੁਲਵੰਤ ਸਿੰਘ ਫੇਰੂਮਾਨ ਅਤੇ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਅਸੀਂ ਇਸ ਸੰਵੇਦਨਸ਼ੀਲ ਮਾਮਲੇ ਨੂੰ ਆਪ ਸਰਕਾਰ ਅਤੇ ਅਕਾਲੀ ਦਲ ਦੀ ਖਿਚੋਤਾਣ ਵਾਲੀ ਰਾਜਨੀਤੀ ਦੀ ਬਲੀ ਨਹੀਂ ਚੜ੍ਹਣ ਦਿਆਂਗੇ।

# ਸ਼ਾਇਰਾਂ ਦੀ ਦੁਨੀਆਂ ਵਲੋਂ ਇੱਕ ਮੁੱਠੀ ਬੀਜ ਪੁਸਤਕ ਲੋਕ ਅਰਪਣ

ਜਲੰਧਰ (ਤੇਜਿੰਦਰ ਮਨਚੰਦਾ)-ਸ਼ਾਇਰਾਂ ਦੀ ਦੁਨੀਆਂ ਵਲੋਂ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਦੇ ਸਹਿਯੋਗ ਨਾਲ਼ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇੱਕ ਸ਼ਾਨਦਾਰ ਪ੍ਰੋਗਰਾਮ ਦਾ ਆਯੋਜਨ ਕਰਕੇ ਸਵਿੰਦਰ ਸੰਧੂ ਦੇ ਕਾਵਿ ਸੰਗ੍ਰਹਿ ਕਿਰਨ ਪਾਤ ਅਤੇ ਸਮੇਂ ਦੀ ਕੈਨਵਸ 'ਤੇ ਅਧਾਰਿਤ ਜਗਦੀਸ਼ ਰਾਣਾ ਦੁਆਰਾ ਸੰਪਾਦਿਤ ਪੁਸਤਕ ਇੱਕ ਮੁੱਠੀ ਬੀਜ ਲੋਕ ਅਰਪਣ ਕੀਤੀ ਗਈ ਜਿਸਦੇ ਪ੍ਰਧਾਨਗੀ ਮੰਡਲ ਵਿੱਚ ਡਾ.ਸੋਮਾ ਸਬਲੋਕ, ਜਗਦੀਸ਼ ਰਾਣਾ, ਸਵਿੰਦਰ ਸੰਧੂ, ਬਲਬੀਰ ਕੌਰ ਰਾਏਕੋਟੀ ਅਤੇ ਜੋਗਿੰਦਰ ਸਿੰਘ ਸੰਧੂ ਵਿਰਾਜਮਾਨ ਰਹੇ। ਚਰਨਜੀਤ ਸਮਾਲਸਰ ਦੁਆਰਾ ਲਿਖਿਆ ਕਿਤਾਬ ਬਾਰੇ ਜਾਣਕਾਰੀ ਭਰਪੂਰ ਪਰਚਾ ਨਾਵਲਕਾਰ ਗੁਰਨਾਮ ਬਾਵਾ ਨੇ ਪੜ੍ਹਿਆ। ਡਾ.ਸੋਮਾ ਸਬਲੋਕ ਨੇ ਪਰਚਾ ਪੜ੍ਹਦਿਆਂ ਕਿਤਾਬ ਦੇ ਮੂਲ ਲੇਖਕ ਸਵਿੰਦਰ ਸੰਧੂ ਅਤੇ ਸੰਪਾਦਕ ਜਗਦੀਸ਼ ਰਾਣਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੋਵੇਂ ਸਾਹਿਤਕਾਰ ਲੋਕ ਪੱਖੀ ਹੋਣ ਕਰਕੇ ਇੱਕ ਮੁੱਠੀ ਬੀਜ ਪੁਸਤਕ ਵਿੱਚ ਵੀ ਜ਼ਿਆਦਾਤਰ ਰਚਨਾਵਾਂ ਲੋਕ ਸਰੋਕਾਰਾਂ ਨਾਲ਼ ਸਬੰਧਿਤ ਹੀ ਲਈਆਂ ਗਈਆਂ ਹਨ ਤੇ ਇਸ ਦਾ ਸੁਆਗਤ ਕਰਨਾ ਬਣਦਾ ਹੈ।



ਜੋਗਿੰਦਰ ਸੰਧੂ ਅਤੇ ਬਲਬੀਰ ਕੌਰ ਰਾਏਕੋਟੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਸਵਿੰਦਰ ਸੰਧੂ ਕੋਲ਼ ਉਮਰ ਭਰ ਦਾ ਤਜਰਬਾ ਹੈ ਜਿਹੜਾ ਉਸ ਦੀਆਂ ਕਵਿਤਾਵਾਂ ਵਿੱਚ ਵੀ ਨਜ਼ਰ ਆਉਂਦਾ ਹੈ ਤੇ ਜਗਦੀਸ਼ ਰਾਣਾ ਦੁਆਰਾ ਸੰਪਾਦਿਤ ਇਸ ਪੁਸਤਕ ਦਾ ਵੱਡੇ ਕਵੀਆਂ ਨੂੰ ਨੋਟਿਸ ਲੈਣਾ ਚਾਹੀਦਾ ਹੈ। ਸਵਿੰਦਰ ਸੰਧੂ ਨੇ ਕਿਹਾ ਕਿ ਲੋਕ ਸ਼ਾਇਰ ਜਗਦੀਸ਼ ਰਾਣਾ ਦੁਆਰਾ ਉਸ ਦੀਆਂ ਕਵਿਤਾਵਾਂ ਤੇ ਅਧਾਰਿਤ ਨਵੀਂ ਪੁਸਤਕ ਇੱਕ ਮੁੱਠੀ ਬੀਜ ਤਿਆਰ ਕਰਨਾ ਉਸ ਲਈ ਵੱਡੇ ਸਨਮਾਨ ਬਰਾਬਰ ਹੈ। ਜਗਦੀਸ਼ ਰਾਣਾ ਨੇ ਆਖਿਆ ਕਿ ਸਵਿੰਦਰ ਸੰਧੂ ਦੀਆਂ ਕਵਿਤਾਵਾਂ ਆਮ ਲੋਕਾਂ ਦੀਆਂ ਭਾਵਨਾਵਾਂ, ਪੀੜਾਂ ਵਿਅਕਤ ਕਰਦੀਆਂ ਹਨ ਇਸ ਲਈ ਉਹ ਪਹਿਲਾਂ ਵੀ ਉਹਨਾਂ ਦੀਆਂ ਤਿੰਨ ਪੁਸਤਕਾਂ ਤੇ ਅਧਾਰਿਤ ਇੱਕ ਪੁਸਤਕ ਜ਼ਿੰਦਗੀ ਇੱਕ ਮੰਚ ਸੰਪਾਦਿਤ ਕਰ ਚੁੱਕੇ ਹਨ ਤੇ ਹੁਣ ਉਹਨਾਂ ਦੀਆਂ ਦੋ ਪੁਸਤਕਾਂ ਤੇ ਅਧਾਰਿਤ ਇੱਕ ਮੁੱਠੀ ਬੀਜ ਪੁਸਤਕ ਸੰਪਾਦਤ ਕੀਤੀ ਹੈ।

ਇਸ ਉਪਰੰਤ ਹੋਏ ਕਵੀ ਦਰਬਾਰ ਦੇ ਪ੍ਰਧਾਨਗੀ ਮੰਡਲ ਵਿੱਚ ਪੰਜਾਬੀ ਜਾਗਰਣ ਦੇ ਸਹਿ ਸੰਪਾਦਕ ਜਸਵਿੰਦਰ ਦੂਹੜਾ, ਪ੍ਰਸਿੱਧ ਕਵੀ ਮੋਹਨ ਮਤਿਆਲਵੀ, ਕੁਲਬੀਰ ਸਿੰਘ ਕੰਵਲ ਅਤੇ ਨੱਕਾਸ਼ ਚਿੱਤੇਵਾਨੀ ਵਿਰਾਜਮਾਨ ਰਹੇ। ਇਸ ਦੌਰਾਨ ਹੋਏ ਕਵੀ ਦਰਬਾਰ ਵਿੱਚ ਗੁਰਦੀਪ ਸਿੰਘ ਸੈਣੀ, ਡਾ.ਸੋਮਾ ਸਬਲੋਕ, ਸਵਿੰਦਰ ਸੰਧੂ,ਨਕਸ਼ ਵਰਿਆਣਵੀ, ਰੀਤੂ ਕਲਸੀ,ਮਨਜੀਤ ਕੌਰ ਮੀਸ਼ਾ, ਮਿੱਤਰ ਮਨਜੀਤ, ਦਲਜੀਤ ਮਹਿਮੀ, ਇੰਦਰ ਸਿੰਘ ਮਿਸ਼ਰੀ, ਕੀਮਤੀ ਕੈਸਰ,ਹੀਰਾ ਲਾਲ ਮਲਹੋਤਰਾ, ਹਰਜਿੰਦਰ ਸਿੰਘ ਜਿੰਦੀ, ਕੁਲਬੀਰ ਸਿੰਘ ਕੰਵਲ, ਨੱਕਾਸ਼ ਚਿੱਤੇਵਾਨੀ, ਮੋਹਨ ਮਤਿਆਲਵੀ, ਹਰਦਿਆਲ ਹੁਸ਼ਿਆਰਪੁਰੀ, ਸਾਹਿਬਾ ਜੀਟਨ ਕੌਰ, ਦੀਪ ਜਗਤਪੁਰੀ, ਹਰਸ਼ਵਿੰਦਰ ਕੌਰ ਤਲਵਾੜਾ, ਅਨੀਤਾ ਵਸ਼ਿਸ਼ਟ ਗੜ੍ਹਸ਼ੰਕਰ, ਅਸ਼ੋਕ ਗੋਇਲ, ਸੋਢੀ ਸੱਤੋਵਾਲੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ।

.ਗ਼ਜ਼ਲ ਗਾਇਕ ਸੁਰਿੰਦਰ ਗੁਲਸ਼ਨ ਨੇ ਜਗਦੀਸ਼ ਰਾਣਾ ਅਤੇ ਉਲਫ਼ਤ ਬਾਜਵਾ ਦੀਆਂ .ਗ਼ਜ਼ਲਾਂ ਗਾ ਕੇ ਪ੍ਰੋਗਰਾਮ ਨੂੰ ਸਿਖ਼ਰ ਤੇ ਪੁਚਾ ਦਿੱਤਾ। ਇਸ ਦੌਰਾਨ ਕਰਨਲ ਜਗਬੀਰ ਸਿੰਘ ਸੰਧੂ, ਗੀਤਾ ਵਰਮਾ, ਗੁਰਨਾਮ ਬਾਵਾ, ਸ਼ਿਵਦੀਪ, ਪਰਮਿੰਦਰਜੀਤ ਕੌਰ, ਜਸਵੰਤ ਕੌਰ, ਭਾਵਿਨੀ ਕਲਸੀ, ਵਿਨੋਦ ਕੁਮਾਰ, ਤ੍ਰਿਪਤਾ ਰਾਣੀ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

# • ਪੰਜਾਬੀ ਫ਼ਿਲਮ ਦਰਪਣ •

## ਨਿੱਕੀ ਪਰ ਤਿੱਖੀ ਗੋਰੀ ਮਾਂ ਦੀ ਜਾਈ ਗੁਰਨੂਰ ਮਾਨ



ਦੋ ਗੀਤ ਹੀ ਪਛਾਣ ਬਣਾ ਗਏ ਨੇ ਜਵਾਨੀ ਦੀਆਂ ਪੌੜੀਆਂ ਚੜ੍ਹਨ ਨੂੰ ਤਿਆਰ ਬੈਠੀ ਕੁਦਰਤ ਦੀ ਇੱਕ ਪਿਆਰੀ ਉਪਜ ਗਾਇਕਾ ਗੁਰਨੂਰ ਮਾਨ। ਗੁਰਨੂਰ ਦਾ ਫੀ ਮੇਲ ਵਰਸਨ ਚਰਚਾ ਵਿੱਚ ਹੈ ਤੇ "ਸ਼ਵਾਲ 2" ਵਾਲੀ ਇਹ ਅਰਧ ਜਵਾਨ ਕੁੜੀ ਗੁਰਨੂਰ ਮਾਨ ਨੂੰ ਸ਼ੋ ਲਈ ਮੁੰਬਈ , ਉੱਤਰ ਭਾਰਤ ਤੋਂ ਸੱਦੇ ਆ ਰਹੇ ਹਨ। ਗੁਰਨੂਰ ਮਾਨ ਨੂੰ ਸੁਰੀਲੀ ਗੁੜ੍ਹਤੀ ਗਾਇਕਾ ਰਜਨੀ ਮਾਨ ਨੇ ਦਿੱਤੀ ਹੈ। ਗੁਰਨੂਰ ਨਿੱਕੀ ਜਿੰਨੀ ਸੀ ਤਾਂ ਗਲਾ ਹਰਕਤ ਲਾਉਂਦਾ ਸੀ ਤੇ ਸੰਗੀਤ ਦੇ ਸਾਰੇ ਪ੍ਰਬੰਧ ਓਸ ਨੂੰ ਆਪਣੇ ਘਰੇ ਮਿਲਣ ਨਾਲ ਔਖ ਮਹਿਸੂਸ ਨਹੀਂ ਹੋਈ। ਅੱਗੇ ਦੀ ਯੋਜਨਾ ਤਾਂ ਫ਼ਿਲਮ ਐਕਟ੍ਰੈਸ ਵੀ ਬਣ ਕਿ ਨਾਮ ਕਮਾਉਣਾ ਹੈ ਤੇ ਗਾਇਕਾ ਬਣ ਫਿਲਮ ਖੇਤਰ ਲਈ ਆਵਾਜ਼ ਦੇ ਸਟਾਰ ਪਲੇ ਬੈਕ ਸਿੰਗਰ ਬਣ ਰਾਜ ਕਰਨਾ ਹੈ। ਗੋਰੀ ਮਾਂ ਰਜਨੀ ਮਾਨ ਜਿਹੇ ਨੈਣ ਨਕਸ਼ ਤੇ ਮਿੱਠੀ ਆਵਾਜ਼ ਨਵੀਂ ਪੀੜ੍ਹੀ ਦੀ ਗਾਇਕਾ ਤੇ ਨਾਇਕਾ ਬਣ ਖੂਬ ਚਰਚਾ ਲਏ ਸ਼ੁੱਭ ਕਾਮਨਾਵਾਂ ਗੁਰਨੂਰ ਮਾਨ ਨੂੰ ਬਬਲੀ ਬਰਾੜ ਵੀ ਦਿੰਦੀ ਹੈ ਤੇ ਰਜਨੀ ਮਾਨ ਦੇ ਚਹੇਤੇ ਵੀ ਤੇ ਗੁਰਨੂਰ ਮਾਨ ਮਿਹਨਤ ਤੇ ਰਿਆਜ਼ ਕਰੀ ਜਾ ਰਹੀ ਹੈ ਤੇ ਅਗਲੇ ਸਾਲ ਤੱਕ ਓਹ ਸਟਾਰ ਗਾਇਕਾ ਗੁਰਨੂਰ ਮਾਨ ਅਖਵਾਉਣ ਲਈ ਚਲ ਸੋ ਚਲ ਹੈ।

## ਚਾਰ ਨਵੇਂ ਗਾਣੇ ਜਦ ਆਣੇ ਹਿੱਟ ਹੋ ਜਾਣੇ ਪੰਮਾ ਮੱਲ੍ਹੀ



ਤਿੰਨ ਮਹੀਨੇ ਪਿਛਲੇ ਤੇ ਇਹਨਾਂ ਵਿੱਚ ਬਲਜਿੰਦਰ ਸਿੰਘ ਪੰਮਾ ਮੱਲ੍ਹੀ ਦੀ ਗੱਲ ਸਿਰੇ ਤੇ ਰਹੀ ਹੈ। ਧਾਰਮਿਕ ਗੀਤ "ਜਨਮ ਦਿਹਾੜਾ" ਸੰਗਤਾਂ ਪਸੰਦ ਕੀਤਾ ਤੇ ਅੱਗੇ "ਗੱਭਰੂ ਗੰਡਾਸੇ ਵਰਗਾ" ਨੇ ਬੱਲੇ ਬੱਲੇ ਕਰਵਾ ਦਿੱਤੀ। ਹੁਣ ਡੀ ਡੀ ਪੰਜਾਬੀ ਦੇ ਖਾਸ ਵਿਸਾਖੀ ਮੇਲਾ ਪ੍ਰੋਗਰਾਮ ਲਈ ਮਨੋਹਰ ਧਾਰੀਵਾਲ ਨੇ ਪੰਮਾ ਮੱਲ੍ਹੀ ਦਾ ਟਾਈਟਲ ਗੀਤ ਲਿਆ ਹੈ। ਇਸ ਦੇ ਇਲਾਵਾ ਇੱਕ ਵੰਡ 47 ਦੀ ਤੇ ਗਾਣਾ ਹੈ, ਇੱਕ ਹੋਰ ਤੇ ਦੋ ਨਵੇਂ ਦੋਗਾਣੇ ਤਿਆਰ ਹਨ। ਪੰਮਾ ਮੱਲ੍ਹੀ ਆਖਦੇ ਨੇ ਕਿ ਜਨਤਾ ਪਿਆਰ ਦਿੰਦੀ ਹੈ ਤੇ ਮੇਰੇ ਗੀਤਕਾਰ ਪ੍ਰਤਾਪ ਪਾਰਸ ਨੇ ਵੀ ਗੀਤ ਚੋਟੀ ਦੇ ਲਿਖੇ ਹੁੰਦੇ ਹਨ। ਖਾਸ ਗੱਲ ਇਹ ਹੈ ਕਿ ਜੱਸੀ ਬ੍ਰਦਰਸ ਪੰਮਾ ਮੱਲ੍ਹੀ ਦੀ ਆਵਾਜ਼ ਦਾ ਲੈਵਲ ਜਾਣਦੇ ਨੇ ਤੇ ਇਸ ਤਰਾਂ ਗਾਣੇ ਤੇ ਦੋਗਾਣੇ ਮਨੋਰੰਜਕ ਬਣਦੇ ਹਨ। ਪੰਮਾ ਮੱਲ੍ਹੀ ਮਿਊਜਕ ਚੈਨਲ ਤੇ ਓਹ ਗਾਣੇ ਰਲੀਜ਼ ਕਰਦੇ ਹਨ ਜਿਹੜੇ ਸਪੋਟੀ ਫਾਈ ਸਮੇਤ ਹਰ ਸੰਗੀਤ ਸਾਈਟ ਤੇ ਹੁੰਦੇ ਹਨ। ਪੰਮਾ ਮੱਲ੍ਹੀ ਦੇ ਹਿੱਟ ਗੀਤਾਂ ਦਾ ਦੌਰ ਜਾਰੀ ਹੈ ਤੇ ਹਰ ਗਾਣੇ ਦੀ ਕਾਮਯਾਬੀ ਨਾਲ ਪੰਮਾ ਮੱਲ੍ਹੀ ਨੂੰ ਕੁੱਝ ਨਵਾਂ ਕਰਨ ਦਾ ਉਤਸ਼ਾਹ ਮਿਲਦਾ ਹੈ।

## ਇਸ ਵਾਰ ਹਰਬੀਰ ਢੀਂਡਸਾ ਨੇ ਕੀਤਾ ਬਾਪੂ ਦਾ ਤਿਆਗ



ਮਿਊਜ਼ਿਕ ਹੱਟ ਟੀਵੀ ਬੈਨਰ ਸ਼ੋਰਟ ਫ਼ਿਲਮਾਂ ਦਾ ਲੋਕ ਪ੍ਰਿਅ ਬੈਨਰ ਬਣ ਚੁੱਕਾ ਹੈ। ਵਧੀਆ ਗੱਲ ਇਸ ਬੈਨਰ ਦੀ ਕਿ ਮਿਊਜਕ ਹੱਟ ਟੀਵੀ ਨੇ ਆਪਣੀ ਹਰ ਫ਼ਿਲਮ ਦਾ ਫਸਟ ਪੋਸਟਰ ਡਿਜ਼ਾਈਨ ਬਦਲ ਕਿ ਦੇਣਾ ਸ਼ੁਰੂ ਕੀਤਾ ਹੈ। ਇਸ ਨਾਲ ਦਰਸ਼ਕ ਵੱਖਰਾ ਪਣ ਮਹਿਸੂਸ ਕਰਨਗੇ। ਕਹਾਣੀ ਅਲੱਗ ਹੋਊ ਇਹ ਭਾਵਨਾ ਹੁਣ ਲੱਗਦੀ ਨਜ਼ਰ ਆਉਣੀ ਹੈ। ਚੰਗੀ ਗੱਲ ਇਹ ਵੀ ਕਿ ਅਮਿਤੋਜ਼ ਢੀਂਡਸਾ ਨੇ ਔਲਾਦ ਵਾਸਤੇ ਬਜ਼ੁਰਗਾਂ ਦੀ ਮਿਹਨਤ ਤੇ "ਬਾਪੂ ਦਾ ਤਿਆਗ" ਫ਼ਿਲਮ ਬਣਾਈ ਹੈ ਸੁਨੇਹਾ ਦਿੱਤਾ ਹੈ ਤੇ ਇਹ ਖ਼ੂਬ ਚਰਚਿਤ ਹੈ। ਕਹਾਣੀ ਤੇ ਨਿਰਦੇਸ਼ਨ ਹਰਬੀਰ ਸਿੰਘ ਢੀਂਡਸਾ ਦਾ ਕਮਾਲ ਦਾ ਹੈ। ਸੁਮਨ ਬਾਠ ਫ਼ਿਲਮ ਦੀ ਸ਼ਾਨ ਹੈ ਜਦ ਕਿ ਕੁਲਦੀਪ ਦੋਸਾਂਝ ਹੈ ਹੀ ਅਭਿਨੈ ਦੀ ਰਾਣੀ। ਜਗਨਾਰ ਤੇ ਮਨਜੀਤ ਜੱਸਲ ਦਾ ਕੰਮ ਵੀ ਸ਼ਾਨਦਾਰ ਹੈ। ਅਮਨ ਧੂਰੀ ਲਈ ਇਹ ਫ਼ਿਲਮ ਲਾਟਰੀ ਹੈ ਕਿਉਂ ਕਿ ਓਹ ਤਜ਼ਰਬੇਕਾਰ ਐਕਟ੍ਰੈਸ ਲੱਗਦੀ ਨਜ਼ਰ ਆਈ ਹੈ ਤੇ ਦਰਸ਼ਕ ਓਸ ਨੂੰ ਸਟਾਰ ਬਣਾ ਦੇਣਗੇ। ਪ੍ਰੀਤ ਗਰੇਵਾਲ ਸਦਾ ਹੀ ਇਸ ਬੈਨਰ ਨੂੰ ਸਹਿਯੋਗ ਦਿੰਦੀ ਹੈ । ਇਸ ਵਾਰ "ਬਾਪੂ ਦਾ ਤਿਆਗ" ਨੂੰ ਵਿਸ਼ੇਸ਼ ਸਹਿਯੋਗ ਦਿੱਤਾ ਹੈ ਤੇ ਢੀਂਡਸਾ ਸਾਬ ਨੂੰ ਪਰਮਜੀਤ ਢੀਂਡਸਾ ਤੇ ਹਰਪ੍ਰੀਤ ਢੀਂਡਸਾ ਦੇ ਸਹਿਯੋਗ ਦੀ ਡੋਜ਼ ਵੀ ਮਿਲਦੀ ਹੈ। ਇਸ ਲਈ ਦੇਖਣ ਯੋਗ ਹੈ ਫ਼ਿਲਮ "ਬਾਪੂ ਦਾ ਤਿਆਗ" ਤੇ ਹਰਬੀਰ ਸਿੰਘ ਢੀਂਡਸਾ ਸੁਨੇਹਾ ਵੀ ਮਨੋਰੰਜਨ ਵੀ ਇਸ ਨੀਤੀ ਤੇ ਚਲਦੇ ਨੇ ਤੇ ਕਾਮਯਾਬ ਹੁੰਦੇ ਹਨ।

## ਸੁਦੇਸ਼ ਵਰਪਾਲ ਕਹਿਣ ਸਰਦਾਰ ਸੁੱਚਾ ਸਿੰਘ ਲੱਗਦੈ ਸੁਖਦੇਵ ਸਿਹੁੰ



ਕਮੇਡੀਅਨ ਸੁਦੇਸ਼ ਵਰਪਾਲ ਕਦੇ ਕਿਸੇ ਦਾ ਅਹਿਸਾਨ ਨਹੀਂ ਭੁੱਲਦੇ ਤੇ ਓਹ ਓਸ ਇਨਸਾਨ ਦੀ ਗੱਲ ਕਰਦੇ ਹੀ ਹਨ। ਸ਼ੁਕਰੀਆ ਅਦਾ ਕਰਦੇ ਨੇ ਸੁਦੇਸ਼ ਓਸ ਇਨਸਾਨ ਦਾ ਜਿਸ ਓਹਨਾਂ ਨੂੰ ਸਹਿਯੋਗ ਦਿੱਤਾ ਹੈ। ਵੱਡੇ ਗੁਣ ਨੇ ਵਰਪਾਲ ਦੇ ਜਿਹੜੇ ਓਸ ਨੂੰ ਮਹਾਨ ਐਕਟਰ ਬਣਾ ਰਹੇ ਹਨ। ਸ਼ੂਟਿੰਗ ਤੇ ਸਭ ਨਾਲ ਸਹਿਯੋਗ ਕੀਤਾ ਸੁਖਦੇਵ ਸਿੰਘ ਨੇ ਓਹ ਦੱਸਣ ਹਨ। ਸੁਦੇਸ਼ ਵਰਪਾਲ ਪੰਜਾਬੀ ਫ਼ਿਲਮਾਂ ਦੇ ਤੇਜ਼ੀ ਨਾਲ ਸਟਾਰ ਦੀ ਤਰਾਂ ਚਰਚਿਤ ਹੋ ਰਹੇ ਕਮੇਡੀਅਨ ਕਲਾਕਾਰ ਹਨ। ਸੁਦੇਸ਼ ਵਰਪਾਲ ਰਾਜਸਥਾਨ ਦੇ ਪਦਮਪੁਰ ਵਿਖੇ "ਸਰਦਾਰ ਸੁੱਚਾ ਸਿੰਘ" ਫ਼ਿਲਮ ਕਰ ਰਹੇ ਸਨ ਤਾਂ ਓਹਨਾਂ ਨੂੰ ਫ਼ਿਲਮ ਦੇ ਹੀਰੋ ਸੁਖਦੇਵ ਸਿੰਘ ਨੇ ਇਨਸਾਨੀਅਤ ਤੇ ਐਕਟਿੰਗ ਪੱਖ ਤੋਂ ਬਹੁਤ ਪ੍ਰਭਾਵਿਤ ਕੀਤਾ। ਸੁਦੇਸ਼ ਵਰਪਾਲ ਅਨੁਸਾਰ ਹੀਰੋ ਬਣ ਆ ਰਹੇ ਫ਼ਿਲਮ ਵਿੱਚ ਗੱਭਰੂ ਸੁਖਦੇਵ ਸਿੰਘ ਨੇ ਜਾਨ ਭਰੀ ਹੈ ਤੇ ਨਿਰਮਲ ਰਿਸ਼ੀ, ਗੁਰਪ੍ਰੀਤ ਕੌਰ ਭੰਗੂ ਤੇ ਮਹਾਂਵੀਰ ਭੁੱਲਰ ਸਾਰੇ ਇਹੀ ਆਖਦੇ ਨੇ ਕਿ ਪੰਜਾਬੀ ਫ਼ਿਲਮਾਂ ਨੂੰ ਸੁਖਦੇਵ ਸਿੰਘ ਜਿਹੇ ਨਵੇਂ, ਟੈਲੇਂਟ ਵਾਲੇ ਹੀਰੋ ਚਾਹੀਦੇ ਹਨ। ਸੁਖਦੇਵ ਸਿੰਘ ਨੇ ਸੈੱਟ ਤੇ ਸਭ ਦਾ ਦਿਲ ਲਾ ਰੱਖਿਆ। ਸੁਖਦੇਵ ਸਿੰਘ ਦੀ ਇਹ ਫ਼ਿਲਮ ਦਿਲਾਵਰ ਸਿੱਧੂ ਡਾਇਰੈਕਟਰ ਹਨ ਤੇ ਇਹ ਫ਼ਿਲਮ ਐਕਸ਼ਨ, ਕਮੇਡੀ ਤੇ ਮਿਊਜ਼ਿਕ ਦਾ ਸੰਗਮ ਹੋਊ ਤੇ ਸੁਦੇਸ਼ ਵਰਪਾਲ ਨੂੰ ਵੀ ਇਸ ਫ਼ਿਲਮ ਦਾ ਬਹੁਤ ਲਾਭ ਹੋਏਗਾ। ਰਹੀ ਗੱਲ ਸੁਖਦੇਵ ਸਿੰਘ ਦੀ ਤਾਂ ਓਹ ਫ਼ਿਲਮ ਆਓਣ ਤੇ ਸਟਾਰ ਬਣ ਜਾਣਗੇ।

## ਖੁਸ਼ੀਆਂ ਅਮਨ ਪੂਨੀਆ ਉਰਫ ਅਮਨਦੀਪ ਕੌਰ ਦੀਆਂ



ਅਭਿਨੇਤਰੀ ਅਮਨ ਪੂਨੀਆ ਉਰਫ ਅਮਨਦੀਪ ਕੌਰ ਬਹੁਤ ਖੁਸ਼ ਹੈ ਕਿ ਓਹ ਸਫ਼ਲ ਅਭਿਨੇਤਰੀ ਬਣਦੀ ਜਾ ਰਹੀ ਹੈ। ਕਿਰਦਾਰ ਨਾਲ ਇਨਸਾਫ਼ ਕਰ ਰਹੀ ਹੈ ਅਮਨ ਤੇ ਲੇਖਕ ਨਿਰਦੇਸ਼ਕ ਹਰਬੀਰ ਸਿੰਘ ਢੀਂਡਸਾ ਨੇ ਇਹੀ ਗੱਲ ਆਖੀ ਕਿ ਅਮਨ ਇੱਕ ਦਿਨ ਲੋਕ ਪ੍ਰਿਅ ਐਕਟ੍ਰੈਸ ਬਣੇਗੀ। ਇਹ ਗੱਲ ਸਮਝਾਈ ਦਿਮਾਗ ਨੂੰ ਅੱਜ ਦੀ ਕੋਚ/ਖਿਡਾਰਨ ਅਮਨਦੀਪ ਕੌਰ ਨੇ ਕਿ ਟੌਪ ਅਭਿਨੇਤਰੀ ਬਣ ਦਿਖਾ ਦੇਣਾ ਹੈ। ਅਮਨ ਪੂਨੀਆ ਫਰਜ਼ ਸਮਝਦੀ ਮੁਟਿਆਰ ਹੈ ਤੇ ਅਸੂਲ ਪ੍ਰਸਤ ਪੰਜਾਬ ਦੀ ਬੇਟੀ ਵੀ ਹੈ। ਸ਼ੌਂਕ ਵੀ ਪੂਰੇ ਤੇ ਆਪਣੇ ਕਿੱਤੇ ਨਾਲ ਵੀ ਇਨਸਾਫ਼। ਇਹ ਓਸ ਦੀ ਖ਼ੂਬੀ ਹੈ। ਅਮਨਦੀਪ ਕੌਰ ਕੋਈ ਵੀ ਭੂਮਿਕਾ ਹੋਏ ਕਰ ਕਿ ਅੱਤੀ ਉੱਤਮ ਐਕਟ੍ਰੈਸ ਦਾ ਅਸਰ ਦਿਖਾ ਰਹੀ ਹੈ। ਕੋਈ ਵੀ ਕਿਰਦਾਰ ਹੋਏ ਲਗਨ ਨਾਲ ਨਿਭਾ ਕਿ ਸੈੱਟ ਤੇ ਵਾਪਸੀ ਕਰਦੀ ਹੈ। ਇੰਡੀਆ ਪੱਧਰ ਦੀ ਸਨਮਾਨ ਜੇਤੂ ਕੋਚ ਤੇ ਖਿਡਾਰਨ ਅਮਨਦੀਪ ਕੌਰ ਦੌੜ ਤੋ ਵਾਲੀਵਾਲ ਤੱਕ ਬੱਲੇ ਬੱਲੇ ਲੁੱਟਦੀ ਆਈ ਹੈ। ਅੰਤਰ ਰਾਸ਼ਟਰੀ ਪੱਧਰ ਤੇ ਇੰਡੀਆ ਦੀ ਜੈ ਹੋ ਕਰਵਾਈ ਹੈ। ਅਮਨ ਫ਼ਖ਼ਰ ਨਾਲ ਆਪਣੇ ਐਕਟਿੰਗ ਕੱਦ ਨੂੰ ਹੋਰ ਉੱਚਾ ਕਰਨ ਵੱਲ ਹੈ ਤੇ ਅਮਨ ਬਸ ਵਧੀਆ ਕੁੜੀ ਅਮਨ ਹੈ। ਸੈੱਟ ਤੇ ਨਜ਼ਰ ਆਉਂਦੀ ਹੈ ਐਕਟਿੰਗ ਲਈ ਜਾਨ ਲਾ ਦਿੰਦੀ ਹੈ ਜਿਵੇਂ ਪੈਦਾ ਹੋਈ ਹੀ ਐਕਟਿੰਗ ਲਈ ਹੈ। ਅਮਨਦੀਪ ਕੌਰ ਲਈ ਫ਼ਿਲਮ ਇੰਡਸਟਰੀ ਸਵਾਗਤ ਕਰਦੀ ਹੈ ਤੇ ਕਲਾ ਦੀ ਕਦਰਦਾਨ ਓਸ ਨੂੰ ਸਮਝਦੀ ਹੈ। ਹਰਬੀਰ ਸਿੰਘ ਢੀਂਡਸਾ ਦੀ ਫ਼ਿਲਮ "ਬਾਪੂ ਦਾ ਤਿਆਗ" ਓਸਨੂੰ ਖ਼ੂਬ ਪਸੰਦ ਹੈ ਨਾਭੇ ਵਾਲੀ ਅਮਨ ਪੂਨੀਆ ਨੇ ਕਿਹਾ ਕਿ ਅੱਜ ਓਹ ਐਕਟ੍ਰੈਸ ਏ ਤਾਂ ਸਿਹਰਾ ਹਰਬੀਰ ਸਰ ਸਿਰ ਹੈ ਤੇ ਓਹ ਆ ਰਹੇ ਸਮੇਂ ਵਿੱਚ ਵੱਡੀਆਂ ਪੰਜਾਬੀ ਫ਼ਿਲਮਾਂ ਕਰੇਗੀ ਤੇ ਰੱਬ ਚਾਹਿਆ ਤਾਂ ਆਪ ਵੀ ਖੇਡਾਂ ਤੇ ਅਧਾਰਿਤ ਫ਼ਿਲਮ ਬਣਾ ਸਕਦੀ ਹੈ। ਅਮਨਦੀਪ ਕੌਰ ਨਰਮ ਗਰਮ ਹੈ ਪਰ ਦਿਲ ਦੀ ਦਰਿਆ ਦੋਸਤੀ ਲਈ ਜਾਨ ਕੁਰਬਾਨ ਅਮਨ ਦੀ ਖ਼ੂਬੀ ਹੈ। ਓਸ ਦੀਆਂ ਇਹੀ ਗੱਲਾਂ ਓਸ ਨੂੰ ਮਹਾਨ ਬਣਾਉਂਦੀਆਂ ਹਨ।

## ਪੰਜਾਬੀ ਫ਼ਿਲਮ ਕਾਰਪੋਰੇਸ਼ਨ ਦੇ ਚੇਅਰਮੈਨ ਦਿਨੇਸ਼ ਬਣੇ ਡਾਕਟਰ



ਦਿਨੇਸ਼ ਨਾਮ ਯਾਦ ਰੱਖਣਾ ਕੰਮ ਆਉਂਦਾ ਹੈ ਪੰਜਾਬੀ ਮਿਊਜਕ ਇੰਡਸਟਰੀ ਦੇ ਦਿੱਗਜ, ਸਪੀਡ ਰਿਕਾਰਡਜ਼ ਨਾਲ ਕਲਾਕਾਰਾਂ ਨੂੰ ਸਟਾਰ ਬਣਾਉਣ ਦੀ ਸਪੀਡ ਦੇਣ ਵਾਲੇ ਤੇ ਚੇਅਰਮੈਨ ਪੰਜਾਬ ਫਿਲਮ ਕਾਰਪੋਰੇਸ਼ਨ ਲਈ ਬਹੁਤ ਵੱਡੀ ਪ੍ਰਾਪਤੀ ਕਿ ਓਹ ਹੁਣ ਡਾਕਟਰ ਦਿਨੇਸ਼ ਬਣ ਗਏ ਹਨ ਇੱਕ ਪੀ ਐੱਚ ਡੀ ਡਾਕਟਰੇਟ ਡਿਗਰੀ ਓਹਨਾਂ ਨੂੰ ਫਰੈਂਕਫੋਰਟ ਇੰਟਰਨੈਸ਼ਨਲ ਯੂਨੀਵਰਸਿਟੀ ਨੇ ਦਿੱਤੀ ਹੈ। ਸੰਗੀਤ ਵਿੱਚ ਡਾਕਟਰੇਟ ਤੇ ਦਿਨੇਸ਼ ਔਲਖ ਨੇ ਪੰਜਾਬੀ ਸੰਗੀਤ ਪ੍ਰੇਮੀਆਂ, ਜੇਜੀ ਬੀ ਤੇ ਆਪਣੀ ਸਪੀਡ ਰਿਕਾਰਡਜ਼ ਟੀਮ ਦਾ ਖਾਸ ਧੰਨਵਾਦ ਕੀਤਾ ਜਿਹਨਾਂ ਦੇ ਉਤਸ਼ਾਹ ਸਦਕਾ ਅੱਜ ਓਹ ਇਸ ਮੁਕਾਮ ਤੇ ਹਨ।

ਉਹਨਾਂ ਰੂਬੀ ਸਿੰਘ, ਪਿਟਾਰਾ ਚੈਨਲ ਦੇ ਸੰਦੀਪ ਬਾਂਸਲ, ਸਤਵਿੰਦਰ ਸਿੰਘ ਕੋਹਲੀ, ਗੋਗਾ ਧਾਲੀਵਾਲ, ਤਰਨ ਬਜਾਜ ਤੇ ਮਨਜੀਤ ਹੰਸ ਦੇ ਨਾਲ ਦੀਪਕ ਬਾਲੀ, ਗਿੱਪੀ ਗਰੇਵਾਲ, ਸਕੋਪ ਐਂਟਰਟੇਨਮੈਂਟ ਤੇ ਅਮਰਿੰਦਰ ਗਿੱਲ ਦਾ ਖਾਸ ਜਿਕਰ ਇਸ ਮੌਕੇ ਕੀਤਾ ਹੈ। ਕੌਸ਼ਲ ਜੋਸ਼ੀ, ਔਲਖ ਮੰਮਨ ਤੇ ਜੋਸ਼ ਅਭਿਸ਼ੇਕ ਨਾਲ ਅਮਰੀਕਾ ਦੀ ਇੰਟਰਨੈਸ਼ਨਲ ਫਰੈਂਕਫੋਰਟ ਯੂਨੀਵਰਸਿਟੀ ਦਾ ਸ਼ੁਕਰੀਆ ਅਦਾ ਕਰਦੇ ਕਿਹਾ ਕਿ ਇਹ ਸਭ ਮੇਰੀ ਧਰਮ ਪਤਨੀ ਬਬੀਤਾ ਔਲਖ ਦਾ ਸਹਿਯੋਗ ਉਤਸ਼ਾਹ ਕਿ ਸੰਗੀਤ ਖੇਤਰ ਵਿੱਚ ਮੈ ਇਸ ਮੁਕਾਮ ਤੇ ਆਇਆ ਹਾਂ।

-ਅੰਮ੍ਰਿਤ ਪਵਾਰ।